ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 6 | 09 February 2022 to 15 February 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਸੌਦਾ ਸਾਧ 21 ਦਿਨ ਦੀ ਮਿਲੀ ਫ਼ਰਲੋ ਕਾਰਣ ਜੇਲ੍ਹ ਵਿੱਚੋਂ ਬਾਹਰ ਆਇਆ

### ✪ ਫ਼ਰਲੋ ਦੇ ਸਮੇਂ ਨੂੰ ਲੈ ਕੇ ਵਿਰੋਧੀ ਧਿਰਾਂ ਦੇ ਨਿਸ਼ਾਨੇ ’ਤੇ ਆਈ ਮੋਦੀ ਸਰਕਾਰ ✪ ਹਰ ਸਮੇਂ ਡੇਰਾ ਮੁਖੀ ਨਾਲ਼ ਰਹਿਣਗੇ ਸੁਰੱਖਿਆ ਬਲ ✪ ਫ਼ਰਲੋ ਦੇਣਾ ਕਾਨੂੰਨੀ ਤੇ ਪ੍ਰਸ਼ਾਸਨਿਕ ਪ੍ਰਕਿਰਿਆ ਹੈ-ਖੱਟਰ ✪ ਡੇਰਾ ਮੁਖੀ ਨੂੰ ਦਿੱਤੀ ਫ਼ਰਲੋ ਬੰਦੀ ਸਿੰਘਾਂ ਨਾਲ਼ ਇੱਕ ਹੋਰ ਵਿਤਕਰਾ-ਜਥੇਦਾਰ ਅਕਾਲ ਤਖ਼ਤ ਤੇ ਪੰਥਕ ਜਥੇਬੰਦੀਆਂ

## ਅੰਸ਼ੁਲ ਛਤਰਪਤੀ ਬੋਲਿਆ ਗੰਦੀ ਰਾਜਨੀਤੀ ਲਈ ਬਲਾਤਕਾਰੀ ਤੇ ਕਾਤਲ ਅਪਰਾਧੀ ਸਾਧ ਨੂੰ ਪਹੁੰਚਾਇਆ ਜਾ ਰਿਹੈ ਫ਼ਾਇਦਾ

**ਸਿਰਸਾ/ਏ.ਟੀ.ਨਿਊਜ਼:** ਬਲਾਤਕਾਰੀ ਤੇ ਕਾਤਲ ਅਪਰਾਧੀ ਡੇਰਾ ਮੁਖੀ ਦੀ ਪੈਰੋਲ ਦਾ ਵਿਰੋਧ ਕਰਦਿਆਂ ਪੱਤਰਕਾਰ ਸਵ. ਰਾਮਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਕਿਹਾ ਹੈ ਕਿ ਗੰਦੀ ਰਾਜਨੀਤੀ ਲਈ ਅਪਰਾਧੀ ਨੂੰ ਫ਼ਾਇਦਾ ਪਹੁੰਚਾਇਆ ਜਾ ਰਿਹਾ ਹੈ, ਜਿਸ ਵਿਰੁੱਧ ਉਹ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਨਗੇ ਅਤੇ ਇਸ ਨੂੰ ਰੱਦ ਕਰਨ ਦੀ ਮੰਗ ਕਰਨਗੇ। ਅੰਸ਼ੁਲ ਛਤਰਪਤੀ ਨੇ ਕਿਹਾ ਕਿ ਸਰਕਾਰ ਉਨਾਂ ਹਾਲਾਤਾਂ ਨੂੰ ਕਿਉਂ ਭੁੱਲ ਗਈ ਜਦੋਂ ਪੰਚਕੂਲਾ ਹਾਈਕੋਰਟ ਵਿੱਚ ਪੇਸ਼ ਹੋਣ ’ਤੇ ਇਹ ਸਭ ਕੁਝ ਵਾਪਰਿਆ ਸੀ। ਕਿੰਨੀਆਂ ਜਾਨਾਂ ਗਈਆਂ, ਜਨਤਕ ਜਾਇਦਾਦਾਂ ਨੂੰ ਸਾੜ ਦਿੱਤਾ ਗਿਆ ਅਤੇ ਉਸ ਤੋਂ ਬਾਅਦ ਉਨਾਂ ਨੂੰ ਮੁਸ਼ਕਲ ਨਾਲ਼ ਹੀ ਸਲਾਖਾਂ ਪਿੱਛੇ ਸੁੱਟਿਆ ਜਾ ਸਕਿਆ ਸੀ। ਹੁਣ ਸਰਕਾਰ ਉਸੇ ਵਿਅਕਤੀ ਨੂੰ ਬਾਹਰ ਕੱਢ ਕੇ ਸਮਾਜ ਦਾ ਮਾਹੌਲ ਖ਼ਰਾਬ ਕਰਨਾ ਚਾਹੁੰਦੀ ਹੈ। ਸਭ ਨੂੰ ਪਤਾ ਹੈ ਕਿ ਜ਼ਿੰਮੇਵਾਰ ਕੌਣ ਹਨ। ਉਨਾਂ ਕਿਹਾ ਕਿ ਅਜਿਹੇ ਸਿਆਸੀ ਫ਼ੈਸਲਿਆਂ ਦਾ ਸਾਰਿਆਂ ਨੂੰ ਵਿਰੋਧ ਕਰਨਾ ਚਾਹੀਦਾ ਹੈ ਅਤੇ ਇਹ ਅਜਿਹੇ ਫ਼ੈਸਲੇ ਹਨ ਜੋ ਸਿਸਟਮ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਹ ਸਭ ਹਰਿਆਣਾ ਸਰਕਾਰ ਅਤੇ ਕੇਂਦਰ ਸਰਕਾਰ ਦੀ ਮਿਲੀਭੁਗਤ ਦਾ ਨਤੀਜਾ ਹੈ। ਉਨਾਂ ਕਿਹਾ ਕਿ ਇਹ ਗੰਦੀ ਸਿਆਸਤ ਬੰਦ ਹੋਣੀ ਚਾਹੀਦੀ ਹੈ ।

**ਚੰਡੀਗੜ/ਏ.ਟੀ.ਨਿਊਜ਼:** ਦੋ ਸਾਧਵੀਆਂ ਨਾਲ਼ ਜਬਰ-ਜਨਾਹ ਅਤੇ ਹੱਤਿਆ ਦੇ ਦੋ ਮਾਮਲਿਆਂ ਵਿੱਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਨੂੰ 21 ਦਿਨ ਦੀ ਫ਼ਰਲੋ ਮਿਲ ਚੁੱਕੀ ਹੈ। ਜੇਲ ਵਿੱਚ ਆਉਣ ਦੇ ਬਾਅਦ ਪਹਿਲੀ ਵਾਰ ਸੌਦਾ ਸਾਧ ਨੂੰ ਫ਼ਰਲੋ ਮਿਲੀ ਹੈ। ਸੌਦਾ ਸਾਧ ਨੂੰ ਫ਼ਰਲੋ ਦੇਣ ਦੀ ਸੂਚਨਾ ਮਿਲਦੇ ਹੀ ਗੱਡੀਆਂ ’ਚ ਸਵਾਰ ਹੋ ਕੇ ਰਾਮ ਰਹੀਮ ਦੇ ਪਰਿਵਾਰਕ ਮੈਂਬਰ ਸੁਨਾਰੀਆ ਜੇਲ ਪੁੱਜੇ। ਇਨਾਂ ਗੱਡੀਆਂ ਵਿੱਚ ਉਸ ਦੀ ਬੇਟੀ ਅਤੇ ਬੇਟੇ ਦੇ ਹੋਣ ਦੀ ਗੱਲ ਸਾਹਮਣੇ ਆਈ ਹੈ। ਇਨਾਂ ਵਿੱਚੋਂ ਹੀ ਇੱਕ ਗੱਡੀ ਵਿੱਚ ਬੈਠ ਕੇ ਸੌਦਾ ਸਾਧ ਗੁਰੂਗ੍ਰਾਮ ਲਈ ਰਵਾਨਾ ਹੋਇਆ। ਸੂਤਰਾਂ ਅਨੁਸਾਰ ਸੌਦਾ ਸਾਧ ਸੋਹਾਣਾ ਰੋਡ ’ਤੇ ਸਾਊਥ ਸਿਟੀ 2 ਇਲਾਕੇ ਵਿੱਚ ਬਣੇ ਆਪਣੇ ਆਲੀਸ਼ਾਨ ਆਸ਼ਰਮ ਵਿੱਚ ਰਹੇਗਾ। ਸੁਰੱਖਿਆ ਦੇ ਨਜ਼ਰੀਏ ਤੋਂ ਆਸ਼ਰਮ ਦੇ ਨੇੜੇ-ਤੇੜੇ ਪੁਲਿਸ ਦੀ ਨਿਗਰਾਨੀ ਵਧਾ ਦਿੱਤੀ ਗਈ ਹੈ। ਸੌਦਾ ਸਾਧ ਨੂੰ ਦਿੱਤੀ ਗਈ ਫ਼ਰਲੋ ਦੇ ਸਮੇਂ ਨੂੰ ਲੈ ਕੇ ਹਰਿਆਣਾ ਤੇ ਮੋਦੀ ਸਰਕਾਰ ਹੁਣ ਵਿਰੋਧੀ ਧਿਰਾਂ ਦੇ ਨਿਸ਼ਾਨੇ ’ਤੇ ਆ ਗਈਆਂ ਹਨ। ਇਸੇ ਮਹੀਨੇ ਪੰਜਾਬ ਤੇ ਯੂ. ਪੀ. ਵਿੱਚ ਵਿਧਾਨ ਸਭਾ ਚੋਣਾਂ ਹੋਣ ਜਾ




ਰਹੀਆਂ ਹਨ, ਜਿਸ ਦੇ ਚੱਲਦੇ ਸੌਦਾ ਸਾਧ ਨੂੰ ਦਿੱਤੀ ਗਈ ਫ਼ਰਲੋ ਨੂੰ ਲੈ ਕੇ ਵਿਰੋਧੀ ਧਿਰ ਨੇ ਸਰਕਾਰ ’ਤੇ ਨਿਸ਼ਾਨਾ ਕੱਸਿਆ ਹੈ। ਸੂਬਾ ਸਰਕਾਰ ਰਾਮ ਰਹੀਮ ਦੀ ਸੁਰੱਖਿਆ ਨੂੰ ਲੈ ਕੇ ਕੋਈ ਢਿੱਲ ਨਹੀਂ ਵਰਤਣਾ ਚਾਹੁੰਦੀ, ਇਸ ਲਈ ਡੇਰਾ ਮੁਖੀ ਦੀ ਸੁਰੱਖਿਆ ਲਈ ਭਾਰੀ ਪੁਲਿਸ ਬਲ ਤੈਨਾਤ ਕੀਤੇ ਗਏ ਹਨ, ਜੋ ਕਿ ਫ਼ਰਲੋ ਸਮੇਂ ਦੌਰਾਨ ਹਰ ਸਮੇਂ ਉਸ ਦੇ ਨਾਲ਼ ਰਹਿਣਗੇ। ਦੱਸ ਦੇਈਏ ਕਿ ਸੌਦਾ ਸਾਧ ਨੂੰ ਸਾਧਵੀ ਜਬਰ ਜਨਾਹ ਮਾਮਲੇ ਵਿੱਚ ਪੰਚਕੂਲਾ ਦੀ ਅਦਾਲਤ ਵਿੱਚ 25 ਅਗਸਤ, 2017 ਨੂੰ ਪੇਸ਼ ਕੀਤਾ ਗਿਆ ਸੀ।

**ਬਾਕੀ ਸਫ਼ਾ 32 ’ਤੇ**

# ਦਲਿਤ ਵੋਟ ਬੈਂਕ ਕਾਰਨ ਰਾਹੁਲ ਨੇ ਚੰਨੀ ਨੂੰ ਮੁੱਖ ਮੰਤਰੀ ਚਿਹਰਾ ਐਲਾਨਿਆ

### ✪ ਲੋਕ ਰਾਇਦਾ ਦਿੱਤਾ ਹਵਾਲਾ, ਸਿੱਧੂ ਦੇ ਪੰਜਾਬ ਮਾਡਲ ਨੂੰ ਸਲਾਹਿਆ
### ✪ ਹਾਈਕਮਾਂਡ ਦੀ ਸਿੱਧੂ ਦੇ ਰਵੱਈਏ ‘ਤੇ ਨਜ਼ਰ, ਚੰਨੀ ਦੀਆਂ ਵਧੀਆਂ ਚੁਣੌਤੀਆਂ
### ✪ ਕਾਂਗਰਸ ਨੇ ਗਰੀਬ ਘਰੋਂ ਉੱਠੇ ਵਿਅਕਤੀ ਨੂੰ ਦਿੱਤਾ ਵੱਡਾ ਮਾਣ : ਚੰਨੀ
### ✪ ਪੰਜਾਬ ਮੇਰੇ ਦਿਲ ਵਿਚ ਵੱਸਦੈ : ਸਿੱਧੂ ✪ ਬਾਗੀ ਬਣੇ ਕਾਂਗਰਸ ਲਈ ਵੱਡੀ ਚੁਣੌਤੀ

**ਨਵੀਂ ਦਿੱਲੀ/ਏ.ਟੀ.ਨਿਊਜ਼:-** ਪੰਜਾਬ ਵਿਚ ਕਾਂਗਰਸ ਦੇ ਸੀਐੱਮ ਚਿਹਰੇ ਨੂੰ ਲੈ ਕੇ ਕਈ ਦਿਨ ਤੋਂ ਚੱਲ ਰਹੀ ਖਿੱਚੋਤਾਣ ਹੁਣ ਖਤਮ ਹੋ ਗਈ ਹੈ। ਪੰਜਾਬ ਵਿਚ ਮੁੱਖ ਮੰਤਰੀ ਦਾ ਚਿਹਰਾ ਚਰਨਜੀਤ ਸਿੰਘ ਚੰਨੀ ਹੋਣਗੇ, ਇਸ ਦੀ ਪਟਕਥਾ ਕਾਂਗਰਸ ਵਿਚ ਉਦੋਂ ਹੀ ਲਿਖੀ ਜਾ ਚੁੱਕੀ ਸੀ ਜਦੋਂ ਪਾਰਟੀ ਨੇ ਚੰਨੀ ਨੂੰ ਦੋ ਵਿਧਾਨ ਸਭਾ ਸੀਟਾਂ ਤੋਂ ਲੜਾਉਣ ਦਾ ਫ਼ੈਸਲਾ ਕੀਤਾ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਆਪਣੀ ਵਰਚੂਅਲ ਰੈਲੀ ਵਿਚ ਮੰਚ ਤੋਂ ਚੰਨੀ ਦੇ ਨਾਮ ਦਾ ਐਲਾਨ ਕੀਤਾ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਉਨਾਂ ਲੋਕਾਂ, ਪਾਰਟੀ ਵਰਕਰਾਂ, ਉਮੀਦਵਾਰਾਂ ਤੇ ਵਰਕਿੰਗ ਕਮੇਟੀ ਮੈਂਬਰਾਂ ਤੋਂ ਲਈ ਰਾਏ ਦੇ ਆਧਾਰ ’ਤੇ ਚੰਨੀ ਨੂੰ ਇਹ ਜ਼ਿੰਮੇਵਾਰੀ ਸੌਂਪਣ ਦਾ ਫੈਸਲਾ ਕੀਤਾ ਹੈ। ਉਨਾਂ ਕਿਹਾ ਕਿ ਲੋਕ ਰਾਏ ਦੌਰਾਨ ਇਹੀ ਗੱਲ ਉਭਰ ਕੇ ਸਾਹਮਣੇ ਆਈ ਕਿ ਪੰਜਾਬ ਦਾ ਮੁੱਖ ਮੰਤਰੀ ਗਰੀਬ ਘਰ ਤੋਂ ਹੋਵੇ। ਐਲਾਨ ਤੋਂ ਫੌਰੀ ਮਗਰੋਂ ਪੂਰੇ ਪੰਡਾਲ ਵਿਚ ਚੰਨੀ ਦੇ ਨਾਮ ਦੇ ਨਾਅਰੇ ਗੂੰਜਣ ਲੱਗੇ। ਐਲਾਨ ਹੋਣ ਤੋਂ ਬਾਅਦ ਚੰਨੀ ਦਾ ਧੰਨਵਾਦ ਕਰਦੇ ਹੋਏ ਕਿਹਾ, ‘ਮੈਂ ਮੁੱਖ ਮੰਤਰੀ ਬਣਨ ਤੋਂ ਬਾਅਦ ਸਿੱਧੂ ਦਾ ਪੰਜਾਬ ਮਾਡਲ ਲਾਗੂ ਕਰਾਂਗਾ। ਕਾਂਗਰਸ ਵੱਲੋਂ ਚੋਣਾਂ ਲਈ ਮੁੱਖ ਮੰਤਰੀ ਚਿਹਰਾ ਐਲਾਨੇ ਜਾਣ ਮਗਰੋਂ ਚੰਨੀ ਨੇ ਕਿਹਾ ਕਿ ਪਾਰਟੀ ਨੇ ਗਰੀਬ ਘਰ ਤੋਂ ਉੱਠੇ ਵਿਅਕਤੀ ਨੂੰ ਵੱਡਾ



ਮਾਣ ਦਿੱਤਾ ਹੈ, ਜਿਸ ਦਾ ਉਹ ਤੇ ਪੰਜਾਬ ਦੀ ਜਨਤਾ ਮੁੱਲ ਜ਼ਰੂਰ ਮੋੜੇਗੀ। ਚੰਨੀ ਨੇ ਆਪਣੇ ਸੰਬੋਧਨ ਵਿੱਚ ਕਾਂਗਰਸ ਪ੍ਰਧਾਨ ਸਿੱਧੂ ਦੀ ਤਾਰੀਫ਼ਾਂ ਦੇ ਪੁੱਲ ਬੰਨੇ।

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਨਾਂ ਨੂੰ ਕਿਸੇ ਅਹੁਦੇ ਦੀ ਕੋਈ ਲਾਲਸਾ ਨਹੀਂ ਹੈ। ਪੰਜਾਬ ਉਨਾਂ ਦੇ ਦਿਲ ਵਿਚ ਵਸਦਾ ਹੈ ਤੇ ਉਹ ਪੰਜਾਬ ਦੇ ਹਿੱਤਾਂ ਲਈ ਲੜਦੇ ਰਹਿਣਗੇ। ਜੇਕਰ ਮੈਨੂੰ ਫੈਸਲੇ ਲੈਣ ਦੀ ਤਾਕਤ ਮਿਲੀ ਤਾਂ ਪੰਜਾਬ ਵਿਚੋਂ ਮਾਫ਼ੀਆ ਖਤਮ ਕਰ ਦੇਵਾਂਗਾ। ਉਨਾਂ ਕਿਹਾ ਕਿ ਉਹ ਚੰਨੀ ਦਾ ਪੂਰਾ ਸਾਥ ਦੇਣਗੇ।

ਕਾਂਗਰਸ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਪਾਰਟੀ ਹਾਈ ਕਮਾਨ ਦਾ ਫੈਸਲਾ ਉਨਾਂ ਨੂੰ ਮਨਜ਼ੂਰ ਹੈ। ਉਹ ਸਿੱਧੂ ਦੇ ਪੰਜਾਬ ਮਾਡਲ ਦੀ ਤਾਰੀਫ਼ ਕਰਦੇ ਹਨ। ਉਨਾਂ ਕਿਹਾ ਕਿ ਕਿਸਾਨੀ ਅੰਦੋਲਨ ਨੇ ਸਾਫ਼ ਕਰ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੇ ਆਪ ਪਾਰਟੀ, ਤਿੰਨੋਂ ਹੀ ਆਪਸ ਵਿੱਚ ਮਿਲੀਆਂ ਹੋਈਆਂ ਹਨ ਤੇ ਅਗਾਮੀ ਚੋਣਾਂ ਵਿੱਚ ਲੋਕ ਇਸ ਤੋਂ ਬਚ ਕੇ ਰਹਿਣ।

**ਰੈਲੀ ਦੌਰਾਨ ਬੁਲਾਰਿਆਂ ਨੇ ਸਿੱਧੂ ਦੇ ਪੰਜਾਬ ਮਾਡਲ ਨੂੰ ਵੀ ਤਰਜੀਹ ਦਿੱਤੀ।**

ਕਾਂਗਰਸ ਦਾ ਸੀਐੱਮ ਚਿਹਰੇ ਦਾ ਮਸਲਾ ਭਾਵੇਂ ਹੱਲ ਹੋ ਗਿਆ ਹੈ ਪਰ ਅਸਲੀ ਚੁਣੌਤੀ ਸਿੱਧੂ ਦੇ ਵਿਵਹਾਰ ਨੂੰ ਲੈ ਕੇ ਹੈ ਕਿ ਉਹ ਕਿਵੇਂ ਚੰਨੀ ਦਾ ਸਹਿਯੋਗ ਕਰਨਗੇ। ਰਾਹੁਲ ਦੇ ਸਾਹਮਣੇ ਉਹ ਦੋਵੇਂ ਇਕ -ਦੂਜੇ ਦੇ ਗਲੇ ਵੀ ਮਿਲੇ ਪਰ ਇਸ ਤੋਂ ਪਹਿਲਾਂ ਸਿੱਧੂ ਦੇ ਲਹਿਜੇ ਵਿਚ ਕਾਫ਼ੀ ਤਲਖੀ ਨਜ਼ਰ ਆਈ।

**ਬਾਕੀ ਸਫ਼ਾ 32 ’ਤੇ**

# ਪੀ. ਐੱਮ. ਮੋਦੀ ਨੇ ਲੋਕ ਸਭਾ ਵਿੱਚ ਕਿਹਾ- ‘ਕਾਂਗਰਸ ਨਾ ਹੁੰਦੀ ਤਾਂ ਸਿੱਖਾਂ ਦੀ ਨਸਲਕੁਸ਼ੀ ਨਾ ਹੁੰਦੀ

### ✪ ਟੁਕੜੇ-ਟੁਕੜੇ ਗ਼ੈਂਗ ਦੀ ਲੀਡਰ ਬਣ ਗਈ ਕਾਂਗਰਸ
### ✪ ਕਾਂਗਰਸ ਨੇ ਰਾਜਾਂ ਦੀ ਖ਼ੁਦਮੁਖ਼ਤਿਆਰੀ ਨੂੰ ਢਾਹ ਲਗਾਈ



**ਨਵੀਂ ਦਿੱਲੀ/ਏ.ਟੀ.ਨਿਊਜ਼:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਸੰਸਦ ’ਚ ਰਾਸ਼ਟਰਪਤੀ ਦੇ ਭਾਸ਼ਣ ’ਤੇ ਧੰਨਵਾਦ ਪ੍ਰਸਤਾਵ ’ਤੇ ਸੰਸਦ ਵਿੱਚ ਚਰਚਾ ਦਾ ਜਵਾਬ ਦਿੱਤਾ। ਇਸ ਦੌਰਾਨ ਕਾਂਗਰਸ ਪਾਰਟੀ ਉਨਾਂ ਦੇ ਨਿਸ਼ਾਨੇ ’ਤੇ ਰਹੀ। ਕਰੀਬ ਡੇਢ ਘੰਟੇ ਦੇ ਆਪਣੇ ਭਾਸ਼ਣ ਵਿੱਚ ਉਨਾਂ ਕਾਂਗਰਸ ’ਤੇ ਤਿੱਖਾ ਨਿਸ਼ਾਨਾ ਸਾਧਿਆ। ਉਹਨਾਂ ਕਿਹਾ ਕਿ ਮਹਾਤਮਾ ਗਾਂਧੀ ਦਾ ਵਿਚਾਰ ਉੱਤਮ ਹੈ ਕਿ ਕਾਂਗਰਸ ਖ਼ਤਮ ਹੋ ਜਾਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਜੇ ਕਾਂਗਰਸ ਨਾ ਹੁੰਦੀ ਪੰਜਾਬ ਸੰਤਾਪ ਨਾ ਹੁੰਦਾ ਤੇ ਸਿੱਖਾਂ ਦੀ ਨਸਲਕੁਸ਼ੀ ਨਾ ਹੁੰਦੀ , ਰਾਜਨੀਤੀ ਵਿੱਚ ਪਰਿਵਾਰ ਨਾ ਹੁੰਦਾ, ਐਮਰਜੈਂਸੀ ਵਿੱਚ ਲੋਕਾਂ ਦਾ ਘਾਣ ਨਾ ਹੁੰਦਾ। ਲੋਕ ਸਭਾ ਅਤੇ ਰਾਜ ਸਭਾ ਦੀ ਸਾਂਝੀ ਬੈਠਕ ’ਚ ਰਾਸ਼ਟਰਪਤੀ ਦੇ ਭਾਸ਼ਣ ’ਤੇ ਬਹਿਸ ਦਾ ਜਵਾਬ ਦੇ ਰਹੇ ਪੀ. ਐੱਮ. ਮੋਦੀ ਨੇ ਕਾਂਗਰਸ ’ਤੇ ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਪੰਜਾਬ ਵਿੱਚ ਕੋਰੋਨਾ ਵਾਇਰਸ ਫ਼ੈਲਾਉਣ ਦਾ ਦੋਸ਼ ਵੀ ਲਗਾਇਆ। ਉਨਾਂ ਕਿਹਾ, “ਕਾਂਗਰਸ ਦੀ ਨੀਤੀ ‘ਪਾੜੋ ਤੇ ਰਾਜ ਕਰੋ’ ਹੈ। ਅੱਜ ਕਾਂਗਰਸ ਟੁਕੜੇ-ਟੁਕੜੇ ਗ਼ੈਂਗ ਦੀ ਲੀਡਰ ਬਣ ਗਈ ਹੈ।“ਫੈਡਰਲ ਢਾਂਚੇ ਦੀ ਗੱਲ ਕਰਨ ਵਾਲੀ ਕਾਂਗਰਸ ਨੇ ਪ੍ਰਾਂਤਿਕ ਸਰਕਾਰਾਂ ਖ਼ਤਮ ਕਰਕੇ ਜਮਹੂਰੀਅਤ ਨੂੰ ਖ਼ਤਮ ਕੀਤਾ। ਉਹਨਾਂ ਕਿਹਾ ਕਿ ਰਾਜ ਦੀ ਤਰੱਕੀ ਹੋਵੇਗੀ ਦੇਸ ਦੀ ਤਰੱਕੀ ਹੋਵੇਗੀ। ਦੇਸ ਦਾ ਵਿਕਾਸ ਹੀ ਪ੍ਰਾਂਤਾਂ ਦਾ ਵਿਕਾਸ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਵਰਕਰਾਂ ਨੇ ਪ੍ਰਵਾਸੀ ਮਜ਼ਦੂਰਾਂ ਨੂੰ ਟਿਕਟਾਂ ਵੰਡੀਆਂ। ਉਨਾਂ ਕਿਹਾ, ‘ਕੋਵਿਡ-19 ਦੀ ਪਹਿਲੀ ਲਹਿਰ ਦੌਰਾਨ, ਜਦੋਂ ਲੋਕ ਲਾਕਡਾਊਨ ਦਾ ਪਾਲਣ ਕਰ ਰਹੇ ਸਨ, ਦਿਸ਼ਾ-ਨਿਰਦੇਸ਼ ਦੱਸ ਰਹੇ ਸਨ ਕਿ ਲੋਕ ਜਿੱਥੇ ਹਨ, ਉੱਥੇ ਹੀ ਰਹਿਣ, ਉਦੋਂ ਕਾਂਗਰਸ ਮੁੰਬਈ ਸਟੇਸ਼ਨ ’ਤੇ ਖੜੀ ਹੋ ਕੇ ਨਿਰਦੋਸ਼ ਲੋਕਾਂ ਨੂੰ ਡਰਾ ਰਹੀ ਸੀ। ਮੁੰਬਈ ਦੇ ਵਰਕਰਾਂ ਨੂੰ ਜਾਣ ਲਈ ਟਿਕਟਾਂ ਦਿੱਤੀਆਂ ਗਈਆਂ, ਲੋਕਾਂ ਨੂੰ ਜਾਣ ਲਈ ਪ੍ਰੇਰਿਤ ਕੀਤਾ ਗਿਆ।’

ਉਨਾਂ ਕਿਹਾ ਕਿ ਕਾਂਗਰਸ ਨੇ ਕੋਵਿਡ ਮਹਾਂਮਾਰੀ ’ਤੇ ਗੰਦੀ ਰਾਜਨੀਤੀ ਕੀਤੀ ਅਤੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ‘ਅਸੀਂ ਲੋਕਤੰਤਰ ਵਿੱਚ ਪੱਕਾ ਵਿਸ਼ਵਾਸ ਰੱਖਦੇ ਹਾਂ। ਅਤੇ ਅਸੀਂ ਇਹ ਵੀ ਮੰਨਦੇ ਹਾਂ ਕਿ ਆਲੋਚਨਾ ਲੋਕਤੰਤਰ ਦਾ ਜ਼ਰੂਰੀ ਹਿੱਸਾ ਹੈ, ਪਰ ਹਰ ਚੀਜ਼ ਦਾ ਅੰਨਾ ਵਿਰੋਧ ਕਦੇ ਵੀ ਅੱਗੇ ਵਧਣ ਦਾ ਰਸਤਾ ਨਹੀਂ ਹੈ।’

‘ਕਾਂਗਰਸ ਨੇ 100 ਸਾਲ ਸੱਤਾ ਵਿੱਚ ਨਾ ਆਉਣ ਦਾ ਮਨ ਬਣਾ ਲਿਆ ਹੈ‘

ਪੀਐਮ ਮੋਦੀ ਨੇ ਸਰਕਾਰੀ ਯੋਜਨਾਵਾਂ ‘ਤੇ ਸਵਾਲ ਚੁੱਕਣ ਲਈ ਕਾਂਗਰਸ ਦੀ ਵੀ ਆਲੋਚਨਾ ਕੀਤੀ ਅਤੇ ਕਿਹਾ ਕਿ ਪਾਰਟੀ ਅਗਲੇ 100 ਸਾਲਾਂ ਵਿੱਚ ਸੱਤਾ ਵਿੱਚ ਆਉਣ ਦੀ ਇੱਛਾ ਨਹੀਂ ਰੱਖਦੀ। ਉਨਾਂ ਕਿਹਾ, “ਤੁਸੀਂ ਮੇਰਾ ਵਿਰੋਧ ਕਰ ਸਕਦੇ ਹੋ, ਪਰ ਤੁਸੀਂ (ਕਾਂਗਰਸ) ਫਿਟ ਇੰਡੀਆ ਮੂਵਮੈਂਠ ਅਤੇ ਹੋਰ ਯੋਜਨਾਵਾਂ ਦਾ ਵਿਰੋਧ ਕਿਉਂ ਕਰ ਰਹੇ ਹੋ ? ਕੋਈ ਹੈਰਾਨੀ ਨਹੀਂ ਕਿ ਤੁਹਾਨੂੰ ਕਈ ਸਾਲ ਪਹਿਲਾਂ ਕਈ ਰਾਜਾਂ ਵਿੱਚ ਵੋਟ ਦਿੱਤੀ ਗਈ ਸੀ। ਮੈਨੂੰ ਲੱਗਦਾ ਹੈ ਕਿ ਤੁਸੀਂ ਅਗਲੇ 100 ਸਾਲਾਂ ਤੱਕ ਸੱਤਾ ਵਿੱਚ ਨਾ ਆਉਣ ਦਾ ਮਨ ਬਣਾ ਲਿਆ ਹੈ।“

ਮੋਦੀ ਨੇ ਕਿਹਾ ਕਿ ਕਾਂਗਰਸ ਨੂੰ ਸਵੈ-ਪੜਚੋਲ ਕਰਨੀ ਚਾਹੀਦੀ ਹੈ ਕਿ ਲੋਕਾਂ ਨੇ ਉਨਾਂ ਨੂੰ ਇੰਨੇ ਰਾਜਾਂ ਵਿੱਚ ਕਿਉਂ ਨਕਾਰ ਦਿੱਤਾ ਅਤੇ ਕਈ ਚੋਣ ਹਾਰਾਂ ਤੋਂ ਬਾਅਦ ਵੀ ਪਾਰਟੀ ਆਪਣਾ ‘ਹੰਕਾਰ’ ਨਹੀਂ ਛੱਡ ਰਹੀ ਹੈ।

**ਬਾਕੀ ਸਫ਼ਾ 32 ’ਤੇ**

# ਕੈਲੀਫੋਰਨੀਆ ਵਿਖੇ ਪੂਰੀ ਖਾਲਸਾਈ ਜਾਹੋ-ਜਲਾਲ ਨਾਲ ਮਨਾਈ ਸਾਕਾ ਨਕੋਦਰ ਦੇ ਸ਼ਹੀਦਾਂ ਦੀ 36ਵੀਂ ਸ਼ਹੀਦੀ ਵਰੇਗੰਢ

**ਫਰੀਮਾਂਟ/ਏ.ਟੀ.ਨਿਊਜ਼ :** ਗੁਰਦੁਆਰਾ ਸਾਹਿਬ ਫਰੀਮਾਂਟ-ਕੈਲੀਫੋਰਨੀਆ ਵਿੱਚ ਸਾਕਾ ਨਕੋਦਰ-1986 ਦੇ ਸ਼ਹੀਦਾਂ ਦੀ 36ਵੀਂ ਸ਼ਹੀਦੀ ਵਰੇਗੰਢ ਮੌਕੇ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਏ ਗਏ, ਜਿਸ ਵਿੱਚ ਕਥਾ ਕੀਰਤਨ ਤੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸ਼ਹੀਦੀ ਪਰਿਵਾਰ ਵਿੱਚੋਂ ਭਾਈ ਰਵਿੰਦਰ ਸਿੰਘ ਦੇ ਭ੍ਰਾਤਾ ਡਾ. ਹਰਿੰਦਰ ਸਿੰਘ, ਸਟੈਨਫੋਰਡ ਯੂਨੀਵਰਿਸਟੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਤਸਵੀਰਾਂ ਦੇ ਵਿਸਥਾਰ ਤੇ ਸਬੂਤਾਂ ਸਮੇਤ ਦੱਸਿਆ ਕਿ ਕਿਵੇਂ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੇ ਪ੍ਰਭੂਸੱਤਾ ਦੀ ਘੋਰ ਹੁਰਮਤੀ ਦੇ ਵਿਰੁੱਧ ਰੋਸ ਪ੍ਰਗਟ ਕਰ ਰਹੀਆਂ ਸੰਗਤਾਂ ਵਿੱਚੋਂ ਚੁਣ ਕੇ ਚਾਰ ਬੇਕਸੂਰ ਨੌਜਵਾਨ ਸਹੀਦ ਕਰਵਾਏ, ਜਿਸਦਾ 36 ਸਾਲਾਂ ਵਿੱਚ ਭਾਰਤੀ ਅਦਾਲਤਾਂ, ਅਕਾਲੀ ਤੇ ਕਾਂਗਰਸੀ ਸਰਕਾਰਾਂ ਨੇ ਕੋਈ ਇਨਸਾਫ ਨਹੀਂ ਦਿੱਤਾ। ਪੰਥਕ ਬੁਲਾਰਿਆਂ ਵਿੱਚ ਭਾਈ ਬਲਵਿੰਦਰਪਾਲ ਸਿੰਘ, ਰਾਜ ਸਿੰਘ ਚਾਹਲ ਡਿਪਟੀ ਮੇਅਰ ਸੈਂਟਾ ਕਲਾਰਾ ਸਿਟੀ ਤੇ ਸਟੇਜ ਸਕੱਤਰ ਭਾਈ ਜਸਦੇਵ ਸਿੰਘ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦਾਂ ਦੀ ਯਾਦ ਵਿੱਚ ਖ਼ੂਨਦਾਨ ਮੁਹਿੰਮ ਚਲਾਈ ਗਈ ਤੇ ਕੋਵਿਡ ਟੀਕੇ ਲਾਉਣ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਇਸੇ ਤਰਾਂ ਸਾਕਾ ਨਕੋਦਰ ਦੇ ਸ਼ਹੀਦਾਂ ਦੀ ਯਾਦ ਵਿਚ 13 ਫਰਵਰੀ 2022 ਦਿਨ ਐਤਵਾਰ ਨੂੰ ਗੁਰਦਵਾਰਾ ਸਾਹਿਬ ਸੈਨਹੋਜੇ (ਕੈਲੀਫੋਰਨੀਆ) ਵਿਖੇ ਵੀ ਮਹਾਨ ਸ਼ਹੀਦ ਸਮਾਗਮ ਹੋ ਰਿਹਾ ਹੈ। ਪ੍ਰਬੰਧਕਾਂ ਵਲੋਂ ਸਮੂਹ ਪੰਥ ਦਰਦੀ ਤੇ ਸੰਗਤਾਂ ਨੂੰ ਸਮਾਗਮ ਵਿਚ ਹਾਜ਼ਰੀ ਭਰਨ ਦੀ ਪੁਰਜ਼ੋਰ ਅਪੀਲ ਕੀਤੀ ਹੈ।













# 36 ਸਾਲਾਂ ਬਾਅਦ ਵੀ ਮਾਪਿਆਂ ਨੂੰ ਇਨਸਾਫ਼ ਨਾ ਮਿਲਿਆ

**ਜਲੰਧਰ/ਏ.ਟੀ.ਨਿਊਜ਼** :- ਨਕੋਦਰ ਬੇਅਦਬੀ ਕਾਂਡ ਨੂੰ 36 ਸਾਲ ਬੀਤ ਗਏ ਹਨ ਪਰ ਅੱਜ ਵੀ ਪੀੜਤ ਮਾਪੇ ਇਨਸਾਫ਼ ਮਿਲਣ ਦੀ ਉਡੀਕ ਕਰ ਰਹੇ ਹਨ। ਇਸ ਘਟਨਾ ਦੌਰਾਨ ਚਾਰ ਸਿੱਖ ਨੌਜਵਾਨ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਸਨ। ਇਨਾਂ ਚਾਰ ਸਿੱਖ ਨੌਜਵਾਨਾਂ ਵਿੱਚੋਂ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖਿਆ ਸੀ ਕਿ ਕੈਪਟਨ ਨੇ 2019 ਦੀਆਂ ਲੋਕ ਸਭਾ ਚੋਣਾਂ ਮੌਕੇ ਨਕੋਦਰ ਬੇਅਦਬੀ ਕਾਂਡ ਦੀ ਜਾਂਚ ਮੁੜ ਕਰਵਾਉਣ ਦਾ ਵਾਅਦਾ ਕੀਤਾ ਸੀ, ਪਰ ਇਸ ’ਤੇ ਅਮਲ ਨਹੀਂ ਕੀਤਾ ਗਿਆ।

ਜ਼ਿਕਰਯੋਗ ਹੈ ਕਿ 2 ਫਰਵਰੀ 1986 ਨੂੰ ਨਕੋਦਰ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦੇ ਵੇਲੇ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਸ਼ਰਾਰਤੀ ਅਨਸਰਾਂ ਨੇ ਸਾੜ ਦਿੱਤੀਆਂ ਸਨ। ਉਦੋਂ 4 ਫਰਵਰੀ 1986 ਨੂੰ ਸ਼ਾਂਤੀਪੂਰਨ ਢੰਗ ਨਾਲ ਵਿਰੋਧ ਪ੍ਰਗਟਾ ਰਹੀ ਸੰਗਤ ’ਤੇ ਪੰਜਾਬ ਪੁਲੀਸ ਨੇ ਅੰਨੇਵਾਹ ਗੋਲੀਆਂ ਚਲਾਈਆਂ ਸਨ, ਜਿਸ ਵਿੱਚ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ, ਭਾਈ ਹਰਮਿੰਦਰ ਸਿੰਘ ਚਲੂਪਰ ਤੇ ਭਾਈ ਝਿਲਮਣ ਸਿੰਘ ਗੌਰਸੀਆਂ ਸ਼ਹੀਦ ਹੋਏ ਸਨ। ਪੁਲੀਸ ਨੇ ਉਦੋਂ ਇਨਾਂ ਨੌਜਵਾਨਾਂ ਦੀਆਂ ਲਾਸ਼ਾਂ ਮਾਪਿਆਂ ਨੂੰ ਸੌਂਪਣ ਦੀ ਥਾਂ ਅਣਪਛਾਤੀਆਂ ਦੱਸ ਕੇ ਸਾੜ ਦਿੱਤੀਆਂ ਸਨ, ਜਦਕਿ ਪੋਸਟ ਮਾਰਟਮ ਦੀਆਂ ਰਿਪੋਰਟਾਂ ਵਿਚ ਇਨਾਂ ਨੌਜਵਾਨਾਂ ਦੀ ਸਪੱਸ਼ਟ ਪਛਾਣ ਹੋ ਗਈ ਸੀ ਤੇ ਬਲਦੇਵ ਸਿੰਘ ਆਪਣੇ ਪੁੱਤਰ ਦੀ ਲਾਸ਼ ਲੈਣ ਲਈ ਹਾੜੇ ਕੱਢਦਾ ਰਿਹਾ ਸੀ ਬਲਦੇਵ ਸਿੰਘ ਨੇ ਦੱਸਿਆ ਕਿ ਸਿੱਖ ਪੰਥ ਨੇ ਇਸ ਮੁੱਦੇ ਨੂੰ ਕੇਂਦਰ ਬਿੰਦੂ ’ਤੇ ਲਿਆਂਦਾ ਹੈ। ਉਨਾਂ ਦੱਸਿਆ ਕਿ ਕੈਲੀਫੋਰਨੀਆ ਦੇ ਮੈਨਟੀਕਾ ਸ਼ਹਿਰ ਤੇ ਸੈਂਟਾ ਕਲਾਰਾ ਕੌਂਟੀ ਦੇ ਪੰਜ ਜ਼ਿਲਿਆਂ ਦੇ ਸੁਪਰਵਾਈਜ਼ਰਾਂ ਨੇ 4 ਫਰਵਰੀ 2020 ਨੂੰ ਸਾਕਾ ਨਕੋਦਰ ਵਜੋਂ ਮਾਨਤਾ ਦਿੱਤੀ ਹੈ। ਇਸ ਦੌਰਾਨ ਸ਼ਹੀਦ ਹੋਏ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਛੋਟੇ



ਭਰਾ ਡਾ. ਹਰਿੰਦਰ ਸਿੰਘ ਨੂੰ ਸਿਟੀ ਕੌਂਸਲ ਦੀ ਮੀਟਿੰਗ ਵਿਚ ਸਾਕਾ ਨਕੋਦਰ ਨੂੰ ਮਾਨਤਾ ਦੇਣ ਵਾਲਾ ਪ੍ਰਮਾਣ ਪੱਤਰ ਸੌਂਪਿਆ ਗਿਆ। ਪੀੜਤ ਪਰਿਵਾਰ ਵਿੱਚੋਂ ਬੀਬੀ ਬਲਦੀਪ ਕੌਰ ਤੇ ਬਲਦੇਵ ਸਿੰਘ ਨੇ ਦੱਸਿਆ ਕਿ 1986 ਤੋਂ ਬਾਅਦ 15 ਸਾਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਰਹੀ, ਪਰ ਉਨਾਂ ਇਨਸਾਫ਼ ਨਹੀਂ ਕੀਤਾ।

ਇੱਥੇ ਜ਼ਿਕਰਯੋਗ ਹੈ ਕਿ ਜਸਟਿਸ ਗੁਰਨਾਮ ਸਿੰਘ ਉਸ ਵੇਲੇ ਇਸ ਰਿਪੋਰਟ ਦੇ ਨਾਲ-ਨਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਹੋਈ ਮੌਤ ਬਾਰੇ ਵੀ ਜਾਂਚ ਕਰ ਰਹੇ ਸਨ। ਜਸਟਿਸ ਗੁਰਨਾਮ ਸਿੰਘ ਨੇ ਆਪਣੀ ਰਿਪੋਰਟ ਦੇ ਸਫਾ ਨੰਬਰ 49 ’ਤੇ ਲਿਖਿਆ ਹੈ ਕਿ ਪੁਲਿਸ ਦੇ ਗੋਲੀਆਂ ਚਲਾਉਣ ਤੋਂ ਬਾਅਦ ਵੀ ਪੁਲਿਸ ਅਧਿਕਾਰੀ ਏਕੇ ਸ਼ਰਮਾ ਨੇ ਜ਼ਿਲਾ ਮੈਜਿਸਟਰੇਟ ਨੂੰ ਇਸ ਬਾਰੇ ਕੋਈ ਸੂਚਨਾ ਨਹੀਂ ਦਿੱਤੀ। ਜਦਕਿ ਉਸ ਵੇਲੇ ਜ਼ਿਲਾ ਮੈਜਿਸਟਰੇਟ ਉਨਾਂ ਕੋਲੋਂ ਇਕ ਕਿਲੋਮੀਟਰ ਹੀ ਦੂਰ ਸਨ। ਹਾਲਾਤ ਇਹ ਦਰਸਾਉਂਦੇ ਹਨ ਕਿ ਭੀੜ ਹਿੰਸਕ ਨਹੀਂ ਸੀ।

ਭੀੜ ਵਿਚ ਸ਼ਾਮਲ ਲੋਕਾਂ ਦਾ ਮੰਤਵ ਗੁਰਦੁਆਰੇ ਜਾਣਾ ਸੀ ਕਿਉਂ ਜੋ ਉਨਾਂ ਨੇ ਪਵਿੱਤਰ ਬੀੜਾਂ ਦਾ ਸਾੜਿਆ ਜਾਣਾ ਧਾਰਮਿਕ ਬੇਅਦਬੀ ਦੀ ਕਾਰਵਾਈ ਸਮਝਿਆ ਸੀ। ਜਸਟਿਸ ਗੁਰਨਾਮ ਸਿੰਘ ਨੇ ਆਪਣੀ ਰਿਪੋਰਟ ਵਿਚ ਪੁਲਿਸ ਵੱਲੋਂ ਕੀਤੇ ਇਸ ਦਾਅਵੇ ਨੂੰ ਵੀ ਝੁਠਲਾਇਆ ਹੈ ਕਿ ਭੀੜ ਕੋਲੋਂ ਦੋ ਪਿਸਤੌਲ ਤੇ ਹੋਰ ਮਾਰੂ ਹਥਿਆਰ ਬਰਾਮਦ ਹੋਏ ਸਨ। ਉਨਾਂ ਆਪਣੀ ਰਿਪੋਰਟ ਵਿਚ ਸਵਾਲ ਖੜਾ ਕੀਤਾ ਕਿ ਜਿਸ ਇੰਸਪੈਕਟਰ ਜਸਵੰਤ ਸਿੰਘ ਦੇ ਗੋਲੀ ਲੱਗਣ ਦਾ ਦਾਅਵਾ ਕੀਤਾ ਗਿਆ ਸੀ, ਉਸ ਗੋਲੀ ਦੀ ਫੌਰੈਂਸਿਕ ਜਾਂਚ ਕਿਉਂ ਨਹੀਂ ਕਰਵਾਈ ਗਈ ? ਸਿਰਫ ਇਹ ਕਹਿ ਦੇਣਾ ਕਿ ਜ਼ਖਮ ਵਿਚੋਂ ਛਰੇ ਵਰਗੀ ਚੀਜ਼ ਨਿਕਲੀ ਹੈ, ਹਨੇਰੇ ਵਿਚ ਰੱਖਣ ਵਾਲੀ ਗੱਲ ਹੈ ਤੇ ਸ਼ੱਕ ਪੈਦਾ ਕਰਦੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੁਲਿਸ ਨੇ ਜਿਹੜੇ ਵਿਅਕਤੀ ਗ੍ਰਿਫਤਾਰ ਕੀਤੇ ਸਨ, ਉਨਾਂ ਨੂੰ ਕੇਵਲ ਲਾਠੀਆਂ ਤੇ ਤਲਵਾਰਾਂ ਨਾਲ ਲੈਸ ਹੀ ਦੱਸਿਆ ਗਿਆ ਸੀ। ਇਹ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਕਿ ਭੀੜ ਵਾਲੇ ਵਿਅਕਤੀ ਭੱਜਦੇ ਸਮੇਂ ਘਟਨਾ ਵਾਲੇ ਥਾਂ ’ਤੇ ਦੇਸੀ ਪਿਸਤੌਲ ਤੇ ਖਾਲੀ ਕਾਰਤੂਸ ਛੱਡ ਗਏ ਸਨ। ਜਿਹੜੇ ਹੋਰ ਪੁਲਿਸ ਵਾਲਿਆਂ ਦੇ ਸੱਟਾਂ ਲੱਗਣ ਦਾ ਦਾਅਵਾ ਕੀਤਾ ਗਿਆ ਸੀ, ਉਨਾਂ ਬਾਰੇ ਡਾਕਟਰ ਦੀ ਰਿਪੋਰਟ ਅਨੁਸਾਰ ਇਹ ਸੱਟ ਡਿੱਗਣ ਨਾਲ ਜਾਂ ਲਾਠੀ ਲੱਗਣ ਨਾਲ ਹੋ ਸਕਦੀ ਹੈ। ਇਹ ਵੀ ਕੋਈ ਗੰਭੀਰ ਸੱਟਾਂ ਨਹੀਂ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜ਼ਖਮੀ ਪੁਲਿਸ ਅਧਿਕਾਰੀਆਂ ਦੀਆਂ ਚੋਟਾਂ ਲਾਠੀਆਂ ਨਾਲ ਲੱਗੀਆਂ ਨਹੀਂ ਹੋ ਸਕਦੀਆਂ ਕਿਉਂਕਿ ਜਦੋਂ ਗੋਲੀ ਚਲਾਉਣ ਦਾ ਹੁਕਮ ਦਿੱਤਾ ਗਿਆ ਸੀ ਤੇ ਹੋਰ ਅੱਥਰੂ ਗੈਸ ਗੋਲੇ ਸੁੱਟੇ ਸਨ ਤਾਂ ਭੀੜ ਅਤੇ ਸੁਰੱਖਿਆ ਬਲਾਂ ਵਿਚ ਫਾਸਲਾ 15 ਤੋਂ 20 ਗਜ਼ ਦਾ ਸੀ। ਰਿਪੋਰਟ ਵਿਚ ਪੁਲਿਸ ਦੇ ਇਸ ਦਾਅਵੇ ਨੂੰ ਵੀ ਝੁਠਲਾਇਆ ਗਿਆ ਹੈ ਕਿ ਭੀੜ ਕੋਲ ਇੱਟਾਂ-ਰੋੜੇ ਸਨ।

# ਸਾਕਾ ਨਕੋਦਰ ਦੀ ਬੇਇਨਸਾਫੀ ਦਾ ਮਾਮਲਾ ਅਮਰੀਕਾ ਦੀ ਰਾਜਧਾਨੀ, ਵਾਸ਼ਿੰਗਟਨ ਡੀ ਸੀ ਵਿਖੇ ਅਮਰੀਕਨ ਕਾਂਗਰਸ ਕੋਲ ਪਹੁੰਚਿਆ

## ਸਾਕਾ ਨਕੋਦਰ ਦੀ ਬੇਇਨਸਾਫੀ ਦਾ ਮਾਮਲਾ ਅਮਰੀਕਾ ਦੀ ਰਾਜਧਾਨੀ ਵਿੱਚ ਗੂੰਜੇਗਾ

**ਕੈਲੀਫੋਰਨੀਆ /ਏ.ਟੀ.ਨਿਊਜ਼**: ਸਾਕਾ ਨਕੋਦਰ ਨੂੰ ੩੬ ਸਾਲ ਬੀਤ ਗਏ ਹਨ ਪਰ ਅੱਜ ਵੀ ਪੀੜਤ ਮਾਪੇ ਇਨਸਾਫ਼ ਮਿਲਣ ਦੀ ਉਡੀਕ ਕਰ ਰਹੇ ਹਨ। ਇਸ ਘਟਨਾ ਦੌਰਾਨ ਚਾਰ ਸਿੱਖ ਨੌਜਵਾਨ ਪੁਲੀਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਸਨ। ਇਨਾਂ ਚਾਰ ਸਿੱਖ ਨੌਜਵਾਨਾਂ ਵਿੱਚੋਂ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਮਾਪਿਆਂ ਨੂੰ ਛੱਡ ਕਿ ਬਾਕੀ ਤਿੰਨ ਨੌਜਵਾਨਾਂ ਦੇ ਮਾਪੇ ਇਸ ਫ਼ਾਨੀ ਦੁਨੀਆ ਤੋਂ ਜਾ ਚੁੱਕੇ ਹਨ। ਭਾਈ ਰਵਿੰਦਰ ਸਿੰਘ ਲਿੱਤਰਾਂ ਜੀ ਦੇ ਪਿਤਾ ਬਲਦੇਵ ਸਿੰਘ ਪਿਛਲੇ ੩੬ ਸਾਲਾਂ ਤੋਂ ਸਾਕਾ ਨਕੋਦਰ ਦੇ ਇਨਸਾਫ਼ ਲਈ ਲਗਾਤਾਰ ਚਾਰਾਜ਼ੋਈ ਕਰਦੇ ਆ ਰਹੇ ਹਨ। ਅਮਰੀਕਾ ਦੀ ਕਾਂਗਰਸ-ਵੁਮੈਨ ਬੀਬੀ ਜ਼ੋਈ ਲੋਫਗਰਿਨ ਵਲੋਂ ਬਲਦੇਵ ਸਿੰਘ ਦੀ ਦਰਦ ਕਹਾਣੀ ਸੁਣਕੇ ੪ ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਣਤਾ ਦੇਣ ਲਈ ਮਤਾ ਨੰਬਰ ੯੦੮ ਯੂ ਐੱਸ ਹਾਊਸ ਆਫ ਰਿਪ੍ਰੇਜ਼ੇਂਟੇਟਿਵਜ ਵਿੱਚ ੪ ਫ਼ਰਵਰੀ ੨੦੨੨ ਨੂੰ ਦਰਜ਼ ਕਰਵਾ ਦਿੱਤਾ ਹੈ, ਇਸ ਮਤੇ ਨੂੰ ਅਮਰੀਕਾ ਦੀ ਕਾਂਗਰਸ-ਵੁਮੈਨ ਬੀਬੀ ਐਨਾ ਜੀ ਈਸ਼ੋ ਵਲੋਂ ਸਹਿ ਸਪਾਂਸਰ ਕੀਤਾ ਗਿਆ ਹੈ। ਹੁਣ ਇਹ ਮਤਾ “ਸਾਕਾ ਨਕੋਦਰ ਦਿਵਸ” ਵਜੋਂ ਮਾਨਤਾ ਦੇਣ ਵਾਲੀ ਕਮੇਟੀ ਆਨ ਓਵਰਸਾਈਟ ਐਂਡ ਰਿਫਾਰਮ ਰੈਜ਼ੋਲੂਸ਼ਨ ਕੋਲ ਪਹੁੰਚ ਗਿਆ ਹੈ।

ਇਸ ਮਤੇ ਵਿਚ ਦੱਸਿਆ ਗਿਆ ਹੈ ਕਿ ੪ ਫਰਵਰੀ, ੧੯੮੬ ਨੂੰ ਭਾਰਤ ਦੇ ਪੰਜਾਬ ਸੂਬੇ ਦੀ ਨਕੋਦਰ ਸਬ-ਡਿਵੀਜ਼ਨ ਵਿੱਚ, ਰਾਜ ਪੁਲਿਸ ਦੁਆਰਾ ਚਾਰ ਨਿਹੱਥੇ ਸਿੱਖ ਵਿਦਿਆਰਥੀ, ਰਵਿੰਦਰ ਸਿੰਘ, ਬਲਧੀਰ ਸਿੰਘ, ਝਿਲਮਣ ਸਿੰਘ ਅਤੇ ਹਰਮਿੰਦਰ ਸਿੰਘ ਨੂੰ ਪੁਲਿਸ ਵਲੋਂ ਬਿਨਾਂ ਕਿਸੇ ਭੜਕਾਹਟ ਤੋਂ ਕੀਤੀ ਗੋਲੀਬਾਰੀ ਵਿੱਚ ਮਾਰ ਦਿੱਤਾ ਗਿਆ ਸੀ। ਜੋ ਸ਼ਾਂਤੀਪੂਰਨ ੧੦ ਸਿੱਖ ਗੁਰੂਆਂ ਦੀ ਵੰਸ਼ ਤੋਂ ਬਾਅਦ ਸਾਰੇ ਸਿੱਖਾਂ ਦੁਆਰਾ ਅੰਤਮ, ਸਰਵਉੱਚ ਅਤੇ ਜੀਵਤ ਗੁਰੂ ਮੰਨੇ ਜਾਂਦੇ “ਸ੍ਰੀ ਗੁਰੂ ਗ੍ਰੰਥ ਸਾਹਿਬ ਜੀ” ਦੀ ਬੇਅਦਬੀ ਦੇ ਵਿਰੋਧ ਵਿੱਚ ਹਿੱਸਾ ਲੈ ਰਹੇ ਸਨ। ਅਜਿਹਾ ਕਰ ਕੇ ਰਾਜ ਦੇ ਅਧਿਕਾਰੀਆਂ ਨੇ ਸ਼ਾਂਤੀਪੂਰਨ ਅਸੈਂਬਲੀ ਦੀ ਆਜ਼ਾਦੀ ਦੀ ਉਲੰਘਣਾ ਕੀਤੀ ਹੈ ਜੋ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ ਦੇ ਅਨੁਛੇਦ ੨੦, ਨਾਗਰਿਕ ਅਤੇ ਰਾਜਨੀਤਿਕ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਅੰਤਰਰਾਸ਼ਟਰੀ ਇਕਰਾਰਨਾਮੇ ਦੀ ਧਾਰਾ ੨੧, ਅਤੇ ਸੰਯੁਕਤ ਰਾਸ਼ਟਰ ਘੋਸ਼ਣਾ



ਕਾਂਗਰਸ-ਵੁਮੈਨ ਬੀਬੀ ਐਨਾ ਜੀ ਈਸ਼ੋ



ਕਾਂਗਰਸ-ਵੁਮੈਨ ਬੀਬੀ ਜੋਈ ਲੋਫਗਰਿਨ

ਪੱਤਰ ਦੀ ਧਾਰਾ ੫ ਦੁਆਰਾ ਸਮਰਥਤ ਹੈ। ਪੁਲਿਸ ਵਲੋਂ ਇਨਾਂ ਗੈਰ ਕਾਨੂੰਨੀ ਕਤਲਾਂ ਤੇ ਪੜਦਾ ਪਾਉਣ ਲਈ ਲਾਸ਼ਾਂ ਨੂੰ ਖੁਰਦ ਬੁਰਦ ਕਰ ਦਿੱਤਾ ਸੀ। ਰਾਜ ਸਰਕਾਰ ਨੇ ਇਸ ਅਣਗਹਿਲੀ ‘ਤੇ ਇੱਕ ਪ੍ਰਸਿੱਧ ਨਿਆਂਕਾਰ ਦੁਆਰਾ ਨਿਆਂਇਕ ਜਾਂਚ ਕਮਿਸ਼ਨ ਦਾ ਗਠਨ ਕੀਤਾ ਸੀ। ਜਸਟਿਸ ਗੁਰਨਾਮ ਸਿੰਘ ਕਮਿਸ਼ਨ ਨੇ ੩੧ ਅਕਤੂਬਰ, ੧੯੮੬ ਨੂੰ ਆਪਣੀ ਜਾਂਚ ਰਿਪੋਰਟ ਰਾਜ ਸਰਕਾਰ ਨੂੰ ਸੌਂਪ ਦਿੱਤੀ ਸੀ, ਪਰ ਸਰਕਾਰ ਇਸ ਰਿਪੋਰਟ ਨੂੰ ਛੇ ਮਹੀਨਿਆਂ ਦੇ ਅੰਦਰ ਵਿਧਾਨ ਸਭਾ ਵਿੱਚ ਲਾਜ਼ਮੀ ਐਕਸ਼ਨ ਟੇਕਨ ਰਿਪੋਰਟ ਸਮੇਤ ਪੇਸ਼ ਕਰਨ ਅਤੇ ਇਸਤੇ ਬਹਿਸ ਕਰਕੇ ਕਾਰਵਾਈ ਕਰਨ ਵਿੱਚ ਅਸਫਲ ਰਹੀ ਹੈ। ਰਾਜ ਨੇ ਨਿਆਂਇਕ ਕਮਿਸ਼ਨ ਦੀ ਜਾਂਚ ਰਿਪੋਰਟ ਦੇ ਕੁੱਝ ਹਿੱਸਿਆਂ ਨੂੰ ਦੱਬ ਲਿਆ ਤੇ ਅੱਜ ਤੱਕ ਇਸ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਅੱਜ ਤੱਕ ਇੱਕ ਵੀ ਅਪਰਾਧੀ ਨੂੰ ਨਿਆਂ ਦੇ ਘੇਰੇ ਵਿੱਚ ਨਹੀਂ ਲਿਆਂਦਾ ਗਿਆ; ਜਦੋਂ ਕਿ ਘਟਨਾ ਨਾਲ ਸਬੰਧਤ ਪੀੜਤਾਂ ਦੇ ਪਰਿਵਾਰ ੩੬ ਸਾਲਾਂ ਤੋਂ ਸੱਚਾਈ, ਨਿਆਂ, ਜਵਾਬਦੇਹੀ ਅਤੇ ਅਲੋਪਤਾ ਲਈ ਲੜ ਰਹੇ ਹਨ। ਇਸ ਘਟਨਾ ਨੇ ਅੰਤਰਰਾਸ਼ਟਰੀ ਪੱਧਰ ‘ਤੇ ਵੀ ਧਿਆਨ ਖਿੱਚਿਆ ਹੈ ਕਿਉਂਕਿ ਨਸਲਕੁਸ਼ੀ ਰੋਕਥਾਮ ‘ਤੇ ਵਿਸ਼ੇਸ਼ ਐਡਵਾਈਜ਼ਰ, ਸੰਯੁਕਤ ਰਾਸ਼ਟਰ ਗਲੋਬਲ ਸਟੀਅਰਿੰਗ ਕਮੇਟੀ ਦੇ ਮੈਂਬਰ ਡਾ. ਇਕਤਦਾਰ ਚੀਮਾ ਨੇ ਇਸ ਨੂੰ ਵੱਖ-ਵੱਖ ਅੰਤਰਰਾਸ਼ਟਰੀ ਫੋਰਮਾਂ ‘ਤੇ ਉਠਾਇਆ ਹੈ।

ਸੰਯੁਕਤ ਰਾਜ (ਅਮਰੀਕਾ) ਲੋਕਤੰਤਰ ਦਾ ਵਕੀਲ ਹੈ ਅਤੇ ਸਾਰੇ ਲੋਕਾਂ ਦੇ ਮਨੁੱਖੀ ਅਧਿਕਾਰ ਅਤੇ ਨਕੋਦਰ ਕਾਂਡ ਦੇ ਪੀੜਤਾਂ ਦੇ ਪਰਿਵਾਰਾਂ ਅਤੇ ਸਿੱਖ ਕੌਮ ਦੇ ਸੱਚ ਅਤੇ ਇਨਸਾਫ਼ ਦੀ ਪ੍ਰਾਪਤੀ ਵਿੱਚ ਉਨਾਂ ਦੇ ਨਾਲ ਇੱਕਮੁੱਠਤਾ ਵਿੱਚ ਖੜੇ ਹਨ, ਕਿਉਂਕਿ ਉਹ ਵਿਸ਼ਵਵਿਆਪੀ ਸਮਰਥਨ ਰੱਖਦੇ ਹਨ। “ਸਾਕਾ ਨਕੋਦਰ” ਵਿੱਚ ਸਾਕਾ ਦਾ ਮਤਲਬ ਕਤਲੇਆਮ ਹੈ , ਅਤੇ “ਨਕੋਦਰ” ਪੰਜਾਬ ਵਿਚਲੇ ਉਸ ਖੇਤਰ,ਜਿੱਥੇ ਇਹ ਵਾਪਰਿਆ ਸੀ ਲਈ ਹੈ।

ਇਸ ਲਈ ਸੰਕਲਪ ਲਿਆ ਗਿਆ ਹੈ ਕਿ ਪ੍ਰਤੀਨਿਧੀ ਸਭਾ [ਯੂ ਐੱਸ ਹਾਊਸ ਆਫ ਰਿਪ੍ਰੇਜ਼ੇਂਟੇਟਿਵਜ ] ਇਸ ਨੂੰ “ਸਾਕਾ ਨਕੋਦਰ ਦਿਵਸ” ਵਜੋਂ ਮਾਨਤਾ ਦਿੰਦੀ ਹੈ।

ਜ਼ਿਕਰਯੋਗ ਹੈ ਕਿ ੨ ਫਰਵਰੀ ੧੯੮੬ ਨੂੰ ਨਕੋਦਰ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੁੰਦੇ ਵੇਲੇ ਗੁਰੂ ਗ੍ਰੰਥ ਸਾਹਿਬ ਦੀਆਂ ਪੰਜ ਬੀੜਾਂ ਸ਼ਰਾਰਤੀ ਅਨਸਰਾਂ ਨੇ ਸਾੜ ਦਿੱਤੀਆਂ ਸਨ। ਉਦੋਂ ੪ ਫਰਵਰੀ ੧੯੮੬ ਨੂੰ ਸ਼ਾਂਤੀਪੂਰਨ ਢੰਗ ਨਾਲ ਵਿਰੋਧ ਪ੍ਰਗਟਾ ਰਹੀ ਸੰਗਤ ’ਤੇ ਪੰਜਾਬ ਪੁਲੀਸ ਨੇ ਅੰਨੇਵਾਹ ਗੋਲੀਆਂ ਚਲਾਈਆਂ ਸਨ, ਜਿਸ ਵਿੱਚ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ, ਭਾਈ ਹਰਮਿੰਦਰ ਸਿੰਘ ਚਲੂਪਰ ਤੇ ਭਾਈ ਝਿਲਮਣ ਸਿੰਘ ਗੌਰਸੀਆਂ ਸ਼ਹੀਦ ਹੋਏ ਸਨ। ਪੁਲੀਸ ਨੇ ਉਦੋਂ ਇਨਾਂ ਨੌਜਵਾਨਾਂ ਦੀਆਂ ਲਾਸ਼ਾਂ ਮਾਪਿਆਂ ਨੂੰ ਸੌਂਪਣ ਦੀ ਥਾਂ ਅਣਪਛਾਤੀਆਂ ਦੱਸ ਕੇ ਸਾੜ ਦਿੱਤੀਆਂ ਸਨ, ਜਦਕਿ ਪੋਸਟ ਮਾਰਟਮ ਦੀਆਂ ਰਿਪੋਰਟਾਂ ਵਿਚ ਇਨਾਂ ਨੌਜਵਾਨਾਂ ਦੀ ਸਪੱਸ਼ਟ ਪਛਾਣ ਹੋ ਗਈ ਸੀ ਤੇ ਬਲਦੇਵ ਸਿੰਘ ਆਪਣੇ ਪੁੱਤਰ ਦੀ ਲਾਸ਼ ਲੈਣ ਲਈ ਹਾੜੇ ਕੱਢਦਾ ਰਿਹਾ ਸੀ ਬਲਦੇਵ ਸਿੰਘ ਨੇ ਦੱਸਿਆ ਕਿ ਸਿੱਖ ਪੰਥ ਨੇ ਇਸ ਮੁੱਦੇ ਨੂੰ ਕੇਂਦਰ ਬਿੰਦੂ ’ਤੇ ਲਿਆਂਦਾ ਹੈ। ਉਨਾਂ ਦੱਸਿਆ ਕਿ ਕੈਲੀਫੋਰਨੀਆ ਦੇ ਮੈਨਟੀਕਾ ਸ਼ਹਿਰ ਤੇ ਸੈਂਟਾ ਕਲਾਰਾ ਕੌਂਟੀ ਦੇ ਪੰਜ ਜ਼ਿਲਿਆਂ ਦੇ ਸੁਪਰਵਾਈਜ਼ਰਾਂ ਨੇ ੪ ਫਰਵਰੀ ੨੦੨੨ ਨੂੰ ਸਾਕਾ ਨਕੋਦਰ ਵਜੋਂ ਮਾਨਤਾ ਦਿੱਤੀ ਹੈ। ਇਸ ਦੌਰਾਨ ਸ਼ਹੀਦ ਹੋਏ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਛੋਟੇ ਭਰਾ ਡਾ. ਹਰਿੰਦਰ ਸਿੰਘ ਨੂੰ ਸਿਟੀ ਕੌਂਸਲ ਦੀ ਮੀਟਿੰਗ ਵਿਚ ਸਾਕਾ ਨਕੋਦਰ ਨੂੰ ਮਾਨਤਾ ਦੇਣ ਵਾਲਾ ਪ੍ਰਮਾਣ ਪੱਤਰ ਸੌਂਪਿਆ ਗਿਆ। ਪੀੜਤ ਪਰਿਵਾਰ ਵਿੱਚੋਂ ਬੀਬੀ ਬਲਦੀਪ ਕੌਰ ਤੇ ਬਲਦੇਵ ਸਿੰਘ ਨੇ ਦੱਸਿਆ ਕਿ ੧੯੮੬ ਤੋਂ ਬਾਅਦ ੧੫ ਸਾਲ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਰਹੀ, ਪਰ ਉਨਾਂ ਇਨਸਾਫ਼ ਨਹੀਂ ਕੀਤਾ।

# ਨੈਨਦੀਪ ਸਿੰਘ ਨੇ ਪ੍ਰਾਪਤ ਕੀਤਾ ਜੇਮਜ਼ ਇਰਵਿਨ ਲੀਡਰਸ਼ਿਪ ਅਵਾਰਡ

## 419 ਨਾਮਜ਼ਦ ਵਿਅਕਤੀਆਂ ਦੇ ਇੱਕ ਉੱਚ ਮੁਕਾਬਲੇ ਵਾਲੇ ਪੂਲ ਵਿੱਚੋਂ ਚੁਣੇ ਗਏ ਨੈਨਦੀਪ ਸਿੰਘ

ਕੈਲੇਫੋਰਨੀਆ: ਨੈਨਦੀਪ ਸਿੰਘ ਉਹਨਾਂ ਸਿੱਖ ਨੌਜਵਾਨਾਂ ਵਿੱਚੋਂ ਇੱਕ ਹੈ ਜੋ ਆਪਣੇ ਸਿੱਖ ਭਾਈਚਾਰੇ ਦੀ ਹੋਂਦ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ। ਜਿਸ ਨੇ ਆਪਣੀ ਲਗਨ ਤੇ ਸਮਰਪਿਤ ਭਾਵਨਾ ਨਾਲ਼ ਕੌਮ ਦੀ ਸੇਵਾ ਕੀਤੀ ਤੇ ਇਸ ਐਵਾਰਡ ਨੂੰ ਹਾਸਿਲ ਕੀਤਾ।

ਜੇਮਜ਼ ਇਰਵਿਨ ਲੀਡਰਸ਼ਿਪ ਅਵਾਰਡ ਕੈਲੀਫੋਰਨੀਆ ਭਰ ਦੀਆਂ ਸੰਸਥਾਵਾਂ ਅਤੇ ਭਾਈਚਾਰਿਆਂ ਲਈ ਇੱਕ ਸੱਚਾ ਸਨਮਾਨ ਹੈ । ਸਿੱਖ ਭਾਈਚਾਰੇ ਨੂੰ ਮਾਣ ਹੈ ਕਿ ਸਾਡਾ ਆਪਣਾ ਨੈਨਦੀਪ ਸਿੰਘ ਜੇਮਜ਼ ਇਰਵਿਨ ਲੀਡਰਸ਼ਿਪ ਅਵਾਰਡ ਦਾ ਪ੍ਰਾਪਤਕਰਤਾ ਹੈ !

ਇੱਕ ਦਹਾਕੇ ਤੋਂ ਵੱਧ ਸਮੇਂ ਤੋਂ, ਜੇਮਜ਼ ਇਰਵਿਨ ਲੀਡਰਸ਼ਿਪ ਅਵਾਰਡਾਂ ਨੇ ਉਨਾਂ ਨੇਤਾਵਾਂ ਨੂੰ ਮਾਨਤਾ ਦਿੱਤੀ ਹੈ ਜਿਨਾਂ ਦੇ ਰਾਜ ਦੀਆਂ ਗੰਭੀਰ ਚੁਣੌਤੀਆਂ ਦੇ ਨਵੀਨਤਾਕਾਰੀ ਹੱਲ ਮੌਕੇ ਪੈਦਾ ਕਰਦੇ ਹਨ ਅਤੇ ਰਾਜ ਭਰ ਵਿੱਚ ਜੀਵਨ ਵਿੱਚ ਸੁਧਾਰ ਕਰਦੇ ਹਨ।



419 ਨਾਮਜ਼ਦ ਵਿਅਕਤੀਆਂ ਦੇ ਇੱਕ ਉੱਚ ਮੁਕਾਬਲੇ ਵਾਲੇ ਪੂਲ ਵਿੱਚੋਂ ਚੁਣੇ ਗਏ, 6 ਪ੍ਰਾਪਤਕਰਤਾ ਕੈਲੀਫ਼ੋਰਨੀਆ ਦੇ ਲੋਕਾਂ ਨੂੰ ਦਰਪੇਸ਼ ਕਈ ਮਹੱਤਵਪੂਰਨ ਮੁੱਦਿਆਂ ਦੇ ਹੱਲ ਲਈ ਅੱਗੇ ਵਧ ਰਹੇ ਹਨ। ਨਾਗਰਿਕ ਸ਼ਮੂਲੀਅਤ, ਅਪਰਾਧ ਦੀ ਰੋਕਥਾਮ, ਸਿਹਤ ਅਤੇ ਸਿਹਤ ਸੰਭਾਲ, ਪਾਲਣ-ਪੋਸ਼ਣ ਵਾਲੇ ਨੌਜਵਾਨਾਂ ਲਈ ਸਹਾਇਤਾ, ਜੰਗਲੀ ਅੱਗ ਦੀ ਰੋਕਥਾਮ, ਅਤੇ ਕਰਮਚਾਰੀ ਵਿਕਾਸ ਵਿੱਚ ਆਪਣੀ ਭੂਮਿਕਾ ਨਿਭਾਉਂਦੇ ਹਨ।

ਨੈਨਦੀਪ ਸਿੰਘ ਨੇ ਕੈਲੀਫ਼ੋਰਨੀਆ ਦੇ ਸਿੱਖ ਭਾਈਚਾਰੇ ਦੀ ਸਿਹਤ, ਸਿੱਖਿਆ ਅਤੇ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸ਼ਕਤੀ ਨੂੰ ਅੱਗੇ ਵਧਾਉਣ ਲਈ ਆਪਣਾ ਜੀਵਨ ਸਮਰਪਿਤ ਕੀਤਾ ਹੈ। ਉਹ ਇੱਕ ਸੁਪਨੇ ਲੈਣ ਵਾਲਾ, ਇਤਿਹਾਸਕਾਰ, ਨਵੀਨਤਾਕਾਰੀ, ਰਚਨਾਤਮਕ, **ਬਾਕੀ ਸਫ਼ਾ 31 'ਤੇ**

# ਕੋਰੋਨਾ ਕਾਰਨ ਅਮਰੀਕਾ ਦੀ ਮੰਦੀ ਆਰਥਿਕ ਹਾਲਤ

## 30 ਟ੍ਰਿਲੀਅਨ ਡਾਲਰ ਤੋਂ ਜ਼ਿਆਦਾ ਹੋਇਆ ਉਧਾਰ

**ਵਾਸ਼ਿੰਗਟਨ/ਏ.ਟੀ.ਨਿਊਜ਼ :-** ਕੋਰੋਨਾ ਨੇ ਦੁਨੀਆ ਦੇ ਸਭ ਤੋਂ ਅਮੀਰ ਦੇਸ਼ ਅਮਰੀਕਾ ਦੀ ਆਰਥਿਕਤਾ ਦੀ ਕਮਰ ਤੋੜ ਦਿੱਤੀ ਹੈ ਅਤੇ ਉਸ ਦਾ ਕੁੱਲ ਰਾਸ਼ਟਰੀ ਕਰਜ਼ ਭਾਰ ਰਿਕਾਰਡ 30 ਟ੍ਰਿਲੀਅਨ ਡਾਲਰ ਤੋਂ ਜ਼ਿਆਦਾ ਹੋ ਗਿਆ ਹੈ। ਅਮਰੀਕੀ ਸਰਕਾਰ ਦੇ ਤਹਿਤ ਆਉਣ ਵਾਲੇ ਟਰੇਜ਼ਰੀ ਵਿਭਾਗ ਨੇ ਇਹ ਅੰਕੜਾ ਜਾਰੀ ਕੀਤਾ ਹੈ।

ਕਰਜ਼ੇ ਦਾ ਇੰਨਾ ਵੱਡਾ ਅੰਕੜਾ ਅਜਿਹੇ ਮੁਸ਼ਕਲ ਸਮੇਂ ਵਿੱਚ ਸਾਹਮਣੇ ਆਇਆ ਹੈ, ਜਦੋਂ ਅਮਰੀਕਾ ਦੀ ਰਾਜਕੋਸ਼ੀ ਅਤੇ ਮੁਦਰਾ ਨੀਤੀ ਮੁਸ਼ਕਲਾਂ ਵਿੱਚੋਂ ਲੰਘ ਰਹੀ ਹੈ। ਉਧਾਰ ਦੀ ਲਾਗਤ ਵਧਣ ਦੀ ਵੀ ਸੰਭਾਵਨਾ ਹੈ, ਜਿਸਦਾ ਸਿੱਧਾ ਅਸਰ ਦੇਸ਼ ਦੀ ਆਰਥਿਕਤਾ 'ਤੇ ਪਵੇਗਾ। ਕਰਜ਼ੇ ਦੇ ਅਸਮਾਨ ਛੂਹਣ ਦੇ ਪਿੱਛੇ ਕਈ ਕਾਰਨ ਹਨ, ਜਿੰਨਾਂ ਵਿੱਚੋਂ ਇੱਕ ਕਾਰਨ ਇਹ ਹੈ ਕਿ ਸਰਕਾਰ ਨੇ ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਸਰਕਾਰੀ ਖ਼ਰਚੇ ਵਿੱਚ ਵਾਧਾ ਕੀਤਾ ਹੈ।

### ਜਾਪਾਨ ਅਤੇ ਚੀਨ ਦੇ ਨਿਵੇਸ਼ਕਾਂ ਤੋਂ ਲਿਆ ਉਧਾਰ

ਇਸ ਮਿਆਦ ਦੌਰਾਨ (2019 ਦੇ ਅਖ਼ੀਰ ਤੋਂ) ਅਮਰੀਕੀ ਸਰਕਾਰ ਨੇ ਜਾਪਾਨ ਅਤੇ ਚੀਨ ਦੀ ਅਗਵਾਈ ਵਾਲੇ ਵਿਦੇਸ਼ੀ ਨਿਵੇਸ਼ਕਾਂ ਤੋਂ ਲਗਭਗ 7 ਟ੍ਰਿਲੀਅਨ ਡਾਲਰ ਦਾ ਉਧਾਰ ਲਿਆ ਹੈ, ਜਿਸਦਾ ਵਾਪਸ ਭੁਗਤਾਨ ਕਰਨ ਦੀ ਲੋੜ ਹੋਵੇਗੀ। ਅਮਰੀਕੀ ਵਿੱਤ ਮਾਹਿਰਾਂ ਨੇ ਇੱਕ ਦੂਸਰਾ ਕਾਰਨ ਸਾਲ 2008 ਦੇ ਵਿੱਤੀ ਸੰਕਟ ਤੋਂ ਬਾਅਦ ਰਾਸ਼ਟਰੀ ਕਰਜ਼ੇ ਦੇ ਭਾਰ ਵਿੱਚ ਹੋਏ ਵਾਧੇ ਨੂੰ ਦੱਸਿਆ ਹੈ ਜੋ ਮਹਾਂਮਾਰੀ ਦੇ ਲਗਭਗ ਇੱਕ ਦਹਾਕੇ ਪਹਿਲਾਂ ਦੀ ਗੱਲ ਹੈ। ਓਦੋਂ ਅਮਰੀਕਾ ਵਿੱਚ ਇੱਕ ਵੱਡਾ ਆਰਥਿਕ ਸੰਕਟ ਖੜਾ ਹੋ ਗਿਆ ਸੀ। ਜਦੋਂ ਦਸੰਬਰ 2007 ਵਿੱਚ ਵਿਸ਼ਵ ਆਰਥਿਕਤਾ ਵਿੱਚ ਗਿਰਾਵਟ ਸ਼ੁਰੂ ਹੋਈ ਸੀ, ਓਦੋਂ ਅਮਰੀਕਾ ਦਾ ਰਾਸ਼ਟਰੀ ਕਰਜ਼ਾ ਦੇ ਭਾਰ 9.2 ਟ੍ਰਿਲੀਅਨ ਡਾਲਰ ਸੀ।

ਟਰੰਪ ਸਰਕਾਰ ਕਾਰਨ ਵੀ ਵਧੇਗਾ ਅੰਕੜਾ

ਟੈਕਸ ਪਾਲਿਸੀ ਸੈਂਟਰ ਮੁਤਾਬਕ, ਸਾਲ 2017 ਵਿੱਚ ਤਤਕਾਲੀਨ ਟਰੰਪ ਸਰਕਾਰ ਵੱਲੋਂ ਨਿਯਮਿਤ ਟੈਕਸ ਕਟਸ ਐਂਡ ਡਾਬਸ ਐਕਟ ਦੇ ਤਹਿਤ ਟੈਕਸ ਕਟੌਤੀ ਨਾਲ਼ ਹੋਣ ਵਾਲੇ ਮਾਲੀਆ ਘਾਟੇ ਵਿੱਚ 2018 ਤੋਂ 2025 ਦਰਮਿਆਨ ਕਰਜ਼ੇ ਵਿੱਚ ਅਨੁਮਾਨਿਤ 1-2 ਟ੍ਰਿਲੀਅਨ ਡਾਲਰ ਦਾ ਵਾਧਾ ਹੋਵੇਗਾ। ਟਰੰਪ ਸਰਕਾਰ ਕਾਰਨ ਵੀ ਉਧਾਰ ਦਾ ਅੰਕੜਾ ਹੋਰ ਵਧੇਗਾ। ਇੱਥੋਂ ਤੱਕ ਕਿ ਬਾਈਡਨ ਸਰਕਾਰ ਦੌਰਾਨ ਵੀ ਕਾਂਗਰਸ ਨੇ ਛੋਟੇ ਕਾਰੋਬਾਰੀਆਂ, ਬੇਰੋਜ਼ਗਾਰਾਂ ਕਾਮਿਆਂ ਅਤੇ ਉਨਾਂ ਦੇ ਪਰਿਵਾਰਾਂ ਅਤੇ ਹੋਰ ਸਮੂਹਾਂ ਨੂੰ ਸਮਰਥਨ ਦੇਣ ਲਈ ਪੈਨਡੇਮਿਕ ਪ੍ਰੋਗਰਾਮਾਂ ਦੇ ਤਹਿਤ ਖ਼ਰਬਾਂ ਡਾਲਰ ਨੂੰ ਮਨਜ਼ੂਰੀ ਦਿੱਤੀ ਗਈ ਹੈ।

# ਮਤਰੇਏ ਪਿਤਾ ਤੇ ਮਾਂ ਸਮੇਤ 4 ਲੋਕਾਂ ਦੀ ਹੱਤਿਆ ਕਰਨ ਉਪਰੰਤ ਕੀਤੀ ਖ਼ੁਦਕੁਸ਼ੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਟੈਕਸਾਸ ਦੇ ਸ਼ਹਿਰ ਕੋਰਸੀਕਾਨਾ ਵਿੱਚ ਇੱਕ 41 ਸਾਲਾ ਸ਼ੱਕੀ ਹਮਲਾਵਰ ਨੇ ਪਰਿਵਾਰਕ ਝਗੜੇ ਵਿੱਚ 4 ਜਣਿਆਂ ਦੀ ਹੱਤਿਆ ਕਰਨ ਉਪਰੰਤ ਖ਼ੁਦ ਨੂੰ ਵੀ ਗੋਲੀ ਮਾਰਕੇ ਆਤਮ ਹੱਤਿਆ ਕਰ ਲਈ। ਕੋਰਸੀਕਾਨਾ ਪੁਲਿਸ ਵਿਭਾਗ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਸ਼ੱਕੀ ਹਮਲਾਵਰ ਦੀ ਪਛਾਣ ਕੈਵਿਨ ਮਿਲਾਜ਼ੋ ਵਜੋਂ ਹੋਈ ਹੈ। ਪੁਲਿਸ ਜਦੋਂ ਘਟਨਾ ਸਥਾਨ 'ਤੇ ਪੁੱਜੀ ਤਾਂ ਉਸ ਨੂੰ ਦੋ ਲੋਕ ਮ੍ਰਿਤਕ ਹਾਲਤ ਵਿੱਚ ਮਿਲੇ ਜਿਨਾਂ ਦੀ ਪਛਾਣ 68 ਸਾਲਾ ਵਿਲੀਅਮ ਬਿਲ ਮਿਮਸ ਜੋ ਕਿ ਸ਼ੱਕੀ ਹਮਲਾਵਰ ਦਾ ਮਤਰੇਆ ਬਾਪ ਸੀ ਤੇ ਸ਼ੱਕੀ ਦੀ 61 ਸਾਲਾ ਮਾਂ ਕੋਨੀ ਮਿਮਸ ਵਜੋਂ ਹੋਈ ਹੈ। ਨਵਾਰੋ ਕਾਊਂਟੀ ਦੇ ਪੁਲਿਸ ਵਿਭਾਗ ਨੂੰ ਘਟਨਾ ਸਥਾਨ ਤੋਂ ਤਕਰੀਬਨ 20 ਮੀਲ ਦੂਰ ਜੰਗਲ ਵਿੱਚ ਦੋ ਹੋਰ ਲਾਸ਼ਾਂ ਬਰਾਮਦ ਹੋਈਆਂ



ਪੁਲਿਸ ਵੱਲੋਂ ਸੀਲ ਕੀਤਾ ਗਿਆ ਘਟਨਾ ਸਥਾਨ

ਜਿਨਾਂ ਦੀ ਪਛਾਣ ਸ਼ੱਕੀ ਹਮਲਾਵਰ ਦੇ 21 ਸਾਲ ਪੁੱਤਰ ਜੋਸ਼ੂਆ ਮਿਲਾਜ਼ੋ ਤੇ ਇੱਕ 4 ਸਾਲ ਦੇ ਬੱਚੇ ਹੰਟਰ ਫ਼ਰੀਮੈਨ ਵਜੋਂ ਹੋਈ ਹੈ। ਪੁਲਿਸ ਅਨੁਸਾਰ ਦੋਨਾਂ ਦੀ ਹੱਤਿਆ ਗੋਲੀਆਂ ਮਾਰ ਕੇ ਕੀਤੀ ਗਈ ਹੈ। ਜ਼ਖ਼ਮੀ ਹਾਲਤ ਵਿੱਚ ਮਿਲੀ ਇੱਕ ਬਾਲਗ ਔਰਤ ਨੂੰ ਡਲਾਸ ਖੇਤਰ ਦੇ ਇੱਕ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਵੱਲੋਂ ਜੀ. ਪੀ. ਐਸ. ਨੇਵੀਗੇਸ਼ਨ ਸਿਸਟਮ ਦੀ ਵਰਤੋਂ ਦੁਆਰਾ ਸ਼ੱਕੀ ਦੀ ਕਾਰ ਦਾ ਪਤਾ ਲਾਇਆ ਗਿਆ ਜਿਸ ਵਿੱਚ ਸ਼ੱਕੀ ਹਮਲਾਵਰ ਕੈਵਿਨ ਮਿਲਾਜ਼ੋ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੁਲਿਸ ਅਨੁਸਾਰ ਉਸ ਨੇ ਖ਼ੁਦ ਨੂੰ ਸਿਰ ਵਿੱਚ ਗੋਲੀ ਮਾਰੀ ਹੋਈ ਸੀ। ਉਸ ਨੂੰ ਨਵਾਰੋ ਦੇ ਖੇਤਰੀ ਹਸਪਤਾਲ ਵਿੱਚ ਲਿਜਾਇਆ ਗਿਆ ਜਿੱਥੇ ਉਹ ਦਮ ਤੋੜ ਗਿਆ। ਪੁਲਿਸ ਮਾਮਲੇ ਦੀ ਬਰੀਕੀ ਨਾਲ਼ ਜਾਂਚ ਕਰ ਰਹੀ ਹੈ ਪ੍ਰੰਤੂ ਪ੍ਰਤੱਖ ਤੌਰ 'ਤੇ ਇਹ ਘਟਨਾ ਘਰੇਲੂ ਝਗੜੇ ਕਾਰਨ ਹੋਈ ਲੱਗਦੀ ਹੈ।

# ਨਿਊਯਾਰਕ ਵਿਚ ਮਹਾਤਮਾ ਗਾਂਧੀ ਦਾ ਬੁੱਤ ਭੰਨਿਆ

## ਭਾਰਤ ਨੇ ਕਿਹਾ ਸਖ਼ਤ ਕਾਰਵਾਈ ਹੋਵੇ



**ਨਿਊਯਾਰਕ/ਏ.ਟੀ.ਨਿਊਜ਼ :-** ਬੀਤੇ ਸ਼ਨੀਵਾਰ ਨੂੰ ਅਮਰੀਕਾ ਵਿਖੇ ਨਿਊਯਾਰਕ ਦੇ ਮੈਨਹਟਨ ਨੇੜੇ ਯੂਨੀਅਨ ਸਕੁਵਾਇਰ ਵਿਚ ਸਥਿਤ ਮਹਾਤਮਾ ਗਾਂਧੀ ਦੇ ਆਦਮਕੱਦ ਤਾਂਬੇ ਦੇ ਬੁੱਤ ਨੂੰ ਨੁਕਸਾਨ ਪਹੁੰਚਾਇਆ ਗਿਆ, ਜਿਸ ਨਾਲ ਭਾਰਤੀ-ਅਮਰੀਕੀ ਭਾਈਚਾਰੇ ਵਿਚ ਰੋਸ ਪੈਦਾ ਹੋ ਗਿਆ ਹੈ। ਭਾਰਤ ਦੇ ਕੌਂਸਲੇਟ ਜਨਰਲ ਨੇ ਇਸ ਕਦਮ ਦੀ ਸਖ਼ਤ ਨਿੰਦਾ ਕਰਦੇ ਹੋਏ ਇਸ ਨੂੰ 'ਨਫਤਰ' ਭਰਿਆ ਦੱਸਿਆ ਹੈ ਅਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉਨਾਂ ਨੇ ਦੱਸਿਆ ਕਿ ਤੁਰੰਤ ਜਾਂਚ ਲਈ ਵੀ ਇਸ ਮੁੱਦੇ ਨੂੰ ਅਮਰੀਕਾ ਦੇ ਵਿਦੇਸ਼ ਮਾਮਲੇ ਸਾਹਮਣੇ ਚੁੱਕਿਆ ਗਿਆ ਹੈ ਅਤੇ ਇਸ ਘਿਣਾਉਣੀ ਕਾਰਵਾਈ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਉਚਿਤ ਕਾਰਵਾਈ ਕਰਨ ਦੀ ਅਪੀਲ ਕੀਤੀ ਗਈ ਹੈ। ਗਾਂਧੀ ਮੈਮੋਰੀਅਲ ਇੰਟਰਨੈਸ਼ਨਲ ਫਾਊਂਡੇਸ਼ਨ ਨੇ 8 ਫੁੱਟ ਉੱਚਾ ਇਹ ਬੁੱਤ ਦਾਨ ਦਿੱਤਾ ਹੈ ਅਤੇ ਗਾਂਧੀ ਜੀ ਦੀ 117ਵੀਂ ਜਯੰਤੀ ਮੌਕੇ 2 ਅਕਤੂਬਰ, 1986 ਨੂੰ ਇਸ ਨੂੰ ਸਥਾਪਿਤ ਕੀਤਾ ਗਿਆ ਸੀ। ਇਸ ਬੁੱਤ ਨੂੰ 2001 ਵਿਚ ਹਟਾ ਦਿੱਤਾ ਗਿਆ ਅਤੇ 2002 ਵਿਚ ਮੁੜ ਸਥਾਪਿਤ ਕੀਤਾ ਗਿਆ ਸੀ। ਪਿਛਲੇ ਮਹੀਨੇ ਅਣਪਛਾਤੇ ਅਨਸਰਾਂ ਨੇ ਇਸੇ ਤਰਾਂ ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿਚ ਗਾਂਧੀ ਦੇ ਇਕ ਹੋਰ ਬੁੱਤ ਨੂੰ ਵੀ ਨੁਕਸਾਨ ਪਹੁੰਚਾਇਆ ਸੀ।

# 'ਕਰਤਾਰਪੁਰ ਲਾਂਘੇ' ਦਾ ਪੰਥਕ ਮਸਲਾ ਵਿਧਾਨ ਸਭਾ ਚੋਣਾਂ ਵਿਚ ਉਭਰਿਆ

## ਸਿੱਧੂ ਅਤੇ ਭਾਜਪਾ ਵਿਚਾਲੇ ਛਿੜੀ ਜੰਗ



**ਅੰਮ੍ਰਿਤਸਰ/ਏ.ਟੀ.ਨਿਊਜ਼ :-** ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਸਮੁੱਚੇ ਸਿੱਖ ਜਗਤ ਨੂੰ ਕਰਤਾਰਪੁਰ ਲਾਂਘੇ ਦਾ ਅਮੁੱਲ ਤੋਹਫ਼ਾ ਦੇ ਕੇ ਇਕ ਇਤਿਹਾਸ ਸਿਰਜਿਆ ਹੈ, ਜਿਸ ਅਸਥਾਨ ਦੇ ਸੰਗਤ 72 ਵਰਿਆਂ ਤੋਂ ਚਾਰ ਕਿੱਲੋਮੀਟਰ ਦੀ ਦੂਰੀ ਤੋਂ ਦੂਰਬੀਨਾਂ ਰਾਹੀਂ ਦਰਸ਼ਨ ਕਰਦੀ ਆ ਰਹੀ ਸੀ। ਇਮਰਾਨ ਖ਼ਾਨ ਨੇ ਉੱਥੋਂ ਸਰਹੱਦੀ ਬੰਦਸ਼ਾਂ ਖ਼ਤਮ ਕਰਕੇ ਸਿੱਖ ਕੌਮ ਦਾ ਦਿਲ ਹਮੇਸ਼ਾ-ਹਮੇਸ਼ਾ ਲਈ ਜਿੱਤ ਲਿਆ ਹੈ । ਹੁਣ ਚੋਣ ਪ੍ਰਚਾਰ ਦੌਰਾਨ ਇਸ 'ਜਿੱਤ' ਦਾ ਸਿਹਰਾ ਆਪਣੇ ਸਿਰ ਸਜਾਉਣ ਲਈ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅਤੇ ਭਾਜਪਾ ਦੇ ਵੱਖ-ਵੱਖ ਬੁਲਾਰੇ ਤੇ ਪਾਰਟੀ ਆਗੂ ਦੇਸ਼ ਭਰ ਦੀਆਂ ਸਟੇਜਾਂ, ਸੋਸ਼ਲ ਮੀਡੀਆ ਅਤੇ ਹੋਰਡਿੰਗਾਂ ਰਾਹੀਂ ਦਾਅਵੇ ਕਰ ਰਹੇ ਹਨ। ਭਾਜਪਾ ਆਗੂ ਇਕਬਾਲ ਸਿੰਘ ਲਾਲਪੁਰਾ ਕਰਤਾਰਪੁਰ ਲਾਂਘੇ ਨੂੰ ਦੇਸ਼ ਦੇ ਨਾਗਰਿਕਾਂ ਅਤੇ ਵਿਸ਼ੇਸ਼ ਤੌਰ 'ਤੇ ਸਿੱਖਾਂ ਲਈ ਇਕ ਅਨਮੋਲ ਤੋਹਫ਼ਾ ਦੱਸਦਿਆਂ ਦਾਅਵਾ ਕਰ ਰਹੇ ਹਨ ਕਿ ਸਿੱਖ ਧਰਮ ਅਤੇ ਸਿੱਖ ਭਾਵਨਾਵਾਂ ਦੀ ਐਨੀ ਕਦਰ ਕਦੇ ਕਿਸੇ ਪਾਰਟੀ ਜਾਂ ਸਿਆਸਤਦਾਨ ਨੇ ਨਹੀਂ ਕੀਤੀ, ਜਿਸ ਤਰਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰ ਰਹੇ ਹਨ । ਉਨਾਂ ਦਾ ਕਹਿਣਾ ਹੈ ਕਿ ਮੋਦੀ ਦੇ ਯਤਨਾਂ ਸਦਕਾ ਹੀ ਕਰਤਾਰਪੁਰ ਲਾਂਘਾ ਖੁੱਲਿਆ ਅਤੇ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਵੰਡ ਵੇਲੇ ਵਿੱਛੜੇ ਇਸ ਮੁਕੱਦਸ ਅਸਥਾਨ ਦੇ ਦਰਸ਼ਨ ਦੀਦਾਰ ਨਸੀਬ ਹੋ ਰਹੇ ਹਨ । ਦੂਜੇ ਪਾਸੇ ਸਿੱਧੂ ਲਗਪਗ ਆਪਣੀ ਹਰ ਦੂਜੀ ਜਾਂ ਤੀਜੀ ਬੈਠਕ ਵਿਚ ਛਾਤੀ ਠੋਕ ਕੇ ਦਾਅਵਾ ਕਰ ਰਹੇ ਹਨ ਕਿ ਉਨਾਂ ਦੀਆਂ ਕੋਸ਼ਿਸ਼ਾਂ ਅਤੇ ਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਿਸ਼ ਸਦਕਾ ਕਰਤਾਰਪੁਰ ਲਾਂਘੇ ਦੇ ਰੂਪ ਵਿਚ ਸਿੱਖਾਂ ਦੀਆਂ 72 ਵਰਿਆਂ ਦੀਆਂ ਅਰਦਾਸਾਂ ਪੂਰੀਆਂ ਹੋਈਆਂ ਹਨ । ਹਾਲਾਂਕਿ ਇਸ ਵਿਚ ਕੋਈ ਦੋ ਰਾਇ ਨਹੀਂ ਹੈ ਕਿ ਪਾਕਿ ਸਰਕਾਰ ਵਲੋਂ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸਾਂਝਾ ਲਾਂਘਾ ਬਣਾਏ ਜਾਣ ਲਈ ਸਾਲ 2000 ਵਿਚ ਸਹਿਮਤੀ ਪ੍ਰਗਟ ਕਰਨ ਦੇ 18 ਵਰਿਆਂ ਬਾਅਦ ਸਿੱਧੂ ਦੀ ਪਾਕਿ ਫੇਰੀ ਦੌਰਾਨ ਲਾਂਘਾ ਖੋਲਣ ਲਈ ਅਮਲੀ ਰੂਪ ਵਿਚ ਭਾਰਤ ਨਾਲ ਗੱਲਬਾਤ ਦੀ ਸ਼ੁਰੂਆਤ ਹੋਈ । ਲਾਂਘੇ ਦੇ ਉਦਘਾਟਨ ਸਮਾਰੋਹ ਮੌਕੇ ਸੰਬੋਧਨ ਦੌਰਾਨ ਇਮਰਾਨ ਖ਼ਾਨ ਨੇ ਵੀ ਸਾਫ਼ ਕੀਤਾ ਸੀ ਕਿ ਉਨਾਂ ਨੂੰ ਇਕ ਸਾਲ ਪਹਿਲਾਂ ਤੱਕ ਇਸ ਬਾਰੇ ਕੋਈ ਜਾਣਕਾਰੀ ਨਹੀਂ ਸੀ ਕਿ ਸ੍ਰੀ ਕਰਤਾਰਪੁਰ ਸਾਹਿਬ ਦੀ ਸਿੱਖ ਕੌਮ ਲਈ ਕੀ ਮਹੱਤਤਾ ਹੈ ਪਰ ਜਦੋਂ ਉਨਾਂ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸਹੁੰ ਚੁੱਕ ਸਮਾਰੋਹ ਵਿਚ ਪਹੁੰਚੇ ਸਿੱਧੂ ਨੇ ਉਕਤ ਅਸਥਾਨ ਦੀ ਮਹੱਤਤਾ ਦੱਸੀ ਤਾਂ ਉਨਾਂ ਨਿਸ਼ਚਾ ਕੀਤਾ ਕਿ ਉਹ ਸਿੱਖ ਕੌਮ ਨੂੰ ਇਹ ਤੋਹਫ਼ਾ ਜ਼ਰੂਰ ਭੇਟ ਕਰਨਗੇ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੋ ਜਾਂਦਾ ਹੈ ਕਿ ਭਾਰਤ ਦੀ ਕੇਂਦਰ ਸਰਕਾਰ ਦੀ ਮਨਜ਼ੂਰੀ ਬਗੈਰ ਇਹ ਲਾਂਘਾ ਖੁੱਲਣਾ ਸੰਭਵ ਨਹੀਂ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau.
They do not purport to reflect the opinions or views of the Owner or its members.
All legal disputes must be handled in the courts of State of Punjab in India.

# ਅਫ਼ਗਾਨਿਸਤਾਨ ਵਿਚ ਹੁਣ ਰਹਿ ਰਹੇ ਹਨ ਸਿਰਫ਼ 140 ਸਿੱਖ-ਹਿੰਦੂ



**ਅੰਮ੍ਰਿਤਸਰ/ਏ.ਟੀ.ਨਿਊਜ਼:-** ਅਫ਼ਗਾਨਿਸਤਾਨ ਵਿੱਚ ਜਾਰੀ ਹਿੰਸਕ ਘਟਨਾਵਾਂ ਦੇ ਚੱਲਦਿਆਂ ਮੌਜੂਦਾ ਸਮੇਂ ਉੱਥੇ ਸਿਰਫ਼ 140 ਸਿੱਖ-ਹਿੰਦੂ ਹੀ ਰਹਿ ਗਏ ਹਨ। ਤਾਲਿਬਾਨੀ ਸ਼ਾਸਨ ਤੋਂ ਬਾਅਦ ਬਹੁਤ ਸਾਰੇ ਅਫ਼ਗਾਨ ਹਿੰਦੂ ਤੇ ਸਿੱਖ ਪਰਿਵਾਰ ਭਾਰਤ ਸਰਕਾਰ ਦੇ ਸਹਿਯੋਗ ਨਾਲ਼ ਆਪਣੀਆਂ ਜਾਨਾਂ ਬਚਾ ਕੇ ਦਿੱਲੀ ਆ ਚੁੱਕੇ ਹਨ । ਕਾਬੁਲ ਦੇ ਗੁਰਦੁਆਰਾ ਕਰਤਾ-ਏ-ਪਰਵਾਨ ਦੇ ਗ੍ਰੰਥੀ ਭਾਈ ਗੁਰਨਾਮ ਸਿੰਘ ਦਾ ਕਹਿਣਾ ਹੈ ਕਿ ਇਸ ਸਮੇਂ ਅਫ਼ਗਾਨਿਸਤਾਨ ਵਿੱਚ ਰਹਿ ਗਏ ਲਗਭਗ ਉਕਤ ਹਿੰਦੂ-ਸਿੱਖਾਂ ਵਿੱਚੋਂ ਜ਼ਿਆਦਾਤਰ ਜਲਾਲਾਬਾਦ ਅਤੇ ਕਾਬੁਲ 'ਚ ਰਹਿ ਰਹੇ ਹਨ।

ਉਨਾਂ ਕਿਹਾ ਕਿ ਕਰਤਾ-ਏ-ਪਰਵਾਨ ਇਲਾਕਾ ਹਿੰਦੂ ਅਤੇ ਸਿੱਖ ਭਾਈਚਾਰਿਆਂ ਦੀ ਵੱਡੀ ਆਬਾਦੀ ਕਾਰਨ ਇਸਲਾਮਿਕ ਦੇਸ਼ ਅਫ਼ਗਾਨਿਸਤਾਨ ਵਿੱਚ ਵਿਭਿੰਨਤਾ ਦਾ ਪ੍ਰਤੀਬਿੰਬ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਅਫ਼ਗਾਨਿਸਤਾਨ ਵਿੱਚ ਸਾਲ 1970 ਵਿੱਚ ਸਿੱਖਾਂ ਦੀ ਅਬਾਦੀ ਲਗਭਗ ਇੱਕ ਲੱਖ ਸੀ ਪਰ ਦੇਸ਼ ਵਿੱਚ ਦਹਾਕਿਆਂ ਦੇ ਸੰਘਰਸ਼ ਅਤੇ ਗ਼ਰੀਬੀ ਨੇ ਲਗਭਗ ਸਾਰੀ ਸਿੱਖ ਅਬਾਦੀ ਨੂੰ ਅਫ਼ਗਾਨਿਸਤਾਨ ਛੱਡਣ ਲਈ ਮਜਬੂਰ ਕਰ ਦਿੱਤਾ। ਅਫ਼ਗਾਨ ਸਿੱਖ ਭਾਈਚਾਰੇ ਦੇ ਆਗੂ ਮਨਮੋਹਨ ਸਿੰਘ (60 ਸਾਲ) ਨੇ ਦੱਸਿਆ ਕਿ ਉਹ ਕਈ ਸਾਲਾਂ ਤੋਂ ਕਰਤਾ-ਏ-ਪਰਵਾਨ ਵਿੱਚ ਰਹਿ ਰਹੇ ਹਨ ਅਤੇ ਲਗਭਗ 6 ਦਹਾਕੇ ਪਹਿਲਾਂ ਜਦੋਂ ਗੁਰਦੁਆਰਾ ਬਣਾਇਆ ਗਿਆ ਸੀ, ਉਸ ਸਮੇਂ ਆਸ-ਪਾਸ ਵੱਡੀ ਗਿਣਤੀ ਵਿੱਚ ਸਿੱਖ ਵਸੋਂ ਸੀ। ਫ਼ਾਰਮਾਸਿਸਟ ਮਨਜੀਤ ਸਿੰਘ (40 ਸਾਲ) ਦਾ ਕਹਿਣਾ ਹੈ ਕਿ ਜਿੱਥੇ ਉਨਾਂ ਦਾ ਪਰਿਵਾਰ ਪੀੜੀਆਂ ਤੋਂ ਰਹਿੰਦਾ ਆ ਰਿਹਾ ਹੈ। ਉਹੀ ਉਨਾਂ ਦਾ ਵਤਨ ਹੈ ਪਰ ਸਿਰਫ਼ ਮਜਬੂਰੀ ਕਾਰਨ ਅਫ਼ਗਾਨ ਹਿੰਦੂਆਂ ਤੇ ਸਿੱਖਾਂ ਨੂੰ ਆਪਣੇ ਘਰ ਅਤੇ ਵਤਨ ਛੱਡਣਾ ਪੈ ਰਿਹਾ ਹੈ। ਉਕਤ ਖੇਤਰ ਵਿੱਚ ਰਹਿਣ ਵਾਲੀ ਪਰਮਜੀਤ ਕੌਰ ਦਾ ਮੰਨਣਾ ਹੈ ਕਿ ਅਫ਼ਗਾਨਿਸਤਾਨ ਛੱਡਣ ਤੋਂ ਬਾਅਦ ਹੀ ਉਸ ਦੇ ਬੱਚਿਆਂ ਦੀ ਜ਼ਿੰਦਗੀ ਸੁਧਰੇਗੀ। ਉਸ ਨੇ ਦੱਸਿਆ ਕਿ ਫ਼ਿਲਹਾਲ ਉਸ ਦੇ ਪਤੀ ਕੋਲ਼ ਕੋਈ ਕੰਮ ਨਹੀਂ ਹੈ ਅਤੇ ਬੱਚੇ ਅਜੇ ਛੋਟੇ ਹਨ। ਜੇਕਰ ਉਸ ਦਾ ਪਰਿਵਾਰ ਅਫ਼ਗਾਨਿਸਤਾਨ ਛੱਡ ਕੇ ਕਿਸੇ ਹੋਰ ਦੇਸ਼ ਵਿੱਚ ਪਹੁੰਚ ਜਾਂਦਾ ਹੈ ਤਾਂ ਹੋ ਸਕਦਾ ਹੈ ਕਿ ਉਸ ਦੇ ਬੱਚਿਆਂ ਨੂੰ ਚੰਗੀ ਜ਼ਿੰਦਗੀ ਮਿਲ ਜਾਵੇ।

# ਮਾਮਲਾ ਡੇਰਾ ਪ੍ਰੇਮੀ ਦੇ ਕਤਲ ਕੇਸ ਦਾ

## ਫ਼ਰੀਦਕੋਟ ਦੀ ਅਦਾਲਤ ਨੇ ਤਿੰਨ ਸਿੱਖਾਂ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ ਤੇ ਜੁਰਮਾਨਾ



**ਫ਼ਰੀਦਕੋਟ/ਏ.ਟੀ.ਨਿਊਜ਼ :-** ਵਧੀਕ ਜ਼ਿਲਾ ਸੈਸ਼ਨ ਜੱਜ ਜਗਦੀਪ ਸਿੰਘ ਮਰੋਕ ਦੀ ਅਦਾਲਤ ਵੱਲੋਂ ਡੇਰਾ ਪ੍ਰੇਮੀ ਦੇ ਕਤਲ ਕੇਸ ਵਿੱਚ ਤਿੰਨ ਵਿਅਕਤੀਆਂ ਨੂੰ ਉਮਰ ਕੈਦ ਦੀ ਸਖ਼ਤ ਸਜ਼ਾ ਸੁਣਾਈ ਗਈ ਹੈ ਅਤੇ ਹਰ ਇੱਕ ਨੂੰ 25000 ਰੁਪਏ ਜੁਰਮਾਨਾ ਅਦਾ ਕਰਨ ਦਾ ਵੀ ਹੁਕਮ ਦਿੱਤਾ ਹੈ। ਇਸ ਮੁਕੱਦਮੇ ਦੇ ਵਕੀਲ ਐਡਵੋਕੇਟ ਵਿਨੋਦ ਮੋਂਗਾ ਨੇ ਦੱਸਿਆ ਕਿ 13 ਜੂਨ 2016 ਨੂੰ ਪਿੰਡ ਜਵਾਹਰ ਸਿੰਘ ਵਾਲਾ ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਸਵੇਰੇ 5:15 ਵਜੇ ਡੇਰਾ ਪ੍ਰੇਮੀ ਗੁਰਦੇਵ ਸਿੰਘ ਦੇ ਸਿਰ ਵਿੱਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ ਜਿਸ ਵਕਤ ਉਹ ਆਪਣੀ ਪਤਨੀ ਸਮੇਤ ਆਪਣੀ ਦੁਕਾਨ ਗੁਰਦੇਵ ਕਰਿਆਨਾ ਸਟੋਰ ਦੀ ਸਫ਼ਾਈ ਕਰ ਰਿਹਾ ਸੀ। ਇਹ ਸਾਰੀ ਵਾਰਦਾਤ ਗੁਰਦੇਵ ਸਿੰਘ ਦੀ ਘਰਵਾਲੀ ਸਰਬਜੀਤ ਕੌਰ ਦੇ ਸਾਹਮਣੇ ਵਾਪਰੀ ਅਤੇ ਉਕਤ ਸਰਬਜੀਤ ਕੌਰ ਦੇ ਬਿਆਨਾਂ 'ਤੇ ਹੀ ਪੁਲਿਸ ਵੱਲੋਂ ਅਣਪਛਾਤੇ ਵਿਆਕਤੀਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ। ਤਫਤੀਸ਼ ਦੌਰਾਨ ਪੁਲਿਸ ਵੱਲੋਂ ਤਿੰਨ ਵਿਆਕਤੀਆਂ ਗੁਰਪ੍ਰੀਤ ਸਿੰਘ ਕੁਹਾਲਾ, ਅਸ਼ੋਕ ਕੁਮਾਰ ਉਰਫ਼ ਅਮਨਾ ਸੇਠ ਪਿੰਡ ਕੋਹਾਲ ਅਤੇ ਜਸਵੰਤ ਸਿੰਘ ਚੱਕ ਅਟਾਰੀ ਸਦਰ ਵਾਲਾ, ਜ਼ਿਲਾ ਮੁਕਤਸਰ ਨੂੰ ਇਸ ਕੇਸ ਵਿੱਚ ਨਾਮਜ਼ਦ ਕੀਤਾ ਗਿਆ। ਦੋਸ਼ੀਆਂ ਨੂੰ ਆਖ਼ਰੀ ਦਮ ਤੱਕ ਹੁਣ ਜੇਲ ਵਿੱਚ ਹੀ ਰਹਿਣਾ ਪਵੇਗਾ।

# ਦੋਆਬੇ ਦੀ ਸਿਆਸਤ ਵਿਚ ਦਲਿਤਾਂ ਦਾ ਬੋਲਬਾਲਾ

## ✪ ਦੋਆਬੇ ਦੀ 37 ਫ਼ੀਸਦੀ ਅਬਾਦੀ ਦਲਿਤ ✪ ਡੇਰਾ ਸੱਚਖੰਡ ਬੱਲਾਂ ਦਾ ਰਵਿਦਾਸ ਭਾਈਚਾਰੇ ਉਪਰ ਚੋਖਾ ਪ੍ਰਭਾਵ

**ਹੁਸ਼ਿਆਰਪੁਰ/ਏ.ਟੀ.ਨਿਊਜ਼ :-** ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਦਲਿਤ ਰਾਜਨੀਤੀ ਦੀ ਖੇਡ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤੇਜ਼ ਹੈ। ਇਕ ਦਲਿਤ ਆਗੂ ਨੂੰ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਬਣਾਉਣ ਦੀ ਚਰਚਾ ਪਹਿਲੀ ਵਾਰ ਚੱਲੀ ਹੈ। ਦੋਆਬਾ ਖੇਤਰ, ਜਿੱਥੇ ਦਲਿਤ ਵੋਟਰਾਂ ਦੀ ਗਿਣਤੀ ਪੰਜਾਬ ਦੇ ਹੋਰ ਖਿੱਤਿਆਂ ਨਾਲੋਂ ਵੱਧ ਹੈ ਅਤੇ ਦਲਿਤ ਚੇਤਨਾ ਦਾ ਧੁਰਾ ਮੰਨਿਆ ਜਾਂਦਾ ਹੈ, ਵਿਚ ਇਸ ਦੀ ਚਰਚਾ ਵਧੇਰੇ ਹੋਣੀ ਸੁਭਾਵਕ ਹੈ।

ਇਕ ਦਲਿਤ ਨੂੰ ਉਚ ਅਹੁਦੇ 'ਤੇ ਬਿਠਾਉਣ ਦਾ ਕਿੰਨਾ ਸਿਆਸੀ ਲਾਭ ਮਿਲੇਗਾ, ਇਹ ਗਿਣਤੀਆਂ-ਮਿਣਤੀਆਂ ਸਿਰਫ ਸਿਆਸੀ ਪਾਰਟੀਆਂ ਦੀਆਂ ਹਨ, ਆਮ ਲੋਕਾਂ ਦਾ ਸਰੋਕਾਰ ਤਾਂ ਆਪਣੇ ਮਸਲਿਆਂ ਦੇ ਹੱਲ ਨਾਲ ਹੈ। ਸਾਖ਼ਰਤਾ ਤੇ ਪਰਵਾਸ ਕਾਰਨ ਦੋਆਬੇ ਦੇ ਦਲਿਤਾਂ ਦਾ ਸਮਾਜਿਕ ਪੱਧਰ ਉੱਚਾ ਹੋਇਆ ਹੈ, ਦਲਿਤ ਅੰਦੋਲਨਾਂ ਨੇ ਉਨਾਂ ਦੀ ਸਮਾਜਿਕ ਗਤੀਸ਼ੀਲਤਾ ਵਧਾਈ ਹੈ, ਰਾਖਵਾਂਕਰਨ ਅਤੇ ਹੋਰ ਸਰਕਾਰੀ ਭਲਾਈ ਸਕੀਮਾਂ ਦਾ ਲਾਭ ਵੀ ਹਾਸਲ ਹੋਇਆ ਹੈ ਪਰ ਜ਼ਮੀਨੀ ਪੱਧਰ 'ਤੇ ਅਜੇ ਵੀ ਸਮਾਜਿਕ ਤੇ ਆਰਥਿਕ ਸੁਧਾਰਾਂ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਦੋਆਬੇ ਦੀ 37 ਫ਼ੀਸਦੀ ਆਬਾਦੀ ਦਲਿਤ ਹੈ। ਬਹੁਗਿਣਤੀ ਰਵਿਦਾਸੀਆ ਭਾਈਚਾਰੇ ਦੀ ਹੈ, ਜਿਸ ਦੀ ਸੰਖਿਆਤਮਕ ਤਾਕਤ ਨੂੰ ਦੇਖਦਿਆਂ ਸਾਰੀਆਂ ਪਾਰਟੀਆਂ ਨੇ ਚੋਣ ਕਮਿਸ਼ਨ ਕੋਲ ਚੋਣਾਂ ਮੁਲਤਵੀ ਕਰਨ ਦਾ ਜ਼ੋਰ ਪਾਇਆ ਤਾਂ ਕਿ ਉਹ ਗੁਰੂ ਰਵਿਦਾਸ ਜਯੰਤੀ ਮਨਾਉਣ ਲਈ ਵਾਰਾਨਸੀ ਜਾ ਸਕਣ। ਇਸ ਸੰਪਰਦਾ ਦਾ ਸਭ ਤੋਂ ਵੱਡਾ ਡੇਰਾ ਜਲੰਧਰ ਵਿਚ ਡੇਰਾ ਸੱਚਖੰਡ ਬੱਲਾਂ ਹੈ, ਜਿੱਥੇ ਸਾਰੀਆਂ ਪਾਰਟੀਆਂ ਦੇ ਆਗੂ ਨਤਮਸਤਕ ਹੋ ਚੁੱਕੇ ਹਨ।

ਚੋਣ ਮੈਦਾਨ 'ਚ ਨਿੱਤਰੀ ਹਰੇਕ ਪਾਰਟੀ ਕੋਲ ਅੱਜ ਦਲਿਤ ਗਾਰੰਟੀ ਕਾਰਡ ਹੈ। ਸ਼੍ਰੋਮਣੀ ਅਕਾਲੀ ਦਲ ਨੇ ਦਲਿਤ ਸਮੀਕਰਨ ਠੀਕ ਕਰਨ ਲਈ ਬਸਪਾ ਸਮਾਜ ਪਾਰਟੀ ਨਾਲ ਗੱਠਜੋੜ ਕੀਤਾ ਹੈ। ਪੱਛੜੀਆਂ ਸ਼੍ਰੇਣੀਆਂ ਭਾਈਚਾਰੇ ਦਾ ਸਭ ਤੋਂ ਵੱਡਾ ਮੁੱਦਾ ਮੁਲਾਜ਼ਮਾਂ ਦੇ ਬੈਕਲਾਗ ਦਾ ਹੈ, ਚਾਹੇ ਉਹ ਨਵੀਂ ਭਰਤੀ ਹੈ ਜਾਂ ਤਰੱਕੀਆਂ 'ਚ। ਸਾਹਿਤਕਾਰ ਡਾ. ਜਸਵੰਤ ਰਾਏ ਦਾ ਕਹਿਣਾ ਹੈ ਕਿ ਕਿਸਾਨੀ ਅੰਦੋਲਨ 'ਚ ਮੁਲਾਜ਼ਮਾਂ ਦੀ ਭਾਰੀ ਸ਼ਮੂਲੀਅਤ, ਹੁਕਮਰਾਨ ਪਾਰਟੀਆਂ ਪ੍ਰਤੀ ਰੋਸ ਦਰਸਾਉਣਾ ਵੀ ਸੀ। ਪੋਸਟ ਮੈਟ੍ਰਿਕ ਵਜ਼ੀਫ਼ਾ ਸਕੀਮ ਦਾ ਲਾਭ ਰੋਕ ਲਿਆ ਜਾਣਾ ਵੀ ਦੋਆਬੇ 'ਚ ਇਕ ਅਹਿਮ ਚੋਣ ਮੁੱਦਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਹੋਏ ਕਥਿਤ ਵਜ਼ੀਫ਼ਾ ਘਪਲੇ ਨੂੰ ਵਿਰੋਧੀ ਪਾਰਟੀਆਂ ਵਲੋਂ ਚੋਣ ਰੈਲੀਆਂ 'ਚ ਉਛਾਲਿਆ ਜਾ ਰਿਹਾ ਹੈ। ਮਾਝੇ ਤੇ ਮਾਲਵੇ ਨਾਲੋਂ ਦੋਆਬੇ ਵਿਚ ਦਲਿਤਾਂ ਦੀ ਸਾਖ਼ਰਤਾ ਜ਼ਿਆਦਾ ਹੈ। ਪੰਜਾਬ ਦੀ 64.81 ਫ਼ੀਸਦੀ ਸਾਖ਼ਰਤਾ ਦਰ ਦੇ ਮੁਕਾਬਲੇ ਅਨੁਸੂਚਿਤ ਜਾਤਾਂ ਦੀ ਸਾਖ਼ਰਤਾ ਦਰ 75.84 ਫ਼ੀਸਦੀ ਹੈ। ਖੇਤੀਬਾੜੀ ਅਤੇ ਵੱਡੇ ਕਾਰੋਬਾਰਾਂ ਦੀ ਸਮਰੱਥਾ ਨਾ ਹੋਣ ਕਾਰਨ ਸਿੱਖਿਆ ਹੀ ਇਨਾਂ ਲੋਕਾਂ ਕੋਲ ਇਕ ਅਜਿਹਾ ਸਾਧਨ ਹੈ, ਜਿਸ ਨਾਲ ਉਹ ਜੀਵਨ ਪੱਧਰ ਉੱਚਾ ਚੁੱਕ ਸਕਦੇ ਹਨ।

**ਦਲਿਤਾਂ ਦਾ ਵੋਟ ਵਤੀਰਾ ਨਤੀਜਿਆਂ ਵਿੱਚ ਅਹਿਮ ਭੂਮਿਕਾ ਨਿਭਾਵੇਗਾ : ਚਿਰੰਜੀ ਲਾਲ**

ਇਤਿਹਾਸਕਾਰ ਚਿਰੰਜੀ ਲਾਲ ਕੰਗਣੀਵਾਲ ਦਾ ਮੰਨਣਾ ਹੈ ਕਿ ਦੋਆਬੇ ਦੇ ਦਲਿਤਾਂ ਦਾ ਵੋਟ ਵਤੀਰਾ ਆਉਣ ਵਾਲੇ ਨਤੀਜਿਆਂ ਨੂੰ ਤੈਅ ਕਰਨ ਵਿਚ ਵੱਡੀ ਭੂਮਿਕਾ ਨਿਭਾਏਗਾ। ਉਨਾਂ ਕਿਹਾ ਕਿ ਇਹ ਇਕ ਦੁਖਾਂਤ ਹੈ ਕਿ ਸਿਆਸੀ ਪਾਰਟੀਆਂ ਨੇ ਮੁੱਦਿਆਂ 'ਤੇ ਲੜਾਈ ਕਰਨੀ ਛੱਡ ਦਿੱਤੀ ਹੈ। **ਬਾਕੀ ਸਫ਼ਾ 31 'ਤੇ**

# ਰਹਿਤ ਮਰਿਆਦਾ ਅਨੁਸਾਰ ਝਟਕਾ ਮੀਟ ਖਾਣ 'ਤੇ ਕੋਈ ਮਨਾਹੀ ਨਹੀਂ : ਜਥੇਦਾਰ ਅਕਾਲ ਤਖਤ



**ਅੰਮ੍ਰਿਤਸਰ/ਏ.ਟੀ.ਨਿਊਜ਼:-** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਰਹਿਤ ਮਰਿਆਦਾ ਸਬੰਧੀ ਗੱਲਬਾਤ ਕਰਦਿਆਂ ਬੱਕਰੇ ਦਾ ਝਟਕਿਆ ਮੀਟ ਖਾਣ ਦੀ ਗੱਲ ਕਹੀ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਦਿੱਤੇ ਇਸ ਬਿਆਨ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਸ ਵੀਡੀਓ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਜਿੱਥੇ ਰਹਿਤ ਮਰਿਆਦਾ ਵਿਚ ਵੱਖ-ਵੱਖ ਕੁਰੀਤੀਆਂ ਦੀ ਗੱਲ ਕਹੀ ਹੈ, ਉਥੇ ਹੀ ਲੰਬੇ ਸਮੇਂ ਤੋਂ ਪੈਦਾ ਹੋਈ ਦੁਵਿਧਾ ਮਾਸ ਖਾਣ ਸਬੰਧੀ ਵੀ ਗੱਲ ਕੀਤੀ ਹੈ।ਜਥੇਦਾਰ ਨੇ ਰਹਿਤ ਮਰਿਆਦਾ ਦਾ ਹਵਾਲਾ ਦੇ ਕੇ ਇਹ ਕਿਹਾ ਹੈ ਕਿ ਝਟਕੇ ਦਾ ਮੀਟ ਖਾਣ ਦੀ ਮਨਾਹੀ ਨਹੀਂ ਹੈ। ਕੁੱਠਾ ਜਾਂ ਮਰੇ ਹੋਏ ਦਾ ਮੀਟ ਖਾਣ ਸਬੰਧੀ ਮਨਾਹੀ ਹੈ।

ਇਥੇ ਦੱਸਣਯੋਗ ਹੈ ਕਿ ਲੰਬੇ ਸਮੇਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਜਾਂ ਪੰਜਾਬ ਦੇ ਤਖ਼ਤ ਸਾਹਿਬਾਨ ਸਮੇਤ ਵੱਖ-ਵੱਖ ਗੁਰਦੁਆਰਿਆਂ ਤੇ ਸਮਾਗਮਾਂ ਦੌਰਾਨ ਅੰਮ੍ਰਿਤ ਸੰਚਾਰ ਵੇਲੇ ਮੀਟ ਖਾਣ ਸਬੰਧੀ ਸਪੱਸ਼ਟ ਨਹੀਂ ਕੀਤਾ ਜਾਂਦਾ। ਪੰਜਾਂ ਪਿਆਰਿਆਂ ਵੱਲੋਂ ਅੰਮ੍ਰਿਤ ਸੰਚਾਰ ਸਮੇਂ ਇਕੱਤਰ ਅੰਮ੍ਰਿਤ ਅਭਿਲਾਖੀਆਂ ਨੂੰ ਕੁੱਠਾ ਖਾਣ ਦੀ ਮਨਾਹੀ ਸਬੰਧੀ ਹੀ ਦੱਸਿਆ ਜਾਂਦਾ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਈ ਵੀ ਕਈ ਸਥਾਨਾਂ 'ਤੇ ਬੱਕਰੇ ਦਾ ਝਟਕਾ ਕਰ ਕੇ ਮੀਟ ਖਾਧਾ ਜਾਂਦਾ ਹੈ।

# ਲਖੀਮਪੁਰ ਖੀਰੀ ਹਿੰਸਾ ਵਿਚ ਸ਼ਹੀਦ ਕਿਸਾਨ ਦਾ ਬੇਟਾ ਅਜੈ ਮਿਸ਼ਰਾ ਖ਼ਿਲਾਫ਼ ਲੜੇਗਾ ਚੋਣ

**ਲਖੀਮਪੁਰ ਖੀਰੀ/ਏ.ਟੀ.ਨਿਊਜ਼ :-** ਲਖੀਮਪੁਰ ਖੀਰੀ ਜ਼ਿਲੇ ਦੇ ਪਿੰਡ ਤਿਕੋਨੀਆ ਵਿਚ ਪਿਛਲੇ ਸਾਲ 3 ਅਕਤੂਬਰ ਨੂੰ ਹੋਈ ਹਿੰਸਾ ਵਿਚ ਮਾਰੇ ਗਏ ਕਿਸਾਨ ਨਛੱਤਰ ਸਿੰਘ ਦੇ ਪੁੱਤਰ ਨੇ ਇਲਾਕੇ ਦੇ ਸੰਸਦ ਮੈਂਬਰ ਤੇ ਕੇਂਦਰੀ ਰਾਜ ਮੰਤਰੀ ਅਜੈ ਮਿਸ਼ਰਾ ਖ਼ਿਲਾਫ਼ ਸਾਲ 2024 ਦੀਆਂ ਲੋਕ ਸਭਾ ਚੋਣਾਂ ਲੜਨ ਦੀ ਇੱਛਾ ਪ੍ਰਗਟਾਈ ਹੈ। ਲਖੀਮਪੁਰ ਦੇ ਧੌਰਹਰਾ ਇਲਾਕੇ ਦੇ ਪਿੰਡ ਨਾਮਦਾਰ ਪੁਰਵਾ ਵਾਸੀ ਜਗਦੀਪ ਸਿੰਘ ਪੁੱਤਰ ਨਛੱਤਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਸਮਾਜਵਾਦੀ ਪਾਰਟੀ (ਸਪਾ) ਤੇ ਕਾਂਗਰਸ ਨੇ ਉਸ ਨੂੰ ਧੌਰਹਰਾ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਦੀ ਪੇਸ਼ਕਸ਼ ਕੀਤੀ ਸੀ, ਪਰ ਉਨਾਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਹ 2024 ਦੀਆਂ ਲੋਕ ਸਭਾ ਚੋਣਾਂ ਵਿਚ ਅਜੈ ਮਿਸ਼ਰਾ ਨਾਲ ਸਿੱਧਾ ਮੁਕਾਬਲਾ ਕਰੇਗਾ।

# ਯੂ.ਪੀ. ਦੇ ਮੁੱਖ ਮੰਤਰੀ ਯੋਗੀ ਤੇ ਭਾਜਪਾ ਸਾਂਸਦ ਰਵੀਕਿਸ਼ਨ ਨੂੰ ਉਡਾਉਣ ਦੀ ਧਮਕੀ

## ਹਾਪੁੜ ਵਿਚ ਹੋਇਆ ਮਾਮਲਾ ਦਰਜ

**ਹਾਪੁੜ/ਏ.ਟੀ.ਨਿਊਜ਼:-** ਯੂ.ਪੀ. ਦੇ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਤੇ ਭਾਜਪਾ ਨੇਤਾਵਾਂ ਦੇ ਵਾਹਨਾਂ ਨੂੰ ਉਡਾਉਣ ਦੇ ਟਵੀਟ ਨੂੰ ਲੈ ਕੇ ਪੁਲਿਸ ਅਧਿਕਾਰੀਆਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਟਵਿਟਰ 'ਤੇ ਲੇਡੀ ਡਾਨ ਨਾਂ ਦਾ ਅਕਾਊਂਟ ਬਣਾ ਕੇ ਦੋਸ਼ੀ ਨੇ ਹਾਪੁੜ ਪੁਲਿਸ ਨੂੰ ਟੈਗ ਕਰਕੇ ਟਵੀਟ ਕੀਤਾ ਹੈ। ਟਵਿੱਟਰ ਅਕਾਊਂਟ 'ਤੇ ਮੇਰਠ ਤੇ ਲਖਨਊ ਵਿਚ ਬੰਬ ਧਮਾਕਿਆਂ ਦੀ ਧਮਕੀ ਵੀ ਦਿੱਤੀ ਗਈ ਹੈ।

ਲੇਡੀ ਡਾਨ ਦੇ ਨਾਂ ਵਾਲੇ ਅਕਾਊਂਟ ਤੋਂ ਟਵਿਟਰ 'ਤੇ ਕੀਤੇ ਗਏ ਟਵੀਟ ਵਿਚ ਲਿਖਿਆ ਹੈ ਕਿ ਓਵੈਸੀ ਮੋਹਰਾ ਹੈ, ਅਸਲ ਨਿਸ਼ਾਨਾ ਯੋਗੀ ਆਦਿਤਿਆਨਾਥ ਹਨ। ਭਾਜਪਾ ਆਗੂਆਂ ਦੀਆਂ ਗੱਡੀਆਂ 'ਤੇ ਆਰਡੀਐਕਸ ਨਾਲ ਹਮਲਾ ਹੋਵੇਗਾ। ਯੋਗੀ ਮਾਰਿਆ ਜਾਵੇਗਾ। ਇਸ ਤੋਂ ਬਾਅਦ ਹਾਪੁੜ ਪੁਲਿਸ ਨੇ ਟਵੀਟ ਕਰਕੇ ਕਾਨੂੰਨੀ ਕਾਰਵਾਈ ਕਰਨ ਦੀ ਗੱਲ ਕਹੀ। ਮੁਲਜ਼ਮਾਂ ਨੇ ਭੀਮ ਸੈਨਾ ਪ੍ਰਧਾਨ ਸੀਮਾ ਸਿੰਘ, ਯੋਗੀ ਨੂੰ ਮਾਰਨ ਬਾਰੇ ਲਿਖਿਆ ਸੀ।

ਐਸਪੀ ਦੀਪਕ ਭੁੱਕਰ ਨੇ ਦੱਸਿਆ ਕਿ ਪਹਿਲੀ ਨਜ਼ਰੇ ਇਹ ਅਰਾਜਕ ਤੱਤ ਦੀ ਸ਼ਰਾਰਤ ਜਾਪਦੀ ਹੈ ਪਰ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਨਿਗਰਾਨੀ ਟੀਮ ਟਵਿਟਰ ਅਕਾਊਂਟ ਨਾਲ ਜੁੜੀ ਜਾਣਕਾਰੀ ਇਕੱਠੀ ਕਰ ਰਹੀ ਹੈ। ਮਾਮਲੇ ਸਬੰਧੀ ਅਣਪਛਾਤੇ ਮੁਲਜ਼ਮਾਂ ਖ਼ਿਲਾਫ਼ ਪਰਚਾ ਦਰਜ ਕਰ ਲਿਆ ਗਿਆ ਹੈ।

# ਪੰਜਾਬ ਚੋਣਾਂ ਵਿਚ ਸੋਨੀਆ ਤੇ ਮਨਮੋਹਨ ਸਿੰਘ ਹੋਣਗੇ ਕਾਂਗਰਸ ਦੇ ਸਟਾਰ ਪ੍ਰਚਾਰਕ



**ਚੰਡੀਗੜ/ਏ.ਟੀ.ਨਿਊਜ਼ :-** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉਨਾਂ ਸਟਾਰ ਪ੍ਰਚਾਰਕਾਂ ਵਿੱਚ ਸ਼ਾਮਲ ਹਨ, ਜੋ ਪੰਜਾਬ ਵਿੱਚ ਚੋਣ ਪ੍ਰਚਾਰ ਕਰਨਗੇ। ਕਾਂਗਰਸ ਵੱਲੋਂ ਜਾਰੀ ਸੂਚੀ ਵਿੱਚ ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਵਾਡਰਾ, ਹਰੀਸ਼ ਚੌਧਰੀ, ਨਵਜੋਤ ਸਿੰਘ ਸਿੱਧੂ, ਚਰਨਜੀਤ ਸਿੰਘ ਚੰਨੀ, ਅੰਬਿਕਾ ਸੋਨੀ, ਮੀਰਾ ਕੁਮਾਰ, ਅਸ਼ੋਕ ਗਹਿਲੋਤ, ਭੁਪੇਸ਼ ਬਘੇਲ, ਸੁਨੀਲ ਜਾਖੜ, ਪ੍ਰਤਾਪ ਸਿੰਘ ਬਾਜਵਾ, ਅਜੈ ਮਾਕਨ ਅਤੇ ਭੁਪਿੰਦਰ ਸਿੰਘ ਹੁੱਡਾ ਸ਼ਾਮਲ ਹਨ। ਇਨਾਂ ਤੋਂ ਇਲਾਵਾ ਆਨੰਦ ਸ਼ਰਮਾ, ਕੁਮਾਰੀ ਸ਼ੈਲਜਾ, ਰਣਦੀਪ ਸਿੰਘ ਸੁਰਜੇਵਾਲਾ, ਰਾਜੀਵ ਸ਼ੁਕਲਾ, ਸਚਿਨ ਪਾਇਲਟ, ਰਵਨੀਤ ਸਿੰਘ ਬਿੱਟੂ, ਦੀਪੇਂਦਰ ਸਿੰਘ ਹੁੱਡਾ, ਰਣਜੀਤ ਰੰਜਨ, ਔਨ. ਡਿਸੂਜ਼ਾ, ਬੀਵੀ ਸ੍ਰੀਨਿਵਾਸ, ਇਮਰਾਨ ਪ੍ਰਤਾਪਗੜੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਅੰਮ੍ਰਿਤਾ ਧਵਨ, ਰਮਿੰਦਰ ਆਵਲਾ ਅਤੇ ਤੇਜਿੰਦਰ ਸਿੰਘ ਬਿੱਟੂ ਵੀ 30 ਨਾਵਾਂ ਵਿੱਚ ਸ਼ਾਮਲ ਹਨ।

# ਕੋਰੋਨਾ ਵਾਇਰਸ ਨਾਲ ਪੀੜਤ ਲਤਾ ਮੰਗੇਸ਼ਕਰ ਚੱਲ ਵਸੀ

## ਪੰਜਾਬੀ ਗਾਇਕੀ ਵਿਚ ਨਾਮਣਾ ਖੱਟਿਆ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਭਾਰਤੀ ਸਿਨੇਮਾ ਦੀ ਮਸ਼ਹੂਰ ਗਾਇਕਾ ਲਤਾ ਮੰਗੇਸ਼ਕਰ ਲਗਭਗ 29 ਦਿਨਾਂ ਤੋਂ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਦੇ ਆਈ. ਸੀ. ਯੂ. ਵਿੱਚ ਦਾਖ਼ਲ ਸਨ। 92 ਸਾਲਾ ਗਾਇਕਾ ਲਤਾ ਦੀ ਸਿਹਤ ਸ਼ਨਿੱਚਰਵਾਰ ਨੂੰ ਵਿਗੜ ਗਈ ਸੀ। ਉਸ ਦੀ ਮੌਤ ਦਾ ਕਾਰਨ ਮਲਟੀ-ਆਰਗਨ ਫੇਲ ਹੋਣਾ ਦੱਸਿਆ ਜਾ ਰਿਹਾ ਹੈ। ਪਿਛਲੇ 29 ਦਿਨਾਂ ਤੋਂ ਉਹ ਕੋਰੋਨਾ ਨਾਲ਼ ਜੰਗ ਲੜ ਰਹੀ ਸੀ।

ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਉਨਾਂ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਹੈ। ਕੇਂਦਰ ਸਰਕਾਰਾਂ ਨੇ ਉਨਾਂ ਦੀ ਮੌਤ 'ਤੇ ਦੋ ਦਿਨਾਂ ਦੇ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਹੈ।

ਲਤਾ ਮੰਗੇਸ਼ਕਰ ਦੀ ਗਾਇਕੀ ਤੇ ਪੰਜਾਬੀ ਗਾਇਕੀ

ਲਤਾ ਨੇ 1940 ਦੇ ਦਹਾਕੇ ਵਿੱਚ ਬਾਲੀਵੁੱਡ ਵਿੱਚ ਪ੍ਰਵੇਸ਼ ਕੀਤਾ ਸੀ। ਉਸ ਸਮੇਂ ਨੂਰਜਹਾਂ, ਸ਼ਮਸ਼ਾਦ ਬੇਗਮ ਤੇ ਜ਼ੋਹਰਾ ਬਾਈ ਅੰਬਲੇ ਵਾਲੀ ਵਰਗੇ ਗਾਇਕਾਂ ਦਾ ਦਬਦਬਾ ਸੀ। ਇਹ ਸਮਾਂ ਉਸ ਲਈ ਬੁਰਾ ਸਮਾਂ ਸਾਬਤ ਹੋਇਆ, ਕਿਉਂਕਿ ਉਸਨੂੰ ਬਹੁਤ ਸਾਰੇ ਪ੍ਰੋਜੈਕਟਾਂ ਤੋਂ ਰੱਦ ਕਰ ਦਿੱਤਾ ਗਿਆ।

ਇਸ ਤੋਂ ਬਾਅਦ ਲਤਾ ਨੂੰ ਇੱਕ ਹੋਰ ਔਖੇ ਇਮਤਿਹਾਨ ਵਿੱਚੋਂ ਲੰਘਣਾ ਪਿਆ, ਜਦੋਂ 1942 ਵਿੱਚ ਤੇਰਾਂ ਸਾਲ ਦੀ ਛੋਟੀ ਉਮਰ ਵਿੱਚ ਉਨਾਂ ਦੇ ਪਿਤਾ ਦੀ ਮੌਤ ਹੋ ਗਈ ਅਤੇ ਪਰਿਵਾਰ ਦੀ ਜ਼ਿੰਮੇਵਾਰੀ ਉਸ ਉੱਤੇ ਆ ਪਈ। ਇਸ ਤੋਂ ਬਾਅਦ ਉਨਾਂ ਦਾ ਪੂਰਾ ਪਰਿਵਾਰ ਪੂਨੇ ਤੋਂ ਮੁੰਬਈ ਆ ਗਿਆ। ਹਾਲਾਂਕਿ ਲਤਾ ਨੂੰ ਫ਼ਿਲਮਾਂ ਵਿੱਚ ਕੰਮ ਕਰਨਾ ਬਿਲਕੁਲ ਵੀ ਪਸੰਦ ਨਹੀਂ ਸੀ। ਇਸ ਦੇ ਬਾਵਜੂਦ ਪਰਿਵਾਰ ਦੀ ਆਰਥਿਕ ਜ਼ਿੰਮੇਵਾਰੀ ਨੂੰ ਲੈ ਕੇ ਉਨਾਂ ਨੇ ਫ਼ਿਲਮਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਾਲ 1942 ਵਿੱਚ ਲਤਾ ਨੂੰ ਪਹਿਲੀ ਵਾਰ 'ਮੰਗਲਗੌਰ' 'ਚ ਐਕਟਿੰਗ ਕਰਨ ਦਾ ਮੌਕਾ ਮਿਲਿਆ। 1942 ਅਤੇ 1948 ਦੇ ਵਿਚਕਾਰ, ਲਤਾ ਨੇ ਲਗਭਗ ਅੱਠ ਹਿੰਦੀ ਅਤੇ ਮਰਾਠੀ ਫ਼ਿਲਮਾਂ ਕੀਤੀਆਂ।

ਲਤਾ ਨੇ 1942 ਵਿੱਚ ਇੱਕ ਮਰਾਠੀ ਫ਼ਿਲਮ 'ਕਿਤੀ ਹਾਸਿਲ' (1942) ਵਿੱਚ ਇੱਕ ਪਲੇਬੈਕ ਗਾਇਕਾ ਵਜੋਂ ਆਪਣੀ ਸ਼ੁਰੂਆਤ ਕੀਤੀ ਸੀ, ਪਰ ਬਾਅਦ ਵਿੱਚ ਇਸ ਗੀਤ ਨੂੰ ਫ਼ਿਲਮ ਤੋਂ ਹਟਾ ਦਿੱਤਾ ਗਿਆ ਸੀ। ਭਾਰਤ ਦੇ ਆਜ਼ਾਦ ਹੋਣ ਤੋਂ ਪੰਜ ਸਾਲ ਬਾਅਦ ਲਤਾ ਮੰਗੇਸ਼ਕਰ ਨੇ ਹਿੰਦੀ ਫ਼ਿਲਮਾਂ ਵਿੱਚ ਆਪਣੀ ਗਾਇਕੀ ਦੀ ਸ਼ੁਰੂਆਤ ਕੀਤੀ, 'ਆਪਣੀ ਸੇਵਾ ਮੈਂ' ਪਹਿਲੀ ਫ਼ਿਲਮ ਸੀ ਜਿਸ ਨੂੰ ਉਸ ਨੇ ਆਪਣੀ ਗਾਇਕੀ ਨਾਲ਼ ਸਜਾਇਆ ਪਰ ਉਸ ਦੇ ਗੀਤ ਨੂੰ ਬਹੁਤੀ ਪ੍ਰਸਿੱਧੀ ਨਹੀਂ ਮਿਲੀ।

ਹਾਲਾਂਕਿ, 1948 ਵਿੱਚ, ਉਸਨੂੰ ਗ਼ੁਲਾਮ ਹੈਦਰ ਦੇ ਨਾਲ਼ ਫ਼ਿਲਮ ਮਜਬੂਰ (1948) ਵਿੱਚ ਵੱਡਾ ਬ੍ਰੇਕ ਮਿਲਿਆ ਅਤੇ 1949 ਵਿੱਚ ਉਸਦੀਆਂ ਚਾਰ ਫ਼ਿਲਮਾਂ 'ਬਰਸਾਤ', 'ਦੁਲਾਰੀ', 'ਮਹਿਲ' ਅਤੇ 'ਅੰਦਾਜ਼' ਰਿਲੀਜ਼ ਹੋਈਆਂ ਅਤੇ ਸਾਰੀਆਂ ਹਿੱਟ ਰਹੀਆਂ। ਉਸ ਦੇ ਗੀਤਾਂ ਨੂੰ ਉਹ ਪ੍ਰਸਿੱਧੀ ਮਿਲੀ ਜਿਸ ਨੂੰ ਉਸ ਸਮੇਂ ਤੱਕ ਕਿਸੇ ਨੇ ਨਜ਼ਰਅੰਦਾਜ਼ ਨਹੀਂ ਕੀਤਾ ਸੀ।

50ਵਿਆਂ ਵਿੱਚ ਲਤਾ ਮੰਗੇਸ਼ਕਰ, ਸ਼ੰਕਰ ਜੈਕਿਸ਼ਨ, ਐਸ. ਡੀ. ਬਰਮਨ, ਸੀ. ਰਾਮਚੰਦਰਨ ਮੋਹਨ, ਹੇਮੰਤ ਕੁਮਾਰ ਅਤੇ ਸਲਿਲ ਚੌਧਰੀ ਵਰਗੇ ਮਸ਼ਹੂਰ ਸੰਗੀਤਕਾਰਾਂ ਦੀ ਪਸੰਦੀਦਾ ਗਾਇਕਾ ਬਣ ਗਈ। ਸਾਹਿਰ ਲੁਧਿਆਣਵੀ ਦੁਆਰਾ ਲਿਖੇ ਗਏ ਗੀਤ ਅਤੇ ਐਸ.ਡੀ. ਲਤਾ ਨੇ ਬਰਮਨ ਦੇ ਸੰਗੀਤ ਨਿਰਦੇਸ਼ਨ ਹੇਠ ਕਈ ਹਿੱਟ ਗੀਤ ਗਾਏ। ਇਨਾਂ ਵਿੱਚ 1961 ਵਿੱਚ ਫ਼ਿਲਮ 'ਹਮ ਦੂਨ', ਯੇ ਜ਼ਿੰਦਗੀ ਉਸੀ ਕੀ ਹੈ.., ਜਗ ਦਰਦ ਇਸ਼ਕ ਜਗ ਲਈ ਗਾਏ ਗੀਤ 'ਅੱਲਾ ਤੇਰੋ ਨਾਮ', 'ਅਨਾਰਕਲੀ' ਸ਼ਾਮਲ ਹਨ। ਸੱਠ ਦੇ ਦਹਾਕੇ ਵਿੱਚ, ਰਾਮਚੰਦਰ ਦੇ ਸੰਗੀਤ ਨਿਰਦੇਸ਼ਨ ਵਿੱਚ, ਲਤਾ ਨੇ ਕਵੀ ਪ੍ਰਦੀਪ ਦੁਆਰਾ ਲਿਖੇ ਗੀਤ 'ਏ ਮੇਰੇ ਵਤਨ ਕੇ ਲੋਗੋ' ਨੂੰ ਆਪਣੀ ਸੁਰੀਲੀ ਆਵਾਜ਼ ਵਿੱਚ ਸਦਾ ਲਈ ਅਮਰ ਕਰ ਦਿੱਤਾ। ਇਹ ਗੀਤ 1962 ਦੀ ਭਾਰਤ-ਚੀਨ ਜੰਗ ਦੌਰਾਨ ਸ਼ਹੀਦ ਹੋਏ ਸੈਨਿਕਾਂ ਨੂੰ ਯਾਦ ਕਰਦਾ ਹੈ। ਇਹ ਗੀਤ ਸੁਣ ਕੇ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਇੰਨੇ ਪ੍ਰਭਾਵਿਤ ਹੋਏ ਕਿ ਉਨਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਲਤਾ ਮੰਗੇਸ਼ਕਰ ਨੇ ਦੁਨੀਆ ਦੀਆਂ 36 ਭਾਸ਼ਾਵਾਂ ਵਿੱਚ 30 ਹਜ਼ਾਰ ਤੋਂ ਵੱਧ ਗੀਤ ਗਾਏ ਹਨ। ਇਹ ਸਿਰਫ਼ 1991 ਵਿੱਚ ਸੀ ਜਦੋਂ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਨੇ ਮਾਨਤਾ ਦਿੱਤੀ ਕਿ ਉਹ ਦੁਨੀਆ ਵਿੱਚ ਸਭ ਤੋਂ ਵੱਧ ਰਿਕਾਰਡ ਕੀਤੀ ਗਈ ਗਾਇਕਾ ਸੀ।

ਲਤਾ ਮੰਗੇਸ਼ਕਰ ਦੀ ਗਾਇਕੀ ਦੇ ਉਭਾਰ ਵਾਸਤੇ ਕਈ ਪੰਜਾਬੀ ਸੰਗੀਤ ਨਿਰਦੇਸ਼ਕਾਂ ਦਾ ਅਹਿਮ ਰੋਲ ਰਿਹਾ ਹੈ। ਉਨਾਂ ਦਾ ਸਭ ਤੋਂ ਲੰਮਾ ਸੰਬੰਧ ਨਵਾਂਸ਼ਹਿਰ ਦੇ ਪਿੰਡ ਕਾਹਮਾ ਦੀ ਜੰਮਪਲ ਸੰਗੀਤਕਾਰ ਜੋੜੀ ਪੰਡਿਤ ਹੁਸਨ ਲਾਲ-ਭਗਤ ਰਾਮ ਨਾਲ਼ ਰਿਹਾ ਸੀ। ਭਾਵੇਂ ਕਿ ਪਹਿਲੇ ਸੰਗੀਤ ਨਿਰਦੇਸ਼ਕ ਜੋ ਪੰਜਾਬੀ ਮੂਲ ਦੇ ਸਨ ਅਤੇ ਹਿੰਦੀ ਅਤੇ ਪੰਜਾਬੀ ਫ਼ਿਲਮਾਂ ਦੇ ਸੰਗੀਤ ਨਿਰਦੇਸ਼ਕ ਸਨ ਅਤੇ ਜਿਨਾਂ ਨੇ ਲਤਾ ਮੰਗੇਸ਼ਕਰ ਕੋਲ਼ੋਂ ਪੰਜਾਬੀ ਫ਼ਿਲਮਾਂ ਵਿੱਚ ਸਭ ਤੋਂ



ਪਹਿਲਾਂ ਦੋ ਗੀਤ ਗਵਾਏ, ਉਹ ਸਵਰਗਵਾਸੀ ਵਿਨੋਦ ਸਨ। ਇਹ ਦੋਵੇਂ ਗੀਤ ਹੁਣ ਤਵਾਰੀਖ਼ ਦਾ ਹਿੱਸਾ ਬਣ ਗਏ ਹਨ।

ਕਹਾਣੀ ਇੰਜ ਤੁਰਦੀ ਹੈ। ਪਾਕਿਸਤਾਨ ਤੋਂ ਬੰਬਈ (ਹੁਣ ਮੁੰਬਈ) ਆਉਣ 'ਤੇ ਸ਼ੋਰੀ ਪ੍ਰੋਡਕਸ਼ਨ ਨੇ ਸਭ ਤੋਂ ਪਹਿਲਾਂ ਇੱਕ ਪੰਜਾਬੀ ਫ਼ਿਲਮ 'ਚਮਨ' ਬਣਾਈ, ਜੋ 1948 ਵਿੱਚ ਪ੍ਰਦਰਸ਼ਿਤ ਹੋਈ ਸੀ। ਇਸ ਫ਼ਿਲਮ ਦੇ ਬਹੁਤੇ ਗੀਤ ਪੁਸ਼ਪਾ ਹੰਸ ਨੇ ਗਾਏ ਸਨ। ਪਰ ਉਨਾਂ ਵਿੱਚੋਂ ਇੱਕ ਵੀ ਗੀਤ ਬਹੁਤਾ ਹਰਮਨ-ਪਿਆਰਾ ਨਹੀਂ ਸੀ ਹੋਇਆ। ਉਨਾਂ ਨੇ ਸੋਚਿਆ ਕਿ ਇਸ ਫ਼ਿਲਮ ਦੇ ਸਭ ਤੋਂ ਵਧੀਆ ਗੀਤ ਜੇ ਲਤਾ ਮੰਗੇਸ਼ਕਰ ਕੋਲ਼ੋਂ ਦੁਬਾਰਾ ਗਵਾਏ ਜਾਣ ਤਾਂ ਸ਼ਾਇਦ ਉਹ ਹਰਮਨ-ਪਿਆਰੇ ਹੋ ਸਕਣ। ਇਸ ਵਾਸਤੇ ਉਨਾਂ ਨੇ ਦੋ ਗੀਤ ਚੁਣੇ। ਇੱਕ ਗੀਤ ਦੇ ਬੋਲ ਸਨ 'ਗਲੀਆਂ ਵਿੱਚ ਫਿਰਦੇ ਢੋਲਾ ਨਿੱਕੇ ਨਿੱਕੇ ਬਾਲ ਵੇ, ਬਾਲਾਂ ਕੋਲ਼ੋਂ ਪੁੱਛਦੀ ਹਾਂ ਚੰਨਾ ਤੇਰਾ ਹਾਲ ਵੇ।' ਬੋਲ ਅਜ਼ੀਜ਼ ਕਸ਼ਮੀਰੀ ਦੇ ਸਨ। ਇਹ ਗੀਤ ਬੇਹੱਦ ਮਕਬੂਲ ਹੋਇਆ। ਦੂਜਾ ਗੀਤ ਸੀ 'ਰਾਹੇ ਰਾਹੇ ਜਾਂਦਿਆ, ਅੱਖੀਆਂ ਮਿਲਾਂਦਿਆਂ, ਅੱਖੀਆਂ ਚੁਰਾ ਕੇ ਨਾ ਜਾਹ', ਇਹ ਗੀਤ ਵੀ ਬੜਾ ਮਕਬੂਲ ਹੋਇਆ। ਇਨਾਂ ਦੋਵਾਂ ਗੀਤਾਂ ਦੀ ਲੋਕਪ੍ਰਿਯਤਾ ਨੇ ਲਤਾ ਮੰਗੇਸ਼ਕਰ ਨੂੰ ਪੰਜਾਬੀ ਫ਼ਿਲਮਾਂ ਦੀ ਵੀ ਪਿੱਠਵਰਤੀ ਗਾਇਕਾ ਬਣਾ ਦਿੱਤਾ।

1949 ਵਿੱਚ ਪੰਜਾਬੀ ਦੀ ਫ਼ਿਲਮ 'ਲੱਛੀ' ਬਣੀ। ਇਸ ਦੇ ਸੰਗੀਤ ਨਿਰਦੇਸ਼ਕ ਮਾਸਟਰ ਹੰਸ ਰਾਜ ਬਹਿਲ ਸਨ। ਇਸ ਦਾ ਇੱਕ ਗੀਤ 'ਨਾਲੇ ਲੰਮੀ ਤੇ ਨਾਲੇ ਕਾਲੀ ਹਾਏ ਵੇ ਚੰਨਾ ਰਾਤ ਜੁਦਾਈਆਂ ਵਾਲੀ'। ਬੋਲ ਮੁਲਖ ਰਾਜ ਭਾਖੜੀ ਦੇ ਸਨ। ਇਹ ਗੀਤ ਅੱਜ ਤੱਕ ਸੁਣਿਆ ਜਾ ਰਿਹਾ ਹੈ। ਇਸੇ ਹੀ ਫ਼ਿਲਮ ਦਾ ਇੱਕ ਯੁਗਲ ਗੀਤ ਲਤਾ ਮੰਗੇਸ਼ਕਰ ਨੇ ਮੁਹੰਮਦ ਰਫ਼ੀ ਦੇ ਨਾਲ਼ ਗਾਇਆ ਜੋ ਬੜਾ ਹੀ ਮਕਬੂਲ ਹੋਇਆ ਸੀ। ਬੋਲ ਸਨ 'ਕਾਲ਼ੀ ਕੰਘੀ ਨਾਲ਼ ਕਾਲ਼ੇ ਵਾਲ ਪਈ ਵਾਹੁਨੀਆਂ ਆ ਮਿਲ ਢੋਲ ਜਾਨੀਆ।'

ਪੰਜਾਬੀ ਫ਼ਿਲਮਾਂ ਦੇ ਇਤਿਹਾਸ ਵਿੱਚ 1950 ਦਾ ਵਰਾ ਲਤਾ ਮੰਗੇਸ਼ਕਰ ਦੇ ਪੱਖੋਂ ਬੜਾ ਮਹੱਤਵਪੂਰਨ ਬੜਾ ਅਹਿਮ ਸੀ। ਇਸ ਸਾਲ ਵਿੱਚ ਵਿਨੋਦ ਨੇ ਫ਼ਿਲਮ 'ਭਾਈਆ ਜੀ' ਨੂੰ ਸੰਗੀਤਬੱਧ ਕੀਤਾ। ਇਸ ਫ਼ਿਲਮ ਦਾ ਇੱਕ ਗੀਤ ਸੰਗੀਤ ਨਿਰਦੇਸ਼ਕਾਂ ਦੀ ਪਸੰਦ ਬਣਿਆ। ਬੋਲ ਸਨ, 'ਅੱਜ ਮੇਰਾ ਮਾਹੀ ਨਾਲ਼ ਟੁੱਟ ਗਿਆ ਪਿਆਰ ਵੇ ਅੱਖੀਆਂ ਨਾ ਮਾਰ ਵੇ'। ਇਸ ਗੀਤ ਦੀ ਤਰਜ਼ ਬਾਅਦ ਵਿੱਚ ਕਈ ਹਿੰਦੀ ਫ਼ਿਲਮੀ ਗੀਤਾਂ ਦੀ ਬੁਨਿਆਦ ਬਣੀ। ਇਸੇ ਹੀ ਫ਼ਿਲਮ ਦਾ ਇੱਕ ਸ਼ੋਖ਼ ਗੀਤ 'ਚੱਲਾਂ ਮੋਰਨੀ ਦੀ ਚਾਲ' ਵੀ ਲਤਾ ਦੀ ਆਵਾਜ਼ ਵਿੱਚ ਰਿਕਾਰਡ ਕੀਤਾ ਗਿਆ ਜੋ ਬੜਾ ਦਿਲਕਸ਼ ਸਾਬਤ ਹੋਇਆ। ਇੱਕ ਹੋਰ ਯੁਗਲ ਗੀਤ 'ਚੱਲ ਆ ਬਾਗਾਂ ਵਿੱਚ ਨੱਚੀਏ ਨੀ ਕਿ ਬੱਦਲੀਆਂ ਛਾ ਗਈਆਂ', ਲਤਾ ਅਤੇ ਰਫ਼ੀ ਦੀਆਂ ਆਵਾਜ਼ਾਂ ਵਿੱਚ ਲੋਕਪ੍ਰਿਆ ਸਾਬਤ ਹੋਇਆ।

1950 ਵਿੱਚ ਹੀ ਉਸਤਾਦ ਅੱਲਾ ਰੱਖਾ ਕੁਰੈਸ਼ੀ ਦੇ ਸੰਗੀਤ ਨਿਰਦੇਸ਼ਨ ਵਿੱਚ ਫ਼ਿਲਮ 'ਮਦਾਰੀ' ਅਤੇ 'ਫੁੰਮਣ' ਬਣੀਆਂ। 'ਮਦਾਰੀ' ਫ਼ਿਲਮ ਦਾ ਇੱਕ ਗੀਤ 'ਰੱਸੀ ਉਤੇ ਟੰਗਿਆ ਦੁਪੱਟਾ ਮੇਰਾ ਡੋਲਦਾ' ਲਤਾ ਮੰਗੇਸ਼ਕਰ ਦੀ ਆਪਣੀ ਨਿੱਜੀ ਪਸੰਦ ਸੀ। ਇਸੇ ਹੀ ਫ਼ਿਲਮ ਦੇ ਦੋ ਹੋਰ ਗੀਤ 'ਅਸਾਂ ਤੱਕਿਆ ਮਾਹੀ ਨੂੰ ਪਹਿਲੀ ਵਾਰ, ਉਹ ਅੱਖ ਬਚਾ ਕੇ ਗੱਲਾਂ ਵਿੱਚ ਲਾ ਕੇ ਛੋੜ ਗਿਆ' ਅਤੇ 'ਪੁੱਛ ਮੇਰਾ ਹਾਲ ਕਦੀ ਆ ਕੇ ਮੇਰੇ ਹਾਣੀਆ, ਤੇਰੇ ਪਿੱਛੇ ਰੋਂਦੀਆਂ ਨੇ ਅੱਖੀਆਂ ਨਿਮਾਣੀਆਂ', ਦੋਵੇਂ ਬੜੇ ਮਕਬੂਲ ਹੋਏ ਤੇ ਦੋਵੇਂ ਹੀ ਲਤਾ ਦੀ ਆਵਾਜ਼ ਵਿੱਚ ਸਨ। ਉਸਤਾਦ ਅੱਲਾ ਰੱਖਾ ਕੁਰੈਸ਼ੀ ਦੀ ਹੀ ਸੰਗੀਤਕ ਹਦਾਇਤਕਾਰੀ ਅਧੀਨ ਲਤਾ ਮੰਗੇਸ਼ਕਰ ਦੀ ਆਵਾਜ਼ ਵਿੱਚ ਇੱਕ ਗੀਤ 'ਮੈਂ ਅੱਡੀਆਂ ਚੁੱਕ ਚੁੱਕ ਵੇਖਾਂ ਮੈਨੂੰ ਮਾਹੀ ਨਜ਼ਰ ਨਾ ਆਵੇ' ਬੜਾ ਹੀ ਲੋਕਪ੍ਰਿਯ ਗੀਤ ਸਾਬਤ ਹੋਇਆ। ਇਸੇ ਹੀ ਫ਼ਿਲਮ ਦਾ ਇੱਕ ਹੋਰ ਗੀਤ 'ਰਾਤਾਂ ਹਨੇਰੀਆਂ ਆ ਗਈਆਂ ਢੋਲਾ ਤੇਰੀਆਂ ਉਡੀਕਾਂ ਛਾ ਗਈਆਂ ਢੋਲਾ' ਵੀ ਮਕਬੂਲੀਅਤ ਦੀਆਂ ਸਿਖ਼ਰਾਂ ਨੂੰ ਛੂਹ ਗਿਆ। ਇਹ ਸਾਲ ਦਰਅਸਲ ਲਤਾ ਮੰਗੇਸ਼ਕਰ ਅਤੇ ਪੰਜਾਬੀ ਫ਼ਿਲਮਾਂ ਵਾਸਤੇ ਮੀਲ ਪੱਥਰ ਸਿੱਧ ਹੋਇਆ।

1950 ਤੋਂ ਬਾਅਦ ਤਿੰਨ ਸਾਲਾਂ ਵਾਸਤੇ ਪੰਜਾਬੀ ਫ਼ਿਲਮਾਂ ਵਿੱਚ ਲਤਾ ਮੰਗੇਸ਼ਕਰ ਦੀ ਮਿੱਠੀ ਆਵਾਜ਼ ਖ਼ਾਮੋਸ਼ ਰਹੀ। ਇਸ ਤੋਂ ਬਾਅਦ ਵਿੱਚ ਸ੍ਰੀ ਮੁਕਤਸਰ ਸਾਹਿਬ ਪੰਜਾਬ ਤੋਂ ਭਾਈ ਸ਼ਮਿੰਦਰ ਸਿੰਘ (ਸ਼ਮਿੰਦਰ ਜਾਂ ਸ਼ਮਿੰਦਰ ਚਾਹਲ) ਚੋਖੀ ਰਕਮ ਜੇਬ ਵਿੱਚ ਪਾ ਕੇ ਬੰਬਈ ਪਹੁੰਚੇ ਅਤੇ ਉਨਾਂ ਨੇ ਸਿੱਧਾ ਸੰਗੀਤ ਨਿਰਦੇਸ਼ਕ ਸਰਦੂਲ ਸਿੰਘ ਕਵਾਤੜਾ ਨਾਲ਼ ਰਾਬਤਾ ਕਾਇਮ ਕੀਤਾ। ਇਸ ਤੋਂ ਬਾਅਦ 1954 ਵਿੱਚ ਇੱਕ ਪੰਜਾਬੀ ਫ਼ਿਲਮ 'ਵਣਜਾਰਾ' ਬਣਾਈ ਗਈ ਅਤੇ ਇੱਕ ਹਿੰਦੀ ਫ਼ਿਲਮ 'ਪਿਲਪਿਲੀ ਸਾਹਿਬ' ਬਣਾਈ ਗਈ।

**ਬਾਕੀ ਸਫ਼ਾ 31'ਤੇ**

# ਕੇਸਰੀ ਲਹਿਰ ਸ਼ੁਰੂ ਕਰਨ ਵਾਲਾ ਯੋਧਾ ਭਾਈ ਬਲਵੰਤ ਸਿੰਘ ਰਾਜੋਆਣਾ

**ਕਮਲਜੀਤ ਸਿੰਘ ਸ਼ਹੀਦਸਰ**

ਭਾਈ ਸਾਹਿਬ ਭਾਈ ਬਲਵੰਤ ਸਿੰਘ ਰਾਜੋਆਣਾ 2012 ਤੋਂ ਲੈ ਕੇ ਅੱਜ ਤੱਕ ਹਰ ਵੋਟ ਸਮੇਂ ਸ਼੍ਰੋਮਣੀ ਅਕਾਲੀ ਦਲ ਨੂੰ ਵੋਟ ਪਾਉਣ ਲਈ ਕਹਿੰਦੇ ਹਨ। ਇਹ ਗੱਲ ਪੰਥਕ ਪਿੜ ਵਿੱਚ ਵਿਚਰਦੇ ਹਰ ਇੱਕ ਸਿੰਘ ਨੂੰ ਪਤਾ ਹੈ।

ਉਨਾਂ ਅੰਦਰ ਜਿਹੜੀ ਨਫ਼ਰਤ ਜਿਹੜਾ ਗੁੱਸਾ ਕਾਂਗਰਸ ਲਈ ਹੈ ਉਹ ਹਰ ਸਿੱਖ ਅੰਦਰ ਹੋਣਾ ਚਾਹੀਦਾ ਸੀ। ਉਸ ਦਾ ਬਦਲ ਉਸ ਨੂੰ ਟੱਕਰ ਦੇਣ ਲਈ ਉਹ ਹਮੇਸ਼ਾ ਹੀ ਪੰਥਕ ਧਿਰਾਂ ਨੂੰ ਮਜ਼ਬੂਤ ਹੋਣ ਦਾ ਸੁਨੇਹਾ ਵੀ ਦਿੰਦੇ ਰਹੇ ਹਨ।

2011 ਵਿੱਚ ਜਦੋਂ ਬਹੁਤੇ ਪੰਥਕ ਕਹਾਉਣ ਵਾਲਿਆਂ ਨੂੰ ਭਾਈ ਸਾਹਿਬ ਅਤੇ ਬੇਅੰਤ ਕਤਲ ਕਾਂਡ ਵਾਲੇ ਬਾਕੀ ਸਿੰਘਾਂ ਦਾ ਪਤਾ ਤੱਕ ਨਹੀਂ ਸੀ ਉਦੋਂ ਵੀ ਭਾਈ ਸਾਹਿਬ ਨੇ ਆਪਣੀ ਸੋਚ ਸਪੱਸ਼ਟ ਰੱਖੀ ਸੀ ਕੇ ਆਪਾਂ ਕਾਂਗਰਸ ਨੂੰ ਹਰਾਉਣਾ ਹੈ। ਉਨਾਂ ਦੀਆਂ ਚਿੱਠੀਆਂ ਉਨਾਂ ਦੀ ਵੈੱਬਸਾਈਟ 'ਤੇ ਪਈਆਂ ਸਨ। ਪੰਥਕ ਧਿਰਾਂ ਤੋਂ ਉਹ ਕਿਉਂ ਨਿਰਾਸ਼ ਸਨ/ਹਨ ਇਹ ਵੀ ਉਨਾਂ ਚਿੱਠੀਆਂ ਵਿੱਚ ਲਿਖਿਆ ਹੋਇਆ ਸੀ।

ਇਹ ਸਾਡੀ ਬਾਹਰ ਬੈਠਿਆਂ ਦੀ ਕਮਜ਼ੋਰੀ ਹੈ ਕਿ ਅਸੀਂ ਪਿਛਲੇ 35 ਸਾਲਾਂ ਵਿੱਚ ਪੰਜਾਬ ਦੀ ਧਰਤੀ 'ਤੇ ਕਾਂਗਰਸ ਦਾ ਬਦਲ ਕੋਈ ਪਰਪੱਕ ਪੰਥਕ ਧਿਰ ਨਹੀਂ ਉਸਾਰ ਸਕੇ। ਪਹਿਲਾਂ ਲੋਕਾਂ ਕੋਲ਼ ਕਾਂਗਰਸ ਦਾ ਬਦਲ ਬਾਦਲ ਦਲ ਸੀ ਤੇ ਹੁਣ ਬਾਦਲ ਦਲ ਤੇ ਆਪ ਹਨ ਅਤੇ ਰਾਜੋਆਣਾ ਦੇ ਕਹਿਣ ਦੇ ਬਾਵਜੂਦ ਵੀ ਜ਼ਿਆਦਾ ਵੋਟ ਦੇਖਿਓ ਪੈਣੀ ਕੀਹਨੂੰ ਹੈ, ਸਭ ਕੁਝ ਸਪੱਸ਼ਟ ਹੋ ਜਾਣਾ।

ਸੋ, ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦੇ ਉਨਾਂ ਦੇ ਸੁਨੇਹੇ ਨੂੰ ਮੈਂ ਨਿੱਜੀ ਤੌਰ 'ਤੇ ਮਾੜਾ ਨਹੀਂ ਸਮਝਦਾ ਉਨਾਂ ਦਾ ਅਧਿਕਾਰ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਬਚਣਾ ਚਾਹੀਦਾ ਹੈ ਇਸ ਮਸਲੇ 'ਤੇ ਸਾਰੇ ਇਕਮਤ ਹਨ। ਹਾਂ, ਬਾਦਲ ਦਲ ਦੇ ਕੀਤੇ ਜ਼ੁਲਮਾਂ, ਗ਼ੱਦਾਰੀਆਂ ਨਾਲ਼ ਗੁੱਸਾ/ਨਫ਼ਰਤ ਬਰਕਰਾਰ ਰਹੇਗੀ ਜਦ ਤੱਕ ਉਹ ਸ਼ਹੀਦ ਕੀਤੇ ਹਰ ਸਿੱਖ ਦੇ ਘਰ ਜਾ ਕੇ ਮਾਫ਼ੀ ਮੰਗ ਕੇ ਨਹੀਂ ਆਉਂਦੇ। ਜਦ ਤੱਕ 2007 ਤੋਂ 2017 ਤੱਕ ਝੂਠੇ ਕੇਸਾਂ ਵਿੱਚ ਗ੍ਰਿਫ਼ਤਾਰ ਕੀਤੇ ਹਰ ਸਿੱਖ ਨੂੰ ਬਰੀ ਨਹੀਂ ਕਰਵਾਉਂਦੇ।

ਭਾਈ ਰਾਜੋਆਣਾ ਬਾਰੇ ਗ਼ਲਤ ਬੋਲਣ ਦਾ ਅਧਿਕਾਰ ਉਨਾਂ 'ਚੋਂ ਕਿਸੇ ਨੂੰ ਨਹੀਂ ਜਿਸਨੇ ਪੰਥ ਲਈ ਕੁਝ ਨਹੀਂ ਕੀਤਾ। ਹਾਂ, ਜਿਹੜੇ ਪੰਥਕ ਜੁਝਾਰੂ ਸੂਰਮੇ ਜਿਨਾਂ ਜੇਲਾਂ ਕੱਟੀਆਂ, ਐਕਸ਼ਨ ਕੀਤੇ ਹਨ ਉਹ ਬਿਆਨ ਦੇਣ ਇਸ ਮਸਲੇ 'ਤੇ। ਉਨਾਂ ਦਾ ਹੱਕ ਬਣਦਾ, ਬਾਕੀ ਕੌਣ ਹੁੰਦੇ ਗ਼ਲਤ ਬੋਲਣ ਵਾਲੇ ?



ਰਾਜੋਆਣਾ ਸਰਦਾਰ 27 ਸਾਲ ਤੋਂ ਜੇਲੀਂ ਬੈਠਾ, ਆਪਣਾ ਕੇਸ ਨਾ ਲੜਨ ਵਾਲਾ, ਜੱਜਾਂ ਸਾਹਮਣੇ ਖਲੋ ਕੇ ਆਪਣੇ ਕੀਤੇ ਕੰਮ ਨੂੰ ਮਨਜ਼ੂਰ ਕਰਨ ਵਾਲਾ, ਭਾਈ ਸੁੱਖੇ-ਭਾਈ ਜਿੰਦੇ ਤੋਂ ਬਾਅਦ ਪੰਥ ਵਿੱਚ ਪਹਿਲਾ ਸੂਰਮਾ ਹੋਇਆ ਹੈ। ਜਿਸ ਬਾਪੂ ਜਸਵੰਤ ਸਿੰਘ ਦੇ ਭੋਗ ਤੇ ਭਾਈ ਰਾਜੋਆਣਾ 27 ਸਾਲ ਬਾਅਦ ਜੇਲੋਂ ਬਾਹਰ ਆਇਆ ਸੀ, ਉਸਨੇ ਪੰਥ ਲਈ ਕੀ ਕੀ ਵਾਰਿਆ ?

ਇਕਲੌਤਾ ਜਵਾਨ ਪੁੱਤਰ, 18 ਸਾਲਾਂ ਦਾ ਸਰਦਾਰ ਹਰਪਿੰਦਰ ਸਿੰਘ ਗੋਲਡੀ, ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਜੁਝਾਰੂ ਜਿਹੜਾ ਕੌਮ ਦੇ ਗਲੋਂ ਗੁਲਾਮੀ ਵਾਲਾ ਰੱਸਾ ਲਾਹੁਣ ਤੁਰਿਆ ਕਦੇ ਘਰ ਨਹੀਂ ਮੁੜਿਆ। 25 ਜੂਨ 1992, 8 ਘੰਟੇ ਦੇ ਗਹਿਗੱਚ ਮੁਕਾਬਲੇ ਤੋਂ ਬਾਅਦ ਸੂਰਮਾ ਸ਼ਹੀਦ ਹੋ ਗਿਆ ਸੀ।

ਕਿਉਂਕਿ ਭਰਾ ਜੁਝਾਰੂ ਸੀ, ਹੱਥ ਨਹੀਂ ਸੀ ਆ ਰਿਹਾ, ਇਸ ਕਰਕੇ 19 ਸਾਲਾਂ ਦੀ ਵੱਡੀ ਭੈਣ ਅਮਨਦੀਪ ਕੌਰ ਨੂੰ ਪੁਲਿਸ ਦੀਆਂ ਕਾਲੀਆਂ ਬਿੱਲੀਆਂ ਨੇ ਚੁੱਕ ਕੇ 21 ਜਨਵਰੀ 1992 ਨੂੰ ਸ਼ਹੀਦ ਕਰ ਦਿੱਤਾ ਸੀ। ਸਭ ਤੋਂ ਛੋਟੀ ਭੈਣ ਕਮਲਦੀਪ ਕੌਰ ਰਾਜੋਆਣਾ ਨੇ ਉਹ ਸਮਾਂ ਹੱਡੀਂ ਹੰਢਾਇਆ ਅਤੇ ਜਿਵੇਂ ਦਿਨ ਕੱਟੇ ਉਹੀ ਜਾਣਦੇ ਹਨ। ਜੁਝਾਰੂਆਂ ਦੇ ਦਰਦ ਉਹ ਹੀ ਸਮਝ ਸਕਦੇ ਜਿਨਾਂ ਨੂੰ ਪੰਥ ਨਾਲ਼ ਪਿਆਰ ਹੈ।

# ਪਾਕਿਸਤਾਨ ਨੇ ਮਹਾਨ ਯੋਧੇ ਜਰਨੈਲ ਹਰੀ ਸਿੰਘ ਨਲਵਾ ਦਾ ਬੁੱਤ ਹਟਾਇਆ

## ਪਾਕਿਸਤਾਨ ਦੀ ਧਾਰਮਿਕ ਸਹਿਣਸ਼ੀਲਤਾ ਨੀਤੀ ਨੂੰ ਭਾਰੀ ਸੱਟ ਵੱਜੀ

ਖ਼ੈਬਰ ਪਖ਼ਤੂਨਖਵਾ ਸੂਬੇ ਦੇ ਹਰੀਪੁਰ ਜ਼ਿਲੇ ਵਿੱਚ ਸਥਾਨਕ ਪ੍ਰਸ਼ਾਸਨ ਨੇ ਜਰਨੈਲ ਹਰੀ ਸਿੰਘ ਨਲਵਾ ਦਾ ਬੁੱਤ ਬੀਤੇ ਹਫ਼ਤੇ ਹਟਾ ਦਿੱਤਾ ਹੈ। ਇਹ ਬੁੱਤ 2017 ਵਿੱਚ ਪੰਜਾਬ ਦੇ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਦੇ ਸਭ ਤੋਂ ਸਫ਼ਲ ਜਰਨੈਲ ਮੰਨੇ ਜਾਂਦੇ ਹਰੀ ਸਿੰਘ ਨਲਵਾ ਦੇ ਨਾਮ ’ਤੇ ਰੱਖੇ ਗਏ ਚੌਂਕ ’ਤੇ ਸਥਾਪਿਤ ਕੀਤਾ ਗਿਆ ਸੀ। ਉਸ ਵੇਲੇ ਕਿਹਾ ਗਿਆ ਸੀ ਕਿ ਹਰੀਪੁਰ ਦੇ ਸੰਸਥਾਪਕ ਦਾ ਬੁੱਤ ਧਾਰਮਿਕ ਸੈਰ-ਸਪਾਟੇ, ਅਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰੇਗਾ।

ਹਰੀਪੁਰ ਵਿੱਚ ਜਿਸ ਚੌਂਕ ਵਿੱਚ ਇਹ ਬੁੱਤ ਸਥਾਪਿਤ ਕੀਤਾ ਗਿਆ ਸੀ, ਉਸ ਨੂੰ ‘ਪੜੀਆਂ ਚੌਂਕ’ ਕਿਹਾ ਜਾਂਦਾ ਹੈ। ਰਿਪੋਰਟਾਂ ਵਿੱਚ ਦੱਸਿਆ ਗਿਆ ਹੈ ਕਿ ਮੂਰਤੀ ਦੇ ਨਾਲ਼-ਨਾਲ਼ ਇਸ ਦੇ ਠੋਸ ਆਧਾਰ ਦੀ ਕੀਮਤ ਕਰੀਬ 25 ਲੱਖ ਰੁਪਏ ਹੈ। ਸਥਾਨਕ ਵਪਾਰੀਆਂ ਮੁਤਾਬਕ ਬੁੱਤ ਹਟਾਉਣ ਤੋਂ ਬਾਅਦ ਚੌਂਕ ’ਤੇ ਮੋਟੇ ਅੱਖਰਾਂ ਵਿੱਚ ‘ਸਿਦੀਕ-ਏ-ਅਕਬਰ ਚੌਂਕ’ ਲਿਖਿਆ ਹੋਇਆ ਸੀ, ਜਿਸ ਦੀ ਕਥਿਤ ਤੌਰ ’ਤੇ ਇੱਕ ਧਾਰਮਿਕ ਸੰਸਥਾ ਵੱਲੋਂ ਮੰਗ ਕੀਤੀ ਜਾ ਰਹੀ ਸੀ।

ਮੀਡੀਆ ਰਿਪੋਰਟਾਂ ਮੁਤਾਬਕ ਮਹਾਰਾਜਾ ਹਰੀ ਸਿੰਘ ਨਲਵਾ ਦੀ ਮੂਰਤੀ ਨੂੰ ਜੀ.ਟੀ. ਰੋਡ ’ਤੇ ਪੂਰਬ ਵੱਲ ਅੱਧਾ ਫਰਲਾਂਗ ਇੱਕ ਤਲਾਬ ’ਤੇ ਲਿਜਾਇਆ ਜਾਵੇਗਾ। ਇਸ ਦੇ ਨਾਲ਼ ਹੀ ਸਿਦੀਕੀ-ਏ-ਅਕਬਰ ਚੌਂਕ ਵਿਖੇ ਖਲੀਫ਼ਾ ਦੇ ਨਾਂ ’ਤੇ ਨਵਾਂ ਸਮਾਰਕ ਸਥਾਪਿਤ ਕੀਤਾ ਜਾਵੇਗਾ।

## ਬੁੱਤ ਹਟਾਉਣ ਦੀ ਨਿਖੇਧੀ

ਖ਼ੈਬਰ ਪਖ਼ਤੂਨਖਵਾ ਸੂਬੇ ਦੀ ਰਾਜਧਾਨੀ ਪਿਸ਼ਾਵਰ ਵਿੱਚ ਇੱਕ ਸਿੱਖ ਆਗੂ ਬਾਬਾ ਗੋਪਾਲ ਸਿੰਘ ਨੇ ਕਿਹਾ, ‘ਅਸੀਂ ਚਾਹੁੰਦੇ ਹਾਂ ਕਿ ਇਤਿਹਾਸ ਅਤੇ ਸੱਭਿਆਚਾਰਕ ਵਿਰਾਸਤ ਦੀ ਰੱਖਿਆ ਕੀਤੀ ਜਾਵੇ। ਪਾਕਿਸਤਾਨ ਦੇ ਉੱਜਵਲ ਭਵਿੱਖ ਅਤੇ ਉੱਜਵਲ ਚਿਹਰੇ ਲਈ ਇਹ ਬਹੁਤ ਜ਼ਰੂਰੀ ਹੈ।’ ਨਾਗਰਿਕ ਅਧਿਕਾਰਾਂ ਦੀ ਸੰਸਥਾ ‘ਹਮ ਆਵਾਮ’ ਦੇ ਸਰਪ੍ਰਸਤ-ਇਨ-ਚੀਫ਼ ਸਰਦਾਰ ਫ਼ਿਦਾ ਹੁਸੈਨ ਦੇ ਅਨੁਸਾਰ, ‘ਬੁੱਤ ਲਗਾਉਣ ਵੇਲੇ ਧਾਰਮਿਕ ਸੈਰ-ਸਪਾਟੇ ਅਤੇ ਸਹਿਣਸ਼ੀਲਤਾ ਨੂੰ ਉਤਸ਼ਾਹਿਤ ਕਰਨ ਦੀ ਗੱਲ ਆਖੀ ਗਈ ਸੀ ਤੇ ਅੱਜ ਬੁੱਤ ਢਾਹ ਕੇ ਕਿਸ ਗੱਲ ਦਾ ਪ੍ਰਚਾਰ ਕੀਤਾ ਗਿਆ ਹੈ? ਉਨਾਂ ਨੇ ਕਿਹਾ, ‘ਸਾਨੂੰ ਇਤਿਹਾਸ ਨੂੰ ਸਵੀਕਾਰ ਕਰਨ ਦੀ ਸਮਰੱਥਾ ਪੈਦਾ ਕਰਨੀ ਪਵੇਗੀ। ਹਰੀਪੁਰ ਦੇ ਜ਼ਿਕਰ ਦੇ ਨਾਲ਼-ਨਾਲ਼ ਹਰੀ ਸਿੰਘ ਨਲਵਾ ਦਾ ਜ਼ਿਕਰ ਵੀ ਹੋਵੇਗਾ। ਬੁੱਤ ਹਟਾਉਣ ਨਾਲ਼ ਕੋਈ ਫ਼ਰਕ ਨਹੀਂ ਪੈਣ ਵਾਲਾ।’

## ਕੌਣ ਨੇ ਹਰੀ ਸਿੰਘ ਨਲਵਾ ?

ਸਿੱਖ ਇਤਿਹਾਸ ਦੇ ਖੋਜਕਾਰ ਜਹਾਂਦਾਦ ਖ਼ਾਨ ਤਨੋਲੀ ਅਨੁਸਾਰ ਹਰੀ ਸਿੰਘ ਨਲਵਾ ਸਿੱਖ ਖ਼ਾਲਸਾ ਫ਼ੌਜ ਦੇ ਕਮਾਂਡਰ-ਇਨ-ਚੀਫ਼ ਸਨ। ਹਰੀ ਸਿੰਘ ਨਲਵਾ ਨੇ ਰਣਜੀਤ ਸਿੰਘ ਦੇ ਸਾਮਰਾਜ ਦੀ ਸਥਾਪਨਾ ਅਤੇ ਇਸ ਦੀਆਂ ਜਿੱਤਾਂ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ। ਉਨਾਂ ਨੇ ਘੱਟੋ-ਘੱਟ 20 ਵੱਡੀਆਂ ਜੰਗਾਂ ਦੀ ਕਮਾਂਡ ਕੀਤੀ ਹੈ। ਇਨਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਕਸੂਰ, ਸਿਆਲਕੋਟ, ਅਟਕ, ਮੁਲਤਾਨ, ਕਸ਼ਮੀਰ, ਪਿਸ਼ਾਵਰ ਅਤੇ ਜਮਰੌਦ ਦੀਆਂ ਜੰਗਾਂ ਸਨ ਜਿਨਾਂ ਵਿੱਚ ਜਰਨੈਲ ਨਲਵਾ ਨੇ ਕਮਾਂਡ ਸਾਂਭੀ ਸੀ ਤੇ ਜਿੱਤ ਹਾਸਿਲ ਕੀਤੀ ਸੀ।

ਜਹਾਂਦਾਦ ਖ਼ਾਨ ਨੇ ਕਿਹਾ, ‘ਜਰਨੈਲ ਹਰੀ ਸਿੰਘ ਨਲਵਾ ਨੇ ਘੱਟੋ-ਘੱਟ 56 ਵੱਖ-ਵੱਖ ਇਮਾਰਤਾਂ ਬਣਵਾਈਆਂ ਸਨ ਜਿੰਨਾਂ ਵਿੱਚ ਕਿਲੇ, ਗੁਰਦੁਆਰੇ, ਬਾਗ਼, ਮਹਿਲ ਅਤੇ ਸਰਾਵਾਂ ਸ਼ਾਮਲ ਹਨ। ਉਨਾਂ ਨੇ ਅਜੋਕੇ ਖ਼ੈਬਰ ਪਖ਼ਤੂਨਖਵਾ, ਕਸ਼ਮੀਰ ਅਤੇ ਪੰਜਾਬ ਵਿੱਚ ਜ਼ਿਆਦਾਤਰ ਇਮਾਰਤਾਂ ਬਣਾਈਆਂ ਸਨ। ਜਿੰਨਾਂ ਵਿੱਚੋਂ ਕਈ ਅੱਜ ਵੀ ਮੌਜੂਦ ਹਨ ਤੇ ਕਈਆਂ ਨੂੰ ਸੱਭਿਆਚਾਰਕ ਵਿਰਾਸਤ ਵਜੋਂ ਸੰਭਾਲਿਆ ਗਿਆ ਹੈ। 2013 ਵਿੱਚ ਹੀ, ਭਾਰਤ ਸਰਕਾਰ ਨੇ ਉਨਾਂ ਦੀ ਯਾਦ ਵਿੱਚ ਇੱਕ ਯਾਦਗਾਰੀ ਟਿਕਟ ਵੀ ਜਾਰੀ ਕੀਤੀ। ਜਹਾਂਦਾਦ ਖ਼ਾਨ ਤਨੋਲੀ ਮੁਤਾਬਕ ਹਰੀ ਸਿੰਘ ਨਲਵਾ ਕਸ਼ਮੀਰ, ਪਿਸ਼ਾਵਰ ਅਤੇ ਹਜ਼ਾਰਾ ਦੇ ਗਵਰਨਰ ਵੀ ਰਹੇ ਸਨ।

ਹਰੀ ਸਿੰਘ ਨਲਵਾ ਨੇ ਹਜ਼ਾਰਾ ਡਵੀਜ਼ਨ ਨੂੰ ਆਪਣੇ ਅਧੀਨ ਕੀਤਾ

ਖ਼ੈਬਰ ਪਖ਼ਤੂਨਖ਼ਵਾ ਦੇ ਹਜ਼ਾਰਾ ਡਿਵੀਜ਼ਨ ਦੇ ਇਤਿਹਾਸ ਦੇ ਖੋਜਕਾਰ ਇਜਾਜ਼ ਅਹਿਮਦ ਦੱਸਦੇ ਹਨ ਕਿ ਹਰੀ ਸਿੰਘ ਨਲਵਾ ਬਾਰੇ ਇਹ ਕਿਹਾ ਜਾਂਦਾ ਹੈ ਕਿ ਉਨਾਂ ਨੇ ਬੇਸ਼ੱਕ ਥੋੜੇ ਸਮੇਂ ਲਈ, ਪਰ ਲਾਹੌਰ ਤਖ਼ਤ ਦੇ ਸਾਰੇ ਖੇਤਰ ਨੂੰ ਆਪਣੇ ਅਧੀਨ ਕਰ ਲਿਆ ਸੀ। ਰਣਜੀਤ ਸਿੰਘ ਨੇ ਹਜ਼ਾਰਾ ਡਿਵੀਜ਼ਨ ਦੇ ਵਿਦਰੋਹ ਨੂੰ ਰੋਕਣ ਲਈ ਉਨਾਂ ਨੂੰ ਇੱਥੇ ਨਿਯੁਕਤ ਕੀਤਾ ਸੀ। ਕਿਉਂਕਿ ਹਰੀ ਸਿੰਘ ਨਲਵਾ ਤੋਂ ਪਹਿਲਾਂ ਘੱਟੋ-ਘੱਟ ਤਿੰਨ ਸਿੱਖ ਜਰਨੈਲਾਂ ਨੂੰ ਇੱਥੇ ਮਾਰ ਦਿੱਤਾ ਗਿਆ ਸੀ। ਅਮਰ ਸਿੰਘ ਮਜੀਠੀਆ ਨੂੰ ਐਬਟਾਬਾਦ ਜ਼ਿਲੇ ਦੇ ਗਲੀਅਤ ਖੇਤਰ ਦੇ ਪਿੰਡ ਸਮੰਦਰ-ਖੱਟਾ ਵਿੱਚ ਮਾਰਿਆ ਗਿਆ ਸੀ। ਖੋਜਕਾਰ ਸਾਹਿਬਜ਼ਾਦਾ ਜਵਾਦ ਅਲ-ਫ਼ੈਜ਼ੀ ਮੁਤਾਬਕ, ‘ਸਿੱਖਾਂ ਖ਼ਿਲਾਫ਼ ਹੋ ਰਹੇ ਵਿਰੋਧ ਕਾਰਨ ਕਸ਼ਮੀਰ ਉੱਤੇ ਸਿੱਖਾਂ ਦਾ ਕੰਟਰੋਲ ਕਰਨਾ ਵੀ ਔਖਾ ਹੁੰਦਾ ਜਾ ਰਿਹਾ ਸੀ। ਇਸ ਤੋਂ ਪਹਿਲਾਂ ਹਰੀ ਸਿੰਘ ਨਲਵਾ ਕਸ਼ਮੀਰ ਦੇ ਗਵਰਨਰ ਰਹੇ ਸਨ। ਉਨਾਂ ਨੇ ਸਥਾਨਕ ਲੋਕਾਂ ਦੇ ਵਿਦਰੋਹ ਨੂੰ ਰੋਕਣ ਲਈ ਅਜੋਕੇ ਹਰੀਪੁਰ ਵਿਖੇ ਆਪਣਾ ਟਿਕਾਣਾ ਬਣਾਇਆ ਸੀ।



## ਮਨਜਿੰਦਰ ਸਿੰਘ ਸਿਰਸਾ ਵੱਲੋਂ ਨਿਖੇਧੀ

ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਇਸ ਬੁੱਤ ਨੂੰ ਹਟਾਉਣ ’ਤੇ ਸਖ਼ਤ ਇਤਰਾਜ਼ ਜਤਾਇਆ ਜੋ ਸਿੱਖ ਕੌਮ ਲਈ ਭਾਵਨਾਤਮਕ ਮਹੱਤਵ ਰੱਖਦਾ ਹੈ। ਉਨਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਹਰੀ ਸਿੰਘ ਨਲਵਾ ਕੀ ਹਵੇਲੀ ਦੀ ਮੁਰੰਮਤ ਦਾ ਵਾਅਦਾ ਕੀਤਾ ਸੀ, ਪਰ ਅਜੇ ਤੱਕ ਅਜਿਹਾ ਨਹੀਂ ਹੋਇਆ। ਅਸੀਂ ਇਸ ਦੀ ਬਹਾਲੀ ਦੀ ਮੰਗ ਕਰਦੇ ਹਾਂ।

**ਸੱਚੋ ਸੱਚ ਦਸ ਵੇ ਜੋਗੀਆ**

ਭਾਜਪਾ ਵਿਰੁੱਧ ਕਿਸਾਨਾਂ ਦੀ ਬਗ਼ਾਵਤ ਤੇ ਟਿਕੈਤ ਦੀ ਲੀਡਰਸ਼ਿਪ

ਇਤਿਹਾਸਕ ਕਿਸਾਨ ਅੰਦੋਲਨ ਦੇ ਦਬਾਅ ਹੇਠ ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨ ਤਾਂ ਵਾਪਸ ਲੈ ਲਏ ਗਏ ਸਨ, ਪਰ ਬਾਕੀ ਮੰਗਾਂ ਪ੍ਰਤੀ ਸਿਰਫ਼ ਵਾਅਦਾ ਕੀਤਾ ਗਿਆ ਸੀ। ਇਨਾਂ ਮੰਗਾਂ ਵਿੱਚ ਸਭ ਫ਼ਸਲਾਂ ਲਈ ਘੱਟੋ-ਘੱਟ ਭਾਅ ਦੀ ਗਰੰਟੀ, ਵੱਖ-ਵੱਖ ਸੂਬਿਆਂ ਵਿੱਚ ਦਰਜ ਕੇਸਾਂ ਦੀ ਵਾਪਸੀ ਤੇ ਸ਼ਹੀਦ ਕਿਸਾਨਾਂ ਦੇ ਪਰਵਾਰਾਂ ਲਈ ਮੁਆਵਜ਼ਾ ਵਗੈਰਾ ਸ਼ਾਮਲ ਸਨ। ਦਿੱਲੀ ਦੀਆਂ ਸਰਹੱਦਾਂ ਉੱਤੇ ਲੱਗੇ ਮੋਰਚਿਆਂ ਨੂੰ ਉਠਾਉਣ ਸਮੇਂ ਕਿਸਾਨ ਜਥੇਬੰਦੀਆਂ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਕਿਸਾਨ ਅੰਦੋਲਨ ਨੂੰ ਸਮਾਪਤ ਨਹੀਂ, ਸਗੋਂ ਮੁਅੱਤਲ ਕਰ ਰਹੀਆਂ ਹਨ ਤੇ ਜੇਕਰ ਸਰਕਾਰ ਰਹਿੰਦੀਆਂ ਮੰਗਾਂ ਪੂਰੀਆਂ ਨਹੀਂ ਕਰਦੀ ਤਾਂ ਅੰਦੋਲਨ ਮੁੜ ਸ਼ੁਰੂ ਕੀਤਾ ਜਾਵੇਗਾ।

ਕਿਸਾਨਾਂ ਦੀਆਂ ਰਹਿੰਦੀਆਂ ਮੰਗਾਂ ਵਿੱਚੋਂ ਕੇਸਾਂ ਦੀ ਵਾਪਸੀ ਤੇ ਮੁਆਵਜ਼ੇ ਦੀ ਅਦਾਇਗੀ ਦਾ ਸੰਬੰਧ ਰਾਜ ਸਰਕਾਰਾਂ ਅਧੀਨ ਆਉਂਦਾ ਹੈ, ਪਰ ਐੱਮ. ਐੱਸ. ਪੀ. ਦਾ ਮੁੱਦਾ ਸਿੱਧਾ ਕੇਂਦਰ ਸਰਕਾਰ ਨਾਲ਼ ਜੁੜਿਆ ਹੋਇਆ ਹੈ।

ਮੋਦੀ ਸਰਕਾਰ ਨੇ ਇਹ ਮੰਗਾਂ ਨਾ ਮੰਨਕੇ ਕਿਸਾਨਾਂ ਨਾਲ਼ ਧੋਖਾ ਕੀਤਾ ਹੈ। ਇਸ ਕਾਰਨ ਸੰਯੁਕਤ ਕਿਸਾਨ ਮੋਰਚੇ ਨੇ ਵੀ ਮੁੜ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ। ਇਸ ਸਬੰਧੀ ਪਹਿਲਾਂ 31ਜਨਵਰੀ ਨੂੰ ਦੇਸ਼ ਭਰ ਵਿੱਚ ਵਿਸ਼ਵਾਸਘਾਤ ਦਿਵਸ ਦੇ ਸੱਦੇ ਅਧੀਨ ਜ਼ਿਲਾ ਕੇਂਦਰਾਂ ਉੱਤੇ ਧਰਨੇ ਦਿੱਤੇ ਗਏ ਤੇ ਫਿਰ 3 ਫ਼ਰਵਰੀ ਨੂੰ ਦਿੱਲੀ ਵਿੱਚ ਪ੍ਰੈੱਸ ਕਾਨਫ਼ਰੰਸ ਕਰਕੇ ਉੱਤਰ ਪ੍ਰਦੇਸ਼ ਤੇ ਉਤਰਾਖੰਡ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਹਰਾ ਕੇ ਸਜ਼ਾ ਦੇਣ ਦਾ ਹੋਕਾ ਦੇ ਦਿੱਤਾ ਹੈ।

ਇਸ ਮੌਕੇ ਉੱਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਦੇ ਨਾਂ ਹੇਠਾਂ ਉੱਤਰ ਪ੍ਰਦੇਸ਼ ਤੇ ਉਤਰਾਖੰਡ ਦੇ ਕਿਸਾਨਾਂ ਨੂੰ ਸੰਬੋਧਨ ਇੱਕ ਚਿੱਠੀ ਜਾਰੀ ਕੀਤੀ ਗਈ ਹੈ। ਕਿਸਾਨ ਅੰਦੋਲਨ ਦੀ ਯਾਦ ਦਿਵਾਉਂਦਿਆਂ ਚਿੱਠੀ ਵਿੱਚ ਕਿਹਾ ਗਿਆ ਹੈ ਕਿ ਤੁਹਾਨੂੰ ਯਾਦ ਹੋਵੇਗਾ ਕਿ ਦੇਸ਼ ਦੇ ਕਰੋੜਾਂ ਕਿਸਾਨਾਂ ਨੇ ਆਪਣੀ ਫ਼ਸਲਾਂ ਤੇ ਆਉਣ ਵਾਲੀਆਂ ਨਸਲਾਂ ਨੂੰ ਬਚਾਉਣ ਲਈ ਇੱਕ ਇਤਿਹਾਸਕ ਅੰਦੋਲਨ ਲੜਿਆ ਸੀ। ਦਿੱਲੀ ਦੇ ਬਾਰਡਰ ਉੱਤੇ ਸਰਦੀ, ਗਰਮੀ ਤੇ ਬਰਸਾਤ ਸਹਾਰੀ, ਸਰਕਾਰੀ ਡਾਂਗਾਂ ਖਾਧੀਆਂ। ਇਸ ਸੰਘਰਸ਼ ਵਿੱਚ 700 ਤੋਂ ਵੱਧ ਕਿਸਾਨਾਂ ਨੇ ਸ਼ਹੀਦੀਆਂ ਦਿੱਤੀਆਂ। ਇਸ ਅੰਦੋਲਨ ਕਾਰਨ ਸਰਕਾਰ ਨੂੰ ਕਿਸਾਨ ਵਿਰੋਧੀ ਕਾਲ਼ੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ।

ਚਿੱਠੀ ਵਿੱਚ ਲਖੀਮਪੁਰ ਖੀਰੀ ਕਾਂਡ, ਬੀ. ਜੇ. ਪੀ. ਦੀ ਅਗਵਾਈ ਵਾਲੀਆਂ ਰਾਜ ਸਰਕਾਰਾਂ ਵੱਲੋਂ ਕਿਸਾਨਾਂ ਉੱਤੇ ਲਾਠੀਆਂ, ਅੱਥਰੂ ਗ਼ੈਸ ਤੇ ਝੂਠੇ ਮੁਕੱਦਮੇ ਬਣਾਉਣ ਦਾ ਜ਼ਿਕਰ ਕਰਦਿਆਂ ਕਿਸਾਨਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਭਾਜਪਾ ਸਿਰਫ਼ ਵੋਟ, ਸੀਟ ਤੇ ਸੱਤਾ ਦੀ ਭਾਸ਼ਾ ਸਮਝਦੀ ਹੈ ਤੇ ਉਸ ਨੂੰ ਇਸੇ ਭਾਸ਼ਾ ਵਿੱਚ ਜਵਾਬ ਦਿੱਤਾ ਜਾਵੇ। ਇਸ ਚਿੱਠੀ ਵਿੱਚ 2017 ਦੀਆਂ ਵਿਧਾਨ ਚੋਣਾਂ ਸਮੇਂ ਭਾਜਪਾ ਵੱਲੋਂ ਕੀਤੇ ਗਏ ਵਾਅਦੇ ਕਰਜ਼ਾ ਮੁਆਫ਼ੀ, ਗੰਨੇ ਦੀ ਅਦਾਇਗੀ, ਸਸਤੀ ਬਿਜਲੀ ਤੇ ਐੱਮ. ਐੱਸ. ਪੀ. ਉੱਤੇ ਖ਼ਰੀਦ ਨਾ ਕਰਨ ਨੂੰ ਚੇਤੇ ਕਰਾਉਂਦਿਆਂ ਕਿਸਾਨਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਭਾਜਪਾ ਦੇ ਕੰਨ ਖੋਲਣ ਲਈ ਉਸ ਵਿਰੁੱਧ ਵੋਟਾਂ ਪਾ ਕੇ ਉਸ ਨੂੰ ਸਜ਼ਾ ਦੇਣ। ਇਹ ਚਿੱਠੀ ਡਾ. ਦਰਸ਼ਨ ਪਾਲ, ਹੰਨਾਨ ਮੁੱਲਾ, ਜਗਜੀਤ ਸਿੰਘ ਡੱਲੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਸ਼ਿਵ ਕੁਮਾਰ (ਕੱਕਾ ਜੀ), ਰਾਕੇਸ਼ ਟਿਕੈਤ, ਯੁੱਧਵੀਰ ਸਿੰਘ ਆਦਿ ਦੇ ਦਸਤਖਤਾਂ ਹੇਠ ਜਾਰੀ ਕੀਤੀ ਗਈ ਹੈ।

ਇਸ ਦੇ ਨਾਲ਼ ਹੀ ਕਿਸਾਨ ਆਗੂਆਂ ਨੇ ਦੱਸਿਆ ਕਿ ਆਉਂਦੇ ਦਿਨਾਂ ਦੌਰਾਨ ਮੇਰਠ, ਝਾਂਸੀ, ਗੋਰਖ਼ਪੁਰ, ਕਾਨਪੁਰ, ਸਿਧਾਰਥਨਗਰ, ਲਖਨਊ, ਬਨਾਰਸ, ਮੁਰਾਦਾਬਾਦ ਤੇ ਅਲਾਹਾਬਾਦ ਵਿੱਚ ਪ੍ਰੈੱਸ ਕਾਨਫ਼ਰੰਸਾਂ ਕਰਕੇ ਮੋਦੀ ਸਰਕਾਰ ਦੀ ਵਾਅਦਾ ਖ਼ਿਲਾਫ਼ੀ ਦਾ ਭਾਂਡਾ ਭੰਨਿਆ ਜਾਵੇਗਾ। ਕਿਸਾਨ ਆਗੂਆਂ ਨੇ ਕਿਹਾ ਕਿ ਉੱਤਰ ਪ੍ਰਦੇਸ਼ ਦੀਆਂ 55 ਕਿਸਾਨ ਜਥੇਬੰਦੀਆਂ ਨੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਜਪਾ ਨੂੰ ਵੋਟ ਨਾ ਪਾਉਣ ਦੇ ਫ਼ੈਸਲੇ ਦਾ ਸਮੱਰਥਨ ਕੀਤਾ ਹੈ।

ਸੰਯੁਕਤ ਕਿਸਾਨ ਮੋਰਚੇ ਨੇ ਭਾਵੇਂ ਆਪਣੇ ਵਿਰੋਧ ਲਈ ਸਿਰਫ਼ ਉੱਤਰ ਪ੍ਰਦੇਸ਼ ਤੇ ਉਤਰਾਖੰਡ ਨੂੰ ਹੀ ਚੁਣਿਆ ਹੈ, ਪਰ ਪੰਜਾਬ ਵਾਲਿਆਂ ਨੂੰ ਵੀ ਇਸੇ ਦਿਸ਼ਾ ਵਿੱਚ ਅੱਗੇ ਵਧਣਾ ਚਾਹੀਦਾ ਹੈ। ਰਾਕੇਸ਼ ਟਿਕੈਤ ਭਾਜਪਾ ਖ਼ਿਲਾਫ਼ ਸਰਗਰਮ ਭੂਮਿਕਾ ਨਿਭਾਉਂਦੇ ਨਜ਼ਰ ਆ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਨੇ ਹਿੰਦੀ ਵਿੱਚ ਇੱਕ ਪਰਚਾ ਕੱਢ ਕੇ ਵੱਡੇ ਪੱਧਰ ਉੱਤੇ ਵੰਡਣ ਦਾ ਫ਼ੈਸਲਾ ਵੀ ਕੀਤਾ ਹੈ ਜਿਸ ਵਿੱਚ ਕਿਸਾਨਾਂ ਅਤੇ ਹੋਰ ਵਰਗਾਂ ਦੇ ਲੋਕਾਂ ਨੂੰ ਭਾਜਪਾ ਨੂੰ ਹਰਾਉਣ ਦਾ ਸੱਦਾ ਦਿੱਤਾ ਗਿਆ ਹੈ। ਪੰਜਾਬ ਵਿੱਚ ਭਾਜਪਾ ਖ਼ਿਲਾਫ਼ ਉੱਤਰ ਪ੍ਰਦੇਸ਼ ਵਾਂਗ ਸਰਗਰਮ ਵਿਰੋਧ ਕਰਨ ਵਾਲੀ ਰਣਨੀਤੀ ਅਪਣਾਉਣ ਤੋਂ ਗੁਰੇਜ਼ ਕਰਦੀਆਂ ਲੱਗਦੀਆਂ ਹਨ। ਆਉਣ ਵਾਲੇ ਸਮੇਂ ਵਿੱਚ ਇਹ ਸਵਾਲ ਸਿਆਸੀ ਪਿੜ ਵਿੱਚ ਪ੍ਰਮੁੱਖਤਾ ਨਾਲ਼ ਉੱਭਰ ਸਕਦਾ ਹੈ। ਪੰਜਾਬ ਵਿੱਚ ਵੀ ਭਾਜਪਾ ਦੀ ਅਗਵਾਈ ਵਾਲਾ ਗਠਜੋੜ ਸਾਰੀਆਂ ਸੀਟਾਂ ਲੜ ਰਿਹਾ ਹੈ। ਪੰਜਾਬ ਵਿੱਚ ਭਾਵੇਂ ਭਾਜਪਾ ਦਾ ਬਹੁਤਾ ਆਧਾਰ ਨਹੀਂ, ਪਰ ਉਸ ਨੂੰ ਸਜ਼ਾ ਤਾਂ ਏਥੇ ਵੀ ਦੇਣੀ ਬਣਦੀ ਹੈ।

ਇਸ ਦਬਾਅ ਕਾਰਨ ਪਹਿਲੀ ਵਾਰ ਕੇਂਦਰੀ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਹੈ ਕਿ ਪੰਜ ਰਾਜਾਂ ਦੀਆਂ ਚੋਣਾਂ ਤੋਂ ਬਾਅਦ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਉੱਤੇ ਕਮੇਟੀ ਬਣਾ ਦਿੱਤੀ ਜਾਵੇਗੀ। ਸਰਕਾਰ ਨੇ ਚੋਣ ਕਮਿਸ਼ਨ ਨੂੰ ਇਸ ਸਬੰਧੀ ਤਜਵੀਜ਼ ਭੇਜੀ ਸੀ ਅਤੇ ਕਮਿਸ਼ਨ ਦੇ ਕਹਿਣ ਉੱਤੇ ਚੋਣਾਂ ਤੱਕ ਕਮੇਟੀ ਦੀ ਨੋਟੀਫਿਕੇਸ਼ਨ ਟਾਲ ਦਿੱਤੀ ਗਈ ਹੈ। ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਪ੍ਰਗਟਾਈ ਗਈ ਸਹਿਮਤੀ ਵਾਲੇ ਹਰ ਮੁੱਦੇ ਉੱਤੇ ਅਮਲ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 19 ਨਵੰਬਰ, 2021 ਨੂੰ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਸੀ।

## ਓਲੰਪਿਕ ਖੇਡਾਂ ਸਬੰਧੀ ਭਾਰਤ ਵੱਲੋਂ ਚੀਨ ਦਾ ਸਫ਼ਾਰਤੀ ਬਾਈਕਾਟ

ਭਾਰਤ ਨੇ ਚੀਨ ਦੀ ਰਾਜਧਾਨੀ ਪੇਈਚਿੰਗ ਵਿੱਚ ਹੋ ਰਹੀਆਂ ਸਰਦ-ਰੁੱਤ ਦੀਆਂ ਓਲੰਪਿਕ ਖੇਡਾਂ ਦਾ ਸਫ਼ਾਰਤੀ ਬਾਈਕਾਟ ਕਰਨ ਦਾ ਫ਼ੈਸਲਾ ਕੀਤਾ ਹੈ। ਭਾਰਤ ਦੇ ਫ਼ੈਸਲੇ ਦਾ ਕਾਰਨ ਇਹ ਹੈ ਕਿ ਭਾਰਤ ਨਾਲ਼ ਗਲਵਾਨ ਘਾਟੀ ਵਿੱਚ ਹੋਈਆਂ ਝੜਪਾਂ ਵਿੱਚ ਜ਼ਖ਼ਮੀ ਹੋਇਆ ਚੀਨੀ ਫ਼ੌਜ ਦਾ ਅਧਿਕਾਰੀ ਕੀ ਫੈਬੀਓ ਬੁੱਧਵਾਰ ਓਲੰਪਿਕਸ ਦੀ ਮਸ਼ਾਲ ਲੈ ਕੇ ਦੌੜਿਆ ਸੀ। ਇਸ ਦੇ ਨਾਲ਼-ਨਾਲ਼ ਪ੍ਰਸਾਰ ਭਾਰਤੀ ਨੇ ਦੂਰਦਰਸ਼ਨ ’ਤੇ ਖੇਡਾਂ ਦੇ ਉਦਘਾਟਨੀ ਅਤੇ ਸਮਾਪਤੀ ਸਮਾਰੋਹਾਂ ਦਾ ਪ੍ਰਸਾਰਨ ਨਾ ਕਰਨ ਦਾ ਐਲਾਨ ਕੀਤਾ ਹੈ। ਭਾਰਤ ਖੇਡਾਂ ਵਿੱਚ ਹਿੱਸਾ ਲਵੇਗਾ, ਭਾਰਤ ਵੱਲੋਂ ਸਿਰਫ਼ ਇੱਕ ਅਥਲੀਟ ਆਰਿਫ਼ ਖ਼ਾਂ ਇਨਾਂ ਖੇਡਾਂ ਵਿੱਚ ਹਿੱਸਾ ਲੈ ਰਿਹਾ ਹੈ।

ਖੇਡਾਂ ਦੇ ਸਮੁੱਚੇ ਬਾਈਕਾਟ ਅਤੇ ਸਫ਼ਾਰਤੀ ਬਾਈਕਾਟ ਵਿੱਚ ਕਾਫ਼ੀ ਵੱਡਾ ਫ਼ਰਕ ਹੈ। ਕਿਸੇ ਦੇਸ਼ ਦੁਆਰਾ ਕਿਸੇ ਪੱਧਰ ਦੀਆਂ ਖੇਡਾਂ ਦੇ ਸਮੁੱਚੇ ਬਾਈਕਾਟ ਦਾ ਮਤਲਬ ਉਸ ਦੇ ਖਿਡਾਰੀਆਂ ਵੱਲੋਂ ਖੇਡਾਂ ਵਿੱਚ ਹਿੱਸਾ ਨਾ ਲੈਣਾ ਹੁੰਦਾ ਹੈ, ਇਸ ਦੇ ਨਾਲ਼-ਨਾਲ਼ ਉਸ ਦੇਸ਼ ਦੇ ਖੇਡ ਅਧਿਕਾਰੀ ਅਤੇ ਸਫ਼ਾਰਤੀ ਨੁਮਾਇੰਦੇ ਵੀ ਖੇਡਾਂ ਦੇ ਕਿਸੇ ਸਮਾਗਮ ਅਤੇ ਕਾਰਵਾਈ ਵਿੱਚ ਹਿੱਸਾ ਨਹੀਂ ਲੈਂਦੇ। ਸਫ਼ਾਰਤੀ ਬਾਈਕਾਟ ਤਹਿਤ ਸਬੰਧਤ ਦੇਸ਼ ਉਨਾਂ ਖੇਡਾਂ ਵਿੱਚ ਆਪਣੇ ਸਫ਼ਾਰਤੀ ਨੁਮਾਇੰਦੇ ਨਹੀਂ ਭੇਜਦਾ ਅਤੇ ਖੇਡਾਂ ਦੇ ਦਿਨਾਂ ਦੌਰਾਨ ਸਫ਼ਾਰਤੀ ਪੱਧਰ ’ਤੇ ਮੀਟਿੰਗਾਂ ਤੋਂ ਵੀ ਗੁਰੇਜ਼ ਕੀਤਾ ਜਾਂਦਾ ਹੈ। 1976, 1980 ਅਤੇ 1984 ਵਿੱਚ ਗਰਮੀਆਂ ਦੀਆਂ ਓਲੰਪਿਕ ਖੇਡਾਂ ਜਿਨਾਂ ਨੂੰ ਪ੍ਰਮੁੱਖ ਓਲੰਪਿਕ ਖੇਡਾਂ ਮੰਨਿਆ ਜਾਂਦਾ ਹੈ, ਦੇ ਵੱਡੇ ਬਾਈਕਾਟ ਹੋਏ ਸਨ। 1976 ਵਿੱਚ 22 ਅਫ਼ਰੀਕੀ ਦੇਸ਼ਾਂ ਨੇ ਦੱਖਣੀ ਅਫ਼ਰੀਕਾ ਵਿੱਚ ਨਸਲੀ ਵਿਤਕਰੇ ਦੇ ਮੁੱਦੇ ’ਤੇ ਮੌਂਟਰੀਅਲ ਓਲੰਪਿਕ ਖੇਡਾਂ ਦਾ ਬਾਈਕਾਟ ਕੀਤਾ ਸੀ। ਸਭ ਤੋਂ ਵੱਡਾ ਬਾਈਕਾਟ 1980 ਦੀਆਂ ਮਾਸਕੋ ਓਲੰਪਿਕ ਖੇਡਾਂ ਦਾ ਸੀ ਜਿਸ ਵਿੱਚ ਅਮਰੀਕਾ ਅਤੇ ਉਸ ਦੇ ਸਾਥੀ 64 ਦੇਸ਼ਾਂ ਨੇ ਸੋਵੀਅਤ ਯੂਨੀਅਨ ਦੇ ਅਫ਼ਗ਼ਾਨਿਸਤਾਨ ਵਿੱਚ ਫ਼ੌਜੀ ਦਖ਼ਲ ਦੇ ਵਿਰੋਧ ਵਿੱਚ ਖੇਡਾਂ ਵਿੱਚ ਹਿੱਸਾ ਨਹੀਂ ਸੀ ਲਿਆ। ਸੋਵੀਅਤ ਯੂਨੀਅਨ ਅਤੇ ਉਸ ਦੇ ਹਮਾਇਤੀ ਦੇਸ਼ਾਂ ਨੇ 1984 ਵਿੱਚ ਲਾਸ ਏਂਜਲਸ, ਅਮਰੀਕਾ ਵਿੱਚ ਹੋਈਆਂ ਖੇਡਾਂ ਦਾ ਬਾਈਕਾਟ ਕੀਤਾ ਸੀ। ਭਾਰਤ ਤੋਂ ਪਹਿਲਾਂ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ ਆਦਿ ਨੇ ਵੀ ਪੇਈਚਿੰਗ ਦੀਆਂ ਸਰਦ-ਰੁੱਤ ਦੀਆਂ ਉਲੰਪਿਕ ਖੇਡਾਂ ਦੇ ਸਫ਼ਾਰਤੀ ਬਾਈਕਾਟ ਦਾ ਐਲਾਨ ਕੀਤਾ ਹੈ। ਇਨਾਂ ਦੇਸ਼ਾਂ ਅਨੁਸਾਰ ਉਹ ਚੀਨ ਵੱਲੋਂ ਉਈਗਰ ਮੁਸਲਮਾਨਾਂ ਨਾਲ਼ ਕੀਤੇ ਜਾਂਦੇ ਵਿਤਕਰਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਾਰਨ ਬਾਈਕਾਟ ਕਰ ਰਹੇ ਹਨ। ਜਰਮਨੀ ਨੇ ਚੀਨੀ ਟੈਨਿਸ ਖਿਡਾਰੀ ਪੇਂਗ ਸ਼ੁਆਈ ਨਾਲ਼ ਕੀਤੇ ਵਰਤਾਉ ਕਾਰਨ ਸਫ਼ਾਰਤੀ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਪੇਂਗ ਸ਼ੁਆਈ ਨੇ ਕਮਿਊਨਿਸਟ ਪਾਰਟੀ ਦੇ ਇੱਕ ਆਗੂ ’ਤੇ ਜ਼ੋਰ-ਜ਼ਬਰਦਸਤੀ ਕਰਨ ਦੇ ਦੋਸ਼ ਲਗਾਏ ਸਨ ਅਤੇ ਇਸ ਤੋਂ ਬਾਅਦ ਉਸ ਦੀਆਂ ਸੋਸ਼ਲ ਮੀਡੀਆ ’ਤੇ ਪੋਸਟਾਂ ਗ਼ਾਇਬ ਕਰ ਦਿੱਤੀਆਂ ਗਈਆਂ ਸਨ। ਕਈ ਦੇਸ਼ਾਂ ਨੇ ਕੋਵਿਡ-19 ਦੀ ਮਹਾਂਮਾਰੀ ਕਾਰਨ ਪੇਈਚਿੰਗ ਵਿੱਚ ਸਫ਼ਾਰਤੀ ਨੁਮਾਇੰਦੇ ਭੇਜਣ ਤੋਂ ਮਨਾ ਕੀਤਾ ਹੈ।

ਭਾਰਤ ਤੇ ਚੀਨ ਦੀ ਸਰਹੱਦ ’ਤੇ ਤਣਾਓ ਬਣਿਆ ਹੋਇਆ ਹੈ। ਅਜਿਹੇ ਹਾਲਾਤ ਵਿੱਚ ਚੀਨ ਦੁਆਰਾ ਇਨਾਂ ਫ਼ੌਜੀ ਕਾਰਵਾਈਆਂ ਵਿੱਚ ਹਿੱਸਾ ਲੈਣ ਵਾਲੇ ਫ਼ੌਜੀ ਅਧਿਕਾਰੀ ਨੂੰ ਕੌਮਾਂਤਰੀ ਖੇਡਾਂ ਵਿੱਚ ਮਸ਼ਾਲ-ਧਾਰਕ ਬਣਾਉਣਾ ਨੈਤਿਕ ਤੌਰ ’ਤੇ ਗ਼ਲਤ ਹੈ। ਖੇਡਾਂ ਦੇ ਮੈਦਾਨ ਦੇਸ਼ਾਂ ਵਿੱਚ ਅਮਨ-ਸ਼ਾਂਤੀ ਦੀਆਂ ਭਾਵਨਾਵਾਂ ਅਤੇ ਆਪਸੀ ਸਹਿਯੋਗ ਵਧਾਉਣ ਦਾ ਜ਼ਰੀਆ ਹਨ। ਇਸ ਲਈ ਖੇਡਾਂ ਦੀ ਮੇਜ਼ਬਾਨੀ ਕਰ ਰਹੇ ਦੇਸ਼ ਨੂੰ ਉਹ ਕਾਰਵਾਈਆਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜੋ ਦੂਸਰੇ ਦੇਸ਼ਾਂ ਲਈ ਕੁੜੱਤਣ ਵਧਾਉਣ ਦਾ ਕਾਰਨ ਬਣ ਸਕਦੀਆਂ ਹਨ। ਚੀਨ ਅਤੇ ਭਾਰਤ ਵਿਚਕਾਰ ਲੰਮੀ ਸਰਹੱਦ ਹੈ। ਦੋਵੇਂ ਵੱਡੀ ਆਬਾਦੀ ਵਾਲੇ ਦੇਸ਼ ਹਨ ਜਿਨਾਂ ਵਿੱਚ ਵਿਆਪਕ ਪੱਧਰ ’ਤੇ ਵਪਾਰ ਹੁੰਦਾ ਹੈ। ਦੋਹਾਂ ਦੇਸ਼ਾਂ ਦੇ ਲੋਕਾਂ ਦੀ ਭਲਾਈ ਇਸ ਗੱਲ ਵਿੱਚ ਹੈ ਕਿ ਸਰਹੱਦ ’ਤੇ ਤਣਾਓ ਨੂੰ ਘਟਾਇਆ ਜਾਵੇ।

# ਕੈਨੇਡਾ ਦੇ ਡਰਾਈਵਰਾਂ ਦਾ ਸੰਘਰਸ਼ ਤਿੱਖਾ ਹੋਇਆ

**✪ ਪੰਜਾਬੀ ਭਾਈਚਾਰਾ ਟਰੂਡੋ ਸਰਕਾਰ ਵਿਰੁਧ ਸਰਗਰਮ ✪ ਰੋਸ ਮੁਜ਼ਾਹਰੇ ਵਿਚ ਟਰੈਕਟਰ ਵੀ ਹੋਏ ਸ਼ਾਮਲ ✪ ਜਸਟਿਨ ਟਰੂਡੋ, ਕਰਮਾ, ਖਾਲਿਸਤਾਨ ਆਦਿ ਹੈਸ਼ਟੈਗ ਹੋ ਰਹੇ ਨੇ ਟ੍ਰੈਂਡ ✪ ਮੁਜ਼ਾਹਰਾਕਾਰੀਆਂ ਦੀ ਮਦਦ ਲਈ ਇਕੱਠੇ ਹੋਏ 90 ਲੱਖ ਡਾਲਰ ਜ਼ਬਤ ✪ ਪ੍ਰਦਰਸ਼ਨਾਂ ਨੂੰ ਖ਼ਤਮ ਕਰਾਉਣ ਲਈ ਫ਼ੌਜੀ ਕਾਰਵਾਈ 'ਤੇ ਵਿਚਾਰ ਨਹੀਂ : ਟਰੂਡੋ ✪ ਟਰੱਕ ਡਰਾਈਵਰਾਂ ਦੀ ਹੜਤਾਲ ਦੇ ਵਿਰੋਧ ਵਿਚ ਆਏ ਜਗਮੀਤ ਸਿੰਘ**

**ਰਜਿੰਦਰ ਸਿੰਘ ਪੁਰੇਵਾਲ**






ਲਿਬਰਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਵਿਰੁੱਧ ਇਸ ਵੇਲੇ ਕੈਨੇਡਾ ਦੇ ਹਜ਼ਾਰਾਂ ਟਰੱਕ ਆਪ੍ਰੇਟਰ ਜ਼ੋਰਦਾਰ ਪ੍ਰਦਰਸ਼ਨ ਕਰ ਰਹੇ ਹਨ। ਸਮੂਹ ਪੰਜਾਬੀਆਂ ਦਾ ਧਿਆਨ ਇਸ ਰੋਸ ਮੁਜ਼ਾਹਰੇ ਵੱਲ ਖ਼ਾਸ ਤੌਰ 'ਤੇ ਲੱਗਾ ਹੈ, ਕਿਉਂਕਿ ਅਮਰੀਕਾ ਤੇ ਕੈਨੇਡਾ ਵਿਚ ਪੰਜਾਬੀ ਟਰੱਕ ਡਰਾਈਵਰਾਂ ਦੀ ਵੱਡੀ ਗਿਣਤੀ ਹੈ। ਲੰਘੀ 26 ਜਨਵਰੀ ਨੂੰ ਟਰੱਕਰਜ਼ ਦੇ ਇਸ ਰੋਸ ਮੁਜ਼ਾਹਰੇ ਦੇ ਜਲੂਸ ਦੀ ਲੰਬਾਈ 45 ਮੀਲ ਦੱਸੀ ਗਈ ਸੀ, ਜੋ ਆਪਣੇ ਆਪ ਵਿਚ ਹੀ ਰਿਕਾਰਡ ਹੈ। ਇਸੇ ਮਹੀਨੇ ਕੈਨੇਡਾ ਸਰਕਾਰ ਨੇ ਕੋਰੋਨਾ ਮਹਾਮਾਰੀ ਕਾਰਨ ਇਕ ਹੁਕਮ ਲਾਗੂ ਕਰ ਦਿੱਤਾ ਸੀ ਕਿ ਜਿਹੜੇ ਵੀ ਡਰਾਈਵਰ ਟਰੱਕ ਅਮਰੀਕਾ ਤੋਂ ਲੈ ਕੇ ਆਉਣਗੇ, ਉਨਾਂ ਨੂੰ ਬਾਰਡਰ 'ਤੇ ਕੋਵਿਡ-19 ਵੈਕਸੀਨ ਲੱਗੇ ਹੋਣ ਦਾ ਸਰਟੀਫਿਕੇਟ ਵਿਖਾਉਣਾ ਹੋਵੇਗਾ। ਟਰੱਕ ਆਪ੍ਰੇਟਰ ਟਰੂਡੋ ਸਰਕਾਰ ਵਿਰੁੱਧ ਸਮੁੱਚੇ ਦੇਸ਼ 'ਚ ਜ਼ੋਰਦਾਰ ਰੋਸ ਮੁਜ਼ਾਹਰੇ ਕਰ ਰਹੇ ਹਨ। ਬੀਤੇ ਹਫਤੇ ਉਨਾਂ ਨੇ ਕੈਨੇਡੀਅਨ ਸੰਸਦ ਦੇ ਸਾਹਮਣੇ ਵੀ ਪ੍ਰਦਰਸ਼ਨ ਕੀਤਾ। ਇਨਾਂ ਪ੍ਰਦਰਸ਼ਨਾਂ ਕਾਰਨ ਹੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਹੁਣ ਰਾਜਧਾਨੀ ਓਟਾਵਾ ਸਥਿਤ ਆਪਣੀ ਸਰਕਾਰੀ ਰਿਹਾਇਸ਼ਗਾਹ ਨੂੰ ਛੱਡ ਕੇ ਕਿਸੇ ਗੁਪਤ ਸਥਾਨ 'ਤੇ ਰਹਿਣਾ ਪੈ ਰਿਹਾ ਹੈ। ਹੁਣ ਮੁਜ਼ਾਹਰਾਕਾਰੀਆਂ ਵਿਚ ਘੁਸਪੈਠ ਕਰਨ ਵਾਲੇ ਸ਼ਰਾਰਤੀ ਲੋਕ ਹੁੱਲੜਬਾਜ਼ੀ ਅਤੇ ਤੋੜ-ਭੰਨ 'ਤੇ ਉਤਰ ਆਏ ਹਨ। ਦਿਨ-ਬ-ਦਿਨ ਸਥਿਤੀ ਗੰਭੀਰ ਹੁੰਦੀ ਜਾ ਰਹੀ ਹੈ। ਪ੍ਰਧਾਨ ਮੰਤਰੀ ਟਰੂਡੋ ਨੇ ਟਰੱਕਾਂ ਵਾਲਿਆਂ ਨੂੰ ਮਾੜੇ ਅਨਸਰਾਂ ਦੀ ਉਨਾਂ ਵਿਚ ਘੁਸਪੈਠ ਅਤੇ ਚਾਲਾਂ ਤੋਂ ਸੁਚੇਤ ਕੀਤਾ ਹੈ।

ਉਨਾਂ ਕਿਹਾ ਕਿ ਟੀਕਾਕਰਨ ਤੋਂ ਨਾਂਹ ਕਰਨਾ ਤਾਂ ਸਿੱਧਾ ਵਿਗਿਆਨ ਨੂੰ ਨਕਾਰਨਾ ਅਤੇ ਚੁਣੌਤੀ ਹੈ। ਓਟਵਾ ਸ਼ਹਿਰ ਵਿਚ ਲੋਕਾਂ ਦਾ ਜਿਊਣਾ ਔਖਾ ਹੋਇਆ ਪਿਆ ਹੈ। ਟਰੱਕ ਖੜੇ ਹੋਣ ਕਾਰਨ ਸੜਕਾਂ ਉਤੇ ਆਵਾਜਾਈ ਬੰਦ ਹੈ। ਕਾਫ਼ੀ ਕੂੜਾ ਖ਼ਿਲਰਿਆ ਪਿਆ ਹੈ ਤੇ ਟਰੱਕਾਂ ਦੇ ਹਾਰਨ ਵੱਜਣ ਨਾਲ ਸ਼ਹਿਰ ਦਾ ਵਾਤਾਵਰਨ ਵੀ ਦੂਸ਼ਿਤ ਹੋ ਰਿਹਾ ਹੈ। ਟੋਰਾਂਟੋ ਦੇ ਵੱਖ-ਵੱਖ ਖੇਤਰਾਂ ਦੇ ਨਾਲ-ਨਾਲ ਟੋਰਾਂਟੋ ਸ਼ਹਿਰ ਵਿੱਚ ਵੀ ਇਨਾਂ ਦੀ ਆਮਦ ਹੋ ਗਈ ਹੈ। ਇਸ ਸ਼ਹਿਰ ਵਿੱਚ ਜਿੱਥੇ ਲੋਕਾਂ ਨੂੰ ਮੁਸ਼ਕਲ ਪੇਸ਼ ਆ ਰਹੀ ਹੈ ਉੱਥੇ ਹੀ ਟੋਰਾਂਟੋ ਪ੍ਰਸ਼ਾਸਨ ਅਤੇ ਪੁਲਿਸ ਲਈ ਵੀ ਇਹ ਸਭ ਸਿਰਦਰਦੀ ਬਣਿਆ ਹੋਇਆ ਹੈ ਅਤੇ ਇਸ ਤੋਂ ਬਾਅਦ ਇਸ ਵਿਚ ਇਹ ਵਾਧਾ ਹੋਰ ਹੋ ਰਿਹਾ ਹੈ ਕਿ ਟ੍ਰਾਂਸਪੋਰਟ ਕਿੱਤਿਆਂ ਨਾਲ ਜੁੜੇ ਹੋਏ ਸੈਂਕੜੇ ਕਿਸਾਨ ਵੀ ਟਰੈਕਟਰ ਲੈ ਕੇ ਇਨਾਂ ਮੁਜ਼ਾਹਰਾਕਾਰੀ ਟਰੱਕਾਂ ਵਾਲਿਆਂ ਦੀ ਹਮਾਇਤ ਵਿਚ ਆ ਗਏ ਹਨ। ਪਤਾ ਲੱਗਾ ਹੈ ਕਿ ਬਹੁਤੇ ਕਿਸਾਨ ਜੋ ਕਿ ਖੁਦ ਵੀ ਟ੍ਰਾਂਸਪੋਰਟ ਕਿੱਤੇ ਨਾਲ ਜੁੜੇ ਹੋਏ ਹਨ ਅਤੇ ਆਪਣੀਆਂ ਜਿਣਸਾਂ ਅਤੇ ਪਾਲਤੂ ਜਾਨਵਰ ਆਪ ਟਰੱਕਾਂ ਰਾਹੀਂ ਕੈਨੇਡਾ ਅਤੇ ਅਮਰੀਕਾ ਦੇ ਵੱਖ-ਵੱਖ ਸੂਬਿਆਂ ਵਿਚ ਖਰੀਦ/ਵੇਚ ਅਤੇ ਢੋਆ/ਢੁਆਈ ਲਈ ਲੈ ਕੇ ਜਾਂਦੇ ਹਨ, ਬਹੁਤ ਗਿਣਤੀ ਵਿਚ ਇਨਾਂ ਮੁਜ਼ਾਹਰਾਕਾਰੀਆਂ ਦਾ ਸਾਥ ਦੇ ਰਹੇ ਹਨ। ਓਟਾਵਾ ਵਿਖੇ ਜਿੱਥੇ ਪ੍ਰਧਾਨ ਮੰਤਰੀ ਨਿਵਾਸ ਦੀ ਸੁਰੱਖਿਆ ਕਾਰਨਾਂ ਕਰਕੇ ਅਤੇ ਕਿਸੇ ਅਣਸੁਖਾਵੀਂ ਘਟਨਾ ਦੇ ਮੱਦੇਨਜ਼ਰ ਸੁਰੱਖਿਆ ਵਧਾ ਦਿੱਤੀ ਗਈ ਹੈ ਉੱਥੇ ਹੀ ਮੁਜ਼ਾਹਰਾਕਾਰੀ ਆਪਣੀਆਂ ਮੰਗਾਂ ਮਨਵਾਉਣ ਲਈ ਅੜੇ ਹੋਏ ਹਨ। ਭੜਕਾਹਟ ਤੋਂ ਬਚਦਿਆਂ ਪੁਲੀਸ ਸਖ਼ਤੀ ਤੋਂ ਕਤਰਾ ਰਹੀ ਹੈ। ਓਟਵਾ ਸ਼ਹਿਰ ਵਿਚ ਲੱਗੇ ਕੁਝ ਬੁੱਤਾਂ ਤੇ ਹੋਰ ਯਾਦਗਾਰੀ ਥਾਵਾਂ ਨਾਲ ਛੇੜਛਾੜ ਕਰ ਕੇ ਨੁਕਸਾਨ ਕੀਤਾ ਗਿਆ ਹੈ। ਕਈ ਲੋਕ ਹੱਥਾਂ ਵਿਚ ਨਾਜ਼ੀ ਝੰਡੇ ਲੈ ਕੇ ਅਤੇ ਨਸਲੀ ਨਫ਼ਰਤ ਫੈਲਾਉਂਦੀਆਂ ਤਖ਼ਤੀਆਂ ਲੈ ਕੇ ਰੋਸ ਪ੍ਰਦਰਸ਼ਨ ਵਿਚ ਸ਼ਾਮਲ ਹੋ ਰਹੇ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੋਂ ਅਸਤੀਫਾ ਮੰਗਿਆ ਜਾ ਰਿਹਾ ਹੈ। ਸ਼ਹਿਰ ਵਾਸੀਆਂ ਨੂੰ ਜ਼ਰੂਰੀ ਵਸਤਾਂ ਦੀ ਚਿੰਤਾ ਸਤਾਉਣ ਲੱਗੀ ਹੈ। ਬਹੁਤੇ ਸਟੋਰਾਂ ਵਿਚ ਸਾਮਾਨ ਖ਼ਤਮ ਹੋਣ ਕਾਰਨ ਉਨਾਂ ਦੇ ਦਰਵਾਜੇ ਬੰਦ ਹਨ। ਮੁਜ਼ਾਹਰਾਕਾਰੀਆਂ ਵੱਲੋਂ ਖੋਲੇ ਗਏ ਫੰਡ ਵਿਚ ਹੁਣ ਤੱਕ 76 ਲੱਖ ਡਾਲਰ ਜਮਾਂ ਹੋ ਚੁੱਕੇ ਹਨ, ਇਸ ਵਿਚ ਵਿਦੇਸ਼ਾਂ ਤੋਂ ਵੱਡੀਆਂ ਰਕਮਾਂ ਆਉਣ ਦੇ ਖ਼ਦਸ਼ੇ ਪ੍ਰਗਟਾਏ ਜਾ ਰਹੇ ਹਨ। ਮੁਜ਼ਾਹਰੇ ਵਿਚ ਸ਼ਾਮਿਲ ਲੋਕਾਂ ਦੀ ਆਰਥਿਕ ਮਦਦ (ਖਾਣਾ, ਰਿਹਾਇਸ਼, ਟਰੱਕਾਂ ਲਈ ਤੇਲ ਆਦਿ) ਵਾਸਤੇ ਗੋਫੰਡਮੀ ਨਾਮਕ ਵੈਬਸਾਈਟ ਰਾਹੀਂ ਫੰਡ ਇਕੱਤਰ ਕੀਤੇ ਜਾ ਰਹੇ ਸਨ ਜੋ ਕੁਲ ਰਕਮ 1 ਕਰੋੜ ਡਾਲਰ ਤੋਂ ਵੱਧ ਚੁੱਕੀ ਸੀ ਪਰ ਬੀਤੇ ਦਿਨੀਂ ਵੈਬਸਾਇਟ ਦੇ ਸੰਚਾਲਕਾਂ ਨੇ ਦਾਨੀਆਂ ਤੋਂ ਹੋਰ ਦਾਨ ਲੈਣਾ ਬੰਦ ਕਰਕੇ 'ਫਰੀਡਮ ਕਨਵੋਏ 2022' ਨਾਮਕ ਪੇਜ ਹੀ ਬੰਦ ਕਰਨ ਦਾ ਐਲਾਨ ਕਰ ਦਿੱਤਾ। ਜਾਣਕਾਰੀ ਅਨੁਸਾਰ ਮੁਜਾਹਰੇ ਵਿਚ ਵਾਪਰੀਆਂ ਕੁਝ ਹਿੰਸਕ ਅਤੇ ਗੈਰਕਾਨੂੰਨੀ ਘਟਨਾਵਾਂ ਬਾਰੇ ਓਟਾਵਾ ਪੁਲਿਸ ਵਲੋਂ 'ਗੋਫੰਡਮੀ' ਕੰਪਨੀ ਨੂੰ ਸਬੂਤਾਂ ਸਹਿਤ ਸੂਚਿਤ ਕੀਤਾ ਗਿਆ ਸੀ ਜਿਸ 'ਤੇ ਕਾਰਵਾਈ ਕਰਦਿਆਂ ਦੇਸ਼ ਅਤੇ ਵਿਦੇਸ਼ਾਂ ਤੋਂ ਦਾਨ ਸਵੀਕਾਰ ਕਰਨ ਲਏ ਬਣਾਏ ਪੇਜ ਨੂੰ ਸਿਸਟਮ ਵਿਚੋਂ ਹਟਾ ਦਿੱਤਾ ਗਿਆ ਅਤੇ ਵਾਪਰੀਆਂ ਘਟਨਾਵਾਂ ਨੂੰ ਨਿਯਮਾਂ ਦੀ ਉਲੰਘਣਾ ਕਰਾਰ ਦਿੰਦਿਆਂ ਲਗਭਗ 90 ਲੱਖ ਡਾਲਰ ਜਬਤ ਕਰ ਲਏ ਗਏ। ਦਾਨੀਆਂ ਨੂੰ ਆਪਣੀ ਦਾਨ ਕੀਤੀ ਰਕਮ 19 ਫਰਵਰੀ ਤੱਕ ਵਾਪਸ (ਰਿਫੰਡ) ਲੈਣ ਦਾ ਮੌਕਾ ਦਿੱਤਾ ਗਿਆ ਹੈ। ਜੇਕਰ ਲੋਕਾਂ ਨੇ ਆਪਣੇ ਪੈਸੇ ਦਾ ਰਿਫੰਡ ਨਾ ਲਿਆ ਤਾਂ ਉਹ ਰਕਮ ਕੈਨੇਡਾ ਵਿਚ ਸਥਾਪਿਤ ਦਾਨੀ ਸੰਸਥਾਵਾਂ ਨੂੰ ਦੇ ਦਿੱਤੀ ਜਾਵੇਗੀ। ਸ਼ੁਰੂ ਵਿਚ ਗੋਫੰਡਮੀ ਵਲੋਂ ਮੁਜ਼ਾਹਰੇ ਦੇ ਪ੍ਰਬੰਧਕਾਂ ਨੂੰ 10 ਲੱਖ ਡਾਲਰ ਜਾਰੀ ਕਰ ਦਿੱਤੇ ਗਏ ਸਨ ਜਿਸ ਬਾਰੇ ਦੱਸਿਆ ਗਿਆ ਸੀ ਕਿ ਉਹ ਪੈਸਾ ਮੁਜ਼ਾਹਰੇ ਵਿਚ ਸ਼ਾਮਿਲ ਕੀਤੇ ਗਏ ਟਰੱਕਾਂ ਵਿਚ ਤੇਲ ਪਵਾਉਣ, ਖਾਣੇ ਅਤੇ ਰਿਹਾਇਸ਼ ਆਦਿ ਦੇ ਖਰਚਿਆਂ ਲਈ ਵਰਤਿਆ ਜਾਵੇਗਾ। ਉਂਟਾਰੀਓ ਵਿਚ ਲਿਬਰਲ ਪਾਰਟੀ ਦੇ ਆਗੂ ਸਟੀਵਨ ਡੈਲਡੂਕਾ ਨੇ ਕਿਹਾ ਕਿ ਮੁਜ਼ਾਹਰੇ ਕਾਰਨ ਓਟਾਵਾ ਵਿਚ ਪੁਲਿਸ ਦੀ ਤਾਇਨਾਤੀ ਉਪਰ ਜੋ ਰੋਜ਼ਾਨਾ ਤਕਰੀਬਨ 8 ਲੱਖ ਡਾਲਰ ਦਾ ਖਰਚਾ ਹੋ ਰਿਹਾ ਹੈ ਉਸ ਦਾ ਬਿੱਲ ਮੁਜ਼ਾਹਰੇ ਦੇ ਪ੍ਰਬੰਧਕਾਂ ਨੂੰ ਭੇਜਣਾ ਚਾਹੀਦਾ ਹੈ। 29 ਜਨਵਰੀ ਤੋਂ ਰਾਜਧਾਨੀ ਵਿਚ ਸੰਸਦ ਨੇੜੇ ਚੱਲ ਰਹੇ ਇਸ ਮੁਜ਼ਾਹਰੇ ਕਾਰਨ ਸ਼ਹਿਰ ਵਿਚ ਜਨਜੀਵਨ ਲਗਭਗ ਠੱਪ ਹੋ ਕੇ ਰਹਿ ਗਿਆ ਹੈ। ਇਸੇ ਦੌਰਾਨ ਉਟਾਰੀਓ ਦੀ ਵਿਧਾਨ ਸਭਾ ਦੇ ਬਾਹਰ ਵੀ ਟਰੱਕਾਂ ਦੀ ਵੱਡੀ ਗਿਣਤੀ ਨਾਲ ਮੁਜ਼ਹਾਰਾ ਸ਼ੁਰੂ ਕਰ ਦਿੱਤਾ ਗਿਆ। ਪ੍ਰਾਂਤ ਦੇ ਮੁੱਖ ਮੰਤਰੀ ਡਗਲਸ ਫੋਰਡ ਨੇ ਕਿਹਾ ਕਿ ਉਹ ਸ਼ਾਂਤਮਈ ਮੁਜ਼ਾਹਰੇ ਵਿਰੁੱਧ ਨਹੀਂ ਹਨ ਪਰ ਇਸ ਨੂੰ (ਓਟਾਵਾ ਦੀ ਤਰਾਂ) 'ਕੈਂਪਿੰਗ' ਭਾਵ ਅਣਮਿੱਥੇ ਸਮੇਂ ਲਈ ਧਰਨੇ ਵਿਚ ਬਦਲਣ ਨਹੀਂ ਦਿੱਤਾ ਜਾ ਸਕਦਾ। ਇਸ ਤੋਂ ਇਲਾਵਾ ਕੈਨੇਡਾ ਦੇ ਵਿਨੀਪੈਗ, ਵਿਕਟੋਰੀਆ, ਵੈਨਕੂਵਰ, ਐਡਮਿੰਟਨ ਅਤੇ ਕਿਊਬਿਕ ਸਿਟੀ ਵਿਚ ਵੀ ਰੋਸ ਮੁਜ਼ਾਹਰੇ ਕੀਤੇ ਗਏ।

ਪੁਲਿਸ ਮੁਤਾਬਕ ਇਸ ਨਾਕਾਬੰਦੀ ਨੂੰ ਅਮਰੀਕਾ ਤੋਂ ਟਰੱਕ ਚਾਲਕਾਂ ਦੇ ਸਮਰਥਕਾਂ ਵੱਲੋਂ ਫੰਡਿੰਗ ਕੀਤੀ ਜਾ ਰਹੀ ਹੈ। ਓਟਵਾ ਦੇ ਪੁਲਿਸ ਮੁਖੀ ਪੀਟਰ ਸਲੋਲੀ ਨੇ ਕਿਹਾ ਕਿ ਸੈਂਕੜੇ ਹੋਰ ਟਰੱਕ ਚਾਲਕਾਂ ਨੇ ਇਸ ਹਫਤੇ ਦੇ ਅੰਤ ਵਿੱਚ ਸ਼ਹਿਰ ਵਿੱਚ ਦਾਖਲ ਹੋਣ ਦੀ ਯੋਜਨਾ ਬਣਾਈ ਹੈ। ਸਲੋਲੀ ਕਿਹਾ ਕਿ ਉਨਾਂ ਤੇ ਹੋਰ ਉੱਚ ਅਧਿਕਾਰੀਆਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਉਨਾਂ ਇਸ ਪ੍ਰਦਰਸ਼ਨ ਦੀ ਤੁਲਨਾ ਅਮਰੀਕਾ ਦੀ ਸੰਸਦ 'ਤੇ ਹੋਏ ਹਮਲੇ ਨਾਲ ਕੀਤੀ ਹੈ, ਜਦੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਹਜ਼ਾਰਾਂ ਸਮਰਥਕ ਹਿੰਸਕ ਪ੍ਰਦਰਸ਼ਨ ਕਰਦੇ ਹੋਏ

ਬਾਕੀ ਸਫ਼ਾ 31 'ਤੇ

# ਪ੍ਰੋਫੈਸਰ ਭੁੱਲਰ ਦੀ ਰਿਹਾਈ ਦਾ ਮਸਲਾ ਤੇ ਕੇਜਰੀਵਾਲ ਦੀ ਪੰਥ ਵਿਰੋਧੀ ਨੀਤੀ

**ਸਰਬਜੀਤ ਸਿੰਘ ਘੁਮਾਣ**

**97819-91622**

ਹੈਰਾਨੀ ਦੀ ਗੱਲ ਹੈ ਕਿ ਜਦ ਜੇਲਾਂ ਵਿੱਚ ਨਜ਼ਰਬੰਦ ਸਿੰਘਾਂ ਦਾ ਮਾਮਲਾ ਕੇਜਰੀਵਾਲ ਤੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਭੁਗਤਦਾ ਸੀ ਤੇ ਬਾਦਲਕਿਆਂ ਦੇ ਖ਼ਿਲਾਫ਼ ਭੁਗਤਦਾ ਸੀ, ਇਹ ਪੂਰਾ ਸਿਆਸੀ ਲਾਹਾ ਲੈਂਦੇ ਰਹੇ ਪਰ ਹੁਣ ਜਦ ਗੇਂਦ ਕੇਜਰੀਵਾਲ ਵਾਲੇ ਪਾਸੇ ਹੈ ਤਾਂ ਆਮ ਆਦਮੀ ਪਾਰਟੀ ਦਾ ਕੇਡਰ ਸਿੱਖਾਂ ਨੂੰ ਗਾਲਾਂ ਕੱਢ ਕੇ ਚੁੱਪ ਕਰਵਾਉਣ 'ਤੇ ਤੁਲ ਗਿਆ ਹੈ। ਪ੍ਰੋ. ਭੁੱਲਰ ਤੇ ਹੋਰ ਜੇਲ ਨਜ਼ਰਬੰਦਾਂ ਦੀ ਰਿਹਾਈ ਦਾ ਮਸਲਾ ਹੁਣ ਆਮ ਆਦਮੀ ਪਾਰਟੀ ਲਈ ਬਿਪਤਾ ਬਣਿਆ ਹੋਇਆ ਹੈ, ਕਿਉਂਕਿ ਹੁਣ ਇਹ ਗੱਲ ਸਪੱਸ਼ਟ ਹੈ ਕਿ ਕੇਜਰੀਵਾਲ ਸਰਕਾਰ ਨੇ ਭਾਈ ਭੁੱਲਰ ਦੀ ਫ਼ਾਈਲ ਰੱਦ ਕੀਤੀ ਤੇ ਪਿਛਲੇ ਮਹੀਨੇ ਦਸੰਬਰ ਤੋਂ ਇਸ ਸੰਵੇਦਨਸ਼ੀਲ ਮਸਲੇ ਉੱਤੇ ਕੱਖ ਨਹੀਂ ਕੀਤਾ। ਪਹਿਲਾਂ ਤਾਂ ਤਾਨਾਸ਼ਾਹ ਵਾਂਗ ਦੜ ਹੀ ਵੱਟੀ ਰੱਖੀ ਪਰ ਜਦ ਸਿੱਖਾਂ ਦੇ ਦਬਾਅ ਹੇਠ ਬੋਲਣਾ ਹੀ ਪਿਆ ਤਾਂ ਕੇਜਰੀਵਾਲ ਨੇ ਸ਼ਰੇਆਮ ਝੂਠ ਬੋਲਿਆ। ਬੇਸ਼ੱਕ ਕੇਜਰੀਵਾਲ ਦੀ ਸੈਨਾ ਸੋਸ਼ਲ ਮੀਡੀਆ ਉੱਤੇ ਲਗਾਤਾਰ ਝੂਠ ਬੋਲ ਰਹੀ ਹੈ ਪਰ ਪੰਥਕ ਸੋਚ ਵਾਲਿਆਂ ਨੇ ਇਸ ਮਸਲੇ ਉੱਤੇ ਕੇਜਰੀਵਾਲ ਨੂੰ ਸਰੇ-ਬਾਜ਼ਾਰ ਨੰਗਾ ਕਰ ਦਿੱਤਾ ਹੈ। ਹੁਣ ਲੋਕ ਕਹਿੰਦੇ ਹਨ ਕਿ ਐਲ. ਜੀ. ਕੀ ਕਰਦਾ ਹੈ? ਬਾਅਦ ਦੀ ਗੱਲ ਹੈ। ਕੇਜਰੀਵਾਲ ਸਰਕਾਰ ਨੂੰ ਤਾਂ ਆਪਣੇ ਵੱਲੋਂ ਭੁੱਲਰ ਸਾਹਿਬ ਦੀ ਰਿਹਾਈ ਦੀ ਫ਼ਾਈਲ ਰਿਹਾਈ ਦੀ ਪ੍ਰਵਾਨਗੀ ਦੇ ਕੇ ਅੱਗੇ ਭੇਜਣੀ ਚਾਹੀਦੀ ਹੈ। ਚਾਹੀਦਾ ਤਾਂ ਇਹ ਸੀ ਕਿ ਮਸਲਾ ਉੱਭਰਨ ਤੋਂ ਪਹਿਲਾਂ ਹੀ ਕੇਜਰੀਵਾਲ ਸਰਕਾਰ ਰਿਹਾਈ ਲਈ ਪ੍ਰਵਾਨਗੀ ਦੇ ਕੇ ਫ਼ਾਈਲ ਅੱਗੇ ਭੇਜ ਦਿੰਦੀ, ਪਰ ਬੇਈਮਾਨੀ ਰੱਖੀ। ਹੁਣ ਲੋਕਾਂ ਵਿੱਚ ਇਹ ਗੱਲ ਘਰ ਕਰ ਗਈ ਹੈ ਕਿ ਕੇਜਰੀਵਾਲ ਬੇਈਮਾਨੀ ਕਰ ਰਿਹਾ ਹੈ। ਆਮ ਆਦਮੀ ਪਾਰਟੀ ਕੇਜਰੀਵਾਲ ਨੂੰ ਕਹਿਣ ਦੀ ਥਾਂ ਸੋਸ਼ਲ ਮੀਡੀਆ ਰਾਹੀਂ ਸਿੱਖਾਂ ਨੂੰ ਗਾਲਾਂ ਕੱਢਕੇ ਖ਼ਾਮੋਸ਼ ਕਰਵਾਉਣਾ ਚਾਹੁੰਦੀ ਹੈ। ਕੇਜਰੀਵਾਲ ਦੀ ਸੈਨਾ ਨੇ ਇੱਕੋ ਰਟ ਲਾਈ ਹੋਈ ਹੈ, 'ਫੇਰ ਖਾਓ ਕਾਂਗਰਸੀਆਂ ਤੇ ਬਾਦਲਕਿਆਂ ਤੋਂ ਛਿੱਤਰ।' ਮਤਲਬ ਇਹ ਕਿ ਭੁੱਲਰ ਸਾਹਿਬ ਤੇ ਜੇਲਾਂ ਵਿੱਚ ਨਜ਼ਰਬੰਦ ਸਿੱਖਾਂ ਦੀ ਗੱਲ ਕਰਨ ਵਾਲੇ ਕੇਜਰੀਵਾਲ ਦੀ ਪਾਰਟੀ ਹਰਾਉਣਾ ਚਾਹੁੰਦੇ ਹਨ ਤੇ ਬਾਦਲਕਿਆਂ/ਕਾਂਗਰਸੀਆਂ ਦਾ ਪੱਖ ਪੂਰਦੇ ਹਨ। ਸਾਫ਼ ਗੱਲ ਹੈ ਕਿ ਇਸ ਸੰਵੇਦਨਸ਼ੀਲ ਮਸਲੇ ਉਤੇ ਆਮ ਆਦਮੀ ਪਾਰਟੀ ਦਾ ਸਿਆਸੀ ਨੁਕਸਾਨ ਹੋ ਰਿਹਾ ਹੈ। ਠੀਕ ਹੈ ਫੇਰ, ਸਿਆਸੀ ਨੁਕਸਾਨ ਬਚਾਉਣ ਲਈ ਭੁੱਲਰ ਸਾਹਿਬ ਦੀ ਰਿਹਾਈ ਕਰਵਾਓ। ਅਸੀਂ ਜਾਣਦੇ ਹਾਂ ਕਿ 8 ਸਾਲ ਪਹਿਲਾਂ ਇਸ ਮੁੱਦੇ ਨੇ ਬਾਦਲ ਦਲ ਨੂੰ ਘੇਰਿਆ ਸੀ ਤੇ ਉਸ ਦਾ ਲਾਭ ਲੈ ਕੇ ਹੀ ਆਮ ਆਦਮੀ ਪਾਰਟੀ ਪੰਜਾਬ ਵਿੱਚ ਮਜਬੂਤ ਹੋਈ ਸੀ। ਬੇਸ਼ੱਕ ਇਹ ਮਸਲਾ ਸਿੱਖ ਜਥੇਬੰਦੀਆਂ ਵਿੱਚ ਭਖ਼ਦਾ ਰਿਹਾ, ਪਰ 2013 ਵਿੱਚ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਦੀ ਭੁੱਖ ਹੜਤਾਲ ਨੇ ਇਸ ਮਸਲੇ ਨੂੰ ਸਿਖ਼ਰਾਂ ਉੱਪਰ ਪਹੁੰਚਾ ਦਿੱਤਾ ਸੀ। ਉਦੋਂ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਕੋਲ਼ ਬੜੇ ਕਲਾਕਾਰ ਤੇ ਚਰਚਿਤ ਹਸਤੀਆਂ ਪਹੁੰਚੀਆਂ। ਭਗਵੰਤ ਮਾਨ ਤੇ ਗੁਰਪ੍ਰੀਤ ਘੁੱਗੀ ਨੇ ਵੀ ਹਾਜ਼ਰੀ ਭਰੀ ਤੇ ਉਦੋਂ ਇਹ ਲੋਕ ਆਮ ਆਦਮੀ ਪਾਰਟੀ ਦੇ ਆਗੂ ਸਨ। ਬਾਦਲ ਦਲ ਦੀ ਇੱਕੋ ਰਟ ਸੀ ਕਿ ਅਸੀਂ ਇਨਾਂ ਸਿੱਖ ਨਜ਼ਰਬੰਦਾਂ ਦੀ ਰਿਹਾਈ ਲਈ ਕੁਝ ਨਹੀਂ ਕਰ ਸਕਦੇ। ਪਰ ਜਦ ਸਿਆਸੀ ਨੁਕਸਾਨ ਹੁੰਦਾ ਦਿਸਿਆ ਤਾਂ ਮਗਰੋਂ ਯੂ ਟਰਨ ਲੈਣਾ ਪਿਆ। ਸਿੰਘਾਂ ਦੀ ਪੈਰੋਲ ਕਰਵਾਉਣੀ ਪਈ ਤੇ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਵਰਤ ਕੇ ਸਿੱਖ ਜਜ਼ਬਾਤਾਂ ਨੂੰ ਸ਼ਾਂਤ ਕਰਨ ਲਈ ਭੁੱਖ ਹੜਤਾਲ ਤੁੜਵਾਈ, ਪਰ ਲੋਕਾਂ ਵਿੱਚ ਰੋਹ ਵੱਧਦਾ ਹੀ ਗਿਆ ਜਿਸਦਾ ਸਿੱਧਾ ਲਾਭ ਆਮ ਆਦਮੀ ਪਾਰਟੀ ਨੂੰ ਲੋਕ ਸਭਾ ਚੋਣਾਂ ਵਿੱਚ ਹੋਇਆ। ਜਦ ਲੋਕ ਸਭਾ ਚੋਣਾਂ ਹੋਈਆਂ ਤਾਂ ਬਾਦਲਕਿਆਂ ਖ਼ਿਲਾਫ਼ ਬਣੇ ਮਾਹੌਲ ਨੂੰ ਵੇਖਦਿਆਂ ਹਰਵਿੰਦਰ ਸਿੰਘ ਫੂਲਕਾ, ਪੱਤਰਕਾਰ ਜਰਨੈਲ ਸਿੰਘ ਤੇ ਹਰਿੰਦਰ ਸਿੰਘ ਖ਼ਾਲਸਾ ਵਰਗੇ 1984 ਨਾਲ਼ ਜੁੜੇ ਚਿਹਰਿਆਂ ਨੂੰ ਟਿਕਟਾਂ ਦੇ ਕੇ ਕੇਜਰੀਵਾਲ ਨੇ ਬਾਦਲਕਿਆਂ ਖ਼ਿਲਾਫ਼ ਬਣੇ ਮਾਹੌਲ ਨੂੰ ਭੁਗਤਾਉਣਾ ਚਾਹਿਆ। ਜੇ ਜੇਲਾਂ ਵਿੱਚ ਨਜ਼ਰਬੰਦ ਸਿੰਘਾਂ ਦਾ ਮਸਲਾ ਬਾਦਲਕਿਆਂ ਦਾ ਨੁਕਸਾਨ ਕਰੇ ਤਾਂ ਆਮ ਆਦਮੀ ਪਾਰਟੀ ਖ਼ੁਦ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਕੋਲ਼ ਪਹੁੰਚ ਸਕਦੀ ਹੈ ਪਰ ਜਦ ਇਹੋ ਮਸਲਾ ਕੇਜਰੀਵਾਲ ਨੂੰ ਘੇਰਦਾ ਹੋਵੇ ਤੇ ਆਮ ਆਦਮੀ ਪਾਰਟੀ ਦਾ ਸਿਆਸੀ ਨੁਕਸਾਨ ਹੁੰਦਾ ਹੋਵੇ ਉਦੋਂ ਮਸਲਾ ਉਭਾਰਨ ਵਾਲਿਆਂ ਨੂੰ ਗਾਲਾਂ ਕੱਢਦੇ ਹਨ। ਅਸੀਂ ਸੜਕਾਂ, ਸਕੂਲ, ਹਸਪਤਾਲ ਤੇ ਹੋਰ ਮਸਲਿਆਂ ਦੇ ਖ਼ਿਲਾਫ਼ ਨਹੀਂ। ਆਮ ਆਦਮੀ ਪਾਰਟੀ ਦੀ ਸਰਕਾਰ ਬਣੇ ਤੇ ਲੋਕਾਂ ਨੂੰ ਸੁੱਖ ਸਹੂਲਤਾਂ ਦੇਵੇ। ਪਰ ਅਸੀਂ ਆਪਣਾ ਮੁੱਦਾ ਕਿਉਂ ਛੱਡੀਏ? ਕੀ ਸਾਡਾ ਕੋਈ ਕਰਾਰ ਹੋਇਆ ਹੈ ਕਿ ਅਸੀਂ ਉਦੋਂ ਹੀ ਮੁੱਦਾ ਚੁੱਕੀਏ ਜਦ ਕੇਜਰੀਵਾਲ ਨੂੰ ਲਾਭ ਹੁੰਦਾ ਹੋਵੇ? ਸਾਨੂੰ ਤਾਂ ਸਮਝ ਹੀ ਹੁਣ ਲੱਗੀ ਹੈ ਕਿ ਇਹ ਲੋਕ ਸਿਰਫ਼ ਉਦੋਂ ਹੀ ਕੰਮ ਕਰਦੇ ਹਨ ਜਦ ਇਨਾਂ ਦਾ ਸਿਆਸੀ ਨੁਕਸਾਨ ਹੁੰਦਾ ਹੋਵੇ। ਜਦ ਬਾਦਲਕਿਆਂ ਨੂੰ ਜਾਪਿਆ ਕਿ ਭੁੱਲਰ ਸਾਹਿਬ ਦਾ ਫ਼ਾਂਸੀ ਵਾਲਾ ਮਸਲਾ ਸੰਵੇਦਨਸ਼ੀਲ਼ ਹੈ ਤੇ ਸਿਆਸੀ ਨੁਕਸਾਨ ਹੋ ਸਕਦਾ ਹੈ, ਉਨਾਂ ਨੇ ਸਾਥ ਦਿੱਤਾ। ਜਦ ਬਾਦਲਕਿਆਂ ਨੂੰ ਜਾਪਿਆ ਕਿ ਰਾਜੋਆਣਾ ਸਾਹਿਬ ਦਾ ਫ਼ਾਂਸੀ ਵਾਲਾ ਮਸਲਾ ਸੰਵੇਦਨਸ਼ੀਲ਼ ਹੈ ਤੇ ਸਿਆਸੀ ਨੁਕਸਾਨ ਹੋ ਸਕਦਾ ਹੈ, ਪਹਿਲਾਂ ਕਹਿੰਦੇ ਰਹੇ ਕਿ ਸਾਡੇ ਹੱਥ ਵਿੱਚ ਹੀ ਕੁਝ ਨਹੀਂ ਪਰ ਫੇਰ ਰਾਸ਼ਟਰਪਤੀ, ਪ੍ਰਧਾਨ ਮੰਤਰੀ ਕੋਲ਼ ਭੱਜੇ ਫ਼ਿਰਦੇ ਸੀ। ਜਦ ਬਾਦਲਕਿਆਂ ਨੂੰ ਜਾਪਿਆ ਕਿ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਦੀ ਭੁੱਖ ਹੜਤਾਲ ਦਾ ਮਸਲਾ ਸੰਵੇਦਨਸ਼ੀਲ਼ ਹੈ ਤੇ ਸਿਆਸੀ ਨੁਕਸਾਨ ਹੋ ਸਕਦਾ ਹੈ, ਉਨਾਂ ਨੇ ਭਾਈ ਸ਼ਮਸ਼ੇਰ ਸਿੰਘ ਕੰਵਰਪੁਰ, ਭਾਈ ਗੁਰਮੀਤ ਸਿੰਘ ਇੰਜੀਨੀਅਰ, ਭਾਈ ਲਖਵਿੰਦਰ ਸਿੰਘ ਨਾਰੰਗਵਾਲ ਦੀ ਪੈਰੋਲ ਸ਼ੁਰੂ ਕਰਵਾਈ। ਸੋ ਬਾਦਲ ਦਲ ਨੇ ਆਪਣਾ ਸਿਆਸੀ ਨੁਕਸਾਨ ਹੁੰਦਾ ਦੇਖਕੇ ਹੀ ਸਾਡੇ ਸਿੰਘਾਂ ਲਈ ਕੁਝ ਕੀਤਾ ਹੈ। ਹੁਣ ਵੀ ਜੇ ਆਮ ਆਦਮੀ ਪਾਰਟੀ ਦਾ ਸਿਆਸੀ ਨੁਕਸਾਨ ਹੁੰਦਾ ਦਿਸਿਆ ਤਾਂ ਹੀ ਕੇਜਰੀਵਾਲ ਨੇ ਭੁੱਲਰ ਸਾਹਿਬ ਦੀ ਰਿਹਾਈ ਦੀ ਪ੍ਰਵਾਨਗੀ ਦੇ ਕੇ ਫ਼ਾਈਲ ਅੱਗੇ ਭੇਜਣੀ ਹੈ। ਸੋ ਇਸ ਕਰਕੇ ਹਰੇਕ ਸਿੱਖ ਨੂੰ ਚਾਹੀਦਾ ਹੈ ਕਿ ਕੇਜਰੀਵਾਲ ਸੈਨਾ ਦੀ ਨੀਚਤਾ ਸਾਹਮਣੇ ਨਾ ਡਰੇ, ਨਾ ਝੁਕੇ। ਸਾਨੂੰ ਗੱਜ-ਵੱਜ ਕੇ ਮੈਦਾਨ ਵਿੱਚ ਆਉਣਾ ਚਾਹੀਦਾ ਹੈ। ਸਾਰੀ ਸਿੱਖ ਕੌਮ ਨੂੰ, ਮਨੁੱਖੀ ਹੱਕਾਂ ਦੇ ਰਾਖਿਆਂ ਨੂੰ ਇੱਕਜੁੱਟ ਤੇ ਇੱਕਮੁੱਠ ਹੋ ਕੇ ਮਾਹੌਲ ਬਣਾਉਣਾ ਪੈਣਾ ਹੈ

ਬਾਕੀ ਸਫ਼ਾ 31 'ਤੇ

# ਪੰਜਾਬ ਚੋਣਾਂ 2022 : ਦੌਰਾਨ ਕੈਪਟਨ ਅਮਰਿੰਦਰ ਸਿੰਘ ਰਾਜਸੀ ਤੌਰ ’ਤੇ ਠੁੱਸ

## ✪ ਕਿਸੇ ਸਮੇਂ ਸਨ ‘ਪੰਜਾਬ-ਪੱਖੀ ਤੇ ਧਾਕੜ ਆਗੂ’ ✪ ਕੈਪਟਨ ਦਾ ਮਜਬੂਰ ਮੁੱਖ ਮੰਤਰੀ ਬਣਨ ਤੱਕ ਦਾ ਸਫਰ

ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਹਨ। ਸੂਬੇ ਦੇ ਮੁੱਖ ਮੰਤਰੀ ਵਜੋਂ ਹਾਲ ਹੀ ਵਿੱਚ ਉਨਾਂ ਨੇ ਅਸਤੀਫ਼ਾ ਦਿੱਤਾ ਸੀ। ਇਹ ਉਨਾਂ ਦਾ ਦੂਜਾ ਕਾਰਜਕਾਲ ਸੀ। ਇਸ ਤੋਂ ਪਹਿਲਾਂ ਉਹ 2002 ਤੋਂ 2007 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ ਹਨ। ਭਾਵੇਂ 2017 ਦੀਆਂ ਚੋਣਾਂ ਤੋਂ ਪਹਿਲਾਂ ਉਨਾਂ ਕਿਹਾ ਕਿ ਇਹ ਉਨਾਂ ਦੀਆਂ ਆਖ਼ਰੀ ਚੋਣਾਂ ਹਨ, ਪਰ ਉਹ ਖ਼ੁਦ ਨੂੰ ਮੁੜ ਪੰਜਾਬ ਵਿਧਾਨ ਸਭਾ ਚੋਣਾਂ 2022 ਲਈ ਮੁੱਖ ਮੰਤਰੀ ਦਾ ਦਾਅਵੇਦਾਰ ਦੱਸਦੇ ਸਨ। ਕਾਰਜਕਾਲ ਪੂਰਾ ਹੋਣ ਦੇ ਕਰੀਬ 4 ਮਹੀਨੇ ਪਹਿਲਾਂ ਉਨਾਂ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕਰਨਾ ਉਨਾਂ ਦੀ ਸਿਆਸੀ ਸਾਖ਼ ਨੂੰ ਬਰਬਾਦ ਕਰ ਗਿਆ ਹੈ।

ਕੈਪਟਨ ਦਾ ਸਬੰਧ ਪਟਿਆਲਾ ਦੇ ਸ਼ਾਹੀ ਘਰਾਣੇ ਨਾਲ਼ ਹੈ। ਇਸ ਲਈ ਕੁਝ ਲੋਕ ਉਨਾਂ ਨੂੰ ‘ਮਹਾਰਾਜਾ’ ਅਮਰਿੰਦਰ ਸਿੰਘ ਵੀ ਕਹਿੰਦੇ ਹਨ। ਉਨਾਂ ਭਾਰਤੀ ਫ਼ੌਜ ਵਿੱਚ ਬਤੌਰ ਅਫ਼ਸਰ ਨੌਕਰੀ ਕੀਤੀ ਹੈ ਅਤੇ ਕੈਪਟਨ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਸਨ, ਇਸ ਲਈ ਉਨਾਂ ਦੇ ਨਾਂ ਅੱਗੇ ਕੈਪਟਨ ਲੱਗਦਾ ਹੈ।ਉਹ ਸਿਆਸਤ ਵਿੱਚ ‘ਕੈਪਟਨ’ ਦੇ ਨਾਂ ਨਾਲ਼ ਵੀ ਮਸ਼ਹੂਰ ਹਨ।ਉਨਾਂ ਦੀ ਪਤਨੀ ਪ੍ਰਨੀਤ ਕੌਰ ਤਿੰਨ ਵਾਰੀ ਲੋਕ ਸਭਾ ਦੇ ਮੈਂਬਰ ਰਹਿ ਚੁੱਕੇ ਹਨ।

**ਕੈਪਟਨ ਦੀ ਨਿੱਜੀ ਜ਼ਿੰਦਗੀ**

11 ਮਾਰਚ 1942 ਨੂੰ ਜਨਮੇ ਅਮਰਿੰਦਰ ਸਿੰਘ ਪਟਿਆਲਾ ਰਿਆਸਤ ਦੇ ਆਖ਼ਰੀ ਮਹਾਰਾਜਾ ਯਾਦਵਿੰਦਰ ਸਿੰਘ ਅਤੇ ਮਹਾਰਾਣੀ ਮਹਿੰਦਰ ਕੌਰ ਦੇ ਪੁੱਤਰ ਹਨ। ਅਮਰਿੰਦਰ ਸਿੰਘ ਦੀ ਜ਼ਿੰਦਗੀ ਉੱਤੇ ਲਿਖੀ ਕਿਤਾਬ ‘ਪੀਪਲਜ ਮਹਾਰਾਜਾ’ ਦੇ ਲੇਖਕ ਖੁਸ਼ਵੰਤ ਸਿੰਘ ਲਿਖਦੇ ਹਨ, ‘ਅਮਰਿੰਦਰ ਸਿੰਘ ਤੇ ਉਨਾਂ ਦੀਆਂ 2 ਹੋਰ ਭੈਣਾਂ ਅਤੇ ਇੱਕ ਭਰਾ ਲਈ ਮੋਤੀ ਮਹਿਲ ਵਿੱਚ ਇੱਕ ਖ਼ਾਸ ਸਕੂਲ ਖੋਲਿਆ ਗਿਆ ਸੀ। ਅਮਰਿੰਦਰ ਸਿੰਘ ਨੇ ਆਪਣੀ ਸਕੂਲੀ ਸਿੱਖਿਆ ਦੇਹਰਾਦੂਨ ਦੇ ਦੂਨ ਸਕੂਲ ਵਿੱਚ ਮੁਕੰਮਲ ਕੀਤੀ, ਹਾਲਾਂਕਿ ਉਹ ਦੋ ਸਾਲ ਲਾਰੈਂਸ ਸਕੂਲ ਵਿੱਚ ਵੀ ਪੜੇ ਹਨ। ਇਸ ਤੋਂ ਬਾਅਦ ਉਨਾਂ ਫ਼ੌਜੀ ਅਫ਼ਸਰ ਵਜੋਂ ਟ੍ਰੇਨਿੰਗ ਨੈਸ਼ਨਲ ਡਿਫ਼ੈਂਸ ਅਕੈਡਮੀ ਦੇਹਰਾਦੂਨ ਅਤੇ ਭਾਰਤੀ ਮਿਲਟਰੀ ਅਕੈਡਮੀ ਤੋਂ ਲਈ। ਉਹ 1963 ਵਿੱਚ ਭਾਰਤੀ ਫ਼ੌਜ ਦੀ 2 ਸਿੱਖ ਰਫ਼ਜਮੈਂਟ ਵਿੱਚ ਬਤੌਰ ਅਫ਼ਸਰ ਭਰਤੀ ਹੋਏ। ਕੈਪਟਨ ਨੇ ਫ਼ੌਜ ਵਿੱਚ ਸਿਰਫ਼ ਦੋ ਸਾਲ ਹੀ ਸਰਵਿਸ ਕੀਤੀ। ਉਹ 1963 ਵਿੱਚ ਭਰਤੀ ਹੋਏ ਅਤੇ 1965 ਵਿੱਚ ਘਰੇਲੂ ਜਿੰਮੇਵਾਰੀਆਂ ਦਾ ਹਵਾਲਾ ਦੇ ਕੇ ਉਨਾਂ ਅਸਤੀਫ਼ਾ ਦੇ ਦਿੱਤਾ। ਪਰ 1965 ਵਿੱਚ ਹੀ ਭਾਰਤ-ਪਾਕਿਸਤਾਨ ਜੰਗ ਲੱਗਣ ਦੌਰਾਨ ਉਹ ਮੁੜ ਫ਼ੌਜ ਵਿੱਚ ਸ਼ਾਮਲ ਹੋ ਗਏ। 1965 ਦੀ ਜੰਗ ਦੌਰਾਨ ਉਹ ਪੱਛਮੀ ਕਮਾਂਡ ਦੇ ਕਮਾਂਡਿੰਗ ਇਨ ਚੀਫ਼ ਲੈਫ਼ਟੀਨੈਂਟ ਜਨਰਲ ਹਰਬਖ਼ਸ਼ ਸਿੰਘ ਦੇ ਏਡੀਸੀ ਸਨ। ਇਹ ਜੰਗ ਖ਼ਤਮ ਹੋਣ ਤੋਂ ਬਾਅਦ ਉਨਾਂ ਆਪਣੇ ਅਹੁਦੇ ਤੋਂ ਮੁੜ ਅਸਤੀਫ਼ਾ ਦੇ ਦਿੱਤਾ।

ਰਾਜੀਵ ਗਾਂਧੀ, ਕੈਪਟਨ ਅਮਰਿੰਦਰ ਸਿੰਘ ਦੇ ਦੂਨ ਸਕੂਲ ਦੇ ਸਹਿਪਾਠੀ ਸਨ। ਇਸ ਲਈ ਰਾਜੀਵ ਗਾਂਧੀ ਨਾਲ਼ ਨੇੜਲੇ ਰਿਸ਼ਤਿਆਂ ਕਾਰਨ ਉਹ ਕਾਂਗਰਸ ਵਿੱਚ ਸ਼ਾਮਲ ਹੋ ਗਏ। ਸੋਨੀਆ ਗਾਂਧੀ ਨੇ ਉਨਾਂ ਦਾ ਸਿਆਸਤ ਦੇ ਹਰ ਮੋੜ ਉੱਤੇ ਸਾਥ ਦਿੱਤਾ। ਪਟਿਆਲਾ ਦਾ ਸ਼ਾਹੀ ਪਰਿਵਾਰ ਪਹਿਲਾਂ ਤੋਂ ਹੀ ਕਾਂਗਰਸ ਦਾ ਸਮਰਥਕ ਸੀ। ਕੈਪਟਨ ਦੀ ਮਾਤਾ ਮਹਿੰਦਰ ਕੌਰ ਕਾਂਗਰਸ ਦੀ ਰਾਜ ਸਭਾ ਮੈਂਬਰ ਵੀ ਰਹੀ ਹੈ। 1980 ਦੀਆਂ ਲੋਕ ਸਭਾ ਚੋਣਾਂ ਵਿੱਚ ਕੈਪਟਨ ਨੇ ਪਹਿਲੀ ਵਾਰ ਕਾਂਗਰਸ ਦੀ ਟਿਕਟ ’ਤੇ ਲੋਕ ਸਭਾ ਦੀ ਚੋਣ ਲੜੀ। 1984 ਵਿੱਚ ਅਕਾਲ ਤਖ਼ਤ ਉੱਤੇ ਭਾਰਤੀ ਫ਼ੌਜ ਦੇ ਹਮਲੇ ਖ਼ਿਲਾਫ਼ ਕੈਪਟਨ ਨੇ ਲੋਕ ਸਭਾ ਤੋਂ ਅਸਤੀਫ਼ਾ ਦੇ ਦਿੱਤਾ। ਕਾਂਗਰਸ ਨਾਲ਼ੋਂ ਵੀ ਨਾਤਾ ਤੋੜ ਲਿਆ ਸੀ। 1984 ਵਿੱਚ ਲੋਕ ਸਭਾ ਤੋਂ ਅਸਤੀਫ਼ਾ ਦੇਣ ਕਾਰਨ ਆਮ ਲੋਕਾਂ ਵਿੱਚ ਕੈਪਟਨ ਦੀ ਦਿੱਖ ਇੱਕ ਚੰਗੇ ਸਿੱਖ ਵਜੋਂ ਬਣ ਗਈ ਸੀ। ਕੈਪਟਨ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਤੇ ਉਨਾਂ ਨੂੰ 1985 ਵਿੱਚ ਤਲਵੰਡੀ ਸਾਬੋ ਤੋਂ ਚੋਣ ਲੜਾਈ ਗਈ। ਅਕਾਲੀ ਦਲ ਦੀ ਇਸ ਸਰਕਾਰ ਵਿੱਚ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਬਣੇ ਤੇ ਕੈਪਟਨ ਖੇਤੀਬਾੜੀ ਮੰਤਰੀ ਬਣੇ, ਪਰ ਇਹ ਸਰਕਾਰ 1987 ਵਿੱਚ ਅਮਨ ਕਾਨੂੰਨ ਦੀ ਸਥਿਤੀ ਕਾਰਨ ਭੰਗ ਕਰ ਦਿੱਤੀ ਗਈ।

1980ਵਿਆਂ ਦੌਰਾਨ ਖ਼ਾਲਿਸਤਾਨੀ ਲਹਿਰ ਦਾ ਦੌਰ ਸੀ ਤੇ ਸੂਬੇ ਵਿੱਚ ਜ਼ਿਆਦਾ ਸਮਾਂ ਰਾਸ਼ਟਰਪਤੀ ਰਾਜ ਹੀ ਰਿਹਾ। ਅਕਾਲੀ ਦਲ ਦੇ ਆਗੂਆਂ ਨਾਲ਼ ਮਤਭੇਦ ਹੋਣ ਤੋਂ ਬਾਅਦ ਕੈਪਟਨ ਨੇ ਵੱਖਰਾ ਧੜਾ ਬਣਾ ਲਿਆ ਜਿਸ ਅਕਾਲੀ ਦਲ ਪੰਥਕ ਕਿਹਾ ਜਾਂਦਾ ਸੀ। 1997 ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ-ਭਾਜਪਾ ਸਰਕਾਰ ਬਣੀ ਸੀ। ਅਕਾਲੀ ਦਲ ਨੇ ਲੋਕਾਂ ਵਿੱਚ ਕਾਂਗਰਸ ਖ਼ਿਲਾਫ਼ ਸਿੱਖ ਭਾਵਨਾਵਾਂ ਨੂੰ ਚੋਣ ਮੁੱਦਾ ਬਣਾ ਕੇ ਇਹ ਚੋਣ ਲੜੀ ਸੀ। ਪੰਜਾਬ 1997 ਵਿੱਚ ਕੈਪਟਨ ਮੁੜ ਕਾਂਗਰਸ ਵਿੱਚ ਸ਼ਾਮਲ ਹੋ ਗਏ ਤੇ ਉਨਾਂ ਦੇ ਅਕਾਲੀ ਦਲ ਪੰਥਕ ਦਾ ਵੀ ਕਾਂਗਰਸ ਵਿੱਚ ਰਲ਼ੇਵਾਂ ਹੋ ਗਿਆ। 1998 ਦੀਆਂ ਲੋਕ ਸਭਾ ਚੋਣਾਂ ਕੈਪਟਨ ਨੇ ਮੁੜ ਕਾਂਗਰਸ ਦੀ ਟਿਕਟ ਉੱਤੇ ਲੜੀਆਂ ਪਰ ਉਹ ਹਾਰ ਗਏ।

1999 ਵਿੱਚ ਕਾਂਗਰਸ ਨੇ ਪੰਜਾਬ ਇਕਾਈ ਦੀ ਪ੍ਰਧਾਨਗੀ ਕੈਪਟਨ ਦੇ ਹੱਥਾਂ ਵਿੱਚ ਸੌਂਪ ਦਿੱਤੀ ਅਤੇ ਉਹ 2002 ਤੱਕ ਇਸ ਅਹੁਦੇ ਉੱਤੇ ਰਹੇ। ਕੈਪਟਨ ਦੀ ਅਗਵਾਈ ਵਿੱਚ ਹੀ ਕਾਂਗਰਸ ਨੇ ਫ਼ਰਵਰੀ 2002 ਦੀਆਂ ਵਿਧਾਨ ਸਭਾ ਚੋਣਾਂ ਜਿੱਤੀਆਂ ਤੇ ਸਰਕਾਰ ਬਣਾਈ। ਕੈਪਟਨ ਪੰਜਾਬ ਦੇ ਕਿਸੇ ਸ਼ਾਹੀ ਘਰਾਣੇ ਵਿੱਚੋਂ ਮੁੱਖ ਮੰਤਰੀ ਬਣਨ ਵਾਲੇ ਪਹਿਲੇ ਆਗੂ ਬਣੇ। ਪੰਥਕ ਮਾਮਲਿਆਂ ਵਿੱਚ ਮੁਹਾਰਤ ਹੋਣ ਕਾਰਨ ਕੈਪਟਨ ਨੇ ਅਕਾਲੀ ਦਲ ਨੂੰ ਇੱਕ ਵਾਰ ਖੂੰਜੇ ਲਾ ਦਿੱਤਾ ਸੀ। 1984 ਤੋਂ 1997 ਤੱਕ ਉਨਾਂ ਦੀ ਅਕਾਲੀ ਦਲ ਦੇ ਆਗੂ ਵਜੋਂ ਹੋਈ ਸਕੂਲਿੰਗ ਨੇ ਕੈਪਟਨ ਨੂੰ ਪੰਥਕ ਮੁੱਦਿਆਂ ਦੀ ਮੁਹਾਰਤ ਵਾਲਾ ਆਗੂ ਬਣਾ ਦਿੱਤਾ ਸੀ। ਸਿਆਸੀ ਮਾਹਿਰ ਮੰਨਦੇ ਹਨ ਕਿ ਕੈਪਟਨ ਨੇ ਜਿਵੇਂ ਪੰਥਕ ਮੁੱਦਿਆਂ ਨੂੰ ਚੁੱਕਿਆ ਤੇ ਬਾਦਲ ਵਿਰੋਧੀ ਪੰਥਕ ਦਲਾਂ ਨਾਲ਼ ਰਾਬਤਾ ਬਣਾਇਆ, ਉਸ ਨਾਲ਼ ਕੈਪਟਨ ਨੇ ਇੱਕ ਵਾਰ ਫੇਰ ਕਾਂਗਰਸ ਦੇ ਪੰਜਾਬ ਵਿੱਚ ਪੈਰ ਲੁਆ ਦਿੱਤੇ।

2002 ਵਿੱਚ ਕਾਂਗਰਸ ਨੇ ਚੋਣ ਜਿੱਤੀ ਤੇ ਕੈਪਟਨ ਨੇ ਇਹੀ ਪੰਥਕ ਏਜੰਡਾ ਜਾਰੀ ਰੱਖਿਆ। ਦਰਿਆਈ ਪਾਣੀਆਂ ਦੇ ਮੁੱਦੇ ਉਤੇ ਵਿਧਾਨ ਸਭਾ ਵਿੱਚ ਸਾਰੇ ਸਮਝੌਤੇ ਰੱਦ ਕਰਵਾ ਕੇ ਕੈਪਟਨ ਨੇ ਅਕਾਲੀ ਦਲ ਦੇ ਮੁੱਖ ਏਜੰਡਿਆਂ ਵਿੱਚੋਂ ਇੱਕ ਹਾਈਜੈਕ ਕਰ ਲਿਆ।



**ਧਾਕੜ ਆਗੂ ਤੋਂ ਮਜਬੂਰ ਮੁੱਖ ਮੰਤਰੀ**

ਕੈਪਟਨ ਦੀ ਪੰਜਾਬ ਦੀ ਸਿਆਸਤ ਵਿੱਚ ਦਿੱਖ ਇੱਕ ਧਾਕੜ ਆਗੂ ਵਾਲੀ ਸੀ। ਉਨਾਂ ਜਦੋਂ 2002 ਦੀਆਂ ਚੋਣਾਂ ਦੇ ਪ੍ਰਚਾਰ ਦੀ ਕਮਾਂਡ ਸੰਭਾਲੀ ਤਾਂ ਉਹ ਹਰ ਸਟੇਜ ਤੋਂ ਭ੍ਰਿਸ਼ਟਾਚਾਰ ਖ਼ਿਲਾਫ਼ ‘ਖੁੰਡਾ ਖੜਕਾਉਣ’ ਦੇ ਬਿਆਨ ਦਿੰਦੇ ਰਹੇ। ਉਨਾਂ ਸ਼ਰੇਆਮ ਪ੍ਰਕਾਸ਼ ਸਿੰਘ ਬਾਦਲ ਵਰਗੇ ਸੀਨੀਅਰ ਆਗੂ ਨੂੰ ਜੇਲ ਵਿੱਚ ਡੱਕਣ ਦੀ ਧਮਕੀ ਦਿੱਤੀ। ਅਕਾਲੀ ਦਲ ਦੇ ਤੇਜ਼ ਤਰਾਰ ਆਗੂਆਂ ਸੁਖਬੀਰ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਗੈਰ-ਸੰਸਦੀ ਸ਼ਬਦਾਂ ਦੀ ਵਰਤੋਂ ਕਰਦੇ ਰਹੇ। ਪ੍ਰਕਾਸ਼ ਸਿੰਘ ਬਾਦਲ ਨੇ 2007 ਅਤੇ 2012 ਦੀਆਂ ਦੋ ਵਿਧਾਨ ਸਭਾ ਚੋਣਾਂ ਵਿੱਚ ਕੈਪਟਨ ਨੂੰ ਧੋਬੀ ਪਟਕਾ ਮਾਰਿਆ। 2015 ਵਿੱਚ ਹੋਈਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਅਤੇ ਆਪ ਪਾਰਟੀ ਦੇ ਉਭਰਨ ਤੋਂ ਬਣੇ ਹਾਲਾਤ ਨੇ ਇੱਕ ਵਾਰ ਫੇਰ 2017 ਵਿੱਚ ਕੈਪਟਨ ਨੂੰ ਮੁੱਖ ਮੰਤਰੀ ਬਣਾ ਦਿੱਤਾ। ਕੈਪਟਨ ਦੂਜੇ ਕਾਰਜਕਾਲ ਦੇ ਅੰਤ ਤੱਕ ਧਾਕੜ ਤੋਂ ਮਜਬੂਰ ਮੁੱਖ ਮੰਤਰੀ ਵਾਂਗ ਦਿਖਣ ਲੱਗ ਪਏ ਸਨ।

ਕੈਪਟਨ ਦੇ ਖ਼ਿਲਾਫ਼ ਉਨਾਂ ਦੇ ਮੰਤਰੀਆਂ, ਦਰਜਨਾਂ ਵਿਧਾਇਕਾਂ ਅਤੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਮੋਰਚਾ ਖੋਲਿਆ ਸੀ। ਉਨਾਂ ਉੱਤੇ ਆਪਣੀ ਹੀ ਪਾਰਟੀ ਦੇ ਸਿੱਧੂ ਵਰਗੇ ਆਗੂ ਬਾਦਲਾਂ ਨਾਲ਼ ਅੰਦਰਖ਼ਾਤੇ ਮਿਲਣ ਦੇ ਇਲਜ਼ਾਮ ਲਾਉਂਦੇ ਰਹੇ, ਉਨਾਂ ਨੂੰ ਬੇਅਦਬੀ ਦੀਆਂ ਘਟਨਾਵਾਂ ਵਿੱਚ ਇਨਸਾਫ਼ ਨਾ ਦੇਣ ਲਈ ਜ਼ਿੰਮੇਵਾਰ ਦੱਸਦੇ ਰਹੇ। ਜਿਸ ਕੇਬਲ, ਸ਼ਰਾਬ, ਡਰੱਗ ਅਤੇ ਮਾਈਨਿੰਗ ਮਾਫ਼ੀਆ ਨੂੰ ਮੁੱਦਾ ਬਣਾਇਆ ਗਿਆ ਸੀ ਉਨਾਂ ਖ਼ਿਲਾਫ਼ ਵੀ ਕੋਈ ਠੋਸ ਕਾਰਵਾਈ ਨਾ ਕਰਨ ਦੇ ਇਲਜ਼ਾਮ ਕਾਂਗਰਸੀ ਆਗੂ ਹੀ ਲਗਾਉਂਦੇ ਰਹੇ। ਇਹੀ ਕਾਰਨ ਹੈ ਕਿ ਉਨਾਂ ਖ਼ਿਲਾਫ਼ ਉਨਾਂ ਦੇ ਆਪਣੇ ਹੀ ਮੰਤਰੀਆਂ, ਵਿਧਾਇਕਾਂ ਅਤੇ ਸੂਬਾ ਪਾਰਟੀ ਪ੍ਰਧਾਨ ਨਵਜੋਤ ਸਿੱਧੂ ਨੇ ਮੋਰਚਾ ਖੋਲਿਆ। ਕੈਪਟਨ ਵਾਅਦੇ ਪੂਰੇ ਕਰਨ ਦਾ ਦਾਅਵਾ ਕਰਦੇ ਰਹੇ ਹਨ, ਪਰ ਉਨਾਂ ਦੀ ਕਾਰਜਸ਼ੈਲੀ ਤੋਂ ਉਹ ਇੱਕ ਮਜਬੂਰ ਮੁੱਖ ਮੰਤਰੀ ਵਜੋਂ ਕੰਮ ਕਰਦੇ ਨਜ਼ਰ ਆ ਰਹੇ ਸਨ। ਮਿਸਾਲ ਵਜੋਂ ਸਿੱਧੂ ਉਨਾਂ ਖ਼ਿਲਾਫ਼ ਸਖ਼ਤ ਬਿਆਨਬਾਜ਼ੀ ਕਰਦੇ ਰਹੇ ਹਨ, ਪਰ ਉਹ ਉਨਾਂ ਨੂੰ ਪ੍ਰਧਾਨ ਬਣਨ ਤੋਂ ਨਹੀਂ ਰੋਕ ਸਕੇ। ਸਿੱਧੂ ਨੇ ਉਨਾਂ ਦਾ ਮੰਚ ਤੋਂ ਨਾਂ ਤੱਕ ਨਹੀਂ ਲਿਆ, ਉਲਟਾ ਗੱਲਾਂ-ਗੱਲਾਂ ਵਿੱਚ ਹੀ ਉਨਾਂ ਦੀ ਲਾਹ-ਪਾਹ ਕਰਦੇ ਦਿਖੇ ਅਤੇ ਉਹ ਚੁੱਪਚਾਪ ਸੁਣਦੇ ਰਹੇ। ਕਾਂਗਰਸ ਛੱਡ ਕੇ ਕੈਪਟਨ ਨੇ ਪੰਜਾਬ ਲੋਕ ਕਾਂਗਰਸ ਪਾਰਟੀ ਬਣਾਈ ਜੋ ਭਾਜਪਾ ਨਾਲ਼ ਗਠਜੋੜ ਵਿੱਚ ਚੋਣ ਲੜ ਰਹੀ ਹੈ।

**ਕੈਪਟਨ ਤੇ ਆਰੂਸਾ ਆਲਮ ਦੀ ਦੋਸਤੀ**

ਆਰੂਸਾ ਆਲਮ ਪਾਕਿਸਤਾਨੀ ਪੱਤਰਕਾਰ ਹੈ। ਉਨਾਂ ਦੀ ਕੈਪਟਨ ਅਮਰਿੰਦਰ ਨਾਲ਼ ਦੋਸਤੀ 2007 ਤੋਂ ਸ਼ੁਰੂ ਹੋਈ। ਇਹ ਦੋਸਤੀ ਪੰਜਾਬ ਦੀ ਸਿਆਸਤ ਵਿੱਚ ਕਿਸੇ ਨਾ ਕਿਸੇ ਤਰੀਕੇ ਚਰਚਾ ਦਾ ਮੁੱਦਾ ਬਣਦੀ ਰਹੀ। ਕੈਪਟਨ ਤੇ ਆਰੂਸਾ ਆਲਮ ਜਲੰਧਰ ਵਿੱਚ ਪਹਿਲੀ ਵਾਰ ਇੱਕ ਖੇਡ ਸਮਾਗਮ ਵਿੱਚ ਮਿਲੇ ਸਨ। ਉਸ ਤੋਂ ਬਾਅਦ ਜਦੋਂ ਕੈਪਟਨ ਲਾਹੌਰ ਗਏ ਤਾਂ ਆਰੂਸਾ ਤੇ ਕੈਪਟਨ ਦੀ ਮਿਲਣੀ ਦੀਆਂ ਖ਼ਬਰਾਂ ਪਾਕਿਸਤਾਨੀ ਮੀਡੀਆ ਵਿੱਚ ਨਸ਼ਰ ਹੋਈਆਂ।ਪਾਕਿਸਤਾਨੀ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ਼ ਨਾਲ਼ ਬਤੌਰ ਪੱਤਰਕਾਰ ਆਰੂਸਾ ਭਾਰਤ ਦੇ ਦੌਰੇ ਉੱਤੇ ਆਈ ਤਾਂ ਵੀ ਉਨਾਂ ਦੀ ਖ਼ਾਸ ਮਹਿਮਾਨ-ਨਿਵਾਜ਼ੀ ਕੀਤੀ ਗਈ। ਆਰੂਸਾ ਆਲਮ ਤੇ ਕੈਪਟਨ ਦੀ ਦੋਸਤੀ ਡੇਢ ਦਹਾਕੇ ਤੋਂ ਲਗਾਤਾਰ ਸੁਰਖ਼ੀਆਂ ਵਿੱਚ ਰਹੀ ਹੈ।

2007 ਵਿੱਚ ਦੋਵਾਂ ਦੇ ਵਿਆਹ ਕਰਵਾਉਣ ਦੀਆਂ ਖ਼ਬਰਾਂ ਮੀਡੀਆ ਤੇ ਸਿਆਸੀ ਹਲਕਿਆਂ ਵਿੱਚ ਆਈਆਂ ਤਾਂ ਆਰੂਸਾ ਨੇ ਚੰਡੀਗੜ ਵਿੱਚ ਪ੍ਰੈਸ ਕਾਨਫ਼ਰੰਸ ਕਰਕੇ ਕਿਹਾ ਕਿ ਕੈਪਟਨ ਉਨਾਂ ਦੇ ਸਿਰਫ਼ ਦੋਸਤ ਹਨ।ਕੈਪਟਨ ਸੱਤਾ ਤੋਂ ਬਾਹਰ ਸਨ ਤਾਂ ਵੀ ਆਰੂਸਾ ਦੇ ਉਨਾਂ ਨਾਲ਼ ਕਦੇ ਚੰਡੀਗੜ ਵਿੱਚ ਹੋਣ, ਕਦੇ ਚੈਲ (ਹਿਮਾਚਲ ਪ੍ਰਦੇਸ਼) ਵਿੱਚ ਅਤੇ ਕਦੇ ਦਿੱਲੀ ਵਿੱਚ, ਇਹ ਜਾਣਕਾਰੀ ਮੀਡੀਆ ਦੀਆਂ ਸੁਰਖ਼ੀਆਂ ਬਣਦੀ ਰਹੀ। 2017 ਵਿੱਚ ਜਦੋਂ ਕੈਪਟਨ ਮੁੜ ਮੁੱਖ ਮੰਤਰੀ ਬਣੇ ਤਾਂ ਆਰੂਸਾ ਉਨਾਂ ਦੀ ਚੰਡੀਗੜ ਸਥਿਤ ਸਰਕਾਰੀ ਰਿਹਾਇਸ਼ ਵਿੱਚ ਹੀ ਰਹਿਣ ਲੱਗ ਪਈ। ਉਦੋਂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਖ਼ਹਿਰਾ ਨੇ ਤਤਕਾਲੀ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਪੱਤਰ ਲਿਖ ਕੇ ਆਰੂਸਾ ਨੂੰ ਮੁੱਖ ਮੰਤਰੀ ਰਿਹਾਇਸ਼ ਤੋਂ ਬਾਹਰ ਕਰਨ ਲਈ ਕਾਰਵਾਈ ਦੀ ਮੰਗ ਕੀਤੀ ਸੀ।

ਸੁਖ਼ਪਾਲ ਖ਼ਹਿਰਾ ਨੇ ਇਸ ਚਿੱਠੀ ਬਾਰੇ ਦੱਸਦਿਆਂ ਇੱਕ ਵੀਡੀਓ ਸੰਦੇਸ਼ ਵਿੱਚ ਇਲਜ਼ਾਮ ਲਾਇਆ ਸੀ ਕਿ ਆਰੂਸਾ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਵਲੋਂ ਏਜੰਟ ਵਜੋਂ ਮੁੱਖ ਮੰਤਰੀ ਦੇ ਘਰ ਫਿੱਟ ਕੀਤੀ ਹੋ ਸਕਦੀ ਹੈ। ਉਨਾਂ ਇਸ ਨੂੰ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਵੀ ਕਰਾਰ ਦਿੱਤਾ ਸੀ। ਅਕਾਲੀ ਅਤੇ ਭਾਜਪਾ ਦੇ ਆਗੂ ਵੀ ਕੈਪਟਨ ਅਤੇ ਆਰੂਸਾ ਦੇ ਰਿਸ਼ਤਿਆਂ ਨੂੰ ਸਿਆਸੀ ਬਿਆਨਬਾਜ਼ੀ ਦਾ ਮਸਾਲਾ ਬਣਾਉਂਦੇ ਰਹੇ। ਪਰ ਕਦੇ ਅਜਿਹੀ ਜਾਣਕਾਰੀ ਸਾਹਮਣੇ ਨਹੀਂ ਆਈ ਕਿ ਉਨਾਂ ਆਪਣੀ ਪਾਰਟੀ ਦੀ ਕੇਂਦਰ ਸਰਕਾਰ ਨੂੰ ਆਰੂਸਾ ਦਾ ਭਾਰਤ ਵੀਜ਼ਾ ਰੱਦ ਕਰਨ ਲਈ ਦਬਾਅ ਪਾਇਆ ਹੋਵੇ। ਕਈ ਕਾਂਗਰਸੀ ਸੂਤਰਾਂ ਦੇ ਹਵਾਲੇ ਨਾਲ਼ ਇਹ ਖ਼ਬਰਾਂ ਜ਼ਰੂਰ ਆਉਂਦੀਆਂ ਰਹੀਆਂ ਕਿ ਇਸ ਮਾਮਲੇ ’ਤੇ ਕੈਪਟਨ ਨੇ ਸੋਨੀਆ ਗਾਂਧੀ ਦੀ ਵੀ ਨਹੀਂ ਸੁਣੀ।

---

# ਪੈਗਾਸਸ, ਸੁਪਰੀਮ ਕੋਰਟ ਤੇ ਮੋਦੀ ਸਰਕਾਰ ਬਨਾਮ ਨਾਗਰਿਕ ਅਧਿਕਾਰ



**ਦਲਵਿੰਦਰ ਸਿੰਘ ਗਰੇਵਾਲ**

ਅੱਜ ਕੱਲ ਪੈਗਾਸਸ ਖ਼ੂਬ ਖ਼ਬਰਾਂ ਵਿੱਚ ਹੈ ਤੇ ਸੰਸਦ ਦੇ ਬਜਟ ਸੈਸ਼ਨ ਵਿੱਚ ਵਿਰੋਧੀ ਪਾਰਟੀਆਂ ਵੱਲੋਂ ਇਹ ਮੁੱਦਾ ਬੜੇ ਜ਼ੋਰ-ਸ਼ੋਰ ਨਾਲ਼ ਉਠਾਏ ਜਾਣ ਦੀ ਸੰਭਾਵਨਾ ਹੈ। ਇਹ ਮੁੱਦਾ ਪਹਿਲਾਂ ਤੋਂ ਹੀ ਭਖਿਆ ਹੋਣ ਕਰਕੇ ਸੁਪਰੀਮ ਕੋਰਟ ਨੇ ਇਸ ਦੀ ਜਾਂਚ ਲਈ ਕਮੇਟੀ ਬਣਾ ਦਿੱਤੀ ਸੀ। ਉਸ ਤੋਂ ਪਹਿਲਾਂ ਪੱਛਮੀ ਬੰਗਾਲ ਦੀ ਸਰਕਾਰ ਨੇ ਵੀ ਇਸ ਸੰਬੰਧੀ ਇੱਕ ਜਾਂਚ ਕਮੇਟੀ ਬਿਠਾ ਦਿੱਤੀ ਸੀ। ਜਿਸ ਤਰਾਂ ਆਮ ਤੌਰ ’ਤੇ ਹੁੰਦਾ ਆਇਆ ਹੈ ਕਿ ਜਾਂਚ ਕਮੇਟੀ ਦਾ ਮਤਲਬ ਹੁੰਦਾ ਹੈ ਮਾਮਲੇ ਨੂੰ ਠੰਢੇ ਬਸਤੇ ਵਿੱਚ ਪਾ ਦੇਣਾ। ਉਸੇ ਤਰਾਂ ਇਹ ਮਾਮਲਾ ਵੀ ਠੰਢੇ ਬਸਤੇ ਵਿੱਚ ਹੀ ਰਹਿਣਾ ਸੀ ਜੇ ਨਿਊਯਾਰਕ ਟਾਈਮਜ਼ ਨੇ ਇਹ ਖ਼ਬਰ ਨਾ ਛਾਪੀ ਹੁੰਦੀ ਕਿ 2017 ਵਿੱਚ ਭਾਰਤ ਵੱਲੋਂ ਇਜ਼ਰਾਈਲ ਨਾਲ਼ ਰੱਖਿਆ ਸਾਜ਼ੋ-ਸਾਮਾਨ ਦੇ ਦੋ ਬਿਲੀਅਨ ਦੇ ਕੀਤੇ ਗਏ ਸਮਝੌਤੇ ਵਿੱਚ ਪੈਗਾਸਸ ਸਪਾਈਵੇਅਰ ਸਾਫ਼ਟਵੇਅਰ ਵੀ ਸ਼ਾਮਿਲ ਸੀ। ਪੈਗਾਸਸ ਹੈ ਕੀ ? ਪੈਗਾਸਸ ਇੱਕ ਕੰਪਿਊਟਰ ਸਾਫ਼ਟਵੇਅਰ ਹੈ ਜਿਸ ਨਾਲ਼ ਗੁੱਪ-ਚੁੱਪ ਤੌਰ ’ਤੇ ਦੂਜਿਆਂ ਦੇ ਫ਼ੋਨਾਂ ਤੇ ਕੰਪਿਊਟਰਾਂ ਤੋਂ ਜਾਣਕਾਰੀ ਇਕੱਤਰ ਕੀਤੀ ਜਾਂਦੀ ਹੈ। ਇਸ ਸਾਫ਼ਟਵੇਅਰ ਦੀ ਇਜ਼ਰਾਈਲੀ ਕੰਪਨੀ ਐਨ.ਐਸ.ਓ. ਦਾ ਮੱਤ ਹੈ ਕਿ ਇਹ ਸਾਫ਼ਟਵੇਅਰ ਅੱਤਵਾਦੀਆਂ ਦੀਆਂ ਕਾਰਵਾਈਆਂ ’ਤੇ ਨਜ਼ਰ ਰੱਖਣ ਲਈ ਹੈ ਤੇ ਸਿਰਫ਼ ਸਰਕਾਰਾਂ ਨੂੰ ਹੀ ਵੇਚਿਆ ਜਾਂਦਾ ਹੈ।

ਇਹ ਵੀ ਦੱਸਿਆ ਗਿਆ ਹੈ ਕਿ ਇਹ ਸਾਫ਼ਟਵੇਅਰ 90 ਦੇਸ਼ਾਂ ਨੇ ਮੰਗਿਆ ਸੀ ਪਰ ਸਿਰਫ਼ 40 ਜਮਹੂਰੀ ਦੇਸ਼ਾਂ ਦੀਆਂ ਸਰਕਾਰਾਂ ਨੂੰ ਹੀ ਵੇਚਿਆ ਗਿਆ ਹੈ। ਸੰਯੁਕਤ ਰਾਜ ਅਮਰੀਕਾ ਨੇ ਵੀ ਖ਼ਰੀਦਿਆ ਸੀ ਪਰ ਇਸ ਦੀ ਦੁਰਵਰਤੋਂ ਨਹੀਂ ਕੀਤੀ, ਸਗੋਂ ਉਨਾਂ ਨੇ ਇਸ ਕੰਪਨੀ ਨੂੰ ਬਲੈਕਲਿਸਟ ਭਾਵ ਕਾਲੀ ਸੂਚੀ ਵਿੱਚ ਪਾ ਦਿੱਤਾ ਸੀ। ਅਮਰੀਕਾ ਦੇ ਵਣਜ ਵਿਭਾਗ ਨੇ ਇਸ ਨੂੰ ਅਮਰੀਕਾ ਦੀ ਵਿਦੇਸ਼ ਨੀਤੀ ਅਤੇ ਸੁਰੱਖਿਆ ਦੇ ਹਿੱਤਾਂ ਦੇ ਉਲਟ ਕੰਮ ਕਰਨ ਲਈ ਨਵੰਬਰ 2021 ਵਿੱਚ ਬਲੈਕ ਲਿਸਟ ਕੀਤਾ ਸੀ। ਇਸ ਸਾਫ਼ਟਵੇਅਰ ਰਾਹੀਂ ਖਾਸ਼ੋਗੀ ਦੀ ਹੱਤਿਆ ਬਾਰੇ ਜਾਣਕਾਰੀ ਇਕੱਤਰ ਕਰਨ ਦਾ ਦੋਸ਼ ਵੀ ਸੀ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਮਿਨ ਨੇਤਾਨਹੂ ਵਿਰੁੱਧ ਹੋਏ ਮੁਜ਼ਾਹਰਿਆਂ ਦੀ ਸੂਚਨਾ ਇਕੱਤਰ ਕਰਨ ਵਿੱਚ ਵੀ ਇਹ ਸਾਫਟਵੇਅਰ ਦੇ ਵਰਤੇ ਜਾਣ ਦੇ ਦੋਸ਼ ਸਨ, ਜਿਸ ਬਾਰੇ ਇਜ਼ਰਾਈਲ ਵਿੱਚ ਜਾਂਚ ਕਮੇਟੀ ਬਿਠਾਈ ਗਈ ਸੀ। ਇਜ਼ਰਾਈਲ ਦੇ ਰੱਖਿਆ ਮੰਤਰਾਲੇ ਨੇ ਇੱਕ ਬਿਆਨ ਵਿੱਚ ਇਹ ਵੀ ਧਮਕੀ ਦਿੱਤੀ ਹੈ ਕਿ ਜੇਕਰ ਇਹ ਸਾਹਮਣੇ ਆਉਂਦਾ ਹੈ ਕਿ ਐਨ. ਐਸ.ਓ. ਨੇ ਆਪਣੇ ਉਤਪਾਦਨ ਲਾਇਸੈਂਸ ਦੀਆਂ ਸ਼ਰਤਾਂ ਦੀ ਉਲੰਘਣਾ ਕੀਤੀ ਹੈ ਤਾਂ ਉਹ ਉਚਿਤ ਕਾਰਵਾਈ ਕਰਨਗੇ। ਭਾਰਤ ਵਿੱਚ ਇਸ ਦੀ ਦੁਰਵਰਤੋਂ ਦੀ ਰਿਪੋਰਟ ਸਾਹਮਣੇ ਆਈ ਤਾਂ ਸੰਸਦ ਦੇ ਪਿਛਲੇ ਸੈਸ਼ਨ ਵਿੱਚ ਬੜਾ ਹੋ ਹੱਲਾ ਹੋਇਆ। ਪੱਤਰਕਾਰਾਂ ਦੇ ਇੱਕ ਅੰਤਰਰਾਸ਼ਟਰੀ ਜਾਂਚ ਗਰੁੱਪ ਨੇ ਇਹ ਦਾਅਵਾ ਕੀਤਾ ਸੀ ਕਿ ਕਈ ਭਾਰਤੀ ਮੰਤਰੀਆਂ, ਰਾਜ ਨੇਤਾਵਾਂ, ਕਾਰਕੁਨਾਂ, ਕਾਰੋਬਾਰੀਆਂ ਅਤੇ ਪੱਤਰਕਾਰਾਂ ਨੂੰ ਸਾਫ਼ਟਵੇਅਰ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ, ਹਾਲਾਂਕਿ ਭਾਰਤ ਸਰਕਾਰ ਨੇ ਖ਼ਾਸ ਲੋਕਾਂ ’ਤੇ ਇਸ ਰਾਹੀਂ ਕਿਸੇ ਵੀ ਤਰਾਂ ਦੀ ਨਿਗਰਾਨੀ ਦੇ ਦੋਸ਼ਾਂ ਨੂੰ ਨਕਾਰ ਦਿੱਤਾ ਸੀ। ਪਰ ਮਮਤਾ ਬੈਨਰਜੀ ਨੇ ਇਸ ਮਾਮਲੇ ਨੂੰ ਗੰਭੀਰ ਸਮਝ ਕੇ ਇੱਕ ਰਿਟਾਇਰਡ ਜੱਜ ਥੱਲੇ ਜਾਂਚ ਕਮੇਟੀ ਬਿਠਾਈ ਸੀ ਜਿਸ ਵਿਰੁੱਧ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਪਹੁੰਚ ਕੀਤੀ ਤਾਂ ਪਿਛਲੇ ਅਕਤੂਬਰ ਵਿੱਚ ਭਾਰਤੀ ਸੁਪਰੀਮ ਕੋਰਟ ਨੇ ਸਮਾਂਬੱਧ ਨਿਗਰਾਨੀ ਲਈ ਪੈਗਾਸਸ ਦੀ ਕਥਿਤ ਵਰਤੋਂ ਦੀ ਜਾਂਚ ਲਈ ਇੱਕ ਤਿੰਨ ਮੈਂਬਰੀ ਸੁਤੰਤਰ ਮਾਹਿਰ ਪੈਨਲ ਦਾ ਗਠਨ ਕਰ ਦਿੱਤਾ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਰਾਸ਼ਟਰੀ ਸੁਰੱਖਿਆ ਦੇ ਖ਼ਤਰੇ ਦੇ ਨਾਂ ’ਤੇ ਕੇਂਦਰ ਸਰਕਾਰ ਨੂੰ ਮਨਮਾਨੀ ਕਰਨ ਦੀ ਖੁੱਲੀ ਛੁੱਟੀ ਨਹੀਂ ਦਿੱਤੀ ਜਾ ਸਕਦੀ ਤੇ ਨਿਆਂਪਾਲਿਕਾ ਵੀ ਨਾਗਰਿਕਾਂ ਦੇ ਹੱਕਾਂ ਉਤੇ ਵੱਜ ਰਹੇ ਡਾਕੇ ਉੱਤੇ ‘ਮੂਕ ਦਰਸ਼ਕ’ ਨਹੀਂ ਬਣੀ ਰਹਿ ਸਕਦੀ। ਇਸ ਲਈ ਇਸ ਜਾਂਚ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਕੰਪਨੀ ਦੇ ਮੁਖੀ ਸ਼ਾਲੇਵ ਹੁਲੀਓ ਨੇ ਇਸ ਸਾਫ਼ਟਵੇਅਰ ਦੀ ਕਿਸੇ ਵੀ ਤਰਾਂ ਦੁਰਵਰਤੋਂ ਤੋਂ ਇਨਕਾਰ ਕੀਤਾ ਹੈ। ਉਸ ਨੇ ਇਹ ਵੀ ਕਿਹਾ ਹੈ ਕਿ ਜੇ.ਐਫ. 35 ਡਰੋਨ ਤੇ ਟੈਂਕ ਵੇਚਣਾ ਗ਼ਲਤ ਨਹੀਂ ਤਾਂ ਇਹ ਸਾਫ਼ਟਵੇਅਰ ਵੇਚਣਾ ਕਿਵੇਂ ਗ਼ਲਤ ਹੋਇਆ ? ਇਸ ਤੋਂ ਸਾਫ਼ ਜ਼ਾਹਰ ਹੈ ਕਿ ਐਨ.ਐਸ.ਓ. ਨੇ ਚਾਲੀ ਦੇਸ਼ਾਂ ਨੂੰ ਪੈਗਾਸਸ ਵੇਚਿਆ ਜਿਨਾਂ ਵਿੱਚ ਇਸ ਦੀ ਵਰਤੋਂ ਜਾਂ ਦੁਰਵਰਤੋਂ ਹੋਈ ਹੈ। ਦੁਨੀਆ ਦੇ ਹੋਰ ਦੇਸ਼ਾਂ ਦੇ ਨਾਲ਼-ਨਾਲ਼ ਭਾਰਤ ਵਿੱਚ ਇਸ ਸਾਫ਼ਟਵੇਅਰ ਰਾਹੀਂ ਨਾਗਰਿਕਾਂ ਦੀ ਨਿਗਰਾਨੀ ਹੋਣਾ ਇੱਕ ਗੰਭੀਰ ਮਾਮਲਾ ਹੈ। ਇਸ ਬਾਰੇ ਜਾਂਚ ਹੋਣੀ ਬਹੁਤ ਮਹੱਤਵਪੂਰਨ ਹੈ।

# ਪੰਜਾਬ ਦੇ ਵੋਟਰਾਂ ਰਾਜਨੀਤਕ ਪਾਰਟੀਆਂ ਤੋਂ ਨਿਰਾਸ਼

## ✪ ਸਭ ਪਾਰਟੀਆਂ ਨੇ ਪੰਜਾਬ ਏਜੰਡੇ ਬਾਰੇ ਖ਼ਾਮੋਸ਼ੀ ਧਾਰੀ ✪ ਵੋਟਰਾਂ ਦੀ ਚੁੱਪ ਨੇ ਉਮੀਦਵਾਰਾਂ ਦੇ ਸਾਹ ਸੁਕਾਏ ✪ ਪ੍ਰਮੁੱਖ ਰਾਜਸੀ ਪਾਰਟੀਆਂ ਦੇ ਪ੍ਰਧਾਨਾਂ ਦਾ ਵੱਕਾਰ ਦਾਅ 'ਤੇ ✪ ਵਾਤਾਵਰਨ, ਰੁਜ਼ਗਾਰ, ਸਿਹਤ, ਪੰਜਾਬੀ ਭਾਸ਼ਾ ਦੇ ਮੁੱਦੇ ਗਾਇਬ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੇ ਅਖਾੜੇ ਦਾ ਪਾਰਾ ਪਲ-ਪਲ ਸਿਖ਼ਰਾਂ ਵੱਲ ਜਾ ਰਿਹਾ ਹੈ ਪਰ ਹਾਲ ਦੀ ਘੜੀ ਕਿਸੇ ਵੀ ਹਲਕੇ ਦੇ ਵੋਟਰਾਂ ਨੇ ਆਪਣੇ ਦਿਲ ਦੇ ਭੇਦ ਨਹੀਂ ਖੋਲੇ। ਕੋਰੋਨਾ ਕਾਰਨ ਚੋਣ ਕਮਿਸ਼ਨ ਦੇ ਹੁਕਮ ਮੁਤਾਬਿਕ ਇਸ ਵਾਰ ਰੈਲੀਆਂ ਤੇ ਜਲਸੇ ਵੀ ਨਹੀਂ ਹੋ ਰਹੇ। ਵੋਟਾਂ ਮੰਗਣ ਵਾਲੇ ਉਮੀਦਵਾਰ ਜਾਂ ਉਨਾਂ ਦੇ ਹਮਾਇਤੀ ਤੇ ਪਾਰਟੀ ਦੇ ਮੈਂਬਰ ਘਰ-ਘਰ ਜਾ ਕੇ ਵੋਟਾਂ ਮੰਗ ਰਹੇ ਹਨ। ਨੁਕੜ ਮੀਟਿੰਗਾਂ ਵੀ ਚੋਣ ਪ੍ਰਚਾਰ ਦਾ ਅਹਿਮ ਅੰਗ ਬਣੀਆਂ ਹੋਈਆਂ ਹਨ। ਵੋਟਰਾਂ ਦੀ ਖ਼ਾਮੋਸ਼ੀ ਉਮੀਦਵਾਰਾਂ ਦੀ ਨੀਂਦ ਉਡਾਉਣ ਵਿੱਚ ਬਹੁਤ ਵੱਡਾ ਰੋਲ ਨਿਭਾ ਰਹੀ ਹੈ। ਇਸ ਵਾਰ ਵੋਟਰਾਂ ਦੀ ਖ਼ਾਮੋਸ਼ੀ ਦਾ ਵੱਡਾ ਕਾਰਨ ਇਹ ਹੈ ਕਿ ਕਿਸੇ ਪਾਰਟੀ ਕੋਲ਼ ਪੰਜਾਬ ਪੱਖੀ ਏਜੰਡਾ ਨਹੀਂ ਹੈ। ਸੱਤਾ ਦੇ ਲਾਲਚ ਵਿੱਚ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਵੱਲੋਂ ਅਹਿਮ ਮੁੱਦਿਆਂ ਨੂੰ ਨਜ਼ਰਅੰਦਾਜ਼ ਕੀਤਾ ਹੈ ਪਰ ਜਿਹੜੇ ਮੁੱਦੇ ਏਜੰਡੇ 'ਤੇ ਹਨ, ਉਨਾਂ ਵਿੱਚ ਮੁਫ਼ਤ ਸਹੂਲਤਾਂ ਦੇਣ ਦਾ ਸੱਭਿਆਚਾਰ ਤੇਜ਼ੀ ਨਾਲ਼ ਵਿਕਸਿਤ ਹੋ ਰਿਹਾ ਹੈ। ਸਿਆਸੀ ਪਾਰਟੀਆਂ ਇੱਕ-ਦੂਜੀ ਤੋਂ ਅੱਗੇ ਵਧ ਕੇ ਲੋਕਾਂ ਨੂੰ ਬਿਜਲੀ ਦੇ ਵੱਧ ਯੂਨਿਟ ਮੁਆਫ਼ ਕਰਨ, ਪ੍ਰਤੀ ਯੂਨਿਟ ਦੇ ਰੇਟ ਘਟਾਉਣ ਦੇ ਐਲਾਨ ਧੜੱਲੇ ਨਾਲ਼ ਕਰ ਰਹੀਆਂ ਹਨ। ਹਰ ਔਰਤ ਦੇ ਖ਼ਾਤੇ ਵਿੱਚ ਹਰ ਮਹੀਨੇ ਰਕਮਾਂ ਪਾਉਣ ਦੇ ਵਾਅਦੇ ਕੀਤੇ ਜਾ ਰਹੇ ਹਨ। ਕਿਸਾਨਾਂ ਨੂੰ ਸਸਤੀ ਬਿਜਲੀ, ਖ਼ਾਦ, ਕੀਟਨਾਸ਼ਕ ਦਵਾਈਆਂ ਤੇ ਡੀਜ਼ਲ ਸਸਤਾ ਕਰਨ ਦੇ ਦਮਗਜੇ ਮਾਰੇ ਜਾ ਰਹੇ ਹਨ। ਯਾਦ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਸਾਰੇ ਕਿਸਾਨਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ, ਨੌਜਵਾਨਾਂ ਨੂੰ ਮੁਫ਼ਤ ਸਮਾਰਟਫੋਨ ਗਿਫ਼ਟ ਕਰਨ ਅਤੇ ਘਰ-ਘਰ ਨੌਕਰੀ ਦੇਣ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਹੱਲ ਕਰਨ ਦੇ ਵਾਅਦੇ ਵਫ਼ਾ ਨਹੀਂ ਸਨ ਹੋਏ। ਇਸੇ ਤਰਾਂ ਪੰਜਾਬ ਸਿਰ ਚੜੇ ਢਾਈ-ਤਿੰਨ ਲੱਖ ਕਰੋੜ ਦੇ ਕਰਜ਼ੇ ਨੂੰ ਕਿਸ ਤਰਾਂ ਉਤਾਰਨਾ ਹੈ, ਇਸ ਬਾਰੇ ਸਾਰੀਆਂ ਪਾਰਟੀਆਂ ਚੁੱਪ ਹਨ। ਸੂਬੇ ਵਿੱਚ ਬੇਰੁਜ਼ਗਾਰੀ ਦੀ ਔਸਤਨ ਦਰ (7.3%) ਮੁਲਕ ਦੀ ਬੇਰੁਜ਼ਗਾਰੀ ਦੀ ਦਰ (4.8%) ਤੋਂ ਕਿਤੇ ਜ਼ਿਆਦਾ ਹੈ। ਪੜੇ ਲਿਖੇ ਨੌਜਵਾਨਾਂ (ਹਾਇਰ ਸੈਕੰਡਰੀ ਪਾਸ) ਦੀ ਬੇਰੁਜ਼ਗਾਰੀ ਦੀ ਦਰ ਪੰਜਾਬ ਵਿੱਚ 15.8% ਹੈ ਜਿਹੜੀ ਮੁਲਕ ਦੀ ਦਰ ਤੋਂ ਲਗਭਗ ਡੇਢ ਗੁਣਾ ਹੈ। ਪੜੇ ਲਿਖੇ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ। ਇਸ ਨਾਲ਼ ਸਾਲਾਨਾ ਹਜ਼ਾਰਾਂ ਕਰੋੜ ਰੁਪਏ ਦਾ ਸਰਮਾਇਆ ਵੀ ਉਨਾਂ ਨਾਲ਼ ਵਿਦੇਸ਼ ਜਾ ਰਿਹਾ ਹੈ। ਪਿਛਲੇ ਤੀਹ ਵਰਿਆਂ ਦੌਰਾਨ ਪੰਜਾਬ ਦੀ ਆਰਥਿਕਤਾ ਨੂੰ ਠੀਕ ਕਰਨ ਦੀ ਬਜਾਇ ਹਾਕਮ ਪਾਰਟੀਆਂ ਦੇ ਆਗੂ ਆਪਣੀਆਂ ਤਿਜੋਰੀਆਂ ਭਰਨ ਵਿੱਚ ਹੀ ਲੱਗੇ ਰਹੇ ਹਨ। ਆਪਣੇ ਭੱਤੇ, ਤਨਖ਼ਾਹਾਂ ਅਤੇ ਪੈਨਸ਼ਨਾਂ ਵਿੱਚ ਬੇਲੋੜਾ ਵਾਧਾ ਕੀਤਾ ਗਿਆ। ਲੋਕਾਂ ਦੇ ਕੰਮਾਂ ਕਾਰਾਂ ਵਾਸਤੇ ਸਰਕਾਰੀ ਮਹਿਕਮਿਆਂ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਜਿਹੜਾ ਇਨਾਂ ਲੀਡਰਾਂ ਵੱਲੋਂ ਹੀ ਉਤਸ਼ਾਹਿਤ ਕੀਤਾ ਗਿਆ। ਭੂਮੀ ਮਾਫ਼ੀਆ, ਡਰੱਗ ਮਾਫ਼ੀਆ, ਸ਼ਰਾਬ ਮਾਫ਼ੀਆ, ਰੇਤਾ-ਬਜਰੀ ਮਾਫ਼ੀਆ, ਟਰਾਂਸਪੋਰਟ ਮਾਫ਼ੀਆ, ਵਿਦਿਆ ਮਾਫ਼ੀਆ, ਸਿਹਤ ਮਾਫ਼ੀਆ ਆਦਿ ਸਿਆਸੀ ਲੀਡਰਾਂ ਦੀ ਸਰਪ੍ਰਸਤੀ ਵਿੱਚ ਹੀ ਪੈਦਾ ਹੋਇਆ ਅਤੇ ਸੂਬੇ ਵਿੱਚ ਪਸਰਿਆ ਹੈ। ਦੂਜੇ ਪਾਸੇ ਜਦ ਵੋਟਰਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਲੋਕਤੰਤਰ ਦੀ ਬੁਨਿਆਦ ਹੀ ਪੈਸੇ ਅਤੇ ਨਸ਼ਿਆਂ 'ਤੇ ਟਿਕੀ ਹੋਈ ਹੈ ਤਾਂ ਉਨਾਂ ਨੇ ਆਪਣੀ ਵੋਟ ਵੇਚਣੀ ਸ਼ੁਰੂ ਕਰ ਦਿੱਤੀ ਹੈ। ਇਸ ਸੌਦੇਬਾਜ਼ੀ ਵਿੱਚ ਅਹਿਮ ਮੁੱਦਿਆਂ 'ਤੇ ਨਸ਼ਾ ਅਤੇ ਪੈਸਾ ਭਾਰੂ ਹੋ ਗਏ ਹਨ। ਹੁਣ ਸਿਆਸਤ ਇੱਕ ਵਪਾਰ ਅਤੇ ਵੋਟਰ ਇਸ ਦੀ ਮੰਡੀ ਬਣ ਗਏ ਹਨ। ਸਿਆਸੀ ਆਗੂਆਂ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਕਿ ਦੇਸ਼ ਦਾ ਅੰਨਦਾਤਾ ਖ਼ੁਦਕੁਸ਼ੀਆਂ ਦੇ ਰਾਹ ਪੈ ਗਿਆ ਹੈ ਅਤੇ ਨਸ਼ਿਆਂ ਦੇ ਭੰਨੇ ਨੌਜਵਾਨਾਂ ਦਾ ਹਰ 8 ਮਿੰਟ ਬਾਅਦ ਸਿਵਾ ਬਲ ਰਿਹਾ ਹੈ ਅਤੇ ਕੈਂਸਰ ਡੈਣ ਨੇ ਵੀ ਕਈ ਪਿੰਡਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਇਸ ਵੇਲੇ ਚੋਣਾਂ ਵਿੱਚ ਦੇਸ਼, ਪ੍ਰਾਂਤ ਜਾਂ ਸਮਾਜਿਕ ਹਿੱਤਾਂ ਦੀ ਥਾਂ ਦੂਸ਼ਣਬਾਜ਼ੀ, ਅਸੱਭਿਅਕ ਭਾਸ਼ਾ ਜਾਂ ਫਿਰ ਜੋੜ-ਤੋੜ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਰੋਜ਼ੀ-ਰੋਟੀ, ਕੱਪੜਾ, ਮਕਾਨ, ਸਿਹਤ ਸੇਵਾਵਾਂ, ਵਾਤਾਵਰਨ, ਵਿੱਦਿਆ, ਰੁਜ਼ਗਾਰ, ਖੇਤੀ ਖੇਤਰ, ਪੇਂਡੂ ਸੱਭਿਆਚਾਰ, ਔਰਤਾਂ ਦੀ ਸੁਰੱਖਿਆ ਅਤੇ ਵਿਕਾਸ ਦੀ ਗੱਲ ਮਿਰਗ-ਤ੍ਰਿਸ਼ਨਾ ਬਣ ਕੇ ਰਹਿ ਗਈ ਹੈ।

ਡਰੱਗ ਦੀ ਸ਼ਰੇਆਮ ਸਪਲਾਈ ਕਾਰਨ ਹੀ ਬਲਾਤਕਾਰ ਦੀਆਂ ਘਟਨਾਵਾਂ ਵਿੱਚ 33 ਫ਼ੀਸਦੀ, ਲੁੱਟਾਂ-ਖੋਹਾਂ ਵਿੱਚ 22 ਫ਼ੀਸਦੀ, ਸੰਨ ਲਾਉਣ ਦੀਆਂ ਘਟਨਾਵਾਂ ਵਿੱਚ 15 ਫ਼ੀਸਦੀ ਦਾ ਵਾਧਾ ਹੋਣਾ ਪੰਜਾਬ ਦੇ ਮੱਥੇ 'ਤੇ ਇੱਕ ਕਲੰਕ ਹੀ ਤਾਂ ਹੈ। ਈ.ਡੀ. ਦੀਆਂ ਕਾਰਵਾਈਆਂ ਨੂੰ ਬਦਲੇ ਦੀ ਰਾਜਨੀਤੀ ਦੱਸਿਆ ਜਾ ਰਿਹਾ ਹੈ। ਜਿਸ ਤਰਾਂ ਦੇ ਹਾਲਾਤ ਪੰਜਾਬ ਦੀ ਰਾਜਨੀਤੀ ਵਿੱਚ ਦਿਖਾਈ ਦੇ ਰਹੇ ਹਨ, ਉਨਾਂ ਤੋਂ ਜਾਪਦਾ ਹੈ ਕਿ ਕਿਸੇ ਵੀ ਪਾਰਟੀ ਲਈ ਤੇ ਕਿਸੇ ਵੀ ਨੇਤਾ ਲਈ ਕੁਰਸੀ, ਟਿਕਟ ਤੇ ਸੱਤਾ ਤੋਂ ਬਿਨਾਂ ਬਾਕੀ ਕਿਸੇ ਚੀਜ਼ ਦੀ ਕੋਈ ਕੀਮਤ ਨਹੀਂ ਰਹੀ। ਰਾਜਨੀਤਕ ਪਾਰਟੀਆਂ ਲਈ ਵਿਚਾਰਧਾਰਾ ਦੀ ਕੋਈ ਬੁੱਕਤ ਨਹੀਂ, ਬਸ ਉਮੀਦਵਾਰ ਦੀ ਜਿੱਤਣ ਦੀ ਸਮਰੱਥਾ, ਸੱਤਾ ਪ੍ਰਾਪਤੀ ਤੇ ਭਾਈ ਭਤੀਜਾਵਾਦ ਹੀ ਵਿਚਾਰਧਾਰਾ ਬਣ ਗਈ ਜਾਪਦੀ ਹੈ। ਇਸੇ ਲਈ ਇੱਕ ਦਿਨ ਪਹਿਲਾਂ ਕਿਸੇ ਵਿਰੋਧੀ ਵਿਚਾਰਧਾਰਾ ਵਾਲੀ ਪਾਰਟੀ ਤੋਂ ਆਏ ਨੇਤਾਵਾਂ ਨੂੰ ਵੀ ਟਿਕਟਾਂ ਦਿੱਤੀਆਂ ਜਾ ਰਹੀਆਂ ਹਨ। ਚੋਣਾਂ ਜਿੱਤਣ ਲਈ ਅਜਿਹੇ ਵਾਅਦੇ ਵੀ ਕੀਤੇ ਜਾ ਰਹੇ ਹਨ, ਜਿਨਾਂ ਨੂੰ ਪੂਰਾ ਕਰਨਾ ਸੰਭਵ ਹੀ ਨਹੀਂ ਜਾਪਦਾ। ਇਹ ਚੰਗੀ ਗੱਲ ਹੈ ਕਿ ਦੇਸ਼ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਨੇ ਕਥਿਤ ਤੌਰ 'ਤੇ ਸਿਆਸੀ ਪਾਰਟੀਆਂ ਵੱਲੋਂ ਅਮਲ ਵਿੱਚ ਨਾ ਲਿਆਏ ਜਾ ਸਕਣ ਵਾਲੇ ਲੁਭਾਉਣੇ ਵਾਅਦੇ ਕਰਨ ਦੇ ਮੁੱਦੇ ਸਬੰਧੀ ਇੱਕ ਜਨਹਿਤ ਪਟੀਸ਼ਨ 'ਤੇ ਚੋਣ ਕਮਿਸ਼ਨ ਨੂੰ ਨੋਟਿਸ ਜਾਰੀ ਕਰਕੇ ਜਵਾਬ ਤਲਬ ਕੀਤਾ ਹੈ। ਹਾਲ ਦੀ ਘੜੀ ਤਾਂ ਇਹੀ ਕਿਹਾ ਜਾ ਸਕਦੈ ਕਿ ਵੋਟਰ ਡੇਰੇਦਾਰ ਸਾਧਾਂ ਵਾਂਗ ਹਰੇਕ ਨੂੰ ਹੀ ਮੁੰਡਾ ਦੇ ਕੇ ਤੋਰ ਰਹੇ ਹਨ। ਪਰ ਅਸਲ ਤੌਰ 'ਤੇ ਮੁੰਡਾ ਕਿਸ ਦੀ ਗੋਦੀ ਖੇਡੇਗਾ ਇਹ ਤਾਂ ਵੋਟਰ ਜਦ ਪੱਤੇ ਖੋਲਣਗੇ ਉਸ ਵਕਤ ਹੀ ਪਤਾ ਲੱਗੇਗਾ।



### ਸਿਆਸੀ ਮਹਾਂਰਥੀਆਂ ਦਾ ਭਵਿੱਖ ਦਾਅ 'ਤੇ

ਇਸ ਵਾਰ ਪੰਜਾਬ ਵਿੱਚ ਲਗਭਗ ਸਾਰੀਆਂ ਪ੍ਰਮੁੱਖ ਪਾਰਟੀਆਂ ਦੇ ਪ੍ਰਧਾਨਾਂ ਦਾ ਵੱਕਾਰ ਦਾਅ 'ਤੇ ਲੱਗਾ ਹੋਇਆ ਹੈ। ਚੋਣ ਲੜ ਰਹੇ ਪ੍ਰਧਾਨਾਂ ਵਿੱਚੋਂ ਕਈਆਂ ਦੀ ਨਜ਼ਰ ਮੁੱਖ ਮੰਤਰੀ ਦੀ ਕੁਰਸੀ 'ਤੇ ਟਿਕੀ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਜਲਾਲਾਬਾਦ ਤੋਂ ਚੋਣ ਲੜ ਰਹੇ ਹਨ। ਉਹ 2017 ਵਿੱਚ ਇਸ ਹਲਕੇ ਤੋਂ ਜੇਤੂ ਰਹੇ ਸਨ ਪਰ 2019 ਦੀਆਂ ਲੋਕ ਸਭਾ ਚੋਣਾਂ ਮੌਕੇ ਫ਼ਿਰੋਜ਼ਪੁਰ ਤੋਂ ਸੰਸਦ ਮੈਂਬਰ ਚੁਣੇ ਜਾਣ 'ਤੇ ਉਨਾਂ ਵਿਧਾਨ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਨਾਂ ਦੇ ਮੁਕਾਬਲੇ ਕਾਂਗਰਸ ਵੱਲੋਂ ਸਾਬਕਾ ਸੰਸਦ ਮੈਂਬਰ ਮੋਹਨ ਸਿੰਘ ਫਲੀਆ ਵਾਲਾਂ, 'ਆਪ' ਵਲੋਂ ਜਗਦੀਪ ਸਿੰਘ ਗੋਲਡੀ, ਭਾਜਪਾ ਗੱਠਜੋੜ ਤੋਂ ਪੂਰਨ ਚੰਦ ਤੇ ਸੰਯੁਕਤ ਸਮਾਜ ਮੋਰਚਾ ਦੇ ਸੁਰਿੰਦਰ ਸਿੰਘ ਢੱਡੀਆ ਕਿਸਮਤ ਅਜ਼ਮਾ ਰਹੇ ਹਨ। ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਧੂਰੀ ਵਿਧਾਨ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਸਨ। ਉਨਾਂ ਦੇ ਮੁਕਾਬਲੇ ਕਾਂਗਰਸ ਵਲੋਂ ਦਲਵੀਰ ਸਿੰਘ ਗੋਲਡੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਕਾਸ਼ ਚੰਦ ਗਰਗ, ਭਾਜਪਾ ਗੱਠਜੋੜ ਦੇ ਰਣਦੀਪ ਸਿੰਘ ਦਿਓਲ ਤੇ ਸੰਯੁਕਤ ਸਮਾਜ ਮੋਰਚਾ ਦੇ ਸਰਬਜੀਤ ਸਿੰਘ ਮੈਦਾਨ ਵਿੱਚ ਹਨ। ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਅੰਮ੍ਰਿਤਸਰ ਪੂਰਬੀ ਤੋਂ ਚੋਣ ਲੜ ਰਹੇ ਹਨ। ਉਨਾਂ ਦਾ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ ਦੇ ਦਿੱਗਜ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ਼ ਹੈ। 'ਆਪ' ਵੱਲੋਂ ਜੀਵਨਜੋਤ ਕੌਰ, ਭਾਜਪਾ ਗੱਠਜੋੜ ਦੇ ਡਾ. ਜਗਮੋਹਨ ਸਿੰਘ ਰਾਜੂ ਤੇ ਸੰਯੁਕਤ ਸਮਾਜ ਮੋਰਚਾ ਵਲੋਂ ਸੁਖਜਿੰਦਰ ਸਿੰਘ ਮਾਹੂ ਮੈਦਾਨ ਵਿੱਚ ਹਨ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਪਠਾਨਕੋਟ ਹਲਕੇ ਤੋਂ ਕਿਸਮਤ ਅਜ਼ਮਾ ਰਹੇ ਹਨ। ਉਨਾਂ ਦੇ ਮੁਕਾਬਲੇ 'ਚ ਕਾਂਗਰਸ ਦੇ ਅਮਿਤ ਵਿਜ, 'ਆਪ' ਵਲੋਂ ਵਿਭੂਤੀ ਸ਼ਰਮਾ, ਬਸਪਾ ਦੇ ਜੋਤੀ ਭੀਮ, ਸੰਯੁਕਤ ਸਮਾਜ ਮੋਰਚਾ ਦੇ ਸੂਬਾ ਸਿੰਘ ਸਰਾਂ ਹਨ। ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਰ ਵਾਰ ਦੀ ਤਰਾਂ ਪਟਿਆਲਾ ਸ਼ਹਿਰੀ ਹਲਕੇ ਤੋਂ ਚੋਣ ਮੈਦਾਨ ਵਿੱਚ ਡਟੇ ਹੋਏ ਹਨ। ਇੱਥੇ ਕਾਂਗਰਸ ਵੱਲੋਂ ਸਾਬਕਾ ਮੇਅਰ ਵਿਸ਼ਨੂੰ ਸ਼ਰਮਾ ਨੂੰ ਉਤਾਰਿਆ ਗਿਆ ਹੈ। ਅਕਾਲੀ ਦਲ ਦੇ ਹਰਪਾਲ ਜੁਨੇਜਾ, 'ਆਪ' ਦੇ ਅਜੀਤਪਾਲ ਸਿੰਘ ਕੋਹਲੀ ਅਤੇ ਸੰਯੁਕਤ ਸਮਾਜ ਮੋਰਚਾ ਵਲੋਂ ਮੱਖਣ ਸਿੰਘ ਸਹੋਲੀ ਚੋਣ ਲੜ ਰਹੇ ਹਨ। ਬਸਪਾ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਫਗਵਾੜਾ (ਰਾਖਵਾਂ) ਹਲਕੇ ਤੋਂ ਮੈਦਾਨ ਵਿੱਚ ਹਨ। ਇਸ ਹਲਕੇ ਤੋਂ ਕਾਂਗਰਸ ਦੇ ਬਲਵਿੰਦਰ ਸਿੰਘ ਧਾਲੀਵਾਲ, 'ਆਪ' ਤੋਂ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ, ਭਾਜਪਾ ਗੱਠਜੋੜ ਦੇ ਸਾਬਕਾ ਮੰਤਰੀ ਵਿਜੇ ਸਾਂਪਲਾ ਤੇ ਸੰਯੁਕਤ ਸਮਾਜ ਮੋਰਚੇ ਵੱਲੋਂ ਚੌਧਰੀ ਖ਼ੁਸ਼ੀ ਰਾਮ ਨੂੰ ਉਮੀਦਵਾਰ ਬਣਾਇਆ ਗਿਆ ਹੈ। ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਆਤਮ ਨਗਰ (ਲੁਧਿਆਣਾ) ਤੋਂ ਮੈਦਾਨ ਵਿੱਚ ਡਟੇ ਹੋਏ ਹਨ। ਇੱਥੋਂ ਕਾਂਗਰਸ ਦੇ ਕੰਵਲਜੀਤ ਸਿੰਘ ਕਰਵਲ, 'ਆਪ' ਦੇ ਕੁਲਵੰਤ ਸਿੰਘ ਸਿੱਧੂ, ਅਕਾਲੀ ਦਲ ਵੱਲੋਂ ਹਰੀਸ਼ ਰਾਏ ਢਾਂਡਾ, ਭਾਜਪਾ ਗੱਠਜੋੜ ਦੇ ਪ੍ਰੇਮ ਮਿੱਤਲ, ਸੰਯੁਕਤ ਸਮਾਜ ਮੋਰਚਾ ਦੇ ਹਰਕੀਰਤ ਸਿੰਘ ਰਾਣਾ ਚੋਣ ਮੈਦਾਨ ਵਿੱਚ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਮਰ ਦਰਾਜ ਹੋਣ ਦੇ ਬਾਵਜੂਦ ਪਾਰਟੀ ਵੱਲੋਂ ਉਨਾਂ ਨੂੰ ਜੱਦੀ ਹਲਕਾ ਲੰਬੀ ਤੋਂ ਚੋਣ ਲੜਾਈ ਜਾ ਰਹੀ ਹੈ, ਜਦਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਟਿਆਲਾ ਸ਼ਹਿਰੀ ਤੋਂ ਪੰਜਾਬ ਲੋਕ ਕਾਂਗਰਸ ਵੱਲੋਂ ਮੈਦਾਨ ਵਿੱਚ ਹਨ। ਦੋਵਾਂ ਦੇ ਹਲਕਿਆਂ 'ਤੇ ਵਿਸ਼ਵ ਦੇ ਪੰਜਾਬੀਆਂ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ।

### ਪੰਜਾਬੀ ਭਾਸ਼ਾ ਦਾ ਮੁੱਦਾ ਗ਼ਾਇਬ

ਮਾਂ ਬੋਲੀ ਪੰਜਾਬੀ ਨੂੰ ਹੱਕ ਦਿਵਾਉਣ ਦੀ ਗੱਲ ਕਰੀਏ ਤਾਂ ਕਿਸੇ ਵੀ ਰਾਜਨੀਤਿਕ ਦਲ ਨੇ ਇਸ ਮੁੱਦੇ ਪ੍ਰਤੀ ਟਿੱਪਣੀ ਕਰਨੀ ਵੀ ਮੁਨਾਸਬ ਨਹੀਂ ਸਮਝੀ। ਪੰਜਾਬ ਰਾਜ ਭਾਸ਼ਾ ਐਕਟ 1967 ਦੀ ਧਾਰਾ ਪੰਜਾਬ ਦੀਆਂ ਸਾਰੀਆਂ ਅਦਾਲਤਾਂ ਵਿੱਚ ਰੋਜ਼ਮਰਾ ਕੰਮਕਾਜ ਜਿਵੇਂ ਦਾਅਵੇ, ਜੁਆਬ ਦਾਅਵੇ, ਹੁਕਮ, ਫ਼ੈਸਲੇ ਵੀ 5 ਨਵੰਬਰ 2008 ਵਿੱਚ ਪੰਜਾਬੀ ਵਿੱਚ ਕੀਤੇ ਜਾਣੇ ਲਾਜ਼ਮੀ ਕਰਾਰ ਦਿੱਤੇ ਗਏ ਸਨ। ਪੰਜਾਬੀ ਭਾਸ਼ਾ ਨੂੰ ਅਦਾਲਤਾਂ ਵਿੱਚ ਲਾਜ਼ਮੀ ਬਣਾਉਣ ਲਈ ਪੰਜਾਬ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਤੋਂ 1500 ਨਵੇਂ ਮੁਲਾਜ਼ਮ ਜੋ ਪੰਜਾਬੀ ਦੀ ਉੱਚ ਸਿੱਖਿਆ ਪ੍ਰਾਪਤ ਹੋਣਗੇ ਦੀ ਮੰਗ ਵੀ ਕੀਤੀ ਗਈ ਸੀ ਪਰ ਪੰਜਾਬ ਸਰਕਾਰ ਦਾ ਰਵੱਈਆ ਇਸ ਬਾਰੇ ਉਦਾਸੀਨ ਹੀ ਰਿਹਾ ਹੈ। ਸਭ ਤੋਂ ਰੌਚਕ ਪਹਿਲੂ ਇਹ ਹੈ ਕਿ 2008 ਵਿੱਚ ਪੰਜਾਬ ਦੇ ਹਰ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਸੀ ਪਰ ਅੱਜ ਵੀ ਰਾਜ ਦੇ ਕਈ ਨਿੱਜੀ ਪ੍ਰਾਈਵੇਟ ਸਕੂਲ ਇਸ ਕਾਨੂੰਨ ਦੀਆਂ ਧੱਜੀਆਂ ਉੱਡਾ ਕੇ ਪੰਜਾਬੀ ਦੀ ਥਾਂ ਹੋਰ ਭਾਸ਼ਾਵਾਂ ਪੜਾਉਣ ਨੂੰ ਹੀ ਤਰਜੀਹ ਦੇ ਰਹੇ ਹਨ। ਬੁੱਧੀਜੀਵੀ ਅਤੇ ਪੰਜਾਬੀ ਮਾਂ ਬੋਲੀ ਦੇ ਚਿੰਤਕ ਸਮੇਂ ਦਰ ਸਮੇਂ ਮੰਗ ਕਰਦੇ ਰਹੇ ਹਨ ਕਿ ਇਸ ਕਾਨੂੰਨ ਦੀ ਵਿਵਸਥਾ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਖ਼ਿਲਾਫ਼ ਸਖ਼ਤੀ ਕੀਤੀ ਜਾਵੇ ਅਤੇ ਪੰਜਾਬੀ ਨਾ ਪੜਾਉਣ ਵਾਲੇ ਸਕੂਲਾਂ ਦੀ ਮਾਨਤਾ ਰੱਦ ਕੀਤੀ ਜਾਵੇ।

### ਸਿੱਖਿਆ ਏਜੰਡਾ ਗ਼ਾਇਬ

ਪੰਜਾਬ ਵਿੱਚ ਮੁੱਢਲੀ, ਦਰਮਿਆਨੀ, ਉਚੇਰੀ, ਉੱਚ, ਤਕਨੀਕੀ ਤੇ ਕਿੱਤਾਮੁਖੀ ਸਿੱਖਿਆ ਦੀ ਹਾਲਤ ਮੰਦੀ ਹੈ। ਪ੍ਰਾਈਵੇਟ ਸਿੱਖਿਆ ਅਦਾਰਿਆਂ ਦੀ ਭਰਮਾਰ ਹੋ ਗਈ ਹੈ। ਮੁਨਾਫ਼ੇ ਦੀ ਦੌੜ ਵਿੱਚ ਮਿਆਰਾਂ ਨੂੰ ਤੇ ਗੁਣਵੱਤਾ ਨੂੰ ਤਾਂ ਕਰੀਬ ਤਿਲਾਂਜਲੀ ਹੀ ਦੇ ਦਿੱਤੀ ਗਈ ਹੈ। ਸਕੂਲੀ ਸਿੱਖਿਆ ਵਿੱਚ ਪ੍ਰਾਈਵੇਟਾਂ ਦਾ ਹੱਥ ਉੱਪਰ ਹੈ। ਬਹੁਗਿਣਤੀ ( ਕਰੀਬ 60 ਫ਼ੀਸਦੀ) ਵਿਦਿਆਰਥੀ ਪ੍ਰਾਈਵੇਟ ਸਕੂਲਾਂ ਵਿੱਚ ਜਾਂਦੇ ਹਨ। ਤਨਖ਼ਾਹ ਤੇ ਨੌਕਰੀ ਦੀਆਂ ਸ਼ਰਤਾਂ ਦੇ ਮਾਮਲੇ ਵਿੱਚ ਪ੍ਰਾਈਵੇਟ ਸਕੂਲਾਂ ਵਿੱਚ ਨਿਗੂਣੀ ਤਨਖ਼ਾਹ, ਦੁੱਗਣੀ ਤੇ ਦਸਤਖ਼ਤ, ਨੌਕਰੀ ਵਿੱਚੋਂ ਮਨਮਰਜ਼ੀ ਨਾਲ਼ ਕੱਢ ਦੇਣਾ ਆਮ ਜਿਹੀ ਗੱਲ ਹੈ। ਸਰਕਾਰ ਨੇ ਵੀ ਘੱਟੋ-ਘੱਟ ਉਜਰਤ ਦਾ ਨਿਯਮ ਲਾਗੂ ਕਰਨ ਵਿੱਚ ਵੀ ਪੂਰੀ ਤਰਾਂ ਅਵੇਸਲਾਪਣ ਵਿਖਾਇਆ ਹੈ। ਪ੍ਰਾਈਵੇਟ ਸਕੂਲਾਂ ਦੀਆਂ ਫ਼ੀਸਾਂ ਉੱਪਰ ਨਿਯੰਤਰਣ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਨੇ ਢਿੱਲਾ ਮੱਠਾ ਕਾਨੂੰਨ ਲਾਗੂ ਨਹੀਂ ਕੀਤਾ। ਇਨਾਂ ਮਾਮਲਿਆਂ ਵਿੱਚ ਹਾਈਕੋਰਟ ਤੱਕ ਦੇ ਹੁਕਮਾਂ ਦੀ ਵੀ ਅਣਦੇਖੀ ਕੀਤੀ ਗਈ ਹੈ। ਹੁਣ ਤਾਂ ਭਾਰਤ ਸਰਕਾਰ ਨੇ ਨਵੀਂ ਸਿੱਖਿਆ ਨੀਤੀ ਤਹਿਤ ਸਿੱਖਿਆ ਦੇ ਮਾਧਿਅਮ ਦੀ, ਖੇਤਰੀ ਭਾਸ਼ਾਵਾਂ ਦੀ ਤੇ ਫ਼ੀਸਾਂ ਦੇ ਨਿਯੰਤਰਣ ਦੀ ਵਿਵਸਥਾ ਨੂੰ ਹੀ ਜਰਜਰਾ ਕਰ ਦਿੱਤਾ ਹੈ। ਵਿਗਿਆਨਕ ਸਿੱਖਿਆ ਜੋ ਸੰਵਿਧਾਨ ਦੀ ਧਾਰਾ 51 ਏ ਤਹਿਤ ਲਾਜ਼ਮੀ ਹੈ, ਨੂੰ ਵੀ ਸੱਭਿਆਚਾਰ ਤੇ ਸੰਸਕ੍ਰਿਤੀ ਦੇ ਨਾਂ 'ਤੇ ਭਗਵਾਂਕਰਨ ਕਰਕੇ ਖੋਖਲਾ ਕਰ ਦਿੱਤਾ ਗਿਆ ਹੈ।

### ਵਾਤਾਵਰਨ ਚੋਣ ਮੁੱਦਾ ਹੀ ਨਹੀਂ

ਪੰਜਾਬ ਦੀ ਆਰਥਿਕਤਾ ਡਗਮਗਾ ਰਹੀ ਹੈ। ਪ੍ਰਤੀ ਵਿਅਕਤੀ ਆਮਦਨ 1991-92 ਵਿੱਚ ਪਹਿਲੇ ਸਥਾਨ ਤੱਕ ਰਹਿਣ ਮਗਰੋਂ ਹੁਣ ਸੂਬਾ 12ਵੇਂ-13ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਸੂਬੇ ਦੇ ਵਿਕਾਸ ਦੀ ਦਰ ਪਿਛਲੇ 30 ਸਾਲਾਂ ਤੋਂ ਮੁਲਕ ਦੇ ਵਿਕਾਸ ਦੀ ਦਰ ਤੋਂ ਹੇਠਾਂ ਚੱਲ ਰਹੀ ਹੈ। ਇਸ ਕਾਰਨ ਸਾਡੇ ਗੁਆਂਢੀ ਸੂਬੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸਾਡੇ ਨਾਲ਼ੋਂ ਕਾਫ਼ੀ ਅੱਗੇ ਨਿਕਲ ਗਏ ਹਨ। ਸਾਰੇ ਦੱਖਣੀ ਅਤੇ ਪੱਛਮੀ ਸੂਬੇ ਵੀ ਸਾਨੂੰ ਬਹੁਤ ਪਛਾੜ ਚੁੱਕੇ ਹਨ। ਸੂਬੇ ਵਿੱਚੋਂ ਕਈ ਉਦਯੋਗਕ ਇਕਾਈਆਂ ਪਲਾਇਨ ਕਰਕੇ ਦੂਜੇ ਸੂਬਿਆਂ ਵਿੱਚ ਚੱਲੀਆਂ ਹਨ। ਕਾਫ਼ੀ ਇਕਾਈਆਂ ਨੂੰ ਸਿਆਸਤਦਾਨਾਂ ਦੀ ਹਿੱਸਾ ਪੱਤੀ ਦੀ ਮੰਗ ਨੇ ਭਜਾਇਆ ਹੈ। ਸੂਬੇ ਦੀ ਖੇਤੀ ਘੋਰ ਸੰਕਟ ਦਾ ਸ਼ਿਕਾਰ ਹੋ ਗਈ ਹੈ। ਕਿਸਾਨ ਅਤੇ ਖੇਤ ਮਜ਼ਦੂਰ ਆਤਮ-ਹੱਤਿਆਵਾਂ ਕਰ ਰਹੇ ਹਨ। ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਖੇਤੀ ਲਾਹੇਵੰਦ ਨਹੀਂ ਰਹੀ। ਧਰਤੀ ਹੇਠਲਾ ਪਾਣੀ ਖ਼ਤਮ ਕੀਤਾ ਜਾ ਰਿਹਾ ਹੈ।

ਹਵਾ ਤੇ ਪਾਣੀ ਦੂਸ਼ਿਤ ਹੋ ਚੁੱਕੇ ਹਨ। ਕਦੇ ਵੀਹ-ਪੱਚੀ ਫੁੱਟ ਬੋਰ ਕਰ ਕੇ ਨਲਕੇ ਲੱਗ ਜਾਂਦੇ ਸਨ। ਪਾਣੀ ਨਿਕਲ ਆਉਂਦਾ ਸੀ ਪਰ ਲਾਲਚ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਹੇਠਾਂ ਜਾ ਚੁੱਕਾ ਹੈ। ਪੰਜ ਦਰਿਆਵਾਂ ਦੀ ਧਰਤੀ 'ਤੇ ਅਗਲੇ ਕੁਝ ਸਾਲਾਂ ਵਿੱਚ ਬੰਜਰ ਬਣ ਜਾਣ ਦਾ ਖ਼ਤਰਾ ਮੰਡਰਾ ਰਿਹਾ ਹੈ। ਉਦਯੋਗਾਂ ਦਾ ਦੂਸ਼ਿਤ ਪਾਣੀ ਤੇ ਕੈਮੀਕਲ ਆਦਿ ਨਦੀਆਂ ਵਿੱਚ ਸੁੱਟਿਆ ਜਾ ਰਿਹਾ ਹੈ। ਫੈਕਟਰੀਆਂ ਤੇ ਵਾਹਨਾਂ ਦਾ ਜ਼ਹਿਰੀਲਾ ਧੂੰਆਂ ਵਾਤਾਵਰਨ ਨੂੰ ਅਸ਼ੁੱਧ ਬਣਾ ਰਿਹਾ ਹੈ ਜੋ ਕੈਂਸਰ ਤੇ ਦਮੇ ਵਰਗੀਆਂ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ।

# ਰਾਹੁਲ ਨੇ ਅਮੀਰ-ਗਰੀਬ ਭਾਰਤ ਦੀ ਬਹਿਸ ਛੇੜ ਕੇ ਮੋਦੀ ਸਰਕਾਰ ਨੂੰ ਘੇਰਿਆ

## ✪ ਗਾਂਧੀ ਦਾ ਭਾਸ਼ਣ ਦਿ ਇੰਡੀਅਨ ਐਕਸਪ੍ਰੈਸ, ਟੈਲੀਗ੍ਰਾਫ ਤੇ ਹਿੰਦੋਸਤਾਨ ਟਾਈਮਜ਼ ਅਖਬਾਰਾਂ ਨੇ ਪਹਿਲੇ ਪੰਨੇ 'ਤੇ ਛਾਪਿਆ ✪ ਟਾਈਮਜ਼ ਆਫ਼ ਇੰਡੀਆ ਤੇ 'ਦ ਹਿੰਦੂ' ਦੇ ਮੁੰਬਈ ਐਡੀਸ਼ਨ ਨੇ ਉਸ ਨੂੰ ਥਾਂ ਨਹੀਂ ਦਿੱਤੀ ✪ ਭਾਰਤ ਦੀ 77 ਫੀਸਦੀ ਦੌਲਤ 'ਤੇ ਦੇਸ਼ ਦੇ 10 ਫੀਸਦੀ ਅਮੀਰ ਲੋਕਾਂ ਦਾ ਕਬਜ਼ਾ

**ਜਲੰਧਰ/ਏ.ਟੀ.ਨਿਊਜ਼ :-** ਕੇਂਦਰੀ ਬਜਟ ਦੇ ਜਵਾਬ ਵਿੱਚ 2 ਫਰਵਰੀ ਨੂੰ ਸੰਸਦ ਵਿੱਚ ਰਾਹੁਲ ਗਾਂਧੀ ਦਾ ਭਾਸ਼ਣ 'ਦ ਇੰਡੀਅਨ ਐਕਸਪ੍ਰੈਸ, ਟੈਲੀਗ੍ਰਾਫ ਅਤੇ ਹਿੰਦੋਸਤਾਨ ਟਾਈਮਜ਼' ਵਰਗੇ ਕੁਝ ਅਖਬਾਰਾਂ ਨੇ ਪਹਿਲੇ ਪੰਨੇ 'ਤੇ ਛਾਪਿਆ ਸੀ। ਪਰ ਟਾਈਮਜ਼ ਆਫ਼ ਇੰਡੀਆ 'ਦ ਹਿੰਦੂ' ਦੇ ਮੁੰਬਈ ਐਡੀਸ਼ਨ ਵਿਚ ਰਾਹੁਲ ਗਾਂਧੀ ਨੂੰ ਇਸ ਅਹਿਮ ਮਸਲੇ ਬਾਰੇ ਥਾਂ ਨਹੀਂ ਦਿੱਤੀ।

ਹਾਲਾਂਕਿ 'ਦ ਹਿੰਦੂ' ਨੇ ਇਸ ਨੂੰ ਪੰਨਾ 8 'ਤੇ ਦੋ ਕਾਲਮਾਂ ਵਿਚ ਸੰਖੇਪ ਵਿਚ ਪੇਸ਼ ਕੀਤਾ ਸੀ, ਪਰ ਟਾਈਮਜ਼ ਆਫ ਇੰਡੀਆ ਵਿਚ ਰਾਹੁਲ ਗਾਂਧੀ ਦਾ ਇਹ ਬਿਆਨ ਬਿਲਕੁਲ ਗਾਇਬ ਸੀ। ਜਿਹੜੇ ਅਖ਼ਬਾਰਾਂ ਨੇ ਰਾਹੁਲ ਦੇ ਭਾਸ਼ਣ ਦਾ ਮੁੱਖ ਨੁਕਤਾ ਉਠਾਇਆ ਜਿਸ ਵਿਚ ਉਨਾਂ ਨੇ ਦੋ ਭਾਰਤ ਹੋਣ ਦਾ ਜ਼ਿਕਰ ਕੀਤਾ ਸੀ, ਇਕ ਅਮੀਰ ਅਤੇ ਦੂਜਾ ਗਰੀਬਾਂ ਦਾ।

ਇਹ ਇੱਕ ਮਹੱਤਵਪੂਰਨ ਭਾਸ਼ਣ ਸੀ, ਚਾਹੇ ਤੁਸੀਂ ਉਸ ਨਾਲ ਸਹਿਮਤ ਹੋਵੋਂ ਜਾਂ ਨਾ। ਫਿਰ ਕੀ ਕਾਰਨ ਸੀ ਕਿ ਇਸ ਨੂੰ ਦਬਾ ਦਿੱਤਾ ਗਿਆ ਸੀ ਜਾਂ ਪੂਰੀ ਤਰਾਂ ਨਜ਼ਰਅੰਦਾਜ਼ ਕਰ ਦਿੱਤਾ ਗਿਆ ਸੀ ?

ਭਾਰਤ ਵਿੱਚ ਅਸਮਾਨਤਾ ਬਾਰੇ ਆਕਸਫੈਮ ਦੀ ਰਿਪੋਰਟ ਦੇ ਅੰਕੜਿਆਂ ਨੂੰ ਘੋਖਦਿਆਂ, ਰਾਹੁਲ ਗਾਂਧੀ ਦਾ ਇਹ ਭਾਸ਼ਣ ਗੰਭੀਰ ਬਹਿਸ ਦਾ ਵਿਸ਼ਾ ਹੈ ਕਿ ਭਾਰਤ ਵਿਚ ਕਿਵੇਂ ਅਜ਼ਾਦੀ, ਖੁਦਮੁਖਤਿਆਰੀ ਤੇ ਜਮਹੂਰੀਅਤ ਦਾ ਘਾਣ ਕੀਤਾ ਜਾ ਰਿਹਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਦੀ 77 ਫੀਸਦੀ ਦੌਲਤ 'ਤੇ ਦੇਸ਼ ਦੇ 10 ਫੀਸਦੀ ਅਮੀਰ ਲੋਕਾਂ ਦਾ ਕਬਜ਼ਾ ਹੈ। ਸਾਲ 2018 ਤੋਂ 2022 ਦਰਮਿਆਨ ਭਾਰਤ ਵਿਚ ਇਕ ਦਿਨ ਵਿਚ 70 ਨਵੇਂ ਕਰੋੜਪਤੀ ਪੈਦਾ ਹੋਏ ਹਨ। ਗ਼ਰੀਬਾਂ ਦਾ ਉਹ ਦੂਜਾ ਭਾਰਤ, ਜਿਸ ਦੀ ਝਲਕ ਆਰਥਿਕ ਸਰਵੇਖਣ ਅਤੇ ਬਜਟ ਤੋਂ ਬਾਅਦ ਦੇ ਦਿਨਾਂ ਵਿੱਚ ਸ਼ਾਇਦ ਹੀ ਪੂਰੇ ਮੀਡੀਆ ਵਿੱਚ ਦੇਖਣ ਨੂੰ ਮਿਲੀ ਹੋਵੇ। ਅਖ਼ਬਾਰਾਂ ਦੇ ਪੰਨੇ-ਦਰ-ਪੰਨੇ ਕਾਰਪੋਰੇਟ ਪੱਖੀ ਬਜਟ ਦੀ ਵਿਸ਼ੇਸ਼ ਰਿਪੋਰਟਿੰਗ ਅਤੇ ਭਾਜਪਾ ਤੇ ਮੋਦੀ ਪੱਖੀ ਰੰਗੀਨ ਗ੍ਰਾਫਿਕਸ ਅਤੇ ਤਸਵੀਰਾਂ ਵਾਲੀਆਂ ਟਿੱਪਣੀਆਂ ਨੂੰ ਸਮਰਪਿਤ ਸਨ। ਸਪੱਸ਼ਟ ਹੈ ਕਿ ਉਦਯੋਗ ਅਤੇ ਬਾਜ਼ਾਰਾਂ ਦੀਆਂ ਪ੍ਰਤੀਕਿਰਿਆਵਾਂ ਨੂੰ ਸਭ ਤੋਂ ਵੱਧ ਦਰਜਾ ਦਿੱਤਾ ਗਿਆ ਸੀ।

**ਸੁਆਲ ਇਹ ਹੈ ਕਿ ਕੀ ਬਜਟ ਕਿਸਾਨਾਂ ਤੇ ਗਰੀਬਾਂ ਲਈ ਵੀ ਮਾਇਨੇ ਰੱਖਦਾ ਹੈ ?**

1980 ਦੇ ਦਹਾਕੇ ਵਿਚ ਜਦੋਂ ਨਿੱਜੀ ਟੈਲੀਵਿਜ਼ਨ ਚੈਨਲ ਅਤੇ ਸੋਸ਼ਲ ਮੀਡੀਆ ਦੀ ਹੋਂਦ ਨਹੀਂ ਸੀ, ਉਦੋਂ ਪ੍ਰਿੰਟ ਮੀਡੀਆ ਵਿਚ ਆਮ ਜਨਤਾ ਦੇ ਵਿਚਾਰਾਂ ਨੂੰ ਥਾਂ ਦਿਤੀ ਜਾਂਦੀ ਸੀ। ਘੱਟੋ ਘੱਟ ਇਹ ਜਾਣਨ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਆਮ ਲੋਕ ਕੀ ਸੋਚਦੇ ਹਨ। ਜ਼ਾਹਿਰ ਹੈ ਕਿ ਅੱਜ ਦਾ ਮੀਡੀਆ ਜਾਣਦਾ ਹੈ ਕਿ ਅਜਿਹੇ ਸਾਧਾਰਨ ਲੋਕਾਂ ਦਾ ਮੀਡੀਆ ਦੀ ਮੰਡੀ ਵਿਚ ਕੋਈ ਅਰਥ ਨਹੀਂ। ਇਹ ਮੀਡੀਆ ਨੂੰ ਕੋਈ ਆਰਥਿਕ ਲਾਭ ਨਹੀਂ ਦੇ ਸਕਦੇ।ਸੋ ਇਹੀ ਕਾਰਨ ਹੈ ਕਿ ਦੇਸ਼ ਦੇ ਇੱਕ ਵੱਡੇ ਹਿੱਸੇ ਕਿਰਤੀਆਂ ਤੇ ਦਬੇ ਕੁਚਲਿਆਂ ਲਈ, ਟੈਲੀਵਿਜ਼ਨ ਜਾਂ ਅਖਬਾਰ ਵਿੱਚ ਸਾਲਾਨਾ ਕੇਂਦਰੀ ਬਜਟ ਬਾਰੇ ਰਿਪੋਟਾਂ ਤੇ ਸੰਵਾਦ ਵਿਚ ਕੋਈ ਥਾਂ ਨਹੀਂ ਦਿੱਤੀ ਜਾਂਦੀ।

ਰਾਹੁਲ ਗਾਂਧੀ ਨੇ ਜੋ ਕਿਹਾ, ਉਹ ਲੋਕ ਹਿਤ ਵਿਚ ਗੰਭੀਰ ਬਹਿਸ ਦਾ ਵਿਸ਼ਾ ਹੈ।ਪਰ ਦੁਖਾਂਤ ਇਹ ਹੈ ਕਿ ਰਾਹੁਲ ਗਾਂਧੀ ਨੇ ਜੋ ਕਿਹਾ ਉਹ ਮੁਸ਼ਕਿਲ ਨਾਲ ਵੀ ਦਿਖਾਇਆ ਗਿਆ ਹੈ। ਇਸ ਦੇ ਉਲਟ ਰਾਹੁਲ ਗਾਂਧੀ ਦੇ ਇਸ ਬਿਆਨ ਦੇ ਵਿਰੋਧ ਵਿਚ ਭਾਜਪਾ ਦੇ ਮੰਤਰੀਆਂ ਅਤੇ ਬੁਲਾਰਿਆਂ ਦੇ ਪ੍ਰਤੀਕਰਮ ਨੂੰ ਵਿਸਥਾਰ ਨਾਲ ਕਵਰ ਕੀਤਾ ਗਿਆ ਹੈ। ਪਰ ਜਿਵੇਂ ਕਿ ਉਮੀਦ ਸੀ, ਰਾਹੁਲ ਦੇ ਭਾਸ਼ਣ ਤੋਂ ਬਾਅਦ ਸ਼ੁਰੂ ਹੋਏ ਦੋਸ਼ਾਂ ਤੋਂ ਇਲਾਵਾ, ਕੀ ਮੀਡੀਆ ਕਦੇ-ਕਦਾਈਂ ਉਸ ਗਰੀਬ ਲੋਕਾਂ ਦੇ ਭਾਰਤ ਤੇ ਪ੍ਰਾਤਾਂ ਦੀ ਖੁਦਮੁਖਤਿਆਰੀ ਬਾਰੇ ਸਟੇਟ ਦੇ ਡੰਡੇ ਨਾਲ ਦਬਾਈ ਜਾ ਰਹੀ ਅਵਾਜ਼ ਵੱਲ ਦੇਖ ਰਿਹਾ ਹੈ ? ਸਾਬਕਾ ਕੇਂਦਰੀ ਸਿਹਤ ਸਕੱਤਰ ਕੇ ਸੁਜਾਤਾ ਰਾਓ ਨੇ 2 ਫਰਵਰੀ ਨੂੰ ਇੰਡੀਅਨ ਐਕਸਪ੍ਰੈਸ ਵਿੱਚ ਆਪਣੇ ਲੇਖ ਵਿੱਚ ਇੱਕ ਟਿੱਪਣੀ ਕੀਤੀ ਹੈ ਕਿ ਰਾਹੁਲ ਗਾਂਧੀ ਦੇ ਭਾਸ਼ਣ ਨੂੰ ਪੂਰੇ ਮੀਡੀਆ ਨੂੰ ਫਾਲੋਅਪ ਕਰਨਾ ਚਾਹੀਦਾ ਹੈ। ਉਹ ਲਿਖਦੀ ਹੈ, 'ਅਸਮਾਨਤਾਵਾਂ ਵਿੱਚ ਵਾਧਾ ਹੋਇਆ ਹੈ। ਥੋੜੇ ਸਮੇਂ ਵਿੱਚ, ਗਰੀਬ ਤੇ ਕਿਰਤੀ ਲੋਕਾਂ ਨੇ ਕੋਵਿਡ ਕਾਰਨ ਡਾਕਟਰੀ ਇਲਾਜ 'ਤੇ ਅੰਦਾਜ਼ਨ 70,000 ਕਰੋੜ ਰੁਪਏ ਖਰਚ ਕੀਤੇ ਹਨ, ਜੋ ਸਰਕਾਰ ਨੂੰ ਦੇਣੇ ਚਾਹੀਦੇ ਸਨ। 'ਰਿਪੋਰਟ, ਇਸ ਤੱਥ ਵੱਲ ਇਸ਼ਾਰਾ ਕਰਦੀ ਹੈ ਕਿ ਭਾਰਤ ਵਿੱਚ ਸਿਹਤ ਸਹੂਲਤਾਂ ਅਸਲ ਵਿੱਚ ਅਮੀਰ ਤੇ ਕਾਰਪੋਰੇਟ ਲਈ ਹਨ, ਕਿਉਂਕਿ ਉਹੀ ਇਸ ਲਗਜ਼ਰੀ ਸਿਹਤ ਸਹੂਲਤਾਂ ਦਾ ਭੁਗਤਾਨ ਕਰ ਸਕਦੇ ਹਨ। ਨਤੀਜੇ ਵਜੋਂ, ਸਿਹਤ ਸਹੂਲਤਾਂ ਗਰੀਬਾਂ ਤੇ ਕਿਰਤੀਆਂ ਲਈ ਨਾ ਹੋਣ ਕਾਰਨ ਜ਼ਿਆਦਾਤਰ ਡਾਕਟਰੀ ਖਰਚਿਆਂ ਕਾਰਨ ਮੌਤ ਦੇ ਸ਼ਿਕਾਰ ਹੋ ਗਏ ਹਨ।

ਸੁਜਾਤਾ ਰਾਓ ਦੇ ਇਸ ਦਾਅਵੇ ਦੀ ਪੁਸ਼ਟੀ ਕਰਦੀ ਹੈ ਕਿ ਮਹਾਂਮਾਰੀ ਦੌਰਾਨ ਲੋਕਾਂ ਨੂੰ ਮਜਬੂਰੀ ਵਿੱਚ ਦਵਾਈ 'ਤੇ



ਭਾਰੀ ਖਰਚ ਕਰਨਾ ਪਿਆ ਸੀ ਅਤੇ ਉਹ ਕਰਜ਼ੇ ਹੇਠ ਦਬੇ ਹੋਏ ਸਨ। ਉਹ ਲਿਖਦੇ ਹਨ, 'ਯੂ.ਪੀ. ਦੇ ਨੌਂ ਜ਼ਿਲਿਆਂ ਦੇ ਕਈ ਪਿੰਡਾਂ ਵਿੱਚ, ਮਹਾਂਮਾਰੀ ਦੇ ਪਹਿਲੇ ਤਿੰਨ ਮਹੀਨਿਆਂ (ਅਪ੍ਰੈਲ ਤੋਂ ਜੂਨ 2020) ਵਿੱਚ ਲੋਕਾਂ ਦੇ ਕਰਜ਼ਿਆਂ ਵਿੱਚ 83 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਨਾਂ ਅੰਕੜਿਆਂ ਨੂੰ ਸਮਾਜਿਕ ਸੰਸਥਾਵਾਂ ਦੇ ਇੱਕ ਗਰੁੱਪ, ਕਲੈਕਟਿਵ ਦੁਆਰਾ ਇੱਕ ਸਰਵੇਖਣ ਤਹਿਤ ਇਕੱਤਰ ਕੀਤਾ ਗਿਆ ਸੀ। ਜੁਲਾਈ-ਸਤੰਬਰ ਅਤੇ ਅਕਤੂਬਰ-ਦਸੰਬਰ 2020 ਦੀ ਮਿਆਦ ਦੌਰਾਨ, ਲੋਕਾਂ ਦੇ ਕਰਜ਼ੇ ਵਿੱਚ ਕ੍ਰਮਵਾਰ 87 ਅਤੇ 80 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।ਇਸ ਕਿਸਮ ਦੀ ਸੂਖਮ ਰਿਪੋਰਟਿੰਗ ਅੱਜ ਅੰਗਰੇਜ਼ੀ ਦੇ ਪ੍ਰਿੰਟ ਮੀਡੀਆ ਤੋਂ ਅਲੋਪ ਹੁੰਦੀ ਜਾ ਰਹੀ ਹੈ। ਨਤੀਜੇ ਵਜੋਂ, ਉਹ 'ਗਰੀਬਾਂ ਤੇ ਕਿਰਤੀਆਂ ਦਾ ਭਾਰਤ' ਮੀਡੀਆ ਤੇ ਸਿਆਸਤ ਵਿਚੋਂ ਅਲੋਪ ਹੋ ਰਿਹਾ ਹੈ ਜਿੱਥੇ ਇਸ ਦੇਸ਼ ਦੇ ਜ਼ਿਆਦਾਤਰ ਨਾਗਰਿਕ ਰਹਿੰਦੇ ਹਨ।

ਵਾਤਾਵਰਣ ਦੇ ਮੁੱਦੇ ਅੱਜ ਇਨਾਂ ਸਿਆਸੀ ਤੇ ਚੋਣ ਮੁੱਦਿਆਂ ਵਿਚੋਂ ਗਾਇਬ ਹਨ।ਮੀਡੀਆ ਇਸ ਦੀ ਕਵਰੇਜ਼ ਨਹੀਂ ਕਰਦਾ। ਇਹ ਮੀਡੀਆ ਪਾਠਕ ਨੂੰ ਭਾਰਤ ਦੇ ਕੁਝ ਹਿੱਸਿਆਂ ਦੀ ਤਸਵੀਰ ਦੇਖਣ ਦੀ ਆਗਿਆ ਦਿੰਦਾ ਹੈ, ਜਿਸ ਨੂੰ ਆਮ ਤੌਰ 'ਤੇ ਗਰੀਬਾਂ ਤੇ ਕਿਰਤੀਆਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਉਹ ਗਰੀਬ ਭਾਰਤ ਸਾਡੀ ਨਜ਼ਰ ਉਦੋਂ ਹੀ ਆਉਂਦਾ ਹੈ ਜਦੋਂ ਕੋਈ ਵੱਡੀ ਤਬਾਹੀ ਹੁੰਦੀ ਹੈ ਜਾਂ ਚੋਣਾਂ ਦੌਰਾਨ।

ਹਾਲਾਂਕਿ ਕੁਝ ਲੋਕਾਂ ਨੇ ਆਪਣੇ ਭਾਸ਼ਣ ਵਿੱਚ ਰਾਹੁਲ ਗਾਂਧੀ ਨੂੰ ਇਸ 'ਦੂਜੇ ਭਾਰਤ' ਦੀ ਯਾਦ ਦਿਵਾਉਣ ਲਈ ਉਨਾਂ ਦੀ ਪ੍ਰਸ਼ੰਸਾ ਕੀਤੀ ਹੈ, ਪਰ ਇਸ ਨੂੰ ਚੋਣਾਂ ਦੇ ਮੌਸਮ ਵਿਚ ਜਲਦੀ ਹੀ ਭੁਲਾ ਦਿੱਤੇ ਜਾਣ ਦੀ ਸੰਭਾਵਨਾ ਹੈ। ਰਾਹੁਲ ਗਾਂਧੀ ਨੇ ਪਾਰਲੀਮੈਂਟ ਵਿਚ ਮੋਦੀ ਰਾਜ ਦੀ ਆਲੋਚਨਾ ਕਰਦਿਆਂ 3 ਨੁਕਤੇ ਉਭਾਰੇ ਹਨ : 1. ਮੋਦੀ ਨੇ ਆਰਥਿਕ ਤੌਰ 'ਤੇ ਦੇਸ਼ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ. ਇਕ ਪਾਸੇ ਚੰਦ ਅਮੀਰ ਲੋਕ ਹਨ, ਜਿਹੜੇ ਖਰਬਾਂ ਦੀ ਦੌਲਤ ਉਤੇ ਕਾਬਜ ਹਨ ਅਤੇ ਦੂਜੇ ਪਾਸੇ ਕਰੋੜਾਂ ਗਰੀਬ ਤੇ ਮਧਵਰਗੀ ਲੋਕ ਹਨ, ਜਿਹੜੇ ਦਿਨੋਂ-ਦਿਨ ਹੋਰ ਗਰੀਬ ਹੁੰਦੇ ਜਾ ਰਹੇ ਹਨ। ਇਸ ਦਾ ਭਾਵ ਹੈ ਕਿ ਦੇਸ਼ ਕਿਸੇ ਵੇਲੇ ਵੀ ਆਰਥਿਕ ਤੌਰ 'ਤੇ ਦਿਵਾਲੀਆ ਹੋ ਸਕਦਾ ਹੈ 2. ਦਿੱਲੀ ਬੈਠ ਕੇ ਇਕ ਰਾਜੇ ਵਾਂਗ ਸੂਬਿਆਂ ਨੂੰ ਚਲਾਉਣ ਦੀ ਧੁਨ ਵਿਚ ਮੋਦੀ ਨੇ ਦੇਸ਼ ਨੂੰ ਸੂਬਿਆਂ ਦਾ ਇਕੱਠ ਸਮਝਣ ਦੀ ਥਾਂ ਸੂਬਿਆਂ ਨੂੰ ਜਲੀਲ ਕਰਨ ਦੀ ਹੱਠਧਰਮੀ ਲਾਗੂ ਕੀਤੀ ਹੋਈ ਹੈ, ਜਿਸ ਦਾ ਭਾਵ ਹੈ ਕਿ ਕਿਸੇ ਵੇਲੇ ਵੀ ਸੂਬਿਆਂ ਤੇ ਕੇਂਦਰ ਵਿਚਕਾਰ ਟਕਰਾਅ ਪੈਦਾ ਹੋ ਸਕਦਾ ਹੈ। 3. ਮੋਦੀ ਨੇ ਦੇਸ਼ ਦੇ ਲੋਕਾਂ ਨਾਲ ਸਭ ਤੋਂ ਵੱਡਾ ਜੁਰਮ ਇਹ ਕੀਤਾ ਹੈ ਕਿ ਇਸ ਨੇ ਭਾਰਤ ਦੇ ਲੋਕਾਂ ਵਿਰੁਧ ਚੀਨ ਤੇ ਪਾਕਿਸਤਾਨ ਦਾ ਯੁੱਧਨੀਤਕ ਸਮਝੌਤਾ ਕਰਵਾ ਦਿਤਾ ਹੈ। ਜਿਸ ਦਾ ਭਾਵ ਹੈ ਕਿ ਚੀਨ ਪਾਕਿਸਤਾਨ ਰਲ ਕੇ ਕਿਸੇ ਵੇਲੇ ਵੀ ਭਾਰਤ ਉਤੇ ਹਮਲਾ ਕਰ ਸਕਦੇ ਹਨ। ਹੁਣ ਜੇ ਰਾਹੁਲ ਗਾਂਧੀ ਆਪਣੀ ਇਸ ਆਲੋਚਨਾ ਪ੍ਰਤੀ ਗੰਭੀਰ ਹੈ ਤੇ ਉਹ ਨਵੀਂ ਰਾਜਨੀਤੀ ਦੀ ਸ਼ੁਰੂਆਤ ਕਰਨੀ ਚਾਹੁੰਦਾ ਹੈ ਤਾਂ ਉਸ ਨੂੰ ਇਸ ਦਾ ਆਰੰਭ ਪੰਜਾਬ ਤੋਂ ਕਰਨਾ ਚਾਹੀਦਾ ਹੈ। ਰਾਹੁਲ ਗਾਂਧੀ ਨੇ ਲੋਕ ਸਭਾ ਵਿਚ ਆਰਥਿਕ ਅਸਮਾਨਤਾ ਤੋਂ ਲੈ ਕੇ ਪੈਗਾਸਸ ਜਿਹੇ ਮੁੱਦੇ ਉਠਾਏ ਹਨ। ਵਿਰੋਧੀ ਧਿਰਾਂ ਦੇ ਹੋਰ ਆਗੂਆਂ ਨੇ ਵੀ ਅਜਿਹੇ ਮੁੱਦੇ ਉਠਾਏ ਹਨ। ਖਾਦ ਸਬਸਿਡੀ ਘਟਾਉਣ ਕਾਰਨ ਖੇਤੀ ਖੇਤਰ, ਜਿਸ 'ਤੇ ਦੇਸ਼ ਦੀ 50 ਫ਼ੀਸਦੀ ਵਸੋਂ ਨਿਰਭਰ ਹੈ, ਨੂੰ ਨੁਕਸਾਨ ਹੋਣ ਦਾ ਖਦਸ਼ਾ ਸਭ ਤੋਂ ਜ਼ਿਆਦਾ ਹੈ। ਕੇਂਦਰ ਸਰਕਾਰ ਨੂੰ ਇਨਾਂ ਸਵਾਲਾਂ ਦਾ ਗੰਭੀਰਤਾ ਨਾਲ ਜਵਾਬ ਦੇਣਾ ਚਾਹੀਦਾ ਹੈ।

# ਪੰਜਾਬ ਦੀ ਸੱਤਾ ਲਈ ਸਰਗਰਮ ਲੋਕ ਵਿਰੋਧੀ ਸਿਆਸਤ

**ਮਹਿੰਦਰ ਸਿੰਘ ਦੋਸਾਂਝ**

2022 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਅਖਾੜੇ ਵਿੱਚ ਉਤਰਨ ਵਾਸਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਛੋਟੇ-ਮੋਟੇ ਨੇਤਾਵਾਂ ਵੱਲੋਂ ਆਪੋ-ਆਪਣੀ ਪਾਰਟੀ ਦੀ ਉੱਪਰਲੀ ਲੀਡਰਸ਼ਿਪ ਤੋਂ ਟਿਕਟਾਂ ਹਾਸਲ ਕਰਨ ਵਾਸਤੇ ਮਚੀ ਹਫ਼ੜਾ-ਦਫ਼ੜੀ ਤੇ ਖਿੱਚੋ-ਧੂਹੀ ਦੇ ਰੁਝਾਨ ਤੋਂ ਜਾਪਦਾ ਹੈ ਕਿ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਗਏ ਹਨ। ਚੋਣ ਜਿੱਤ ਕੇ ਸੱਤਾ ਤੱਕ ਪਹੁੰਚਣ ਲਈ ਜਜ਼ਬਾਤੀ ਹੋਏ ਇਹ ਨੇਤਾ ਆਪਣੀਆਂ ਪਾਰਟੀਆਂ ਵੱਲੋਂ ਅਪਣਾਏ ਜ਼ਾਬਤੇ ਦੇ ਨਿਯਮਾਂ ਤੇ ਦ੍ਰਿਸ਼ਟੀਕੋਣ 'ਤੇ ਪੈਰ ਰੱਖ ਕੇ ਅੱਗੇ ਵਧਣ ਤੋਂ ਰਤਾ ਵੀ ਗ਼ੁਰੇਜ਼ ਨਹੀਂ ਕਰ ਰਹੇ। ਹੈਰਾਨੀ ਇਹ ਹੈ ਕਿ ਚੋਣਾਂ ਰਾਹੀਂ ਜਿੱਤੀ ਗੱਦੀ 'ਤੇ ਬੈਠ ਕੇ ਕੀਤੇ ਜਾਣ ਵਾਲੇ ਕੰਮਾਂ ਨੂੰ ਸਮਾਜ ਦੀ ਸੇਵਾ ਦਾ ਨਾਂ ਦਿੱਤਾ ਜਾ ਰਿਹਾ ਹੈ। ਜਾਪਦਾ ਹੈ, ਇਨਾਂ ਨੇਤਾਵਾਂ ਦੀ ਮਾਨਸਿਕਤਾ ਤੇ ਸੱਤਾ ਦੀ ਲਾਲਸਾ ਨੇ ਜਿਵੇਂ ਮਜ਼ਬੂਤ ਕਾਠੀ ਪਾ ਲਈ ਹੈ, ਪਰ ਹੋਰ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਇਨਾਂ ਰਾਜਨੀਤਿਕ ਪਾਰਟੀਆਂ ਦੇ ਵਰਕਰ ਆਪਣੇ ਮੋਢਿਆਂ 'ਤੇ ਆਪਣੀ ਮਰੀ ਹੋਈ ਜ਼ਮੀਰ ਦਾ ਬੋਝ ਚੁੱਕ ਕੇ ਸੱਤਾ ਲਈ ਹਾਬੜੇ ਆਪਣੇ ਨੇਤਾਵਾਂ ਨੂੰ ਜਿਤਾਉਣ ਲਈ ਸਾਹੋ-ਸਾਹ ਹੋਏ ਨਜ਼ਰ ਆ ਰਹੇ ਹਨ। ਨਾ ਅਜੋਕੇ ਸਿਆਸੀ ਨੇਤਾ ਤੇ ਨਾ ਕਿਸੇ ਵੀ ਪਾਰਟੀ ਦੇ ਵਰਕਰ ਇਹ ਸੋਚਦੇ ਹਨ ਕਿ, ਕੀ ਦੇਸ਼ ਦੀ ਅਜ਼ਾਦੀ ਦੇ ਸਮੇਂ ਤੋਂ ਲੈ ਕੇ ਭਵਿੱਖ ਤੱਕ ਰਾਜਨੀਤਿਕ ਅਖਾੜੇ 'ਤੇ ਕਾਬਜ਼ ਲੋਕ ਆਪ ਆਪਣੇ ਪਰਿਵਾਰ ਦੇ ਮੈਂਬਰਾਂ ਤੇ ਰਿਸ਼ਤੇਦਾਰਾਂ ਨੂੰ ਹੀ ਸੱਤਾ ਦਾ ਮੰਚ ਸੰਭਾਲਦੇ ਰਹਿਣਗੇ ? ਉਂਗਲੀਆਂ 'ਤੇ ਗਿਣੇ ਜਾਣ ਵਾਲੇ ਨੇਤਾਵਾਂ ਦੇ ਮੁਕਾਬਲੇ ਵਰਕਰਾਂ ਦੇ ਵੱਡੇ ਸਮੂਹਾਂ ਅੰਦਰ ਕੀ ਰਾਜ ਅਤੇ ਸੱਤਾ ਨੂੰ ਨਵੀਂ ਸੇਧ ਦੇਣ ਵਾਲਾ ਕੋਈ ਮਰਦ ਜਾਂ ਔਰਤ ਨਹੀਂ ਹੈ ? ਮੈਰਿਟ ਦੀ ਸੂਚੀ ਤਿਆਰ ਕਰਨ ਲਈ ਵਰਕਰਾਂ ਨੂੰ ਕਿਉਂ ਨਹੀਂ ਨੇਤਾਵਾਂ ਦੇ ਮੁਕਾਬਲੇ ਵਿੱਚ ਪਰਖਿਆ ਜਾਂਦਾ ?

ਸਿਆਸੀ ਪਾਰਟੀਆਂ ਵੱਲੋਂ ਪਾਰਟੀ ਜ਼ਾਬਤੇ ਵਿੱਚ ਇਹ ਵਿਵਸਥਾ ਕਿਉਂ ਨਹੀਂ ਕੀਤੀ ਜਾਂਦੀ ਕਿ ਇੱਕ ਵਾਰ ਰਾਜ ਵਿਧਾਨ ਸਭਾ ਦੇ ਮੈਂਬਰ ਬਣੇ ਨੇਤਾ ਨੇ ਜੋ ਕਰਨਾ ਸੀ ਕਰ ਕੇ ਵਿਖਾ ਦਿੱਤਾ ਹੈ ਤੇ ਪੰਜ ਸਾਲ ਸੱਤਾ ਦਾ ਸੁਖ ਵੀ ਭੋਗ ਲਿਆ ਹੈ, ਅੱਗੋਂ ਲਈ ਕਿਸੇ ਇਮਾਨਦਾਰ ਤੇ ਕਰਮਸ਼ੀਲ ਪਾਰਟੀ ਦਾ ਕੋਈ ਨਵਾਂ ਵਰਕਰ ਤਲਾਸ਼ ਕੇ ਪਰਖ ਕੇ ਉਸ ਨੂੰ ਅਗਲੇ ਸਾਲਾਂ ਲਈ ਸੱਤਾ ਦੀ ਕੁਰਸੀ 'ਤੇ ਬਿਠਾਉਣ ਲਈ ਯਤਨ ਕੀਤੇ ਜਾਣ। ਅਜੋਕੀਆਂ ਵਿਧਾਨ ਸਭਾ ਚੋਣਾਂ ਵਿੱਚ ਸੱਤਾ ਦੀ ਭੁੱਖ ਨੇ ਹੱਦ ਕਰ ਦਿੱਤੀ ਹੈ। ਸੱਤਾਧਾਰੀ ਕਾਂਗਰਸ ਦੇ ਨੇਤਾਵਾਂ ਨੇ ਜਿਨਾਂ ਵਿੱਚੋਂ ਕਈ ਨੇਤਾ ਆਪਣੇ ਨਾਲ਼-ਨਾਲ਼ ਆਪਣੀਆਂ ਔਲ਼ਾਦਾਂ ਰਿਸ਼ਤੇਦਾਰਾਂ ਤੇ ਪਰਿਵਾਰਕ ਮੈਂਬਰਾਂ ਨੂੰ ਵੀ ਟਿਕਟਾਂ ਦਵਾਉਣ ਲਈ ਤਰਲੋ ਮੱਛੀ ਹੋਏ ਪਏ ਹਨ। ਕਾਂਗਰਸ ਦੇ ਇੱਕ ਸੀਨੀਅਰ ਨੇਤਾ ਤੇ ਕੈਬਨਿਟ ਮੰਤਰੀ ਦਾ ਪਿੱਛੇ ਦਿੱਤਾ ਗਿਆ ਇਹ ਬਿਆਨ ਹੈਰਾਨੀਜਨਕ ਹੈ ਕਿ ਇੱਕ ਪਰਿਵਾਰ ਵਿੱਚੋਂ ਇੱਕ ਤੋਂ ਵੱਧ ਬੰਦਿਆਂ ਨੂੰ ਟਿਕਟ ਦੇਣ 'ਤੇ ਸੁਪਰੀਮ ਕੋਰਟ ਵੱਲੋਂ ਕੋਈ ਬੰਧਨ ਨਹੀਂ, ਇਹ ਤਾਂ ਸਾਡੀ ਹਾਈਕਮਾਨ ਦੀ ਸੋਚ ਹੈ, ਹਾਲਾਂਕਿ ਅਜਿਹਾ ਸਾਰਥਕ ਫ਼ੈਸਲਾ ਸੁਪਰੀਮ ਕੋਰਟ ਵੱਲੋਂ ਉਡੀਕਣ ਦੀ ਥਾਂ ਨੇਤਾਵਾਂ ਨੂੰ ਖ਼ੁਦ ਆਪਣੇ 'ਤੇ ਲਾਗੂ ਕਰਨ ਦੀ ਦਲੇਰੀ ਵਿਖਾਉਣੀ ਚਾਹੀਦੀ ਹੈ ਤੇ ਅਜਿਹਾ ਦਰੁਸਤ ਫ਼ੈਸਲਾ ਕਰਨ ਲਈ ਹਾਈਕਮਾਨ ਦਾ ਧੰਨਵਾਦ ਕਰਨਾ ਚਾਹੀਦਾ ਹੈ। ਇਹ ਵੀ ਇੱਕ ਹਕੀਕਤ ਹੈ ਕਿ ਟਿਕਟਾਂ ਦੀ ਖ਼ਾਤਰ ਜ਼ਾਬਤੇ ਦੀ ਭੰਨ-ਤੋੜ ਕਰਨ ਅਤੇ ਆਪਸੀ ਦਵੰਦ ਨੂੰ ਨਿੱਤ ਨਵੇਂ ਦਿਨ ਅੱਗੇ ਵਧਾਉਣ ਵਾਲੇ ਨੇਤਾਵਾਂ ਦੇ ਵਰਤਾਰੇ ਤੋਂ ਸਭ ਤੋਂ ਵੱਧ ਪੀੜਤ ਕਾਂਗਰਸੀ ਵਰਕਰ ਹੀ ਹਨ, ਸ਼ਾਇਦ ਇਸੇ ਕਰਕੇ ਥੋੜਾ ਸਮਾਂ ਪਹਿਲਾਂ ਸੱਤਾ ਦੇ ਸੰਘਰਸ਼ ਵਿੱਚ ਪੰਜਾਬ 'ਚ ਕਾਂਗਰਸ ਅੱਗੇ ਚੱਲ ਰਹੀ ਸੀ ਜੋ ਹੁਣ ਲਾਈਨ ਵਿੱਚ ਪਿੱਛੇ ਹੋ ਗਈ ਹੈ। ਅਜੋਕੀਆਂ ਵਿਧਾਨ ਸਭਾ ਚੋਣਾਂ ਦੌਰਾਨ ਰਾਜਨੀਤਿਕ ਮਾਹੌਲ ਦਾ ਵਿਸ਼ਲੇਸ਼ਣ ਕਰਨ ਦੇ ਨਾਲ਼-ਨਾਲ਼ ਜੇ ਅਸੀਂ ਹੋਰ ਅੱਗੇ ਜਾ ਕੇ ਪੰਚਾਇਤੀ ਚੋਣਾਂ ਦੀ ਗੱਲ ਕਰੀਏ ਤਾਂ ਇੱਥੇ ਵੀ ਅਵਸਥਾ ਤਰਸਯੋਗ ਹੀ ਵੇਖੀ ਜਾਂਦੀ ਹੈ ਅਤੇ ਇਸ ਚੋਣ ਅਖਾੜੇ ਵਿੱਚ ਉੱਤਰੇ ਸਿਆਸੀ ਭਲਵਾਨ ਵੀ ਆਪਣੀ ਮੁਹਿੰਮ ਤੇ ਮਾਟੋ ਸਮਾਜ ਸੇਵਾ ਦਾ ਹੀ ਲਾਉਂਦੇ ਹਨ, ਹਾਲਾਂਕਿ ਸਮਾਜ ਸੇਵਾ ਦੇ ਕੰਮ ਲਈ ਲੜਨ ਵਾਲੇ ਇਨਾਂ ਵਿੱਚੋਂ ਬਹੁਤੇ ਰਾਜਨੀਤਿਕ ਭਲਵਾਨ ਚੋਣਾਂ ਜਿੱਤਣ ਲਈ ਦਸ-ਦਸ ਲੱਖ ਤੋਂ ਲੈ ਕੇ ਪੰਦਰਾਂ-ਪੰਦਰਾਂ ਲੱਖ ਤੱਕ ਰੁਪਏ ਖ਼ਰਚ ਕਰ ਕੇ ਫਿਰ ਪੰਚਾਇਤਾਂ ਵਿੱਚੋਂ ਹੀ ਕੱਢਣ ਦੇ ਯਤਨ ਕਰਦੇ ਹਨ। ਪੰਜਾਬ ਵਿੱਚ ਲਗਭਗ ਤੇਰਾਂ ਹਜ਼ਾਰ ਸਰਪੰਚ ਤੇ ਇੱਕ ਲੱਖ ਦੇ ਕਰੀਬ ਪੰਚ ਹਰ ਪੰਜ ਸਾਲ ਬਾਅਦ ਚੁਣੇ ਜਾਂਦੇ ਹਨ। ਏਨੀ ਵਿਸ਼ਾਲ ਗਿਣਤੀ ਵਿੱਚ ਚੁਣੇ ਗਏ ਲੋਕ ਸੱਚਮੁੱਚ ਹੀ ਸਮਾਜ ਸੇਵਾ ਨੂੰ ਪ੍ਰਣਾਏ ਹੋਏ ਹੋਣ ਅਤੇ ਮਿਹਨਤ ਤੇ ਇਮਾਨਦਾਰੀ ਨਾਲ਼ ਆਪਣੇ ਕਰਤੱਵ ਦੀ ਪਾਲਣਾ ਕਰਨ ਵਾਲੇ ਹੋਣ ਤਾਂ ਪੰਜਾਬ ਇੱਕ ਖ਼ੁਸ਼ਹਾਲ ਤੇ ਖ਼ੂਬਸੂਰਤ ਪ੍ਰਾਂਤ ਬਣ ਸਕਦਾ ਹੈ। ਇੰਜ ਪੰਚਾਂ-ਸਰਪੰਚਾਂ ਦੀ ਵਿਸ਼ਾਲ ਭੀੜ ਵਿੱਚੋਂ ਵੀ ਅਨੇਕਾਂ ਪੰਚਾਂ-ਸਰਪੰਚਾਂ ਦੇ ਨਾਂ ਲੋਕਾਂ ਦੇ ਦਿਲਾਂ ਅੰਦਰ ਅੰਕਿਤ ਹੋ ਸਕਦੇ ਹਨ ਪਰ ਹਕੀਕਤ ਵਿੱਚ ਆਪਣੇ ਇਲਾਕੇ ਦੇ ਨੇੜੇ-ਤੇੜੇ ਦੇ ਪਿੰਡਾਂ ਦੇ ਕੇਵਲ ਉਂਗਲੀਆਂ 'ਤੇ ਗਿਣੇ ਜਾਣ ਜੋਗੇ ਪੰਚਾਂ ਸਰਪੰਚਾਂ ਨੂੰ ਹੀ ਉਨਾਂ ਵੱਲੋਂ ਕੀਤੇ ਗਏ ਦਿਹਾਤੀ ਵਿਕਾਸ ਤੇ ਸਮਾਜ ਕਲਿਆਣ ਦੇ ਕੰਮਾਂ ਕਰਕੇ ਲੋਕ ਉਨਾਂ ਨੂੰ ਜਾਣਦੇ ਹਨ। ਦੇਸ਼ ਤੇ ਸਮਾਜ ਦੀ ਸੇਵਾ ਕੇਵਲ ਸੱਤਾ ਨਾਲ਼ ਜੁੜੀ ਕੁਰਸੀ 'ਤੇ ਬੈਠ ਕੇ ਹੀ ਨਹੀਂ ਹੁੰਦੀ ਹਰ ਵੇਲੇ ਤੇ ਹਰ ਥਾਂ ਹਾਜ਼ਰ ਸਮਾਜ ਸੇਵਾ ਦੇ ਮੰਚ 'ਤੇ ਕੰਮ ਕਰਨ ਲਈ ਕਿਸੇ ਤੋਂ ਟਿਕਟਾਂ, ਕੁਰਸੀ ਜਾਂ ਅਹੁਦੇ ਮੰਗਣ ਦੀ ਕੋਈ ਲੋੜ ਨਹੀਂ ਹੁੰਦੀ। ਅੱਜ ਅਣਗਿਣਤ ਰਾਜਸੀ ਨੇਤਾ ਰਾਜ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਪਾਰਟੀ ਵੱਲੋਂ ਟਿਕਟ ਨਾ ਮਿਲਣ ਤੋਂ ਦੁਖੀ ਤੇ ਪ੍ਰੇਸ਼ਾਨ ਹੋ ਕੇ ਪਾਰਟੀ ਦੇ ਜ਼ਾਬਤੇ ਤੇ ਦ੍ਰਿਸ਼ਟੀਕੋਣ ਨੂੰ ਛਿੱਕੇ 'ਤੇ ਟੰਗ ਕੇ ਜਿਹੜੀਆਂ ਪਾਰਟੀਆਂ ਨੂੰ ਲੰਮਾ ਸਮਾਂ ਪਾਣੀ ਪੀ-ਪੀ ਕੇ ਕੋਸਦੇ ਰਹੇ ਸਨ, ਧੜਾ-ਧੜ ਉਨਾਂ ਪਾਰਟੀਆਂ

ਬਾਕੀ ਸਫ਼ਾ 31 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES

09 ਫਰਵਰੀ 2022 ਤੋਂ 15 ਫਰਵਰੀ 2022

# ਨਸਲਕੁਸ਼ੀ ਦੀ ਤਰੰਗ- ਘਟਨਾਵਾਂ ਪਿਛਲੇ ਵਰਤਾਰੇ

ਗ੍ਰੈਗਰੀ ਐਚ. ਸਟੈਨਟਨ ਅਨੁਸਾਰ ਜਿਸ ਸਮਾਜ ਜਾਂ ਮੁਲਕ ਵਿਚ ਨਸਲਕੁਸ਼ੀ ਵਾਪਰਨ ਦਾ ਖਦਸ਼ਾ ਹੁੰਦਾ ਹੈ ਉਸ ਵਿਚ 'ਨਸਲਕੁਸ਼ੀ ਦੀ ਤਰੰਗ' (ਜੈਨੋਸਾਈਡਲ ਇਮਪਲਸ) ਹਰ ਸਮੇਂ ਸੰਚਾਰਤ ਰਹਿੰਦੀ ਹੈ। ਆਮ ਹਾਲਾਤ ਵਿਚ ਅੰਦਰਖਾਤੇ ਚੱਲਦੇ ਰਹਿਣ ਵਾਲੀ ਇਹ ਤਰੰਗ ਜਦੋਂ ਖਾਸ ਹਾਲਾਤ ਵਿਚ ਪ੍ਰਤੱਖ ਅਤੇ ਜ਼ੋਰਦਾਰ ਰੂਪ ਵਿਚ ਉੱਭਰਨੀ ਸ਼ੁਰੂ ਹੋ ਜਾਂਦੀ ਹੈ ਤਾਂ ਨਸਲਕੁਸ਼ੀ ਵਾਪਰਨ ਦਾ ਖਦਸ਼ਾ ਵਧਣਾ ਸ਼ੁਰੂ ਹੋ ਜਾਦਾ ਹੈ। ਲੰਘੇ ਦਿਨਾਂ ਦੌਰਾਨ ਦੋ ਅਤਿ ਗੰਭੀਰ ਘਟਨਾਕ੍ਰਮ ਸਾਹਮਣੇ ਆਏ। ਪਹਿਲਾ, 17 ਤੋਂ 19 ਦਸੰਬਰ 2021 ਨੂੰ ਹਰੀਦੁਆਰ ਵਿਖੇ ਹੋਏ 'ਧਰਮ ਸੰਸਦ' ਨਾਮੀ ਇਕ ਸਮਾਗਮ ਵਿਚ ਹਿੰਦੂ ਧਰਮ ਨਾਲ ਸੰਬੰਧਤ ਕੁਝ ਸਾਧਾਂ ਵੱਲੋਂ ਮੁਸਲਿਮ ਭਾਈਚਾਰੇ ਦੇ ਕਤਲੇਆਮ ਅਤੇ ਨਸਲਕੁਸ਼ੀ ਦਾ ਹੋਕਾ ਦਿੱਤਾ ਗਿਆ। ਦੂਜਾ, 5 ਜਨਵਰੀ 2022 ਨੂੰ ਫਿਰੋਜ਼ਪੁਰ ਵਿਖੇ ਹੋਣ ਵਾਲੀ ਇੰਡੀਅਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਕ ਰੈਲੀ ਰੱਦ ਹੋਣ ਤੋਂ ਬਾਅਦ ਮੋਦੀ ਦੀ ਜਾਨ ਨੂੰ ਪੰਜਾਬ ਵਿੱਚ ਕਥਿਤ ਖਤਰੇ ਦੇ ਹਵਾਲੇ ਨਾਲ ਬਿਜਲ ਸੱਥ (ਸੋਸ਼ਲ ਮੀਡੀਆ) ਉੱਤੇ 1984 ਵਾਂਗ ਸਿੱਖਾਂ ਦੀ ਨਸਲਕੁਸ਼ੀ ਦਾ ਹੋਕਾ ਦਿੱਤਾ ਗਿਆ। ਇਨਾਂ ਘਟਨਾਕ੍ਰਮਾਂ ਨੂੰ ਇੰਡੀਆ ਵਿੱਚ ਖ਼ਬਰਖਾਨੇ ਵੱਲੋਂ 'ਨਫ਼ਰਤੀ ਪ੍ਰਚਾਰ' (ਹੇਟ ਸਪੀਚ) ਦੀ ਸੰਗਿਆ ਦੇ ਕੇ ਇਨਾਂ ਦੀ ਨਿਖੇਧੀ ਕੀਤੀ ਗਈ। ਜਦਕਿ ਇੰਡੀਆ ਵਿਚ ਧਰਮ ਸੰਸਦ ਦੌਰਾਨ ਮੁਸਲਮਾਨਾਂ ਦੀ ਅਤੇ ਮੋਦੀ ਦੀ ਰੈਲੀ ਰੱਦ ਹੋਣ ਤੋਂ ਬਾਅਦ ਸਿੱਖਾਂ ਦੀ ਨਸਲਕੁਸ਼ੀ ਦਾ ਹੋਕਾ ਦੇਣਾ ਮਹਿਜ਼ 'ਨਫ਼ਰਤੀ ਪ੍ਰਚਾਰ' ਨਹੀਂ ਹੈ ਬਲਕਿ ਇਸ ਤੋਂ ਵੀ ਕਿਤੇ ਵੱਧ ਇਹ 'ਨਸਲਕੁਸ਼ੀ ਦੀ ਤਰੰਗ' ਦੇ ਤੇਜ਼ ਅਤੇ ਠੋਸ ਹੋ ਜਾਣ ਦਾ ਪ੍ਰਗਟਾਵਾ ਹੈ।

ਗ੍ਰੈਗਰੀ ਐਚ. ਸਟੈਨਟਨ ਨੇ ਇੰਡੀਆ ਦੇ ਪੱਤਰਕਾਰ ਕਰਨ ਥਾਪਰ ਨਾਲ ਗੱਲਬਾਤ ਦੌਰਾਨ ਸਾਫ ਕੀਤਾ ਹੈ ਕਿ ਇੰਡੀਆ ਵਿੱਚ ਮੁਸਲਮਾਨਾਂ ਦੀ ਨਸਲਕੁਸ਼ੀ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਸਟੈਨਟਨ ਨੇ ਕਿਹਾ ਕਿ ਇੰਡੀਆ ਵਿਚ ਨਸਲਕੁਸ਼ੀ ਹੋਣ ਦਾ ਖਦਸ਼ਾ ਹੈ। ਉਸ ਨੇ ਅੱਗੇ ਕਿਹਾ ਕਿ 'ਅਮਰੀਕੀ ਕਾਂਗਰਸ ਨੂੰ ਇਹ ਚੇਤਾਵਨੀ ਦਿੰਦਾ ਮਤਾ ਪ੍ਰਵਾਨ ਕਰਨਾ ਚਾਹੀਦਾ ਹੈ ਕਿ ਇੰਡੀਆ ਵਿੱਚ ਨਸਲਕੁਸ਼ੀ ਨਹੀਂ ਵਾਪਰਨ ਦੇਣੀ ਚਾਹੀਦੀ'। ਸਟੈਨਟਨ ਨੇ ਇਹ ਵੀ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੂੰ ਇੰਡੀਅਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਾਫ ਕਹਿ ਦੇਣਾ ਚਾਹੀਦਾ ਹੈ ਕਿ ਜੇਕਰ ਇੰਡੀਆ ਵਿੱਚ ਨਸਲਕੁਸ਼ੀ ਵਾਪਰਦੀ ਹੈ ਤਾਂ ਅਮਰੀਕਾ ਇੰਡੀਆ ਨਾਲ ਆਪਣੇ ਸੰਬੰਧਾਂ ਬਾਰੇ ਮੁੜ ਵਿਚਾਰ ਕਰੇਗਾ। ਇਹ ਟਿੱਪਣੀਆਂ ਬਹੁਤ ਸਪੱਸ਼ਟ ਹਨ ਕਿਉਂਕਿ ਸਟੈਨਟਨ ਨੂੰ ਪਤਾ ਹੈ ਕਿ ਇੰਡੀਆ ਵਿਚ ਨਸਲਕੁਸ਼ੀ ਦਾ ਖਤਰਾ ਬਿਲਕੁਲ ਹਕੀਕੀ ਹੈ ਅਤੇ ਧਰਮ ਸੰਸਦ ਦੌਰਾਨ ਕੀਤੀ ਗਈ ਮੁਸਲਿਮ ਵਿਰੋਧੀ ਬਿਆਨਬਾਜ਼ੀ ਸੁਧਾਰਨ ਪੱਧਰ ਦਾ ਨਫ਼ਰਤੀ ਪ੍ਰਚਾਰ ਨਹੀਂ ਹੈ ਬਲਕਿ 'ਨਸਲਕੁਸ਼ੀ ਦੀ ਤਰੰਗ' ਦਾ ਪ੍ਰਗਟਾਵਾ ਹੈ ਜਿਸ ਨੂੰ ਜੇਕਰ ਨਾ ਰੋਕਿਆ ਗਿਆ ਤਾਂ ਇੰਡੀਆ ਵਿਚ ਨਸਲਕੁਸ਼ੀ ਦੇ ਅਗਲੇ ਪੜਾਅ ਵਾਪਰਨ ਲੱਗਿਆਂ ਬਹੁਤਾ ਸਮਾਂ ਨਹੀਂ ਲੱਗਣਾ।

ਨਸਲਕੁਸ਼ੀ ਦੇ ਮਾਮਲੇ ਵਿੱਚ ਇਕ ਹੋਰ ਅਹਿਮ ਮਸਲਾ ਧਿਆਨ ਦੀ ਮੰਗ ਕਰਦਾ ਹੈ ਕਿ 'ਨਸਲਕੁਸ਼ੀ' ਕੌਮਾਂਤਰੀ ਕਾਨੂੰਨ ਤਹਿਤ ਇਕ ਬੇਹੱਦ ਸੰਗੀਨ ਜ਼ੁਰਮ ਹੈ ਅਤੇ ਆਲਮੀ ਭਾਈਚਾਰੇ ਨੇ 1948 ਵਿਚ ਨਸਲਕੁਸ਼ੀ ਦੇ ਜ਼ੁਰਮ ਨੂੰ ਕੌਮਾਂਤਰੀ ਕਾਨੂੰਨ ਦਾ ਹਿੱਸਾ ਬਣਾਇਆ ਸੀ ਅਤੇ ਇਸ ਮਹਾਂਜ਼ੁਰਮ ਦੀ ਰੋਕਥਾਮ, ਅਤੇ ਇਹ ਜ਼ੁਰਮ ਕਰਨ ਵਾਲਿਆਂ ਨੂੰ ਸਜ਼ਾ ਦੇਣ ਲਈ 'ਨਸਲਕੁਸ਼ੀ ਕਨਵੈਨਸ਼ਨ' ਪ੍ਰਵਾਨ ਕੀਤੀ ਸੀ। ਇਸ ਕਨਵੈਨਸ਼ਨ ਉੱਤੇ ਦਸਤਖਤ ਕਰਨ ਵਾਲੇ ਮੁਲਕਾਂ ਵਾਸਤੇ ਇਹ ਯਕੀਨੀ ਬਣਾਉਣਾ ਲਾਜ਼ਮੀ ਸੀ ਕਿ ਨਸਲਕੁਸ਼ੀ ਨੂੰ ਉਨਾਂ ਮੁਲਕਾਂ ਦੇ ਦੇਸੀ ਕਾਨੂੰਨ ਵਿਚ ਜ਼ੁਰਮ ਐਲਾਨਿਆ ਜਾਵੇ ਅਤੇ ਨਸਲਕੁਸ਼ੀ ਕਰਨ ਵਾਲਿਆਂ ਲਈ ਸਜ਼ਾ ਮਿੱਥੀ ਕੀਤੀ ਜਾਵੇ। ਪਰ ਇੰਡੀਆ ਵਿਚ ਨਸਲਕੁਸ਼ੀ ਦੀ ਰੋਕਥਾਮ ਜਾਂ ਇਸ ਜ਼ੁਰਮ ਲਈ ਸਜ਼ਾ ਦੇਣ ਦੀ ਗੱਲ ਤਾਂ ਦੂਰ ਰਹੀ, ਇੰਡੀਆ ਦੇ ਕਾਨੂੰਨ ਵਿਚ ਤਾਂ ਨਸਲਕੁਸ਼ੀ ਨੂੰ ਜ਼ੁਰਮ ਵੀ ਨਹੀਂ ਮੰਨਿਆ ਗਿਆ।

ਇੰਡੀਆ ਵਿਚ ਕੋਈ ਵੀ ਅਜਿਹਾ ਕਾਨੂੰਨ ਨਹੀਂ ਹੈ ਜਿਹੜਾ ਨਸਲਕੁਸ਼ੀ ਦੇ ਜ਼ੁਰਮ ਨੂੰ ਪ੍ਰਭਾਸ਼ਿਤ ਕਰਦਾ ਹੋਵੇ, ਉਸ ਦੀ ਰੋਕਥਾਮ ਜਾਂ ਨਸਲਕੁਸ਼ੀ ਕਰਨ ਵਾਲੇ ਨੂੰ ਸਜਾ ਦੇਣ ਦਾ ਪ੍ਰਬੰਧ ਕਰਦਾ ਹੋਵੇ। ਨਤੀਜਾ ਇਹ ਹੈ ਕਿ ਨਾ ਤਾਂ ਨਸਲਕੁਸ਼ੀ ਅਤੇ ਨਾ ਹੀ ਇਸ ਨਾਲ ਸੰਬੰਧਤ ਜ਼ੁਰਮਾਂ ਜਿਵੇਂ ਕਿ ਨਸਲਕੁਸ਼ੀ ਕਰਨ ਦੀ ਤਿਆਰੀ ਕਰਨੀ, ਨਸਲਕੁਸ਼ੀ ਦੀ ਸਾਜਿਸ਼ ਕਰਨੀ, ਨਸਲਕੁਸ਼ੀ ਦੀ ਕੋਸ਼ਿਸ਼ ਕਰਨੀ ਆਦਿ ਲਈ ਕੋਈ ਫੌਜਦਾਰੀ ਮੁਕੱਦਮਾ ਦਰਜ ਹੁੰਦਾ ਹੈ ਅਤੇ ਨਾ ਹੀ ਨਸਲਕੁਸ਼ੀ ਲਈ ਬਣਾਏ ਜਾਣ ਵਾਲੇ ਮਾਹੌਲ ਦੀ ਰੋਕਥਾਮ ਵਾਸਤੇ ਹੀ ਕੋਈ ਕਾਰਵਾਈ ਹੁੰਦੀ ਹੈ।

ਸਿਰਫ ਇੰਨਾ ਹੀ ਨਹੀਂ ਜਦੋਂ ਪ੍ਰਤੱਖ ਤੌਰ 'ਤੇ ਧਾਰਮਿਕ ਭਾਈਚਾਰਿਆਂ ਦੀ ਨਸਲਕੁਸ਼ੀ ਦੇ ਹੋਕੇ ਦਿੱਤੇ ਜਾ ਰਹੇ ਹਨ ਤਾਂ ਉਸ ਹਾਲਾਤ ਵਿਚ ਖ਼ਬਰਖਾਨੇ ਜਾਂ ਸਮਾਜ ਵਿੱਚ ਇਨਾਂ ਬਾਰੇ 'ਨਸਲਕੁਸ਼ੀ ਦੀ ਤਰੰਗ ਦੇ ਪ੍ਰਗਟਾਵੇ' ਦੇ ਨੁਕਤੇ ਤੋਂ ਚਰਚਾ ਵੀ ਨਹੀਂ ਹੋ ਰਹੀ। ਇਸ ਮਾਮਲੇ ਵਿੱਚ ਜੋ ਚਰਚਾ ਹੋ ਰਹੀ ਹੈ ਉਸ ਦਾ ਦਾਇਰਾ 'ਨਫਰਤ ਦੇ ਪ੍ਰਗਟਾਵੇ' ਦਾ ਵਿਰੋਧ ਕਰਨ ਵਾਲਾ ਹੈ ਨਾ ਕਿ ਇਹ ਗੱਲ ਉਜਾਗਰ ਕਰਨ ਵਾਲਾ ਕਿ ਮੌਜੂਦਾ ਸਮੇਂ ਇੰਡੀਆ ਵਿਚ ਕੁਝ ਹਿੱਸੇ ਸ਼ਰੇਆਮ 'ਨਸਲਕੁਸ਼ੀ ਦੀ ਤਰੰਗ' ਦਾ ਪ੍ਰਗਟਾਵਾ ਕਰ ਰਹੇ ਹਨ ਜਿਸ ਬਾਰੇ ਨਸਲਕੁਸ਼ੀ ਦੇ ਮਾਹਿਰਾਂ ਵੱਲੋਂ ਸਖਤ ਤਾੜਨਾ ਕੀਤੀ ਜਾ ਰਹੀ ਹੈ। ਇੰਡੀਆ ਵਿਚ ਪਹਿਲਾਂ ਵਾਪਰੀਆਂ ਨਸਲਕੁਸ਼ੀਆਂ ਜਿਵੇਂ ਕਿ ਨਵੰਬਰ 1984 ਵਿੱਚ ਸਿੱਖਾਂ ਦੀ ਨਸਲਕੁਸ਼ੀ ਅਤੇ 2002 ਵਿੱਚ ਗੁਜਰਾਤ ਵਿੱਚ ਮੁਸਲਮਾਨਾਂ ਦੀ ਨਸਲਕੁਸ਼ੀ, ਬਾਰੇ ਦਿੱਲੀ ਦਰਬਾਰ ਅਤੇ ਇੰਡੀਅਨ ਖ਼ਬਰਖਾਨੇ ਦੀ ਪਹੁੰਚ 'ਮੁੱਕਰ ਜਾਣ' ਵਾਲੀ ਹੀ ਰਹੀ ਹੈ। ਜ਼ਿਕਰਯੋਗ ਹੈ ਕਿ ਗ੍ਰੈਗਰੀ ਐਚ. ਸਟੈਨਟਸ ਦੀ ਖੋਜ ਦਰਸਾਉਂਦੀ ਹੈ ਕਿ ਮੁੱਕਰ ਜਾਣਾ ਦਰ-ਅਸਲ ਨਸਲਕੁਸ਼ੀ ਦਾ ਕਦੇ ਵੀ ਨਾ ਮੁੱਕਣ ਵਾਲਾ ਪੜਾਅ ਹੁੰਦਾ ਹੈ। ਮੁੱਕਰ ਜਾਣ ਦਾ ਅਮਲ ਇਸ ਗੱਲ ਦਾ ਵੀ ਪ੍ਰਗਟਾਵਾ ਹੁੰਦਾ ਹੈ ਕਿ ਉਸ ਰਾਜ/ਸਮਾਜ ਅੰਦਰ 'ਨਸਲਕੁਸ਼ੀ ਦੀ ਤਰੰਗ' ਕਾਇਮ ਹੈ ਜੋ ਕਿ ਕਿਸੇ ਵੀ ਵੇਲੇ ਪ੍ਰਬਲ ਰੂਪ ਧਾਰਨ ਕਰ ਸਕਦੀ ਹੈ।

ਇਸ ਲਈ ਸਪੱਸ਼ਟ ਹੈ ਕਿ ਜੋ ਹਾਲਾਤ ਦਿਸਦੇ ਹਨ ਉਸ ਤੋਂ ਵੱਧ ਗੰਭੀਰ ਹਨ, ਸੋ ਇਸ ਬਾਰੇ ਵਧੇਰੇ ਸੁਚੇਤ ਅਤੇ ਗੰਭੀਰ ਹੋਣ ਦੀ ਲੋੜ ਹੈ। ਕਿਸੇ ਗੰਭੀਰ ਵਰਤਾਰੇ ਨੂੰ ਉਸ ਦੇ ਅਸਲੀ ਰੂਪ ਵਿਚ ਉਜਾਗਰ ਕਰਨ ਨਾਲ ਹੀ ਹਾਲਾਤ ਵਿੱਚ ਅਜਿਹੀ ਤਬਦੀਲੀ ਲਿਆਂਦੀ ਜਾ ਸਕਦੀ ਹੈ ਜਿਸ ਨਾਲ ਉਸ ਵਰਤਾਰੇ ਦਾ ਮੁਕਾਬਲਾ ਕਰਕੇ ਉਸ ਦੀ ਰੋਕਥਾਮ ਕੀਤੀ ਜਾ ਸਕੇ। ਜ਼ਰੂਰਤ ਹੈ ਕਿ ਘਟਨਾਵਾਂ ਅਤੇ ਘਟਨਾਕ੍ਰਮਾਂ ਪਿੱਛੇ ਜੋ ਵਰਤਾਰੇ ਕੰਮ ਕਰ ਰਹੇ ਹਨ ਉਨਾਂ ਦੇ ਅਸਲੇ ਨੂੰ ਪਛਾਣ ਕੇ ਉਨਾਂ ਘਟਨਾਵਾਂ ਬਾਰੇ ਹੋਣ ਵਾਲੀ ਚਰਚਾ ਵਿੱਚ ਉਜਾਗਰ ਕੀਤਾ ਜਾਵੇ। ਇਤਿਹਾਸ ਗਵਾਹ ਹੈ ਕਿ ਅਣਗੌਲਿਆਂ ਕਰਨ ਨਾਲ ਮਨੁੱਖੀ ਘਾਣ ਦੀ ਇੱਛਾਵਾਨ 'ਨਸਲਕੁਸ਼ੀ ਦੀ ਤਰੰਗ' ਸਦਾ ਹੋਰ ਪ੍ਰਚੰਡ ਹੀ ਹੁੰਦੀ ਹੈ। ਸੋ ਜ਼ਰੂਰੀ ਹੈ ਕਿ 'ਨਸਲਕੁਸ਼ੀ ਦੀ ਤਰੰਗ' ਦੇ ਪ੍ਰਗਟਾਵੇ ਨੂੰ ਨੰਗੇ-ਚਿੱਟੇ ਰੂਪ ਵਿਚ ਜੱਗ-ਜਾਹਰ ਕੀਤਾ ਜਾਵੇ ਕਿਉਂਕਿ ਅਜਿਹਾ ਕਰਕੇ ਹੀ ਇਸ ਨੂੰ ਠੱਲ ਪਾਉਣ ਦੇ ਠੋਸ ਯਤਨ ਕੀਤੇ ਜਾ ਸਕਦੇ ਹਨ।

# ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਲੋਕ ਪੱਖੀ ਏਜੰਡੇ ਗ਼ਾਇਬ



ਗੁਰਮੀਤ ਸਿੰਘ ਪਲਾਹੀ
9815802070

ਪੰਜਾਬ ਦੇ ਭਖਵੇਂ ਮੁੱਦਿਆਂ ਵਿੱਚ ਡਗਮਗਾ ਰਹੀ ਪੰਜਾਬ ਦੀ ਆਰਥਿਕਤਾ, ਬੇਰੁਜ਼ਗਾਰੀ, ਪਰਵਾਸ, ਪੰਜਾਬ ਦਾ ਪ੍ਰਦੂਸ਼ਿਤ ਵਾਤਾਵਰਣ, ਘਾਟੇ ਦੀ ਖੇਤੀ, ਨਸ਼ੇ ਦਾ ਪਸਾਰਾ, ਮਾਫ਼ੀਏ ਦਾ ਬੋਲਬਾਲਾ, ਦਰਿਆਈ ਪਾਣੀਆਂ ਦਾ ਮੁੱਦਾ ਅਤੇ ਸਭ ਤੋਂ ਵੱਡਾ ਮੁੱਦਾ ਪੰਜਾਬ ਦੇ ਧਰਤੀ ਹੇਠਲੇ ਪਾਣੀ ਦਾ ਹੈ, ਜਿਸ ਬਾਰੇ ਕਿਹਾ ਜਾ ਰਿਹਾ ਹੈ ਕਿ ਅਗਲੇ 20 ਸਾਲਾਂ ਦੇ ਅੰਦਰ-ਅੰਦਰ ਪੰਜਾਬ ਦਾ ਧਰਤੀ ਹੇਠਲਾ ਪਾਣੀ ਦਾ ਪੱਧਰ ਇੰਨਾ ਘਟ ਜਾਵੇਗਾ ਕਿ ਇਹ ਲੋੜ ਅਨੁਸਾਰ ਉਪਲਬਧ ਹੀ ਨਹੀਂ ਰਹੇਗਾ। ਕਿਹਾ ਜਾ ਰਿਹਾ ਹੈ ਕਿ ਪੰਜਾਬ ਮਾਰੂਥਲ ਬਣ ਜਾਵੇਗਾ।

ਪਹਿਲਾਂ ਪੰਜਾਬ ਨੂੰ ਹਰੀ ਕ੍ਰਾਂਤੀ ਨੇ ਤਬਾਹ ਕੀਤਾ, ਪੰਜਾਬ ਮਾਰੂਥਲ ਬਣਨ ਵੱਲ ਧਕੇਲ ਦਿੱਤਾ ਗਿਆ। ਖੇਤੀ ਮਸ਼ੀਨਰੀ ਦੀ ਵਰਤੋਂ ਨੇ ਬੇਰੁਜ਼ਗਾਰੀ ਵਿੱਚ ਵਾਧਾ ਕੀਤਾ। ਕਿਸਾਨਾਂ ਨੂੰ ਕਰਜ਼ਾਈ ਕੀਤਾ। ਖ਼ੁਦਕੁਸ਼ੀਆਂ ਵੱਲ ਧੱਕਿਆ। ਧਰਤੀ ਹੇਠਲੇ ਪਾਣੀ ਦੀ ਇੰਤਹਾ ਵਰਤੋਂ ਕੀਤੀ ਗਈ। ਕੀੜੇਨਾਸ਼ਕ ਦਵਾਈਆਂ ਅਤੇ ਖਾਦਾਂ ਦੀ ਵਰਤੋਂ ਨੇ ਪੰਜਾਬ ਨੂੰ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਦਿੱਤੀਆਂ। ਅੱਧਾ ਕੁ ਪੰਜਾਬ ਹਰੀ ਕ੍ਰਾਂਤੀ ਨੇ ਤਬਾਹ ਕੀਤਾ ਅਤੇ ਅੱਧਾ ਕੁ ਪੰਜਾਬ ਪ੍ਰਵਾਸ ਦੇ ਰਾਹ ਤੋਰ ਦਿੱਤਾ। ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਪ੍ਰਵਾਸ ਕਰ ਰਹੇ ਹਨ ਅਤੇ ਇੰਜ ਪੰਜਾਬ ਬੁੱਢਾ ਹੋ ਰਿਹਾ ਹੈ।

ਸੂਬੇ ਪੰਜਾਬ ਦੀ ਆਰਥਿਕਤਾ ਡਗਮਗਾ ਚੁੱਕੀ ਹੈ। ਸੂਬੇ ਪੰਜਾਬ ਦੇ ਲੋਕ ਭੈੜੀ ਆਰਥਿਕਤਾ ਦੇ ਚੱਲਦਿਆਂ ਮਨੋਂ ਡੋਲ ਚੁੱਕੇ ਹਨ। ਉਹਨਾਂ ਨੂੰ ਕੋਈ ਰਾਹ ਨਹੀਂ ਦਿਸਦਾ ਸਿਵਾਏ ਆਪ ਭਗੌੜੇ ਹੋਣ ਦੇ ਜਾਂ ਫਿਰ ਪੰਜਾਬ ਵਿੱਚੋਂ ਆਪਣੀ ਔਲਾਦ ਨੂੰ ਭਗੌੜਾ ਕਰਨ ਦੇ। ਜਿਵੇਂ ਡੁੱਬਦੀ ਬੇੜੀ ਵਿੱਚੋਂ ਲੋਕ ਛਾਲਾਂ ਮਾਰ ਕੇ ਜਾਨ ਬਚਾਉਣ ਲਈ ਭੱਜਦੇ ਹਨ, ਇਵੇਂ ਹੀ ਆਪਣੀ ਅਗਲੀ ਪੀੜੀ ਨੂੰ ਨਸ਼ਿਆਂ, ਬੇਰੁਜ਼ਗਾਰੀ ਤੋਂ ਬਚਾਉਣ ਲਈ ਪੰਜਾਬ ਦੇ ਲੋਕ ਆਪਣੇ ਨੌਜਵਾਨ ਬੱਚਿਆਂ ਨੂੰ ਪ੍ਰਵਾਸ ਦੇ ਰਾਹ ਤੋਰਨ 'ਤੇ ਮਜਬੂਰ ਕਰ ਦਿੱਤੇ ਗਏ ਹਨ।

ਪੰਜਾਬ ਮਾਫ਼ੀਏ ਦੀ ਜਕੜ ਵਿੱਚ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਅਤੇ ਲਗਭਗ ਸਾਰੇ ਨੇਤਾ ਸ਼ਖ਼ਸੀ ਲੜਾਈ ਲੜ ਰਹੇ ਹਨ, ਮੁੱਦਿਆਂ ਦੀ ਸਿਆਸਤ ਨੂੰ ਉਹਨਾਂ ਜਿਵੇਂ ਤਿਲਾਂਜਲੀ ਦੇ ਦਿੱਤੀ ਹੈ। ਉਹਨਾਂ ਦਾ ਇੱਕੋ ਇੱਕ ਨਿਸ਼ਾਨਾ ਪੰਜਾਬ ਦੇ ਵੋਟਰਾਂ ਦੀ ਵੋਟ-ਪ੍ਰਾਪਤੀ ਹੈ। ਉਹ ਚੋਣਾਂ ਤੋਂ ਪਹਿਲਾਂ 'ਮੁੱਖ ਮੰਤਰੀ ਦਾ ਚਿਹਰਾ' ਉਭਾਰ ਰਹੇ ਹਨ। ਰਿਆਇਤਾਂ ਦੇ ਗੱਫ਼ੇ ਲੋਕਾਂ ਨੂੰ ਦੇ ਰਹੇ ਹਨ, ਗਰੰਟੀਆਂ ਪ੍ਰਦਾਨ ਕਰ ਰਹੇ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਉਹ ਰੁਜ਼ਗਾਰ, ਉਦਯੋਗ, ਸਿੱਖਿਆ, ਸਿਹਤ ਸਹੂਲਤਾਂ, ਵਾਤਾਵਰਣ, ਪ੍ਰਵਾਸ ਦੇ ਮਸਲਿਆਂ 'ਤੇ ਚੁੱਪ ਸਾਧੀ ਬੈਠੇ ਹਨ। ਕੀ ਉਹ ਸਮਝਦੇ ਹਨ ਕਿ ਨੌਕਰੀਆਂ ਤੋਂ ਬਿਨਾਂ ਪੰਜਾਬ ਦਾ ਨੌਜਵਾਨ ਪੰਜਾਬ ਰਹਿ ਸਕੇਗਾ ਤੇ ਕੀ ਉਹ ਨੌਜਵਾਨਾਂ ਦੇ ਵੱਡੀ ਗਿਣਤੀ ਪ੍ਰਵਾਸ ਤੋਂ ਬਾਅਦ ਉੱਜੜੇ ਬੁੱਢੇ ਪੰਜਾਬ ਉੱਤੇ ਰਾਜ ਕਰਨ ਨੂੰ ਹੀ ਸੁਭਾਗਾ ਸਮਝਣ ਲੱਗ ਪਏ ਹਨ? "ਦੇਸ਼ ਜਲ ਰਿਹਾ ਹੈ, ਨੀਰੋ ਬੰਸਰੀ ਵਜਾ ਰਿਹਾ ਹੈ।"

ਮੁਫ਼ਤ ਸਹੂਲਤਾਂ, ਰਿਆਇਤਾਂ ਅਤੇ ਸਬਸਿਡੀਆਂ ਕੀ ਪੰਜਾਬ ਨੂੰ 'ਪੰਜਾਬ' ਬਣਿਆ ਰਹਿਣ ਦੇਣਗੀਆਂ? ਕੀ ਮਿਹਨਤੀ ਪੰਜਾਬੀਆਂ ਨੂੰ ਮੰਗਤੇ, ਮੁਫ਼ਤਖ਼ੋਰੇ ਬਣਾ ਕੇ ਤਬਾਹ ਨਹੀਂ ਕਰ ਦੇਣਗੀਆਂ? ਵਕਤੀ ਤੌਰ 'ਤੇ ਤਾਂ ਇਹ ਸਹੂਲਤਾਂ ਦਿਲ ਲੁਭਾਉਣੀਆਂ ਜਾਪਦੀਆਂ ਹਨ ਪਰ ਕੀ ਇਹ ਸ਼ੋਸ਼ੇਬਾਜ਼ੀ, ਜੁਮਲੇਬਾਜ਼ੀ ਪੰਜਾਬ ਨੂੰ ਤਰੱਕੀ ਕਰਨ ਵਾਲਾ ਸੂਬਾ ਰਹਿਣ ਦੇਵੇਗੀ? ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ, ਪ੍ਰਤੀ ਜੀਅ ਆਮਦਨ ਵਿੱਚ ਦੇਸ਼ ਭਰ ਵਿੱਚ ਇਸਦਾ ਦਰਜਾ ਕਦੇ ਪਹਿਲਾ ਸੀ ਹੁਣ ਦੂਜਿਆਂ ਸੂਬਿਆਂ ਦੇ ਮੁਕਾਬਲੇ ਨੀਵਾਂ ਹੋਇਆ ਹੈ। ਇਸਦਾ ਦਰਜਾ 18ਵਾਂ ਹੋ ਗਿਆ ਹੈ। ਅੱਵਲ ਪੰਜਾਬ, ਹੁਣ ਫਾਡੀ ਪੰਜਾਬ ਵੱਲ ਕਦਮ ਵਧਾਉਂਦਾ ਦਿਸਦਾ ਹੈ। ਪੰਜਾਬ ਵਿੱਚ ਪ੍ਰਾਈਵੇਟ ਪ੍ਰੋਫ਼ੈਸ਼ਨਲ ਯੂਨੀਵਰਸਿਟੀਆਂ, ਪ੍ਰੋਫ਼ੈਸ਼ਨਲ ਕਾਲਜਾਂ, ਇੰਜਨੀਅਰਿੰਗ ਕਾਲਜਾਂ ਦਾ ਪਿਛਲੇ ਦੋ ਦਹਾਕਿਆਂ ਵਿੱਚ ਜਿਵੇਂ ਹੜ ਹੀ ਆ ਗਿਆ। ਪਰ ਇਸ ਵੇਲੇ ਇਹਨਾਂ ਪ੍ਰੋਫ਼ੈਸ਼ਨਲ ਕਾਲਜਾਂ, ਯੂਨੀਵਰਸਿਟੀਆਂ ਅਤੇ ਆਰਟਸ ਕਾਲਜਾਂ ਵਿੱਚ ਪੜਾਕੂਆਂ ਦੀ ਗਿਣਤੀ ਮਸਾਂ ਅੱਧੀ ਰਹਿ ਗਈ ਹੈ। ਨੌਜਵਾਨ ਆਇਲਸ ਕਰਦੇ ਹਨ, ਵਿਦੇਸ਼ ਦੇ ਰਾਹ ਪੈ ਜਾਂਦੇ ਹਨ। ਸਰਕਾਰੀ ਵਿੱਦਿਅਕ ਅਤੇ ਸਿਹਤ ਅਦਾਰਿਆਂ ਖ਼ਾਸ ਕਰਕੇ ਪਿੰਡਾਂ ਦੀ ਅਤਿ ਦੀ ਦੁਰਦਸ਼ਾ ਹੋ ਚੁੱਕੀ ਹੈ। ਭ੍ਰਿਸ਼ਟਾਚਾਰ ਨੇ ਪੰਜਾਬ ਦਾ ਲੱਕ ਤੋੜ ਦਿੱਤਾ ਹੈ। ਰੇਤਾ-ਬੱਜਰੀ, ਪਾਸਪੋਰਟ, ਕੇਬਲ, ਸਮਾਜਿਕ ਸਕੀਮਾਂ ਵਿੱਚ ਹੇਰਾਫੇਰੀਆਂ, ਚੋਰ-ਮੋਰੀਆਂ ਨੇ ਸਰਕਾਰੀ ਖ਼ਜ਼ਾਨੇ ਨੂੰ ਵੱਡੀ ਢਾਹ ਲਾਈ ਹੈ। ਨੇਤਾਵਾਂ, ਅਫ਼ਸਰਸ਼ਾਹੀ ਅਤੇ ਹੋਰ ਰਸੂਖ਼ਦਾਰ ਬੰਦਿਆਂ ਨੇ ਪੰਜਾਬ ਨੂੰ ਚੂੰਡ-ਚੂੰਡ ਕੇ ਖਾ ਲਿਆ ਹੈ। ਹੁਣ ਖ਼ਜ਼ਾਨਾ ਖ਼ਾਲੀ ਹੋਣ ਦੀ ਰਟ ਹੈ। ਸਿਹਤ ਸਹੂਲਤਾਂ, ਵਾਤਾਵਰਣ ਸ਼ੁੱਧਤਾ, ਸਿੱਖਿਆ ਸਹੂਲਤਾਂ ਲਈ ਸਰਕਾਰ ਕੋਲ ਪੈਸਾ ਨਹੀਂ ਬਚਦਾ। ਪ੍ਰਸ਼ਾਸਨਿਕ ਕੰਮ ਚਲਾਉਣ ਲਈ ਕਰਜ਼ਾ ਲੈਣ ਤੋਂ ਬਿਨਾਂ ਉਸ ਕੋਲ ਕੋਈ ਹੱਲ ਹੀ ਨਹੀਂ ਰਹਿੰਦਾ। ਕੁਲ ਮਿਲਾ ਕੇ 31 ਮਾਰਚ 2022 ਤਕ ਪੰਜਾਬ ਤਿੰਨ ਲੱਖ ਕਰੋੜ ਦਾ ਕਰਜ਼ਾਈ ਹੋ ਜਾਵੇਗਾ।

ਸਿਆਸੀ ਨੇਤਾਵਾਂ ਦੇ ਗ਼ੈਰ-ਜ਼ਿੰਮੇਵਾਰੀ ਵਾਲੇ ਪੰਜਾਬ ਦੀ ਨੌਕਰਸ਼ਾਹੀ ਦੇ ਕੰਮ ਚਲਾਊ ਵਤੀਰੇ ਨੇ ਪੰਜਾਬ ਨੂੰ ਆਰਥਿਕ, ਸਮਾਜਿਕ, ਸਭਿਆਚਾਰਕ ਪੱਖੋਂ ਊਣਾ ਕਰ ਦਿੱਤਾ ਹੈ। ਖ਼ਾਸ ਤੌਰ 'ਤੇ ਸਮਾਜਿਕ, ਸਭਿਆਚਾਰਕ ਪ੍ਰਸਥਿਤੀਆਂ ਉਲਟ-ਪੁਲਟ ਹੋ ਗਈਆਂ ਹਨ। ਪੰਜਾਬ ਵਿੱਚ ਬੇਰੁਜ਼ਗਾਰੀ ਉੱਚ ਸਤਰ 'ਤੇ ਹੈ। ਪੰਜਾਬ ਦੀ ਬੇਰੁਜ਼ਗਾਰੀ ਦਰ 7.4 ਫੀਸਦੀ ਹੈ ਜਦਕਿ ਦੇਸ਼ ਦੀ ਬੇਰੁਜ਼ਗਾਰੀ ਦਰ 6.4 ਫੀਸਦੀ ਹੈ। ਮਹਿੰਗਾਈ ਦਰ ਵਿੱਚ ਲਗਾਤਾਰ ਵਾਧਾ ਹੋਇਆ ਹੈ। ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧੇ ਨੇ ਪੰਜਾਬ ਦੇ ਖੇਤੀ ਖੇਤਰ ਨੂੰ ਵੱਡੀ ਸੱਟ ਮਾਰੀ ਹੈ, ਖੇਤੀ ਘਾਟੇ ਦਾ ਸੌਦਾ ਬਣ ਕੇ ਰਹਿ ਗਈ ਹੈ। ਪਰ ਇਹ ਸਾਰੇ ਮੁੱਦੇ, ਇਹ ਸਾਰੀਆਂ ਸਮੱਸਿਆਵਾਂ ਪਾਰਟੀਆਂ ਲਈ ਕੋਈ ਅਰਥ ਨਹੀਂ ਰੱਖਦੀਆਂ।

ਸੂਬੇ ਪੰਜਾਬ ਵਿੱਚ ਹਕੂਮਤ ਕਰਨ ਦੀ ਵੱਡੀ ਦਾਅਵੇਦਾਰ ਪਾਰਟੀ ਦੇ ਪੇਸ਼ ਕੀਤੇ ਏਜੰਡੇ ਵੇਖੋ: ਉਹ ਸ਼ਹਿਰਾਂ ਦੀ ਸਫ਼ਾਈ ਕਰਵਾਉਣਗੇ, ਸਰਕਾਰੀ ਕੰਮ ਕਰਵਾਉਣ ਲਈ ਵਿਚੋਲਿਆਂ ਤੋਂ ਮੁਕਤੀ ਦਿਵਾਉਣਗੇ, ਅੰਡਰਗਰਾਊਂਡ ਕੇਬਲਿੰਗ ਸ਼ਹਿਰਾਂ ਵਿੱਚ ਕਰਾਉਣਗੇ, ਮੁਹੱਲਾ ਕਲੀਨਕ ਬਣਾਉਣਗੇ, ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨਗੇ, 24 ਘੰਟੇ ਬਿਜਲੀ ਸਪਲਾਈ, ਪੀਣ ਦਾ ਸਾਫ਼ ਪਾਣੀ ਮੁਹਈਆ ਕਰਾਉਣਗੇ। ਟੁਟੀਆਂ ਸੜਕਾਂ ਦੀ ਮੁਰੰਮਤ ਕਰਵਾਉਣਗੇ, ਉਦਯੋਗ ਤੇ ਵਪਾਰ ਵਿੱਚ ਵਾਧਾ ਕਰਵਾਉਣਗੇ ਅਤੇ ਔਰਤਾਂ ਦੀ ਸੁਰੱਖਿਆ ਦਾ ਪ੍ਰਬੰਧ ਕਰਨਗੇ। ਪਰ ਉਹ ਨੌਜਵਾਨਾਂ ਦੇ ਰੁਜ਼ਗਾਰ ਤੇ ਪੰਜਾਬ ਦੇ ਵਧ ਰਹੇ ਪ੍ਰਵਾਸ ਤੋਂ ਚੁੱਪ ਹਨ। ਉਹ ਪੰਜਾਬ ਦੇ ਦਰਿਆਈ ਪਾਣੀਆਂ ਦੀ ਗੱਲ ਨਹੀਂ ਕਰਦੇ ਅਤੇ ਨਾ ਹੀ ਧਰਤੀ ਹੇਠਲੇ ਪਾਣੀ ਨੂੰ ਹੋਰ ਡਿਗਣੋਂ ਰੋਕਣ ਦੀ ਗੱਲ ਕਰਦੇ ਹਨ। ਪੰਜਾਬ ਦੇ ਦਰਿਆਈ ਪਾਣੀਆਂ 'ਤੇ ਸਾਫ਼-ਸੁਥਰੇ ਵਾਤਾਵਰਣ ਅਤੇ ਘਾਟੇ ਦੀ ਖੇਤੀ ਦੇ ਸੁਧਾਰ ਦਾ ਮਸਲਾ ਤਾਂ ਉਹਨਾਂ ਦੇ ਏਜੰਡੇ ਤੋਂ ਹੀ ਗ਼ਾਇਬ ਹੈ। ਇੱਕ ਹੋਰ ਪਾਰਟੀ ਜਿਸਨੇ ਪੰਜਾਬ ਤੇ ਦਸ ਸਾਲ ਰਾਜ ਕੀਤਾ ਹੈ, ਉਹ ਨੌਜਵਾਨਾਂ ਨੂੰ ਪ੍ਰਵਾਸ ਦੇ ਰਾਹ ਤੋਰਨ ਲਈ 10-10 ਲੱਖ ਰੁਪਏ ਕਰਜ਼ਾ ਦੇਵੇਗੀ। ਸਰਕਾਰੀ ਧਿਰ ਨੇ ਤਾਂ ਪੰਜਾਬ ਵਿੱਚ ਆਇਲੈਟਸ ਸੈਂਟਰ ਖੋਲ ਕੇ ਪੰਜਾਬੀ ਨੌਜਵਾਨਾਂ ਨੂੰ ਪੰਜਾਬੋਂ ਬਾਹਰ ਤੋਰਨ ਦਾ ਜਿਵੇਂ ਨਵਾਂ ਮਨਸੂਬਾ ਹੀ ਘੜ ਮਾਰਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਨਵਾਂ ਪੰਜਾਬ ਸਿਰਜਣ ਦਾ ਨਾਅਰਾ ਦੇਣ ਵਾਲੀਆਂ ਰਾਸ਼ਟਰੀ ਪਾਰਟੀਆਂ, ਖੇਤਰੀ ਪਾਰਟੀਆਂ ਪੰਜਾਬੋਂ ਖੁਸੇ ਹੋਏ ਚੰਡੀਗੜ ਅਤੇ ਹੋਰ ਪੰਜਾਬੀ ਇਲਾਕੇ ਲਿਆਉਣ ਦੀਆਂ ਗੱਲਾਂ ਤਾਂ ਜਿਵੇਂ ਭੁੱਲ ਹੀ ਚੁੱਕੀਆਂ ਹਨ। ਕੇਂਦਰ ਸਰਕਾਰਾਂ ਵੱਲੋਂ ਸੰਘੀ ਢਾਂਚੇ ਦੀ ਸੰਘੀ ਘੁੱਟਣ ਦੀ ਗੱਲ ਤਾਂ ਖੇਤਰੀ ਪਾਰਟੀ ਦੇ ਚੇਤਿਆਂ ਵਿੱਚ ਹੀ ਨਹੀਂ ਰਹੀ ਕਿ ਕਿਸੇ ਸਮੇਂ ਉਹ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਕਰਿਆ ਕਰਦੀ ਸੀ। ਬਾਘੇ ਬਾਰਡਰ ਰਾਹੀਂ ਪਾਕਿਸਤਾਨ ਸਮੇਤ ਹੋਰ ਦੇਸ਼ਾਂ ਨਾਲ ਵਪਾਰ ਪੰਜਾਬ ਨੂੰ ਹਰ ਸਾਲ 15000 ਕਰੋੜ ਦਿੰਦਾ ਸੀ ਅਤੇ 10 ਤੋਂ 15 ਹਜ਼ਾਰ ਨੌਕਰੀਆਂ। ਪਰ 2019 ਵਿੱਚ ਇਹ ਵਪਾਰ 'ਚੋਣਾਂ ਦੀ ਭੇਂਟ' ਕਰ ਦਿੱਤਾ ਗਿਆ। ਵਪਾਰ ਪਾਕਿਸਤਾਨ ਨਾਲ ਬੰਦ ਕਰ ਦਿੱਤਾ ਗਿਆ। ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲੱਗਾ। ਇਹ ਆਰਥਿਕ ਖੋਰਾ ਉਦੋਂ ਵੀ ਲੱਗ ਰਿਹਾ ਹੈ ਜਦੋਂ ਲਈ ਗਈ ਬਿਆਜ ਦੀ ਰਕਮ ਜੋ 2 ਲੱਖ 86 ਕਰੋੜ ਹੈ ਦਾ ਬਿਆਜ ਵੀ ਹੋਰ ਕਰਜ਼ਾ ਦੇ ਕੇ ਚੁੱਕਤਾ ਕੀਤਾ ਜਾ ਰਿਹਾ ਹੈ। ਪੰਜਾਬ ਦਾ ਸਿਆਸਤਦਾਨ ਇਹਨਾਂ ਮੁੱਦਿਆਂ ਬਾਰੇ ਚੁੱਪ ਹੈ।

ਪੰਜਾਬ ਵਿੱਚ ਨਸ਼ਿਆਂ ਦਾ ਬੋਲਬਾਲਾ ਹੈ। ਤਿਕੜੀ ਇਸ ਨਸ਼ਾ ਵੰਡ ਨੂੰ ਪਿੰਡਾਂ, ਸ਼ਹਿਰਾਂ ਵਿੱਚ ਪਹੁੰਚਦਾ ਕਰਦੀ ਹੈ, ਉਸ ਸਬੰਧੀ ਸਿਆਸਤਦਾਨ ਚੁੱਪ ਹਨ ਭਾਵੇਂ ਕਿ ਗੁਟਕੇ ਉੱਤੇ ਹੱਥ ਰੱਖ ਕੇ ਇਸ ਨੂੰ ਖਤਮ ਕਰਨ ਦੀਆਂ ਗੱਲਾਂ ਹੁੰਦੀਆਂ ਰਹੀਆਂ ਹਨ।

ਕਿਹਾ ਜਾਂਦਾ ਹੈ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਜਦਕਿ ਇਹ ਖੇਤੀ ਪ੍ਰਧਾਨ ਹੋਣ ਦੀਆਂ ਯੋਗਤਾਵਾਂ ਨਹੀਂ ਰੱਖਦਾ। ਖੇਤੀ ਪ੍ਰਧਾਨ ਹੋਣ ਦੇ ਨਾਤੇ ਇਸ ਸੂਬੇ ਦੀ ਖੇਤੀ ਨੀਤੀ ਨਹੀਂ ਹੈ। ਸੂਬੇ ਵਿੱਚ ਫਾਰਮਰਜ਼ ਕਮਿਸ਼ਨ ਬਣਿਆ। ਪਿਛਲੇ 10 ਸਾਲਾਂ ਵਿੱਚ ਫਾਰਮਰਜ਼ ਕਮਿਸ਼ਨ ਨੇ ਦੋ ਵਾਰ, ਪਹਿਲੀ ਵਾਰ 2013 ਵਿੱਚ, ਦੂਜੀ ਵਾਰ 2018 ਵਿੱਚ ਖੇਤੀ ਨੀਤੀ ਤਿਆਰ ਕਰਕੇ ਪੰਜਾਬ ਕੈਬਨਿਟ ਦੀ ਪ੍ਰਵਾਨਗੀ ਲਈ ਭੇਜੀ। ਪਰ ਇਸ ਨੂੰ ਪ੍ਰਵਾਨਗੀ ਨਹੀਂ ਦਿੱਤੀ ਕਿਉਂਕਿ ਇਸ ਵਿੱਚ ਸਿਆਸਤਦਾਨਾਂ ਦੀ ਕੋਈ ਦਿਲਚਸਪੀ ਹੀ ਨਹੀਂ ਹੈ। ਹੈਰਾਨੀ ਦੀ ਗੱਲ ਹੈ ਕਿ ਸੂਬੇ ਦੀ ਪਾਣੀ ਨੀਤੀ ਕੋਈ ਨਹੀਂ। ਅਰਥ ਸ਼ਾਸ਼ਤਰੀ ਰਣਜੀਤ ਸਿੰਘ ਘੁੰਮਣ ਅਨੁਸਾਰ ਪੰਜਾਬ ਦਾ ਖੇਤੀ ਲਈ ਵਰਤਿਆ ਜਾਂਦਾ 85 ਫੀਸਦੀ ਪਾਣੀ ਝੋਨੇ ਲਈ ਵਰਤਿਆ ਜਾਂਦਾ ਹੈ, ਜਿਸ ਝੋਨੇ ਨੂੰ ਦੂਜੇ ਸੂਬਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਰਤਿਆ ਜਾਂਦਾ ਹੈ। ਜਦੋਂ ਕੇਂਦਰ ਨੂੰ ਝੋਨੇ ਦੀ ਲੋੜ ਸੀ, ਉਦੋਂ ਪੰਜਾਬ ਨੂੰ ਵਰਤਿਆ, ਹੁਣ ਧੁਤਕਾਰਿਆ ਜਾ ਰਿਹਾ ਹੈ।

ਪੰਜਾਬ ਲੁੱਟਿਆ ਜਾ ਰਿਹਾ ਹੈ ਪਰ ਪੰਜਾਬ ਦਾ ਸਿਆਸਤਦਾਨ ਚੁੱਪ ਹੈ। ਚੋਣਾਂ ਦੌਰਾਨ ਉਹ ਰੋਡਮੈਪ ਤੇ ਚੋਣ ਮੈਨੀਫੈਸਟੋ ਦੇਣ ਦੀ ਗੱਲ ਕਰਦੇ ਹਨ, ਪਰ ਪਿਛਲੇ 20-25 ਸਾਲਾਂ ਤੋਂ ਉਹਨਾਂ ਆਪਣੇ ਚੋਣ ਮੈਨੀਫੈਸਟੋ ਨੂੰ ਚੋਣਾਂ ਜਿੱਤਣ ਬਾਅਦ ਰੱਦੀ ਦੀ ਟੋਕਰੀ ਵਿੱਚ ਸੁੱਟਿਆ ਹੈ। ਕੋਈ ਵਾਇਦੇ ਨਹੀਂ ਨਿਭਾਏ, ਕੋਈ ਮੁੱਦੇ ਨਹੀਂ ਚੁੱਕੇ। ਜਿਹੜਾ ਜਿੱਤ ਗਿਆ, ਉਹ ਹਾਕਮ ਬਣ ਗਿਆ। ਜੋ ਵਿਰੋਧੀ ਧਿਰ ਦੀ ਕੁਰਸੀ 'ਤੇ ਬੈਠ ਗਿਆ, **ਬਾਕੀ ਸਫ਼ਾ 30 'ਤੇ**

# ਤਿੜਕ ਰਿਹਾ ਭਾਰਤੀ ਲੋਕਤੰਤਰ ਤੇ ਪੰਜਾਬ ਦੀ ਚੋਣ ਰਾਜਨੀਤੀ

ਲੋਕਤੰਤਰ ਉਹ ਵਿਵਸਥਾ ਹੈ ਜਿਸ ਵਿੱਚ ਦੇਸ਼ ਨੂੰ ਚਲਾਉਣ ਵਿੱਚ ਲੋਕਾਂ ਦਾ ਪ੍ਰਮੁੱਖ ਰੋਲ਼ ਹੁੰਦਾ ਹੈ। ਪਰ ਕੀ ਕੋਈ ਇਸ ਗੱਲ ਤੋਂ ਇਨਕਾਰ ਕਰ ਸਕਦਾ ਹੈ ਕਿ ਭਾਰਤ ਵਿੱਚ ਸੱਤਾ ਕੁਝ ਕੁ ਲੋਕਾਂ ਦੇ ਹੱਥਾਂ ਵਿੱਚ ਕੇਂਦਰਿਤ ਹੈ ਜੋ ਕਿ ਭਾਰਤੀ ਸਮਾਜ ਦੇ ਕੁਲੀਨ ਵਰਗ ਲਈ ਹੀ ਕੰਮ ਕਰਦੇ ਹਨ। ਜਮਹੂਰੀਅਤ ਨੂੰ ਮਹਿਜ਼ ਇੱਕ ਖ਼ਾਸ ਅਰਸੇ ਤੋਂ ਬਾਅਦ ਚੋਣਾਂ ਕਰਵਾਉਣ ਤੱਕ ਹੀ ਸੀਮਿਤ ਕਰ ਦਿੱਤਾ ਗਿਆ ਹੈ ਜਿਸ ਵਿੱਚ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਤਾਂ ਹੈ, ਪਰ ਉਸ ਤੋਂ ਬਾਅਦ ਕੁਝ ਨਹੀਂ ਮਿਲਦਾ। ਉਨਾਂ ਦਾ ਨਾ ਤਾਂ ਆਪਣੇ ਚੁਣੇ ਹੋਏ ਪ੍ਰਤੀਨਿਧੀਆਂ ਉੱਪਰ ਕੋਈ ਨਿਯੰਤਰਣ ਹੈ ਅਤੇ ਨਾ ਹੀ ਦੇਸ਼ ਦੀ ਵਿਵਸਥਾ ਨੂੰ ਚਲਾਉਣ ਵਿੱਚ ਉਨਾਂ ਦੀ ਕੋਈ ਭਾਗੀਦਾਰੀ ਹੁੰਦੀ ਹੈ। ਰਾਜਨੀਤਿਕ ਸੱਤਾ ਵਿੱਚ ਲੋਕਾਂ ਦੇ ਹਾਸ਼ੀਆਗ੍ਰਸਤ ਹੋਣ ਬਾਰੇ ਜਦੋਂ ਵੀ ਅਵਾਜ਼ ਉਠਾਈ ਜਾਂਦੀ ਹੈ ਤਾਂ ਸੱਤਾਧਾਰੀ ਧਿਰ ਦੇ ਬੁਲਾਰੇ ਪ੍ਰਾਚੀਨ ਭਾਰਤੀ ਗਣਤੰਤਰ ਦੀ ਮਹਿਮਾ ਗਾਉਣ ਲੱਗਦੇ ਹਨ। ਮੌਜੂਦਾ ਸਮੇਂ ਵਿੱਚ ਇਹ ਬਹੁਤ ਵੱਡਾ ਦਾਅਵਾ ਹੈ ਜਿੱਥੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧੀਆਂ ਦੀ ਆਪਣੇ ਹੀ ਲੋਕਾਂ ਪ੍ਰਤੀ ਕੋਈ ਜਵਾਬਦੇਹੀ ਨਹੀਂ ਹੁੰਦੀ। ਭਾਰਤ ਵਿੱਚ ਚੋਣਾਂ ਵਾਲੇ ਦਿਨ ਨੂੰ ਛੱਡ ਕੇ ਲੋਕਤੰਤਰ ਵਿੱਚ ਲੋਕਾਂ ਦੀ ਕੋਈ ਭਾਗੀਦਾਰੀ ਨਹੀਂ ਹੁੰਦੀ। ਉਨਾਂ ਦੀ ਇੱਛਾਵਾਂ ਅਤੇ ਅਭਿਲਾਸ਼ਾਵਾਂ ਨੂੰ ਬਹੁਤ ਹੀ ਬੇਰਹਿਮੀ ਨਾਲ਼ ਕੁਚਲਿਆ ਜਾਂਦਾ ਹੈ।ਆਮ ਲੋਕਾਂ ਨੂੰ ਸਮਾਜ ਨਾਲ਼ ਸਰੋਕਾਰ ਰੱਖਣ ਵਾਲੇ ਮਸਲਿਆਂ ਵਿੱਚ ਫ਼ੈਸਲਾ ਲੈਣ ਤੋਂ ਬਾਹਰ ਰੱਖਿਆ ਜਾਂਦਾ ਹੈ। ਭਾਰਤੀ ਸੰਵਿਧਾਨ ਦੇ ਨਿਰਮਾਤਾ ਬ੍ਰਿਟਿਸ਼ ਸੰਸਦੀ ਵਿਵਸਥਾ ਤੋਂ ਪ੍ਰਭਾਵਿਤ ਹੋਏ ਸਨ ਅਤੇ ਭਾਰਤ ਵਿੱਚ ਵੀ ਅਜਿਹੀ ਹੀ ਵਿਵਸਥਾ ਦੀ ਲੋਚਾ ਰੱਖਦੇ ਸਨ। ਉਨਾਂ ਨੇ ਬ੍ਰਿਟਿਸ਼ ਰਾਜ ਨੂੰ ਤਾਂ ਅਲਵਿਦਾ ਕਹਿ ਦਿੱਤਾ, ਪਰ ਸਰਕਾਰ ਦੇ ਬਸਤੀਵਾਦੀ ਮਾਡਲ ਨੂੰ ਅਲਵਿਦਾ ਨਾ ਕਿਹਾ। ਸੰਵਿਧਾਨ ਦੇ ਨਿਰਮਾਤਾਵਾਂ ਨੇ ਲੋਕਤੰਤਰ ਦੀ ਵੈਸਟਮਿਨਸਟਰ ਵਿਵਸਥਾ ਵਿੱਚ ਯਕੀਨ ਦਿਖਾਇਆ ਜੋ ਕਿ ਯੂਰੋਪ ਦੀ ਸਤਾਰਵੀਂ ਸਦੀ ਦੀ ਵਪਾਰੀ ਜਮਾਤ ਲਈ ਸਹੀ ਸੀ ਤਾਂ ਕਿ ਉਹ ਰਾਜ ਵਿਵਸਥਾ ਨੂੰ ਖ਼ਤਮ ਕਰਕੇ ਸੱਤਾ ਆਪਣੇ ਹੱਥਾਂ ਵਿੱਚ ਲੈ ਸਕਣ। ਉਨਾਂ ਨੇ ਅੰਗਰੇਜ਼ੀ ਕਾਨੂੰਨਾਂ ਦੇ ਖਾਕੇ ਨੂੰ ਬਰਕਰਾਰ ਰੱਖਿਆ ਜੋ ਕਿ ਬ੍ਰਿਟੇਨ ਅਤੇ ਬਸਤੀਆਂ ਦੇ ਲੋਕਾਂ ਨੂੰ ਕੁਚਲਣ ਲਈ ਵਰਤਿਆ ਜਾਂਦਾ ਸੀ। ਇਸ ਲਈ ਭਾਰਤ ਦੀ ਅਜ਼ਾਦੀ ਨੂੰ 'ਸੱਤਾ ਦੀ ਤਬਦੀਲੀ' ਦੇ ਰੂਪ ਵਿੱਚ ਜ਼ਿਆਦਾ ਦੇਖਿਆ ਜਾਂਦਾ ਹੈ ਜਿਸ ਨੇ ਆਮ ਲੋਕਾਂ ਨੂੰ ਮਜਬੂਤ ਨਹੀਂ ਕੀਤਾ। ਭਾਰਤੀ ਰਾਸ਼ਟਰ ਲਗਾਤਾਰ ਮੁਦਰੀਕਰਨ, ਅਫ਼ਸਪਾ ਜਿਹੇ ਕਾਨੂੰਨ ਅਤੇ ਘੱਟ-ਗਿਣਤੀਆਂ ਉੱਪਰ ਹੋ ਰਹੇ ਲਗਾਤਾਰ ਹਮਲਿਆਂ ਵਿੱਚੋਂ ਲੰਘ ਰਿਹਾ ਹੈ। ਸੱਤਾਧਾਰੀ ਸ਼ਾਸਕ ਲਗਾਤਾਰ ਨਫ਼ਰਤੀ ਭਾਸ਼ਣਾਂ ਅਤੇ ਘੱਟ-ਗਿਣਤੀਆਂ ਉੱਪਰ ਹਮਲਿਆਂ ਕਰਕੇ ਨਿਸ਼ਾਨੇ 'ਤੇ ਹਨ। ਪੂਰੇ ਵਿਸ਼ਵ ਦੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਭਾਰਤ ਦੀ ਸਥਿਤੀ ਉੱਪਰ ਚਿੰਤਾ ਜ਼ਾਹਿਰ ਕਰ ਚੁੱਕੀਆਂ ਹਨ। ਉਨਾਂ ਦਾ ਕਹਿਣਾ ਹੈ ਕਿ ਨਫ਼ਰਤੀ ਭਾਸ਼ਣ ਲਗਾਤਾਰ ਹਿੰਸਾ ਅਤੇ ਅਸਹਿਣਸ਼ੀਲਤਾ ਨੂੰ ਬੜਾਵਾ ਦੇ ਰਹੇ ਹਨ। ਹਾਲ ਹੀ ਵਿੱਚ ਮੁਸਲਮਾਨਾਂ ਅਤੇ ਈਸਾਈਆਂ ਉੱਪਰ ਹੋਏ ਹਮਲੇ ਇਸ ਦੀ ਮਿਸਾਲ ਹਨ। ਸੱਤਾਧਾਰੀ ਧਿਰ ਭਾਜਪਾ ਨਾਲ਼ ਸੰਬੰਧਿਤ ਕੁਝ ਕੁ ਨੇਤਾਵਾਂ ਉੱਪਰ ਲਗਾਤਾਰ ਘੱਟ-ਗਿਣਤੀਆਂ ਖ਼ਿਲਾਫ਼ ਹਿੰਸਾ ਨੂੰ ਬੜਾਵਾ ਦੇਣ ਦੇ ਦੋਸ਼ ਲੱਗਦੇ ਰਹੇ ਹਨ। ਸਰਕਾਰ ਉੱਪਰ ਇਸ ਤਰਾਂ ਦੀਆਂ ਗਤੀਵਿਧੀਆਂ ਉੱਪਰ ਰੋਕ ਲਗਾਉਣ ਦਾ ਦਬਾਅ ਬਣਿਆ ਹੋਇਆ ਹੈ। ਮਹਿਜ਼ ਬੀਤੇ ਦੇ ਗੁਣਗਾਣ ਗਾਉਣਾ ਅਤੇ ਇਸ ਨੂੰ ਇੱਕ ਖ਼ਾਸ ਧਰਮ ਨਾਲ਼ ਜੋੜ ਕੇ ਵਡਿਆਉਣਾ ਕੌਮਪ੍ਰਸਤੀ ਤੋਂ ਜ਼ਿਆਦਾ ਕੁਝ ਨਹੀਂ ਹੈ। ਭਾਰਤੀ ਰਾਜਨੀਤਿਕ ਵਿਵਸਥਾ ਨੂੰ ਇਸ ਸਮੇਂ ਉਸ ਤਰਾਂ ਦੀ ਰਾਜਨੀਤਿਕ ਲੋਕਤੰਤਰੀ ਪ੍ਰਕਿਰਿਆ ਵੱਲ ਮੁੜਨਾ ਚਾਹੀਦਾ ਹੈ ਜੋ ਕਿ ਆਧੁਨਿਕ ਭਾਰਤੀਆਂ ਦੀ ਅਭਿਲਾਸ਼ਾਵਾਂ ਦੇ ਅਨੁਕੂਲ਼ ਹੋਵੇ। ਪ੍ਰਾਚੀਨ ਅਤੀਤ ਬਾਰੇ ਦਮਗਜੇ ਮਾਰਨ ਦੀ ਬਜਾਏ ਇਸ ਤਰਾਂ ਦੀ ਵਿਵਸਥਾ ਵਿੱਚ ਸਰਵਉੱਚ ਸ਼ਕਤੀ ਲੋਕਾਂ ਦੇ ਹੱਥਾਂ ਵਿੱਚ ਹੋਣੀ ਚਾਹੀਦੀ ਹੈ ਜਿਨਾਂ ਕੋਲ਼ ਇਸ ਪ੍ਰਭੂਸੱਤਾ ਨੂੰ ਵਿਵਹਾਰਿਕ ਅਤੇ ਅਰਥਪੂਰਣ ਢੰਗ ਨਾਲ਼ ਚਲਾਉਣ ਦਾ ਅਧਿਕਾਰ ਹੋਵੇ। 17 ਨਵੰਬਰ ਨੂੰ ਅਮਰੀਕਾ ਦੇ ਸਟੇਟ ਸਕੱਤਰ ਐਂਟਨੀ ਬਲਿੰਕਨ ਨੇ ਅਮਰੀਕੀ ਸਰਕਾਰ ਨੂੰ ਉਨਾਂ ਦਸ ਦੇਸ਼ਾਂ ਦੀ ਸੂਚੀ ਦਿੱਤੀ ਜਿਸ ਵਿੱਚ ਧਾਰਮਿਕ ਅਜ਼ਾਦੀ ਦਾ ਵੀ ਬੁਰੀ ਤਰਾਂ ਉਲੰਘਣ ਹੋ ਰਿਹਾ ਹੈ। ਉਨਾਂ ਵਿੱਚ ਪ੍ਰਮੁੱਖ ਰੂਪ ਵਿੱਚ ਭਾਰਤ ਦਾ ਸ਼ਾਮਿਲ ਨਹੀਂ ਸੀ। ਅੰਤਰਰਾਸ਼ਟਰੀ ਧਾਰਮਿਕ ਅਜ਼ਾਦੀ ਉੱਪਰ ਅਮਰੀਕੀ ਕਮਿਸ਼ਨ ਨੇ ਸਿਫ਼ਾਰਸ਼ ਕੀਤੀ ਹੈ ਕਿ ਤੇਰਾਂ ਹੋਰ ਦੇਸ਼ਾਂ ਦੇ ਨਾਲ਼ ਭਾਰਤ ਨੂੰ ਵੀ ਇੱਕ ਖ਼ਾਸ ਸਰੋਕਾਰ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਿਲ ਕਰ ਲਿਆ ਜਾਣਾ ਚਾਹੀਦਾ ਹੈ। ਟ੍ਰੰਪ ਦੇ ਸ਼ਾਸਨ ਕਾਲ ਵਿੱਚ ਅਮਰੀਕੀ ਸਟੇਟ ਸਕੱਤਰ ਮਾਈਕ ਪੌਂਪੀਓ ਨੇ ਭਾਰਤ ਨੂੰ ਇਸ ਸੂਚੀ ਵਿੱਚ ਸ਼ਾਮਿਲ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਵਰੇ ਵੀ ਬਲਕਿੰਨ ਨੇ ਅੰਤਰਰਾਸ਼ਟਰੀ ਕਮਿਸ਼ਨ ਦੀ ਸਿਫ਼ਾਰਸ਼ ਮੰਨਣ ਤੋਂ ਇਨਕਾਰ ਕਰ ਦਿੱਤਾ। ਬਲਕਿੰਨ ਦੁਆਰਾ ਭਾਰਤ ਨੂੰ ਇਸ ਸੂਚੀ ਵਿੱਚ ਸ਼ਾਮਿਲ ਨਾ ਕੀਤੇ ਜਾਣਾ ਉਸ ਦੀ ਭਾਰਤ ਪ੍ਰਤੀ ਪੁਜੀਸ਼ਨ ਦੇ ਵਿਰੋਧ ਵਿੱਚ ਹੋ ਨਿਬੜਦਾ ਹੈ। ਸੱਤ ਮਹੀਨੇ ਪਹਿਲਾਂ ਹੀ ਉਸ ਨੇ ਵਿਸ਼ਵ ਧਾਰਮਿਕ ਅਜ਼ਾਦੀ ਸੰਬੰਧੀ ਇੱਕ ਰਿਪੋਰਟ ਜਾਰੀ ਕੀਤੀ ਸੀ ਜਿਸ ਵਿੱਚ ਧਾਰਮਿਕ ਅਤਿਆਚਾਰਾਂ ਲਈ ਭਾਰਤ ਦੀ ਆਲੋਚਨਾ ਕੀਤੀ ਗਈ ਸੀ। ਇਸ ਵਿੱਚ ਜ਼ਮੀਨੀ ਹਕੀਕਤ ਨਾਲ਼ ਵਾਬਸਤਾ ਕੁਝ ਅਜਿਹੀਆਂ ਰਿਪੋਰਟਾਂ ਸਨ ਜਿਸ ਵਿੱਚ ਸੱਤਾਧਾਰੀ ਧਿਰ ਨਾਲ਼ ਸੰਬੰਧਿਤ ਕੁਝ ਲੋਕਾਂ ਅਤੇ ਹਿੰਦੂਵਾਦੀ ਸੰਸਥਾ ਰਾਸ਼ਟਰੀ ਸਵੈ-ਸੇਵਕ ਸੰਘ ਦਾ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਲਈ ਖਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਸੀ।




ਮਾਰਚ ਵਿੱਚ ਹੀ ਬਲਕਿੰਨ ਨੇ ਭਾਰਤ ਵਿੱਚ 'ਮਨੁੱਖੀ ਅਧਿਕਾਰ ਸਰੋਕਾਰਾਂ' ਬਾਰੇ ਰਿਪੋਰਟ ਜਾਰੀ ਕੀਤੀ ਸੀ ਜਿਸ ਵਿੱਚ ਪੁਲਿਸ ਦੁਆਰਾ ਹਿਰਾਸਤ ਵਿੱਚ ਤਸ਼ਦੱਦ, ਲੋਕਾਂ ਨੂੰ ਮਨਮਾਨੇ ਢੰਗ ਨਾਲ਼ ਹਿਰਾਸਤ ਵਿੱਚ ਲੈਣ, ਘੱਟ-ਗਿਣਤੀਆਂ ਉੱਪਰ ਹਿੰਸਾ, ਪੱਤਰਕਾਰਾਂ ਨੂੰ ਹਿਰਾਸਤ ਵਿੱਚ ਲੈਣ ਅਤੇ ਸੋਸ਼ਲ ਮੀਡੀਆ ਸਾਈਟਾਂ ਉੱਪਰ ਪਾਬੰਦੀ ਲਗਾਉਣ ਜਿਹੇ ਮਸਲਿਆਂ ਦਾ ਜ਼ਿਕਰ ਕੀਤਾ ਗਿਆ ਸੀ। ਵਿਸ਼ਵ ਪ੍ਰਸਿੱਧ ਸੰਸਥਾ ਫ਼ਰੀਡਮ ਹਾਊਸ ਨੇ ਇੱਕ ਰਿਪੋਰਟ ਜਾਰੀ ਕੀਤੀ ਜਿਸ ਵਿੱਚ ਭਾਰਤੀ ਲੋਕਤੰਤਰ ਵਿੱਚ ਗਿਰਾਵਟ ਨੂੰ ਦਰਜ ਕੀਤਾ ਗਿਆ ਸੀ ਜਿਸ ਵਿੱਚ ਇਸ ਨੂੰ 'ਅਜ਼ਾਦ' ਤੋਂ 'ਅੰਸ਼ਿਕ-ਅਜ਼ਾਦ' ਦਾ ਦਰਜਾ ਦਿੱਤਾ ਗਿਆ ਸੀ। ਸਟੇਟ ਡਿਪਾਰਟਮੈਂਟ ਦੀਆਂ ਰਿਪੋਰਟਾਂ ਦਿਖਾਉਂਦੀਆਂ ਹਨ ਕਿ ਭਾਰਤ ਵਿੱਚ ਲੋਕਤੰਤਰੀ ਗਿਰਾਵਟ ਲਗਾਤਾਰ ਹੋ ਰਹੀ ਹੈ ਜਿਸ ਵਿੱਚ ਤਾਨਾਸ਼ਾਹੀ ਦਾ ਵਿਰੋਧ, ਭ੍ਰਿਸ਼ਟਾਚਾਰ ਵਿਰੁੱਧ ਲੜਾਈ ਅਤੇ ਮਨੁੱਖੀ ਅਧਿਕਾਰਾਂ ਨੂੰ ਬੜਾਵਾ ਦੇਣ ਦੀ ਬਜਾਏ ਇਸ ਤੋਂ ਉਲਟ ਗਤੀਵਿਧੀਆਂ ਹੋ ਰਹੀਆਂ ਹਨ। ਅਮਰੀਕੀ ਪ੍ਰਸ਼ਾਸਨ ਨੂੰ ਚੀਨ ਤੋਂ ਬਾਅਦ ਭਾਰਤ ਨੂੰ ਦੂਜਾ ਤਾਨਾਸ਼ਾਹੀ ਸਮਾਜ ਬਣਨ ਵਿੱਚ ਹਿੱਸਾ ਨਹੀਂ ਪਾਉਣਾ ਚਾਹੀਦਾ। ਅੱਜ ਦੇ ਕੁਲੀਨ ਰਾਜਨੇਤਾ ਦੀ ਨਿਗਾ ਵਿੱਚ ਭਾਰਤੀ ਨਾਗਰਿਕਾਂ ਨੂੰ ਅਭਿਲਾਸ਼ਾ ਨਹੀਂ, ਬਲਕਿ ਸਿਰਫ਼ ਭੋਜਨ ਅਤੇ ਰੈਣ-ਬਸੇਰੇ ਦੀ ਜ਼ਰੂਰਤ ਹੈ। ਭਾਰਤ ਜਿਹੇ ਬਹੁ-ਧਰਮੀ ਅਤੇ ਬਹੁ-ਸੱਭਿਆਚਾਰਕ ਦੇਸ਼ ਵਿੱਚ ਜਿੱਥੇ ਹਜ਼ਾਰਾਂ ਹੀ ਵਿਦਰੋਹ ਖੜੇ ਹੋਏ ਅਤੇ ਜਿੱਥੇ ਵੱਖ-ਵੱਖ ਭਾਈਚਾਰਿਆਂ ਵਿੱਚ ਸਮਝੌਤੇ ਅਤੇ ਸੰਵਾਦ ਹੀ ਸਮਾਜਿਕ ਸਥਿਰਤਾ ਨੂੰ ਬਣਾਈ ਰੱਖਦੇ ਹਨ, ਉੱਥੇ ਵੱਖ-ਵੱਖ ਵਿਚਾਰਧਾਰਕ ਵਿਸਥਾਰ ਤੋਂ ਭਾਰਤੀ ਸਮਾਜ ਅੱਗੇ ਵਾਰ-ਵਾਰ ਇਹੀ ਤੱਥ ਆਉਂਦਾ ਹੈ ਕਿ ਇਸ ਖੋਖਲੇ ਲੋਕਤੰਤਰ ਵਿੱਚ ਕਿਸੇ ਦਾ ਵੀ ਹਿੱਤ ਨਹੀਂ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਤੇ ਏਜੰਡਾ ਪੰਜਾਬ 20 ਫ਼ਰਵਰੀ 2022 ਨੂੰ ਅਸੈਂਬਲੀ ਚੋਣਾਂ ਹੋਈਆਂ ਨਿਸ਼ਚਿਤ ਹੋਈਆਂ ਹਨ। ਉਸ ਤੋਂ ਪਹਿਲਾਂ ਸੂਬੇ ਵਿੱਚ ਪੂਰੀ ਤਰਾਂ ਰਾਜਨੀਤਿਕ ਅਨਿਸ਼ਚਿਤਤਾ ਦਾ ਮਾਹੌਲ ਹੈ। ਪਿਛਲੇ ਵਰੇ ਦੌਰਾਨ ਸੂਬੇ ਨੇ ਕਾਫ਼ੀ ਰਾਜਨੀਤਿਕ ਡਰਾਮਾ ਦੇਖਿਆ ਹੈ ਜੋ ਕਿ ਅਜੇ ਵੀ ਜਾਰੀ ਹੈ। ਦਿੱਲੀ ਦੀਆਂ ਬਰੂਹਾਂ 'ਤੇ ਇੱਕ ਸਾਲ ਲੰਮੇ ਚੱਲੇ ਕਿਸਾਨ ਅੰਦੋਲਨ ਕਰਕੇ ਅਕਾਲੀ ਦਲ ਨੂੰ ਆਪਣੀ ਪੁਰਾਣੀ ਭਾਈਵਾਲ ਪਾਰਟੀ ਭਾਜਪਾ ਦਾ ਸਾਥ ਛੱਡਣਾ ਪਿਆ। ਉਸ ਤੋਂ ਬਾਅਦ ਸੱਤਾਧਾਰੀ ਪਾਰਟੀ ਨੂੰ ਆਪਣਾ ਮੁੱਖ ਮੰਤਰੀ ਬਦਲਣ ਲਈ ਮਜਬੂਰ ਹੋਣਾ ਪਿਆ। ਹਾਲ ਹੀ ਪ੍ਰਧਾਨ ਮੰਤਰੀ ਦੀ ਪੰਜਾਬ ਫੇਰੀ ਦੌਰਾਨ ਵੀ ਕਾਫ਼ੀ ਰਾਜਨੀਤਿਕ ਹੰਗਾਮਾ ਦੇਖਣ ਨੂੰ ਮਿਲਿਆ।ਆਮ ਆਦਮੀ ਪਾਰਟੀ ਦੇ ਨਾਲ-ਨਾਲ਼ ਕਿਸਾਨ ਅੰਦੋਲਨ ਵਿਚੋਂ ਨਿਕਲਿਆ ਸੰਯੁਕਤ ਸਮਾਜ ਮੋਰਚਾ ਵੀ ਮੈਦਾਨ ਵਿੱਚ ਹੈ ਜਿਨਾਂ ਦਾ ਰਵਾਇਤੀ ਪਾਰਟੀਆਂ ਨੂੰ ਸਾਹਮਣਾ ਕਰਨਾ ਪੈਣਾ ਹੈ। ਭਾਰਤ ਦੇ ਇਸ ਉੱਤਰੀ ਸੂਬੇ ਵਿੱਚ ਹੁਣ ਚੋਣਾਂ ਬਹੁ-ਪਾਰਟੀ ਅਤੇ ਬਹੁ-ਮੁਖੀ ਹੋ ਗਈਆਂ ਹਨ ਅਤੇ ਇਸ ਨੇ ਚੋਟੀ ਦੇ ਨੇਤਾਵਾਂ ਦਾ ਭਵਿੱਖ ਨਿਰਧਾਰਿਤ ਕਰਨਾ ਹੈ। ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਜ਼ਿਆਦਾਤਰ ਆਪ-ਸਹੇੜੇ ਦੁੱਖਾਂ ਦਾ ਹੀ ਸਾਹਮਣਾ ਕਰ ਰਹੀਆਂ ਹਨ। ਅਕਾਲੀ ਦਲ 1996 ਤੋਂ ਬਾਅਦ ਪਹਿਲੀ ਵਾਰ ਆਪਣੀ ਪੁਰਾਣੀ ਭਾਈਵਾਲ ਪਾਰਟੀ ਭਾਜਪਾ ਤੋਂ ਬਿਨਾਂ ਹੀ ਚੋਣਾਂ ਵਿੱਚ ਹਿੱਸਾ ਲੈ ਰਿਹਾ ਹੈ। ਜਿੱਥੋਂ ਤੱਕ ਭਾਜਪਾ ਦਾ ਆਪਣਾ ਸੁਆਲ ਹੈ, ਖੇਤੀ ਬਿੱਲਾਂ, ਜਿਨਾਂ ਕਰਕੇ ਭਾਜਪਾ ਦੀ ਸਾਖ਼ ਨੂੰ ਖੋਰਾ ਲੱਗਿਆ ਹੈ, ਦੀ ਵਾਪਸੀ ਤੋਂ ਬਾਅਦ ਇਹ ਪੰਜਾਬ ਵਿੱਚ ਕੁਝ ਰਾਜਨੀਤਿਕ ਜ਼ਮੀਨ ਹਾਸਲ ਕਰਨ ਦੀ ਉਮੀਦ ਕਰ ਰਹੀ ਹੈ। ਕਾਂਗਰਸ, ਜੋ ਕਿ 2017 ਵਿੱਚ ਪੂਰਨ ਬਹੁਮਤ ਪ੍ਰਾਪਤ ਕਰਕੇ ਸੱਤਾ ਉੱਪਰ ਬਿਰਾਜਮਾਨ ਹੋਈ ਸੀ, ਅਮਰਿੰਦਰ ਸਿੰਘ ਦੇ ਪਾਰਟੀ ਤੋਂ ਬਾਹਰ ਜਾਣ ਤੋਂ ਬਾਅਦ ਆਪਣਾ ਸੰਤੁਲਨ ਬਣਾਈ ਰੱਖਣ ਦੀ ਕੋਸ਼ਿਸ਼ ਵਿੱਚ ਲੱਗੀ ਹੋਈ ਹੈ। 22 ਕਿਸਾਨ ਜਥੇਬੰਦੀਆਂ, ਜੋ ਕਿ ਸੰਯੁਕਤ ਕਿਸਾਨ ਮੋਰਚਾ ਦਾ ਹਿੱਸਾ ਸਨ, ਨੇ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਿੱਚ ਆਪਣੀ ਨਵੀਂ ਪਾਰਟੀ ਸੰਯੁਕਤ ਸਮਾਜ ਮੋਰਚਾ ਬਣਾ ਲਈ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਲੋਕ ਕਾਂਗਰਸ ਦਾ ਗਠਨ ਕੀਤਾ ਹੈ ਅਤੇ ਭਾਜਪਾ ਨਾਲ਼ ਸਾਂਝ ਪਾ ਲਈ ਹੈ। ਭਗਵਾਂ ਪਾਰਟੀ ਲਗਾਤਾਰ ਆਪਣੇ ਆਪ ਨੂੰ ਸਰਹੱਦੀ ਸੂਬੇ ਪੰਜਾਬ ਦੇ ਰਾਖੇ ਵਜੋਂ ਪੇਸ਼ ਕਰ ਰਹੀ ਹੈ ਅਤੇ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਦੀ ਫੇਰੀ ਦੌਰਾਨ ਹੋਏ ਰਾਜਨੀਤਿਕ ਹੰਗਾਮੇ ਨੇ ਇਸ ਵਿੱਚ ਨਵਾਂ ਬਿਰਤਾਂਤ ਜੋੜ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਸਾਰਾ ਭਾਰ ਸੁਖਬੀਰ ਬਾਦਲ ਦੇ ਮੋਢਿਆਂ ਉੱਪਰ ਆ ਗਿਆ ਹੈ। ਹਾਲਾਂਕਿ ਸੀਨੀਅਰ ਬਾਦਲ ਅਜੇ ਵੀ ਰਾਜਨੀਤੀ ਵਿੱਚ ਸਰਗਰਮ ਚਿਹਰੇ ਵਜੋਂ ਵਿਚਰ ਰਿਹਾ ਹੈ ਅਤੇ ਦਲ ਦੀਆਂ ਰੈਲੀਆਂ ਵਿੱਚ ਭੀੜ ਇਕੱਠੀ ਕਰਨ ਦਾ ਦਮ ਰੱਖਦਾ ਹੈ, ਪਰ ਭਾਜਪਾ ਨਾਲ਼ੋਂ ਉਨਾਂ ਦਾ ਗਠਜੋੜ ਟੁੱਟਣ ਨੇ ਅਕਾਲੀ ਦਲ ਦੀ ਕਾਰਗੁਜ਼ਾਰੀ ਉੱਪਰ ਕਾਫ਼ੀ ਪ੍ਰਭਾਵ ਪਾਉਣਾ ਹੈ। ਬੇਰੁਜ਼ਗਾਰੀ, ਬੇਅਦਬੀ ਦੇ ਕੇਸਾਂ ਵਿੱਚ ਕੋਈ ਇਨਸਾਫ਼ ਨਾ ਹੋਣਾ, ਨਾਜ਼ਾਇਜ ਖਣਨ ਅਤੇ ਨਸ਼ੇ ਦਾ ਫ਼ੈਲਾਓ ਪੰਜਾਬ ਅਸੈਂਬਲੀ ਚੋਣਾਂ ਵਿੱਚ ਪ੍ਰਮੁੱਖ ਮੁੱਦੇ ਵਜੋਂ ਉੱਭਰ ਰਹੇ ਹਨ। ਇਸ ਸਮੇਂ ਦੌਰਾਨ ਆਮ ਆਦਮੀ ਪਾਰਟੀ ਪ੍ਰਮੁੱਖ ਅਤੇ ਮਜਬੂਤ ਪਾਰਟੀ ਵਜੋਂ ਉੱਭਰੀ ਹੈ ਕਿਉਂਕਿ ਕਾਂਗਰਸ ਆਪਣੇ ਆਪਸੀ ਏਕੇ ਨੂੰ ਬਰਕਰਾਰ ਰੱਖਣ ਦੀ ਜੱਦੋ-ਜਹਿਦ ਵਿੱਚ ਲੱਗੀ ਹੋਈ ਹੈ ਅਤੇ ਅਕਾਲੀ ਦਲ ਅਜੇ ਵੀ ਸਿੱਖਾਂ ਦਾ ਭਰੋਸਾ ਮੁੜ ਜਿੱਤਣ ਵਿੱਚ ਕਾਮਯਾਬ ਨਹੀਂ ਹੋਈ ਹੈ। ਇਹ ਆਮ ਹੀ ਦੇਖਿਆ ਜਾ ਸਕਦਾ ਹੈ ਕਿ ਪੰਜਾਬ ਦੇ ਲੋਕ ਸੂਬੇ ਵਿੱਚ ਬਦਲਾਅ ਚਾਹੁੰਦੇ ਹਨ ਕਿਉਂਕਿ ਉਹ ਰਵਾਇਤੀ ਪਾਰਟੀਆਂ-ਕਾਂਗਰਸ ਅਤੇ ਅਕਾਲੀ ਦਲ - ਦੀ ਕਾਰਗੁਜ਼ਾਰੀ ਤੋਂ ਖ਼ੁਸ਼ ਨਹੀਂ ਹਨ। ਇਹ ਦੋ ਪਾਰਟੀਆਂ ਹੀ ਪਿਛਲੇ ਸਮੇਂ ਵਿੱਚ ਬਦਲ-ਬਦਲ ਕੇ ਸੂਬੇ ਵਿੱਚ ਰਾਜ ਕਰਦੀਆਂ ਰਹੀਆਂ ਹਨ। ਆਮ ਆਦਮੀ ਪਾਰਟੀ ਲੋਕਾਂ ਵਿੱਚ ਇਸ ਬਦਲਾਅ ਦੀ ਭਾਵਨਾ ਨੂੰ ਅਜੇ ਵਿਹਾਰਕ ਰੂਪ ਦੇਣਾ ਹੈ। ਜੇਕਰ ਇਸ ਨੂੰ ਲੋਕਾਂ ਦੀ ਵੋਟ-ਹਿੱਸੇਦਾਰੀ ਦੇ ਸੰਦਰਭ ਵਿੱਚ ਦੇਖਿਆ ਜਾਵੇ ਤਾਂ ਆਮ ਆਦਮੀ ਪਾਰਟੀ ਨੇ ਆਪਣੀਆਂ ਪਹਿਲੀਆਂ ਚੋਣਾਂ 2014 ਵਿੱਚ ਲੜੀਆਂ ਅਤੇ ਹਾਲ ਹੀ ਵਿੱਚ ਚੰਡੀਗੜ ਵਿੱਚ ਹੋਈਆਂ ਮਿਊਂਸਪਲ ਪਾਰਟੀ ਦੀਆਂ ਚੋਣਾਂ ਵਿੱਚ ਹਿੱਸਾ ਲਿਆ ਹੈ। 2017 ਦੀਆਂ ਅਸੈਂਬਲੀ ਚੋਣਾਂ ਵਿੱਚ ਆਪ ਦਾ ਮੁੱਖ ਧਿਆਨ ਸਿੱਖਾਂ ਵੋਟ ਬੈਂਕ ਵੱਲ ਸੀ। ਇਸ ਦੇ ਨਾਲ਼ ਹੀ ਉਨਾਂ ਨੇ ਹਿੰਦੂ ਦਲਿਤਾਂ ਦੀਆਂ ਵੋਟਾਂ ਹਾਸਲ ਕਰਨ ਵੱਲ ਵੀ ਧਿਆਨ ਦਿੱਤਾ। ਪਰ ਇਨਾਂ ਸਾਲਾਂ ਵਿੱਚ ਆਮ ਆਦਮੀ ਪਾਰਟੀ ਪੰਜਾਬ ਦੀ ਰਾਜਨੀਤੀ ਨੂੰ ਸਮਝ ਨਹੀਂ ਪਾਈ ਹੈ। ਪੰਜਾਬ ਵਿੱਚ ਕਿਸੇ ਇੱਕ ਖਾਸ ਭਾਈਚਾਰੇ ਜਾਂ ਧਰਮ-ਅਧਾਰਿਤ ਰਾਜਨੀਤੀ ਨੂੰ ਜ਼ਿਆਦਾ ਸਫ਼ਲਤਾ ਨਹੀਂ ਮਿਲਦੀ ਹੈ। ਮੁੱਖਧਾਰਾ ਦੀਆਂ ਰਾਜਨੀਤਿਕ ਪਾਰਟੀਆਂ ਨੇ ਵੱਖ-ਵੱਖ ਧਰਮਾਂ ਅਤੇ ਜਾਤਾਂ ਵਿੱਚ ਆਪਣਾ ਅਧਾਰ ਬਣਾਇਆ ਹੋਇਆ ਹੈ। ਉਦਾਹਰਣ ਵਜੋਂ ਕਾਂਗਰਸ ਪਾਰਟੀ ਦਾ ਦਲਿਤਾਂ, ਹਿੰਦੂਆਂ ਅਤੇ ਸਿੱਖਾਂ, ਵਿੱਚ ਆਪਣੀ ਲੀਡਰਸ਼ਿਪ ਵਿਕਸਿਤ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਭਾਵੇਂ ਮੁੱਖ ਰੂਪ ਵਿੱਚ ਸਿੱਖਾਂ ਦੀ ਪ੍ਰਤੀਨਿਧ ਪਾਰਟੀ ਹੈ, ਪਰ ਭਾਜਪਾ ਨਾਲ਼ ਰਾਜਨੀਤਿਕ ਭਾਈਵਾਲੀ ਹੋਣ ਕਰਕੇ ਇਸ ਨੇ ਵੱਖ-ਵੱਖ ਵਰਗਾਂ ਵਿੱਚ ਸਮਾਜਿਕ ਆਧਾਰ ਕਾਇਮ ਰੱਖਿਆ ਹੈ। ਹੁਣ ਭਾਜਪਾ ਨਾਲ਼ ਭਾਈਵਾਲੀ ਟੁੱਟਣ ਤੋਂ ਬਾਅਦ ਇਹ ਆਪਣੇ ਅਧਾਰ ਨੂੰ ਹੋਰ ਵਿਸ਼ਾਲ ਕਰਨ ਦੀ ਕੋਸ਼ਿਸ਼ ਵਿੱਚ ਹੈ। ਭਾਵੇਂ ਪੰਜਾਬ ਦੀ ਰਾਜਨੀਤੀ ਸਿੱਖ ਧਾਰਮਿਕ ਅਤੇ ਰਾਜਨੀਤਿਕ ਸਮੀਕਰਣਾਂ ਦੁਆਰਾ ਨਿਰਧਾਰਿਤ ਹੁੰਦੀ ਹੈ, ਪਰ ਪੰਜਾਬ ਅਜੇ ਵੀ ਕਾਫ਼ੀ ਹੱਦ ਤੱਕ ਧਰਮ-ਨਿਰਪੱਖ ਸੂਬਾ ਹੈ। ਹਿੰਦੂਵਾਦੀ ਵਿਚਾਰਧਾਰਾ ਇੱਥੇ ਆਪਣੇ ਪੈਰ ਨਹੀਂ ਜਮਾ ਪਾਈ ਹੈ। ਕੇਜਰੀਵਾਲ ਆਪਣੇ ਆਪ ਨੂੰ ਹਿੰਦੂਵਾਦੀ ਵਿਚਾਰਧਾਰਾ ਦੇ ਨਰਮ ਰੂਪ ਵਿੱਚ ਪੇਸ਼ ਕਰ ਰਿਹਾ ਹੈ। ਆਮ ਆਦਮੀ ਪਾਰਟੀ ਨੇ ਜ਼ਿਲਾ ਅਤੇ ਸੂਬਾਈ ਪੱਧਰ 'ਤੇ ਆਪਣੀ ਸਥਾਨਿਕ ਲੀਡਰਸ਼ਿਪ ਨੂੰ ਮਜਬੂਤ ਨਹੀਂ ਕੀਤਾ ਹੈ। ਹੁਣ ਵੀ ਦਿੱਲੀ ਦੇ ਨੇਤਾ ਹੀ ਪੰਜਾਬ ਵਿੱਚ ਆ ਕੇ ਕੇਂਦਰ ਵਿੱਚ ਰਹਿੰਦੇ ਹਨ ਜਿਨਾਂ ਨੂੰ ਪੰਜਾਬ ਦੀਆਂ ਅਸਲ ਮੁੱਦਿਆਂ ਦੀ ਜਾਣਕਾਰੀ ਨਹੀਂ ਹੈ। ਇਸ ਵਿੱਚ ਚੰਡੀਗੜ ਨੂੰ ਪੰਜਾਬ ਦੀ ਰਾਜਧਾਨੀ ਦਾ ਦਰਜਾ ਦੇਣਾ,

ਬਾਕੀ ਸਫ਼ਾ 30 'ਤੇ

Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....
Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
(Ex Homeopathic Medical officer Punjab Govt.)

# ਸਿੱਖ ਔਰਤਾਂ ਉੱਤੇ ਸਰਕਾਰੀ ਜਬਰ ਅਤੇ ਖੱਬੇ-ਪੱਖੀਆਂ/ਨਾਰੀਵਾਦੀਆਂ ਦੀ ਚੁੱਪ



**ਪ੍ਰਭਸ਼ਰਨਬੀਰ ਸਿੰਘ**

1984 ਤੋਂ ਵੀ ਕਈ ਸਾਲ ਪਹਿਲਾਂ ਤੋਂ ਹੀ ਭਾਰਤੀ ਹਕੂਮਤ ਵੱਲੋਂ ਸਿੱਖ ਔਰਤਾਂ ਨੂੰ ਵਹਿਸ਼ੀ ਜਬਰ ਦਾ ਸ਼ਿਕਾਰ ਬਣਾਇਆ ਜਾਂਦਾ ਰਿਹਾ ਹੈ। ਸਿੱਖ ਔਰਤਾਂ ਦੀ ਬੇਪਤੀ ਨੂੰ ਭਾਰਤੀ ਸੁਰੱਖਿਆ ਫ਼ੋਰਸਾਂ ਖਾੜਕੂਆਂ ਵਿਰੁੱਧ ਇੱਕ ਹਥਿਆਰ ਵਜੋਂ ਵਰਤਦੀਆਂ ਸਨ। ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਵੀ ਆਪਣੀਆਂ ਤਕਰੀਰਾਂ ਵਿੱਚ ਅਜਿਹੇ ਵਹਿਸ਼ੀ ਜਬਰ ਦਾ ਅਕਸਰ ਹੀ ਜ਼ਿਕਰ ਵੀ ਕਰਦੇ ਸਨ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਵੀ ਗੱਲ ਵੀ ਕਰਦੇ ਰਹਿੰਦੇ ਸਨ। ਪਰ ਨਾਲ਼ ਹੀ ਸੰਤ ਹਰ ਵਾਰ ਇਹ ਵੀ ਕਹਿੰਦੇ ਸਨ ਕਿ ਸਿੱਖ ਨੇ ਦੁਸ਼ਮਣ ਦੀ ਔਰਤ ਨਾਲ਼ ਵੀ ਸਤਿਕਾਰ ਨਾਲ਼ ਹੀ ਪੇਸ਼ ਆਉਣਾ ਹੈ। ਭਾਵੇਂ ਕੋਈ ਔਰਤ ਹਿੰਦੂ ਹੋਵੇ, ਮੁਸਲਮਾਨ ਹੋਵੇ ਜਾਂ ਕੋਈ ਹੋਰ, ਸਿੱਖ ਕਿਸੇ ਵੀ ਔਰਤ ’ਤੇ ਹੁੰਦੇ ਜ਼ੁਲਮ ਨੂੰ ਵੇਖ ਕੇ ਚੁੱਪ ਨਾ ਰਹੇ ਸਗੋਂ ਦੋਸ਼ੀਆਂ ਨੂੰ ਬਣਦੀ ਸਜ਼ਾ ਦੇਣ ਦੀ ਕੋਸ਼ਿਸ਼ ਕਰੇ। ਆਧੁਨਿਕ ਦੱਖਣੀ ਏਸ਼ੀਆ ਦੇ ਇਤਿਹਾਸ ਵਿੱਚ ਸ਼ਾਇਦ ਹੀ ਕਿਸੇ ਹੋਰ ਆਦਮੀ ਨੇ ਔਰਤਾਂ ਦੇ ਹੱਕ ਵਿੱਚ ਐਨਾ ਸਿੱਧਾ ਤੇ ਸਪਸ਼ਟ ਸਟੈਂਡ ਲਿਆ ਹੋਵੇ। ਮਾਰਚ 1947 ਵਿੱਚ ਜਦੋਂ ਮੁਸਲਿਮ ਜਨੂੰਨੀਆਂ ਵੱਲੋਂ ਰਾਵਲਪਿੰਡੀ ਵਿੱਚ ਸੈਂਕੜੇ ਸਿੱਖ ਔਰਤਾਂ ਦੀ ਬੇਪਤੀ ਕੀਤੀ ਗਈ ਸੀ ਤਾਂ ਉਦੋਂ ਜਿਨਾਹ ਅਤੇ ਗਾਂਧੀ ਨੇ ਵੀ ਰਸਮੀ ਬਿਆਨ ਦੇ ਕੇ ਹੀ ਸਾਰ ਦਿੱਤਾ ਸੀ ਅਤੇ ਦੋਸ਼ੀਆਂ ਦੀ ਪਛਾਣ ਨੂੰ ਸਵੀਕਾਰਨ ਤੋਂ ਵੀ ਇਨਕਾਰ ਹੀ ਕਰ ਦਿੱਤਾ ਸੀ।

1980ਵਿਆਂ ਤੋਂ ਸ਼ੁਰੂ ਹੋਏ ਸਿੱਖ ਔਰਤਾਂ ਉੱਤੇ ਅੱਤਿਆਚਾਰ ਬਾਰੇ ਇੱਕ ਖ਼ਾਸ ਗੱਲ ਇਹ ਹੈ ਕਿ ਭਾਰਤ ਅਤੇ ਖ਼ਾਸਕਰ ਪੰਜਾਬ ਦੇ ਖੱਬੇ-ਪੱਖੀਆਂ ਅਤੇ ਨਾਰੀਵਾਦੀਆਂ ਨੇ ਇਸ ਹਿੰਸਾ ਵੱਲੋਂ ਅੱਖਾਂ ਮੀਚ ਕੇ ਹੀ ਰੱਖੀਆਂ ਹਨ। ਸ਼ਹੀਦ ਭਾਈ ਹਰਪਿੰਦਰ ਸਿੰਘ ਗੋਲਡੀ ਦੀ ਭੈਣ ਬੀਬੀ ਅਮਨਦੀਪ ਕੌਰ ਨੂੰ ਪੁਲਿਸ ਨੇ ਹਿਰਾਸਤ ਵਿੱਚ ਰੱਖ ਤਸ਼ੱਦਦ ਕੀਤਾ ਅਤੇ ਬਾਅਦ ਵਿੱਚ ਕਤਲ ਕਰ ਦਿੱਤਾ। ਰੋਪੜ ਤੋਂ ਸਿੱਖ ਵਕੀਲ ਭਾਈ ਕੁਲਵੰਤ ਸਿੰਘ ਸੈਣੀ ਨੂੰ ਰੋਪੜ ਸੀ. ਆਈ. ਏ. ਵੱਲੋਂ ਉਨਾਂ ਦੀ ਪਤਨੀ ਮਨਜੀਤ ਕੌਰ ਅਤੇ ਦੋ ਸਾਲ ਦੇ ਪੁੱਤਰ ਸਮੇਤ ਕਤਲ ਕਰ ਦਿੱਤਾ ਗਿਆ। ਕਤਲ ਤੋਂ ਪਹਿਲਾਂ ਦੋਹਾਂ ਦੇ ਸਾਹਮਣੇ ਉਨਾਂ ਦੇ ਦੋ ਸਾਲ ਦੇ ਪੁੱਤਰ ਨੂੰ ਕੋਹ-ਕੋਹ ਕੇ ਮਾਰਿਆ ਗਿਆ, ਫੇਰ ਭਾਈ ਕੁਲਵੰਤ ਸਿੰਘ ਦੇ ਸਾਹਮਣੇ ਉਨਾਂ ਦੀ ਪਤਨੀ ਦੀ ਬੇਪਤੀ ਕੀਤੀ ਗਈ, ਫੇਰ ਪਤਨੀ ਦੇ ਸਾਹਮਣੇ ਕੁਲਵੰਤ ਸਿੰਘ ਨੂੰ ਟੋਟੇ-ਟੋਟੇ ਕਰ ਕੇ ਵੱਢਿਆ ਗਿਆ ਤੇ ਅੰਤ ਵਿੱਚ ਬੀਬੀ ਮਨਜੀਤ ਕੌਰ ਦਾ ਕਤਲ ਕੀਤਾ ਗਿਆ। 2012 ਵਿੱਚ ਭਾਰਤੀ ਅਦਾਲਤ ਨੇ ਇਸ ਕੇਸ ਵਿੱਚ ਸ਼ਾਮਲ ਸਾਰੇ ਪੁਲਿਸ ਵਾਲਿਆਂ ਨੂੰ ਬਰੀ ਕਰ ਦਿੱਤਾ। ਪਰ ਪੰਜਾਬੀ ਨਾਰੀਵਾਦੀਆਂ ਨੇ ਅਜੇ ਤੱਕ ਇਨਾਂ ਘਟਨਾਵਾਂ ਦੇ ਖ਼ਿਲਾਫ਼ ਆਪਣਾ ਮੂੰਹ ਨਹੀਂ ਖੋਲਿਆ। ਦੋਸ਼ੀ ਪੁਲਿਸ ਵਾਲੇ ਅੱਜ ਵੀ ਜਿਉਂਦੇ ਹਨ ਅਤੇ ਕਈ ਸ਼ਾਇਦ ਨੌਕਰੀ ਵੀ ਕਰ ਰਹੇ ਹੋਣਗੇ। ਪਰ ਹੋਰਨਾਂ ਮਸਲਿਆਂ ਉੱਤੇ ਭੱਜ-ਭੱਜ ਕੇ ਧਰਨੇ ਲਾਉਣ ਵਾਲੇ ਅਤੇ ਪੋਸਟਾਂ ਪਾਉਣ ਵਾਲਿਆਂ ਨੂੰ ਇਹ ਅਤੇ ਅਜਿਹੇ ਸੈਂਕੜੇ ਹੋਰ ਕੇਸਾਂ ਬਾਰੇ ਬੋਲਣਾ ਜ਼ਰੂਰੀ ਨਹੀਂ ਲੱਗਦਾ।

ਸਿਰਫ਼ ਏਨਾ ਹੀ ਨਹੀਂ ਕਿ ਉਹ ਚੁੱਪ ਰਹਿੰਦੇ ਹਨ, ਕਈ ਵਾਰ ਤਾਂ ਉਹ ਪੁਲਿਸ ਦੇ ਅਜਿਹੇ ਕਾਰਿਆਂ ਦੀ ਸਿੱਧੇ-ਅਸਿੱਧੇ ਢੰਗ ਨਾਲ਼ ਹਮਾਇਤ ਕਰਨ ਤੱਕ ਵੀ ਜਾਂਦੇ ਹਨ।



ਅੱਜ-ਕੱਲ ਸੋਸ਼ਲ ਮੀਡੀਏ ਦੇ ਦਬਾਅ ਕਰ ਕੇ ਅਜਿਹੀਆਂ ਘਟਨਾਵਾਂ ਦੀ ਰਸਮੀ ਨਿਖੇਧੀ ਤਾਂ ਕਰ ਦਿੰਦੇ ਹਨ ਪਰ ਅਜਿਹੇ ਤਰੀਕੇ ਨਾਲ਼ ਕਿ ਦੋਸ਼ੀਆਂ ਦੇ ਨਾਲ਼-ਨਾਲ਼ ਸਿੱਖਾਂ ਨੂੰ ਵੀ ਕਿਵੇਂ ਨਾ ਕਿਵੇਂ ਦਰਿੰਦੇ ਸਾਬਤ ਕਰ ਦਿੱਤਾ ਜਾਂਦਾ ਹੈ। ਜਿਵੇਂ ਹਾਲ ਹੀ ਵਿੱਚ ਦਿੱਲੀ ਵਿੱਚ ਹੋਈ ਘਟਨਾ ਬਾਰੇ ਕਈਆਂ ਨੇ ਔਰਤ ਦੀ ਸਿੱਖ ਪਛਾਣ ਮੇਟਣ ਦੇ ਯਤਨ ਕੀਤੇ। ਜੇ ਸਿੱਖ ਪਛਾਣ ਦੀ ਗੱਲ ਕੀਤੀ ਤਾਂ ਨਾਲ਼ ਹੀ ਲੰਮੀ ਚੌੜੀ ਪੋਸਟ ਪਾ ਕੇ ਕੁਝ ਸੋਸ਼ਲ ਮੀਡੀਆ ਅਕਾਊਂਟਾਂ ਦੇ ਬਹਾਨੇ ਸਾਰੇ ਸਿੱਖਾਂ ’ਤੇ ਔਰਤ-ਵਿਰੋਧੀ ਹੋਣ ਦੋਸ਼ ਲਾਇਆ ਗਿਆ।

ਇਨਾਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਆਪਣੇ ਸੋਸ਼ਲ ਮੀਡੀਆ ਕਲਾਊਟ ਨੂੰ ਸਲਾਮਤ ਰੱਖਣ ਲਈ ਕਈ ਵਾਰ ਇਹ ਸਿੱਖ ਔਰਤਾਂ ਤੇ ਹੁੰਦੇ ਜਬਰ ਦੀ ਗੱਲ ਕਰ ਕੇ ਰਸਮੀ ਕਾਰਵਾਈ ਤਾਂ ਪਾ ਦਿੰਦੇ ਹਨ ਪਰ ਨਾਲ਼ ਹੀ ਦਸ ਗੁਣਾ ਜੋਸ਼ ਨਾਲ਼ ਅਗਲੀਆਂ ਪਿਛਲੀਆਂ ਗੱਲਾਂ ਕੱਢ ਕੇ ਸਿੱਖਾਂ ਦੀ ਬਦਨਾਮੀ ਵੀ ਕਰ ਦਿੰਦੇ ਹਨ। ਅਜਿਹਾ ਅਗਿਆਨਵੱਸ ਨਹੀਂ, ਸਗੋਂ ਮਾੜੀ ਮਨਸ਼ਾ ਨਾਲ਼ ਕੀਤਾ ਜਾਂਦਾ ਹੈ। ਕਿਉਂਕਿ ਜਦੋਂ ਕਿਸੇ ਹੋਰ ਫ਼ੈਸ਼ਨੇਬਲ ਘੱਟ-ਗਿਣਤੀ ਨਾਲ਼ ਅਜਿਹੀ ਘਟਨਾ ਘਟਦੀ ਹੈ ਤਾਂ ਉਦੋਂ ਇਨਾਂ ਦਾ ਸਾਰਾ ਜ਼ੋਰ ਦੋਸ਼ੀਆਂ ਦਾ ਵਿਰੋਧ ਕਰਨ ਤੱਕ ਹੀ ਸੀਮਤ ਹੁੰਦਾ ਹੈ। ਹੋਣਾ ਵੀ ਇਵੇਂ ਹੀ ਚਾਹੀਦਾ ਹੈ। ਪਰ ਸਿੱਖਾਂ ਲਈ ਇਨਾਂ ਦੇ ਮਾਪਦੰਡ ਵੱਖਰੇ ਹਨ।

ਸੋਸ਼ਲ ਮੀਡੀਆ ਉੱਤੇ ਕਈ ਸੱਚੇ-ਝੂਠੇ ਖ਼ਾਤੇ ਕਈ ਵਾਰ ਪੰਜਾਬੀ ਖੱਬੇ-ਪੱਖੀਆਂ ਅਤੇ ਨਾਰੀਵਾਦੀਆਂ ਦੇ ਇਨਾਂ ਦੂਹਰੇ ਮਾਪਦੰਡਾਂ ਦਾ ਵਿਰੋਧ ਕਰਦੇ ਹੋਏ ਅਸ਼ਲੀਲ ਭਾਸ਼ਾ ਵਰਤਦੇ ਹਨ। ਮੈਂ ਇਸ ਗੱਲ ਦਾ ਸਖ਼ਤ ਵਿਰੋਧ ਕਰਦਾ ਹਾਂ। ਜੇ ਅੱਜ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਹੁੰਦੇ ਤਾਂ ਉਨਾਂ ਅਜਿਹੀ ਭਾਸ਼ਾ ਦਾ ਸਖ਼ਤ ਨੋਟਿਸ ਲੈਣਾ ਸੀ ਅਤੇ ਅਜਿਹੀ ਭਾਸ਼ਾ ਵਰਤਣ ਵਾਲਿਆਂ ਨੂੰ ਬਣਦੀ ਸਜ਼ਾ ਵੀ ਜ਼ਰੂਰ ਦੇਣੀ ਸੀ।

ਸਾਡਾ ਕਿਸੇ ਨਾਲ਼ ਵਿਰੋਧ ਭਾਵੇਂ ਕਿੰਨਾ ਵੀ ਤਿੱਖਾ ਕਿਉਂ ਨਾ ਹੋਵੇ, ਸਾਡੇ ਬੋਲ ਜੇ ਮਰਿਆਦਾ ਵਿੱਚ ਹੀ ਰਹਿਣ ਤਾਂ ਚੰਗਾ ਹੈ। ਕਿਸੇ ਸਿੱਖ ਦੇ ਮੂੰਹੋਂ ਅਜਿਹੀਆਂ ਗੱਲਾਂ ਚੰਗੀਆਂ ਨਹੀਂ ਲੱਗਦੀਆਂ। ਅਜਿਹੇ ਬੋਲ ਵਰਤ ਕੇ ਖ਼ੁਸ਼ੀ ਮਨਾਉਣੀ ਤਾਂ ਸੈਲਫ਼-ਗੋਲ ਕਰਕੇ ਭੰਗੜੇ ਪਾਉਣ ਵਾਲੀ ਗੱਲ ਹੈ।

# ਰਾਜਨੀਤਿਕ ਪਾਰਟੀਆਂ ਅਤੇ ਨੇਤਾਵਾਂ ਵਿੱਚ ਕਿੰਨੀ ਕੁ ਨੈਤਿਕਤਾ ?



**ਗੋਬਿੰਦਰ ਸਿੰਘ ਢੀਂਡਸਾ**

ਲੋਕਾਂ ਦੀ, ਲੋਕਾਂ ਦੁਆਰਾ ਅਤੇ ਲੋਕਾਂ ਲਈ ਸਰਕਾਰ ਲੋਕਤੰਤਰ ਦੀ ਰੀੜ ਹੈ। ਇਸਦਾ ਆਪਣੀ ਸਮਾਜਿਕ ਆਦਰਸ਼ਵਾਦ ਅਤੇ ਨੈਤਿਕਤਾ ਦਾ ਅਕਸ ਬਣਾਏ ਰੱਖਣਾ ਅਤਿ ਜ਼ਰੂਰੀ ਹੈ ਤਾਂ ਜੋ ਲੋਕਾਂ ਦਾ ਲੋਕਤੰਤਰੀ ਵਿਵਸਥਾ ਵਿੱਚ ਯਕੀਨ ਬੱਝਾ ਰਹੇ। ਲੋਕਤੰਤਰ ਵਿੱਚ ਵੱਖੋ ਵੱਖਰੀਆਂ ਵਿਚਾਰਧਾਰਾਵਾਂ ਦੀਆਂ ਪਾਰਟੀਆਂ ਇਸਦੀ ਖ਼ੂਬਸੂਰਤੀ ਹੈ ਅਤੇ ਇਨਾਂ ਪਾਰਟੀਆਂ ਦੇ ਸੰਵਿਧਾਨ ਲੋਕਤੰਤਰ ਵਿੱਚ ਵਿਸ਼ਵਾਸ ਪ੍ਰਗਟਾਉਂਦੇ ਦੇਸ਼ ਨੂੰ ਹੋਰ ਅੱਗੇ ਤਰੱਕੀ ਦੇ ਰਾਹ ਤੇ ਲਿਜਾਣ ਲਈ ਉਤਸਕ ਹਨ। ਆਦਰਸ਼ ਅਤੇ ਨੈਤਿਕਤਾ ਪੱਖੋਂ ਮਜ਼ਬੂਤ ਨੇਤਾ ਹੀ ਚੰਗੇ ਸਮਾਜ ਦੀ ਸਿਰਜਣਾ ਅਤੇ ਅਗਵਾਈ ਲਈ ਯੋਗ ਹੁੰਦਾ ਹੈ।

ਜੇਕਰ ਮੌਜੂਦਾ ਪਾਰਟੀਆਂ ਅਤੇ ਨੇਤਾਵਾਂ ਨੂੰ ਵੇਖਿਆ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਨੈਤਿਕਤਾ ਇਨਾਂ ਦੇ ਨੇੜੇ-ਤੇੜੇ ਵੀ ਨਹੀਂ। ਨੈਤਿਕਤਾ ਸਿਰਫ਼ ਕਾਗ਼ਜ਼ੀ ਬਣ ਕੇ ਰਹਿ ਗਈ ਹੈ ਅਤੇ ਆਪਣੇ ਮੁਫ਼ਾਦ ਲਈ ਵਿਰੋਧੀ ਆਗੂ/ਪਾਰਟੀ ਤੋਂ ਨੈਤਿਕਤਾ ਦੇ ਆਧਾਰ ’ਤੇ ਅਸਤੀਫ਼ੇ ਦੀ ਮੰਗ ਕਰਨ ਦੀ ਸ਼ਬਦਾਵਲੀ ਦੇ ਬਿਆਨ ਤੱਕ ਸਿਮਟ ਗਈ ਹੈ। ਇਹ ਦੇਸ਼ ਦਾ ਦੁਖਾਂਤ ਹੈ ਕਿ ਰਾਜਨੀਤੀਵਾਨਾਂ ਨੇ ਆਦਰਸ਼ਵਾਦ ਅਤੇ ਨੈਤਿਕਤਾ ਨੂੰ ਪੂਰੀ ਤਰਾਂ ਤਿਲਾਂਜਲੀ ਦੇ ਛੱਡੀ ਹੈ। ਇਹ ਕੁਰਸੀ ਦੀ ਅੰਨੀ ਦੌੜ ਵਿੱਚ ਹਨ ਅਤੇ ਹਰ ਹੀਲੇ ਵਸੀਲੇ ਇਨਾਂ ਨੂੰ ਸੱਤਾ ਦੀ ਚਾਬੀ ਤੱਕ ਮਤਲਬ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਪਿਆਰ ਅਤੇ ਯੁੱਧ ਵਿੱਚ ਸਭ ਜਾਇਜ਼ ਹੈ ਉਦਾਂ ਹੀ ਨੇਤਾਵਾਂ ਨੇ ਚੋਣਾਂ ਜਿੱਤਣ ਲਈ ਵੀ ਸਭ ਕੁਝ ਜਾਇਜ਼ ’ਤੇ ਅਮਲ ਸ਼ੁਰੂ ਕਰ ਦਿੱਤਾ ਹੈ। ਪਾਰਟੀਆਂ ਲੋਕ ਮੁੱਦਿਆਂ ਤੇ ਵਿਕਾਸ ਦੀ ਥਾਂ ’ਤੇ ਇਸ ਤਰਾਂ ਦੇ ਮੁੱਦੇ ਚੋਣਾਂ ਜਿੱਤਣ ਲਈ ਉਛਾਲਦੀਆਂ ਹਨ ਜੋ ਸਮਾਜਿਕ ਵੰਡ ਕਰਦੇ ਹਨ ਹਿ ਕਿਸ ਤਰਾਂ ਨੈਤਿਕ ਤੌਰ ’ਤੇ ਸਹੀ ਕਿਹਾ ਜਾ ਸਕਦਾ ਹੈ ? ਕਿਵੇਂ ਸੱਤਾ ਧਿਰ ਚੋਣਾਂ ਜਿੱਤਣ ਲਈ ਸਿੱਧੇ-ਅਸਿੱਧੇ ਹਥਕੰਡੇ ਅਪਣਾਉਂਦੀ ਹੈ, ਤਾਕਤ ਅਤੇ ਸੰਸਥਾਵਾਂ ਦਾ ਦੁਰਉਪਯੋਗ ਕਰਦੀ ਹੈ, ਕਿਸੇ ਇੱਕ ਪਾਰਟੀ ਨੂੰ ਬਹੁਮਤ ਨਾ ਮਿਲਣ ਤੇ ਕਿਵੇਂ ਅੰਦਰਖ਼ਾਤੇ ਇੱਕ-ਦੂਜੀਆਂ ਪਾਰਟੀਆਂ ਵਿੱਚ ਪਾੜ ਲਾਏ ਜਾਂਦੇ ਹਨ, ਕਿਵੇਂ ਵਿਰੋਧੀ ਲੀਡਰਾਂ ਨੂੰ ਪੈਸੇ ਨਾਲ਼ ਖ਼ਰੀਦ ਕੇ ਜਾਂ ਡਰਾ ਕੇ ਪਾਲਾ ਬਦਲਾਇਆ ਜਾਂਦਾ ਹੈ, ਕਿਵੇਂ ਇੱਕ ਘੱਟ ਸੀਟਾਂ ਜਿੱਤਣ ਵਾਲੀ ਪਾਰਟੀ ਰਾਤੋਂ-ਰਾਤ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਜਾਂਦੀ ਹੈ ਕਿਸੇ ਤੋਂ ਨਹੀਂ ਲੁਕਿਆ। ਰਾਜਨੀਤਿਕ ਪਾਰਟੀਆਂ ਚੋਣਾਂ ਵਿੱਚ ਬਲਾਤਕਾਰ, ਕਤਲ ਵਰਗੇ ਘਿਨੌਣੇ ਜ਼ੁਰਮ ਦੇ ਦਾਗੀਆਂ ਨੂੰ ਵੀ ਟਿਕਟਾਂ ਦੇ ਛੱਡਦੀਆਂ ਹਨ।

ਨੇਤਾਵਾਂ ਨੇ ਆਪਣੇ ਇਖ਼ਲਾਕ ਨੂੰ ਲਾਹ ਕੇ ਕਿੱਲੀ ’ਤੇ ਟੰਗ ਦਿੱਤਾ ਹੈ। ਕਿਵੇਂ ਟਿਕਟਾਂ ਅਤੇ ਅਹੁਦਿਆਂ ਲਈ ਵਫ਼ਾਦਾਰੀਆਂ ਬਦਲ ਜਾਂਦੀਆਂ ਹਨ। ਨਿੱਜੀ ਹਿੱਤਾਂ ਅਨੁਸਾਰ ਇੱਕ-ਦੂਜੀ ਪਾਰਟੀਆਂ ਵਿੱਚ ਆਉਣਾ-ਜਾਣਾ ਲੱਗਿਆ ਰਹਿੰਦਾ ਹੈ। ਚੋਣਾਂ ਦੌਰਾਨ ਕਿਸ ਕਿਸ ਤਰਾਂ ਦੇ ਨਿਚਲੇ ਪੱਧਰ ’ਤੇ ਭਾਸ਼ਣ ਅਤੇ ਦੂਸ਼ਣਬਾਜ਼ੀ ਕੀਤੀ ਜਾਂਦੀ ਹੈ। ਚੋਣਾਂ ਜਿੱਤਣ ਲਈ ਮੁੱਦਿਆਂ ਦੀ ਥਾਂ ਪੈਸਾ, ਨਸ਼ਾ ਅਤੇ ਹੋਰ ਹਥਕੰਡੇ ਅਪਣਾਏ ਜਾਂਦੇ ਆਮ ਦੇਖੇ ਜਾ ਸਕਦੇ ਹਨ। ਨੇਤਾਵਾਂ ਹੱਥ ਤਾਕਤ ਆਉਣ ਤੇ ਲੋਕਾਂ ਦਾ ਵਿਕਾਸ ਭਾਵੇਂ ਨਾ ਹੋਵੇ, ਪ੍ਰੰਤੂ ਆਪਣੀਆਂ ਜਾਇਦਾਦਾਂ ਬਿਜਲੀ ਤੋਂ ਤੇਜ਼ ਗਤੀ ਨਾਲ਼ ਵਧ ਜਾਂਦੀਆਂ ਹਨ। ਨੇਤਾ ਲੋਕਾਂ ਵਿੱਚ ਪਾਰਟੀ ਆਧਾਰਤ ਐਨੀ ਜ਼ਹਿਰ ਘੋਲ ਦਿੰਦੇ ਹਨ, ਸਮਾਜੀ ਵੰਡ ਕਰ ਦਿੰਦੇ ਹਨ ਕਿ ਵਰਕਰ ਪਿੰਡਾਂ, ਮੁਹੱਲਿਆਂ ਵਿੱਚ ਆਪਸੀ ਰਿਸ਼ਤੇ, ਭਾਈਚਾਕ ਸਾਂਝ ਖ਼ਤਮ ਕਰ ਬੈਠਦੇ ਹਨ ਪ੍ਰੰਤੂ ਨੇਤਾਵਾਂ ਦੀ ਸਿਹਤ ’ਤੇ ਕੋਈ ਅਸਰ ਨਹੀਂ ਹੁੰਦਾ ਤੇ ਉਹ ਆਪਣੇ ਹਿੱਤਾਂ ਲਈ ਸਿਆਸਤ ਕਰੀ ਜਾਂਦੇ ਹਨ।

ਹਾਰਵਾਰਡ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਡੈਨਿਸ ਥਾਮਸਨ ਨੇ ਰਾਜਨੀਤੀ ਵਿੱਚ ਨੈਤਿਕਤਾ ਤੇ ਜ਼ੋਰ ਦਿੰਦਿਆਂ ਕਿਹਾ ਹੈ ਕਿ ‘ਉਹ ਵੋਟਰ ਵੀ ਬਹੁਤ ਵੱਡੇ ਗ਼ੁਨਾਹਗਾਰ ਹਨ ਜਿਹੜੇ ਕਿ ਭ੍ਰਿਸ਼ਟ ਲੋਕਾਂ ਨੂੰ ਵੋਟਾਂ ਪਾ ਕੇ ਰਾਜਨੀਤਿਕ ਲੀਡਰ ਬਣਾਉਂਦੇ ਹਨ ਜਿਹੜੇ ਕਿ ਆਪਣੇ ਨਿੱਜੀ ਹਿੱਤਾਂ ਲਈ ਲੋਕਾਂ ਨਾਲ਼ ਹਰ ਤਰਾਂ ਦਾ ਧੋਖਾ ਕਰਦੇ ਹਨ।’ ਸਮੇਂ ਦੀ ਜ਼ਰੂਰਤ ਹੈ ਕਿ ਵੋਟਰ ਚੋਣਾਂ ਦੌਰਾਨ ਸੋਚ ਸਮਝ ਕੇ ਆਪਣੇ ਉੱਜਵਲ ਭਵਿੱਖ ਲਈ ਵੋਟ ਕਰਨ ਅਤੇ ਆਪਣੀ ਭਾਈਚਾਰਕ ਸਾਂਝ ਨੂੰ ਨੇਤਾਵਾਂ ਪਿੱਛੇ ਲੱਗ ਕੇ ਖੋਰਾ ਨਾ ਲਾਉਣ।


CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us



ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# 'ਛੜੇ ਜੇਠ ਨੂੰ ਲੱਸੀ ਨਹੀਂ ਦੇਣੀ, ਦਿਓਰ ਭਾਵੇਂ ਮੱਝ ਚੁੰਘ ਜੇ'

## ਬਜਟ ਵਿੱਚ ਆਮ ਜਨਤਾ ਨੂੰ ਮਿਲਿਆ ਬਹੁਤ ਵੱਡਾ 'ਕੁਝ ਨਹੀਂ'

**ਅਰਸ਼**

2022 ਭਾਰਤੀ ਆਰਥਿਕਤਾ ਅਤੇ ਵਿਕਾਸ ਦੇ ਪੱਖ ਤੋਂ ਬਹੁਤ ਹੀ ਮਹੱਤਵਪੂਰਨ ਸਾਲ ਹੋਣ ਵਾਲਾ ਸੀ। ਮੋਦੀ ਸਰਕਾਰ ਨੇ 2022 ਦੇ ਸਬੰਧ ਵਿੱਚ ਬਹੁਤ ਸਾਰੇ ਵਾਅਦੇ ਕੀਤੇ ਸਨ ਜੋ ਕਿ 2022 ਵਿੱਚ ਪੂਰੇ ਹੋਣੇ ਸਨ। ਸਰਕਾਰ ਨੇ ਇਨਾਂ ਵਾਅਦਿਆਂ ਦੀ ਇੱਕ ਪੂਰੀ ਮੁਹਿੰਮ ਚਲਾਈ ਸੀ। 2022 ਅਨੇਕਾਂ ਸਰਕਾਰੀ ਸਕੀਮਾਂ ਪੁਰੀਆਂ ਹੋਣ ਵਾਲਾ ਸਾਲ ਸੀ। ਕਿਹਾ ਗਿਆ ਸੀ ਕਿ 2022 ਤੱਕ ਹਰ ਭਾਰਤੀ ਨਾਗਰਿਕ ਨੂੰ ਘਰ ਮਿਲੇਗਾ। ਹਰ ਘਰ ਤੱਕ ਪਾਣੀ ਪਹੁੰਚੇਗਾ। ਹਰ ਪਿੰਡ ਵਿੱਚ 24⊘7 ਬਿਜਲੀ ਹੋਵੇਗੀ। ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ। ਇੱਥੋਂ ਤੱਕ ਕਿ ਇਹ ਵੀ ਆਖਿਆ ਗਿਆ ਕਿ 20 22 ਤੱਕ ਬੁਲੇਟ ਟ੍ਰੇਨ ਵੀ ਆ ਜਾਵੇਗੀ ਅਤੇ ਹੋਰ ਵੀ ਬਹੁਤ ਕੁਝ ਕਿਉਂਕਿ 2022 ਵਿੱਚ ਇੱਕ 'ਨਿਊ ਇੰਡੀਆ' ਬਣੇਗਾ। ਇਨਾਂ ਸਾਰੇ ਵਾਅਦਿਆਂ ਦੇ ਪੂਰੇ ਹੋਣ ਕਰਕੇ 2022 ਦੇ ਬਜਟ ਦੇ ਵਿੱਚ ਕੁਝ ਨਵੀਆਂ ਸਕੀਮਾਂ ਆਉਣ ਦੀ ਸਾਰੇ ਦੇਸ਼ ਦੇ ਨਾਗਰਿਕਾਂ ਨੂੰ ਆਸ ਸੀ। ਆਓ ਇੱਕ ਨਜ਼ਰ ਇਸ ਸਾਲ ਦੇ ਬਜਟ ਉੱਤੇ ਵੀ ਮਾਰੀਏ :- ਪਰ ਇਸ ਸਾਲ ਦੇ ਬਜਟ ਨੂੰ ਪੇਸ਼ ਕਰਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਇਹ ਬਜਟ ਭਾਰਤ ਦੇ ਆਉਣ ਵਾਲੇ 25 ਸਾਲਾਂ ਦਾ ਖਾਕਾ (ਬਲੂ ਪ੍ਰਿੰਟ) ਹੈ। ਵਿੱਤ ਮੰਤਰੀ ਨੇ ਇਸਦੇ ਚਾਰ ਅਹਿਮ ਨੁਕਤੇ ਦੱਸੇ :-

1) ਪੀ. ਐੱਮ. ਗਤੀਸ਼ਕਤੀ 2) ਸੰਮਲਿਤ ਵਿਕਾਸ 3) ਊਰਜਾ ਪਰਿਵਰਤਨ ਅਤੇ ਜਲਵਾਯੂ ਕਾਰਜ 4) ਨਿਵੇਸ਼ਾਂ ਦਾ ਵਿੱਤੀ ਪ੍ਰਬੰਧ

ਇਸ ਵਾਰ ਦੇ ਬਜਟ ਨੂੰ ਦੇਖ ਕੇ ਲੱਗ ਰਿਹਾ ਹੈ ਕਿ ਸਰਕਾਰ ਬੇਰੁਜ਼ਗਾਰੀ ਵੱਲ ਬਿਲਕੁਲ ਵੀ ਧਿਆਨ ਨਹੀਂ ਦੇਣਾ ਚਾਹੁੰਦੀ ਸਗੋਂ ਕਿ ਇਸਨੂੰ ਵਧਾਉਣਾ ਚਾਹੁੰਦੀ ਹੈ। ਭਾਰਤ ਦੇ ਪਿੰਡਾਂ ਦੇ ਬਹੁਤ ਸਾਰੇ ਲੋਕ 'ਮਨਰੇਗਾ' ਦੇ ਤਹਿਤ ਕੰਮ ਕਰਦੇ ਹਨ ਇਸ ਸਕੀਮ ਨਾਲ਼ ਪਿੰਡਾਂ ਦੇ ਆਮ ਲੋਕਾਂ, ਜਿਨਾਂ ਦੀ ਆਮਦਨ ਦੇ ਵਸੀਲੇ ਬਹੁਤ ਥੋੜੇ ਹਨ, ਨੂੰ ਬਹੁਤ ਲਾਭ ਹੁੰਦਾ ਸੀ। ਪਰ ਇਸ ਵਾਰ ਦੇ ਬਜਟ ਵਿੱਚ ਮਨਰੇਗਾ ਸਕੀਮ ਦਾ ਬਜਟ ਪਿਛਲੇ ਸਾਲ ਦੇ ਮੁਕਾਬਲੇ 25 ਫ਼ੀਸਦੀ ਘਟਾ ਦਿੱਤਾ ਗਿਆ। ਇਸਦੀ ਰਕਮ 98,000 ਕਰੋੜ ਤੋਂ ਘਟਾ ਕੇ 73,000 ਕਰੋੜ ਕਰ ਦਿੱਤੀ ਗਈ ਹੈ।

ਕੋਰੋਨਾ ਮਹਾਂਮਾਰੀ ਤੋਂ ਪਹਿਲਾਂ 2019 ਵਿੱਚ 3 ਕਰੋੜ ਲੋਕ ਭਾਰਤ ਵਿੱਚ ਬੇਰੁਜ਼ਗਾਰ ਸਨ ਅਤੇ 2 ਸਾਲ ਦੀ ਇਸ ਆਫਤ ਤੋਂ ਬਾਅਦ ਇਸ ਗਿਣਤੀ ਵਿੱਚ 1 ਕਰੋੜ ਦਾ ਵਾਧਾ ਹੋਇਆ ਹੈ। **The Economics Times** ਅਨੁਸਾਰ ਤਾਂ ਇਸ ਸਾਲ ਬੇਰੁਜ਼ਗਾਰ ਲੋਕਾਂ ਦੀ ਗਿਣਤੀ 5.3 ਕਰੋੜ ਹੋ ਗਈ ਹੈ ਅਤੇ ਇਸ ਸਾਲ ਦੇ ਬਜਟ ਦਾ ਮੂੰਹ ਦੇਖ ਕੇ ਲੱਗਦਾ ਹੈ ਕਿ ਸਰਕਾਰ ਦਾ ਧਿਆਨ ਇਸ ਪਾਸੇ ਬਿਲਕੁਲ ਵੀ ਨਹੀਂ ਹੈ।

ਇਸ ਤੋਂ ਇਲਾਵਾ ਖਾਦ ਵਸਤਾਂ ਦੀ ਸਬਸਿਡੀ ਵਿੱਚ ਵੀ 27 ਫ਼ੀਸਦੀ ਕਟੌਤੀ ਕੀਤੀ ਗਈ ਹੈ। ਇਸਦੀ ਰਕਮ 2.99 ਕਰੋੜ ਤੋਂ ਘਟਾ ਕੇ 2.07 ਕਰੋੜ ਕਰ ਦਿੱਤੀ ਗਈ। ਇਸ ਨਾਲ਼ ਦੇਸ਼ ਵਿੱਚ ਸਬਸਿਡੀ ਵਾਲਾ ਰਾਸ਼ਨ ਲੈਣ ਵਾਲੇ ਕਰੋੜਾਂ ਲੋਕ ਭੁੱਖਮਰੀ ਦੇ ਸ਼ਿਕਾਰ ਹੋਣ ਦਾ ਵੀ ਖ਼ਤਰਾ ਹੈ।

ਕਿਸਾਨਾਂ ਦੀ ਆਮਦਨ 2022 ਵਿੱਚ ਦੁੱਗਣੀ ਕਰਨ ਵਾਲੀ ਸਰਕਾਰ ਨੇ ਇਸ ਸਾਲ ਫ਼ਸਲਾਂ ਵਿੱਚ ਵਰਤੀਆਂ ਜਾਣ ਵਾਲਿਆਂ ਖਾਦਾਂ ਉੱਤੇ ਮਿਲਦੀ ਸਬਸਿਡੀ ਦੇ ਬਜਟ ਵਿੱਚ ਵੀ 25 ਫ਼ੀਸਦੀ ਦਾ ਕੱਟ ਮਾਰਿਆ ਹੈ।

ਮੋਦੀ ਸਰਕਾਰ ਦਾ ਦਾਅਵਾ ਸੀ ਕਿ 2022 ਤੱਕ ਹਿੰਦੋਸਤਾਨ ਦੀ ਜੀ. ਡੀ. ਪੀ. ਦਾ 6 ਫ਼ੀਸਦੀ ਹਿੱਸਾ ਅਸੀਂ ਸਿੱਖਿਆ ਉੱਤੇ ਖ਼ਰਚ ਕਰਾਂਗੇ। ਇਸ ਵਾਰ ਦੇ ਬਜਟ ਵਿੱਚ ਸਿੱਖਿਆ ਦੇ ਖੇਤਰ ਵਿੱਚ ਪਿਛਲੇ ਸਾਲ ਦੇ ਮੁਕਾਬਲੇ 11 ਫ਼ੀਸਦੀ ਵਾਧਾ ਕਰਕੇ ਇਸਦੀ ਰਕਮ 93, 224 ਕਰੋੜ ਤੋਂ 1,04,278 ਕਰੋੜ ਕਰ ਦਿੱਤੀ ਗਈ ਹੈ। ਇਹ ਇੱਕ ਚੰਗਾ ਕਦਮ ਹੈ ਪਰ ਇਹ ਜੀ. ਡੀ. ਪੀ. ਦਾ 6 ਫ਼ੀਸਦੀ ਫਿਰ ਵੀ ਨਹੀਂ ਹੈ, ਇਹ ਮੁਸ਼ਕਿਲ ਨਾਲ਼ ਹੀ ਕੁੱਲ ਜੀ. ਡੀ. ਪੀ. ਦਾ ਕੇਵਲ 3 ਫ਼ੀਸਦ ਹਿੱਸਾ ਬਣਦਾ ਹੈ। ਇਸ ਕਰਕੇ ਇਹ ਬਹੁਤ ਛੋਟਾ ਵਾਧਾ ਹੈ ਪਰ ਫਿਰ ਵੀ ਇਹ ਕਦਮ ਸਲਾਹੁਣਯੋਗ ਹੈ।

ਇਸ ਵਾਰ ਦੇ ਹੀ ਬਜਟ ਵਿੱਚ ਸਰਕਾਰ ਨੇ ਇੱਕ ਡਿਜੀਟਲ ਯੂਨੀਵਰਸਿਟੀ ਸਥਾਪਿਤ ਕਰਨ ਦਾ ਵੀ ਪ੍ਰਸਤਾਵ ਪੇਸ਼ ਕੀਤਾ ਹੈ। ਇਸ ਦੇ ਨਾਲ਼ ਹੀ **one class** ਤੋਂ **one channel** ਪ੍ਰਾਜੈਕਟ ਨੂੰ ਵਧਾਉਣ ਦੀ ਗੱਲ ਵੀ ਕੀਤੀ ਹੈ ਜਿਸ ਵਿੱਚ ਕੰਮ ਕਰਦੇ ਚੈਨਲਾਂ ਦੀ ਗਿਣਤੀ ਨੂੰ 12 ਤੋਂ ਵਧਾ ਕੇ 200 ਕਰਨ ਦਾ ਦਾਅਵਾ ਕੀਤਾ ਗਿਆ ਹੈ। ਇਸ ਪ੍ਰਾਜੈਕਟ ਰਾਹੀਂ ਖੇਤਰੀ ਜੁਬਾਨਾਂ ਵਿੱਚ ਸਪਲੀਮੈਂਟਰੀ ਸਿੱਖਿਆ ਦਿੱਤੀ ਜਾਵੇਗੀ, ਜਿਸ ਪਿੱਛੇ ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ਼ ਕੋਰੋਨਾ ਕਾਲ ਵਿੱਚ ਸਿੱਖਿਆ ਦੇ ਹੋਏ ਨੁਕਸਾਨ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਿੱਖਿਆ ਤੋਂ ਬਾਅਦ ਜੋ ਦੂਜਾ ਸਭ ਤੋਂ ਅਹਿਮ ਖੇਤਰ ਹੈ, ਜੋ ਦੇਸ਼ ਦੀ ਅਵਾਮ ਨੂੰ ਮੁਫ਼ਤ ਵਿੱਚ ਦੇਣਾ ਹਰ ਲੋਕਤੰਤਰੀ ਸਰਕਾਰ ਦਾ ਫ਼ਰਜ਼ ਹੁੰਦਾ ਹੈ, ਉਹ ਹੈ ਸਿਹਤ ਦਾ ਖੇਤਰ। ਸਿਹਤ ਦੇ ਖੇਤਰ ਵਿੱਚ ਵੀ ਇਸ ਵਾਰ ਮਾਮੂਲੀ ਵਾਧਾ ਹੋਇਆ ਹੈ ਜੋ ਕਿ ਪਿਛਲੇ ਵਿੱਤੀ ਵਰੇ ਦੇ ਮੁਕਾਬਲੇ ਕੇਵਲ 0.23 ਫ਼ੀਸਦ ਹੈ। ਪਰ ਜੋ ਪੈਸਾ ਮੈਡੀਕਲ ਅਤੇ ਪਬਲਿਕ ਹੈਲਥ ਵਿੱਚ ਖ਼ਰਚਿਆ ਜਾ ਰਿਹਾ ਹੈ, ਉਸ ਵਿੱਚ ਤਕਰੀਬਨ 45 ਫ਼ੀਸਦ ਦੀ ਕਟੌਤੀ ਕੀਤੀ ਗਈ ਹੈ। ਜਿਸ ਪਿੱਛੇ ਸਰਕਾਰ ਦਾ ਕਹਿਣਾ ਹੈ ਕਿ ਕੋਵਿਡ-19 ਦੀ ਵੈਕਸੀਨ ਉੱਤੇ ਜੋ ਖ਼ਰਚ ਪਿਛਲੇ ਵਰੇ ਹੋਇਆ ਹੈ ਹੁਣ ਉਸਦੀ ਜ਼ਰੂਰਤ ਨਹੀਂ ਹੈ। ਇਸਦੇ ਨਾਲ਼ ਹੀ ਸਿਹਤ ਦੇ ਖੇਤਰ ਵਿੱਚ ਇੱਕ ਹੋਰ ਵਿਸ਼ੇਸ਼ ਪ੍ਰਾਜੈਕਟ, ਨੈਸ਼ਨਲ ਟੈਲੀ ਮੈਂਟਲ ਹੈਲਥ ਪ੍ਰੋਗਰਾਮ, ਨੂੰ ਸ਼ੁਰੂ ਕਰਨ ਦੀ ਗੱਲ ਕੀਤੀ ਹੈ ਜਿਸ ਰਾਹੀਂ ਲੋਕਾਂ ਦੀਆਂ ਮਾਨਸਿਕ ਸਮੱਸਿਆਵਾਂ ਨੂੰ ਹੱਲ ਕੀਤਾ ਜਾਵੇਗਾ। ਇਸ ਵਿੱਚ 23 ਤੋਂ ਜ਼ਿਆਦਾ ਟੈਲੀ ਮੈਂਟਲ ਹੈਲਥ ਸੈਂਟਰ ਸਥਾਪਿਤ ਕੀਤੇ ਜਾਣਗੇ।

ਸੁਰੱਖਿਆ ਦੇ ਬਜਟ ਵਿੱਚ 9.8 ਪ੍ਰਤੀਸ਼ਤ ਵਾਧਾ ਕੀਤਾ ਗਿਆ ਹੈ। ਅਤੇ ਸਭ ਤੋਂ ਮਹੱਤਵਪੂਰਨ ਗੱਲ ਕਿ ਇਸ ਵਾਰ ਸਪੋਰਟਸ ਦੇ ਬਜਟ ਵਿੱਚ ਵੀ 305 ਕਰੋੜ ਦਾ ਵਾਧਾ ਕੀਤਾ ਗਿਆ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਵਾਧਾ ਟੋਕੀਓ ਓਲੰਪਿਕ ਵਿੱਚ ਭਾਰਤੀ ਖਿਡਾਰੀਆਂ ਦੇ ਕੀਤੇ ਸ਼ਾਨਦਾਰ ਪ੍ਰਦਰਸ਼ਨ ਕਾਰਣ ਹੋਇਆ ਹੈ। ਕਾਰਨ ਚਾਹੇ ਜੋ ਵੀ ਹੋਵੇ ਪਰ ਇਹ ਇੱਕ ਚੰਗਾ ਕਦਮ ਸਾਬਿਤ ਹੁ ਸਕਦਾ ਹੈ ਜੇਕਰ ਇਸ ਨੂੰ ਅਮਲ ਵਿੱਚ ਵੀ ਸਹੀ ਢੰਗ ਨਾਲ਼ ਲਿਆਂਦਾ ਜਾਵੇ।

**ਬਜਟ 2022 ਦਾ ਵਿਸ਼ਲੇਸ਼ਣ**

ਹਰ ਸਾਲ, ਹਰ ਦੇਸ਼, ਹਰ ਬਜਟ ਵਿੱਚ ਸਭ ਤੋਂ ਮਹੱਤਵਪੂਰਨ ਵਿਸ਼ਾ ਹੁੰਦਾ ਹੈ ਕਿ ਆਮ ਆਦਮੀ ਨੂੰ ਕੀ ਮਿਲਿਆ। ਆਮ ਆਦਮੀ, ਜਿਸਨੂੰ ਮਿਡਲ ਕਲਾਸ ਜਾਂ ਮੱਧ-ਵਰਗ ਦੇ ਨਾਂ ਨਾਲ਼ ਵੀ ਜਾਣਿਆ ਜਾਂਦਾ ਹੈ। ਇਸ ਵਾਰ ਦੇ ਬਜਟ ਵਿੱਚ ਮੱਧ-ਵਰਗੀ ਤਨਖ਼ਾਹਦਾਰਾਂ ਅਤੇ ਆਮ ਲੋਕਾਂ ਨੂੰ ਬਹੁਤ ਵੱਡਾ 'ਕੁਝ ਨਹੀਂ' ਮਿਲਿਆ ਹੈ। ਆਮ ਲੋਕਾਂ ਨੂੰ ਇਹ ਆਸ ਹੁੰਦੀ ਹੈ ਕਿ ਸ਼ਾਇਦ ਇਸ ਸਾਲ ਟੈਕਸ ਦਰਾਂ ਘੱਟ ਹੋ ਜਾਣ ਜਾਂ ਮਹਿੰਗਾਈ ਘੱਟ ਹੋਵੇਗੀ ਤਾਂ ਥੋੜੀ ਰਾਹਤ ਮਿਲੇਗੀ। ਪਰ ਇਸ ਵਾਰ ਦੇ ਬਜਟ ਵਿੱਚ ਇੱਕ ਆਮ ਨਾਗਰਿਕ ਨੂੰ 'ਕੁਝ ਨਹੀਂ' ਮਿਲਿਆ। ਇਸ ਕਰਕੇ ਲੋਕਾਂ ਵਿੱਚ ਬਹੁਤ ਨਿਰਾਸ਼ਾ ਹੈ। ਇੱਥੋਂ ਤੱਕ ਕਿ ਸਰਕਾਰ ਦਾ ਧਿਆਨ ਮੱਧ-ਵਰਗ ਵੱਲ ਕਰਾਉਣ ਵਾਸਤੇ ਟਵਿਟਰ ਉੱਤੇ **#middleclass** ਟ੍ਰੈਂਡ ਕੀਤਾ ਗਿਆ ਅਤੇ ਬਹੁਤ ਸਾਰੇ ਲੋਕਾਂ ਨੇ ਇਸ ਉੱਤੇ ਮੀਮ ਵੀ ਬਣਾਏ।

ਮਹਾਂਮਾਰੀ ਦੌਰਾਨ ਕਈ ਅਰਥਸ਼ਾਸਤਰੀਆਂ ਦਾ ਕਹਿਣਾ ਸੀ ਕਿ ਜੇਕਰ ਅਸੀਂ ਆਪਣੀ ਆਰਥਿਕਤਾ ਨੂੰ ਮੁੜ ਖੜੀ ਕਰਕੇ ਵਿਕਾਸ ਦੇ ਰਾਹ 'ਤੇ ਤੋਰਨਾ ਹੈ ਤਾਂ ਮਿਡਲ ਕਲਾਸ ਜਾਂ ਮੱਧ-ਵਰਗ ਉੱਤੇ ਵਿਸ਼ੇਸ਼ ਧਿਆਨ ਦੇਣਾ ਪਵੇਗਾ ਕਿਉਂਕਿ ਜੇਕਰ ਮਿਡਲ ਕਲਾਸ ਕੋਲ਼ ਪੈਸਾ ਹੋਵੇਗਾ ਤਾਂ ਹੀ ਉਹ ਖ਼ਰਚ ਕਰੇਗਾ ਅਤੇ ਤਾਂ ਹੀ ਉਹ ਜਿਣਸਾਂ ਦੀ ਖ਼ਪਤ ਕਰੇਗਾ। ਜਿਸ ਨਾਲ਼ ਪੈਦਾਵਾਰ ਦੀ ਲੋੜ ਪਵੇਗੀ ਅਤੇ ਇਸੇ ਤਰਾਂ ਇਹ ਚੱਕਰ ਪੂਰਾ ਘੁੰਮ ਸਕੇਗਾ। ਪਰ ਮੋਦੀ ਸਰਕਾਰ ਦਾ ਇਸ ਵੱਲ ਕੋਈ ਖ਼ਾਸ ਧਿਆਨ ਨਹੀਂ ਹੈ। ਇੱਕ ਪੱਤਰਕਾਰ ਦੇ ਇਸ ਬਾਰੇ ਸਵਾਲ ਕਰਨ ਉੱਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਮੈਂ ਪਿਛਲੇ ਦੋ ਸਾਲਾਂ ਤੋਂ ਮਿਡਲ ਕਲਾਸ ਦੇ ਟੈਕਸ ਦਾ ਇੱਕ ਪੈਸਾ ਵੀ ਨਹੀਂ ਵਧਾਇਆ ਹੈ। ਭਾਵ ਕਿ ਜੇਕਰ ਘਟਾਇਆ ਨਹੀਂ ਤਾਂ ਵਧਾਇਆ ਵੀ ਤਾਂ ਨਹੀਂ। ਇਸ ਕਰਕੇ ਮਿਡਲ ਕਲਾਸ ਨੂੰ ਇਸ ਵਿੱਚ ਖ਼ੁਸ਼ ਹੋਣਾ ਚਾਹੀਦਾ ਹੈ। ਇਸ ਬਿਆਨ ਨਾਲ਼ ਬਹੁਤੇ ਸਰਕਾਰ ਦੇ ਹਿਮਾਇਤੀ ਅਤੇ ਬਹੁਤੇ ਆਮ ਲੋਕ ਸਹਿਮਤ ਵੀ ਹੋਣਗੇ ਕਿਉਂਕਿ ਇਹ ਗੱਲ ਉੱਪਰੋਂ-ਉੱਪਰੋਂ ਦੇਖਣ ਨੂੰ ਠੀਕ ਲੱਗਦੀ ਹੈ। ਪਰ ਜੇਕਰ ਦੇਖਿਆ ਜਾਵੇ ਤਾਂ ਪਿਛਲੇ ਇੱਕ ਸਾਲ ਵਿੱਚ ਮਹਿੰਗਾਈ ਕਿੰਨੀ ਵਧੀ ਹੈ। ਪੈਟਰੋਲ, ਡੀਜ਼ਲ ਦੇ ਨਾਲ਼-ਨਾਲ਼ ਖਾਣ-ਪੀਣ ਵਾਲੀਆਂ ਚੀਜ਼ਾਂ, ਜਿਨਾਂ ਵਿੱਚ ਫਲ, ਸਬਜ਼ੀਆਂ ਤੋਂ ਇਲਾਵਾ ਸਰੋਂ ਅਤੇ ਹੋਰ ਖਾਣਾ ਬਣਾਉਣ ਵਾਲੇ ਤੇਲ ਵੀ ਸ਼ਾਮਿਲ ਹਨ, ਦੇ ਭਾਅ ਤਾਂ 'ਬੁਲੇਟ ਟ੍ਰੇਨ' ਦੀ ਰਫ਼ਤਾਰ ਨਾਲ਼ ਵਧੇ ਹਨ ਅਤੇ ਟੈਕਸ ਦੀ ਸਲੈਬ ਓਥੇ ਹੀ ਹੈ। ਕਹਿਣ ਦਾ ਭਾਵ ਸਰਕਾਰ ਪਹਿਲਾਂ ਤਾਂ ਚੀਜ਼ਾਂ ਉੱਤੇ ਟੈਕਸ ਲਗਾ ਕੇ ਆਮ ਆਦਮੀ ਨੂੰ ਲੁੱਟਦੀ ਹੈ ਫਿਰ ਉਸਦੀ ਆਮਦਨ ਉੱਤੇ ਵੱਖਰਾ ਟੈਕਸ ਲੱਗਦਾ ਹੈ। ਲੋਕਾਂ ਦੇ ਪੈਸੇ ਦੀ ਕਦਰ ਦਿਨ-ਬ-ਦਿਨ ਘਟਦੀ ਜਾ ਰਹੀ ਹੈ। ਚੀਜ਼ਾਂ ਦੇ ਭਾਅ ਦਿਨ-ਬ-ਦਿਨ ਵੱਧਦੇ ਜਾ ਰਹੇ ਹਨ। ਆਮਦਨ ਓਥੇ ਦੀ ਓਥੇ ਹੀ ਖੜੀ ਹੈ।

ਵਿੱਤ ਮੰਤਰੀ ਦੇ ਬਿਆਨ ਤੋਂ ਅਤੇ ਇਸ ਪੇਸ਼ ਹੋਏ ਬਜਟ ਤੋਂ ਤਾਂ ਇਹੀ ਲੱਗਦਾ ਹੈ ਕਿ ਸਰਕਾਰ ਲੋਕਾਂ ਨੂੰ ਜਾਂ ਤਾਂ ਮੂਰਖ ਸਮਝਦੀ ਹੈ ਜਾਂ ਫਿਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪਿਛਲੀ ਵਾਰ ਦੀ ਤਰਾਂ ਹੀ ਇਸ ਵਾਰ ਵੀ ਕਾਰਪੋਰੇਟਾਂ ਦੇ ਟੈਕਸ ਵਿੱਚ ਕਟੌਤੀ ਕੀਤੀ ਗਈ ਹੈ। ਇਸ ਤੋਂ ਸਰਕਾਰ ਦੀ ਨੀਅਤ ਅਤੇ ਨੀਤੀ ਦੋਨੋਂ ਜ਼ਾਹਿਰ ਹੋ ਜਾਂਦੀਆਂ ਹਨ ਕਿ ਇਹ ਸਰਕਾਰ ਕਾਰਪੋਰੇਟਾਂ ਦੇ ਘਰ ਭਰਨ ਦੀ ਚਾਹਵਾਨ ਹੈ। ਆਮ ਲੋਕਾਂ ਦੀ ਜੇਬ ਵਿੱਚੋਂ ਪੈਸਾ ਖਿੱਚ ਕੇ ਇਹ ਕਾਰਪੋਰੇਟਾਂ ਨੂੰ ਦੇਣਾ ਚਾਹੁੰਦੀ ਹੈ। ਇਸ ਨਾਲ਼ ਸਾਡਾ ਦੇਸ਼ ਇੱਕ ਬਹੁਤ ਗੰਭੀਰ ਆਰਥਿਕ ਸੰਕਟ ਵਿੱਚ ਫਸ ਸਕਦਾ ਹੈ। ਇਸ ਵਾਰ ਦੇ ਬਜਟ ਵਿੱਚ ਕ੍ਰਿਪਟੋ ਕਰੰਸੀ ਉੱਤੇ ਕਾਫ਼ੀ ਧਿਆਨ ਕੇਂਦਰਿਤ ਕੀਤਾ ਗਿਆ। ਕ੍ਰਿਪਟੋ ਕਰੰਸੀ ਨਾਲ਼ ਵਪਾਰ ਕਰਨ ਵਾਲੇ ਲੋਕਾਂ ਨੂੰ ਬਹੁਤ ਵੱਡਾ ਝਟਕਾ ਮਿਲਿਆ ਕਿਉਂਕਿ ਸਰਕਾਰ ਨੇ ਕ੍ਰਿਪਟੋ ਕਰੰਸੀ ਨਾਲ਼ ਕੀਤੇ ਵਪਾਰ ਵਿੱਚ ਹੋਏ ਮੁਨਾਫ਼ੇ ਉੱਤੇ 30 ਪ੍ਰਤੀਸ਼ਤ ਟੈਕਸ ਲਾਗੂ ਕੀਤਾ ਹੈ। ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਇੱਕ ਡਿਜੀਟਲ ਰੁਪਇਆ ਜਾਰੀ ਕਰੇਗੀ। ਹਾਲਾਂਕਿ ਭਾਰਤ ਕੋਈ ਪਹਿਲਾ ਦੇਸ਼ ਨਹੀਂ ਹੈ ਜੋ ਆਪਣੇ ਦੇਸ਼ ਦੀ ਕਰੰਸੀ ਨੂੰ ਡਿਜੀਟਲ ਬਣਾ ਰਿਹਾ ਹੈ ਪਰ ਕ੍ਰਿਪਟੋ ਕਰੰਸੀ ਇਸਤੇਮਾਲ ਕਰਨ ਵਾਲਿਆਂ ਦਾ ਇਹ ਮਤ ਹੈ ਕਿ ਕ੍ਰਿਪਟੋ ਕਰੰਸੀ ਸਰਕਾਰੀ ਕਰਕੇ ਇਸ ਉੱਤੇ ਟੈਕਸ ਲਗਾਉਣਾ ਕ੍ਰਿਪਟੋ ਕਰੰਸੀ ਦੇ ਬੁਨਿਆਦੀ ਸੰਕਲਪ ਦੇ ਖ਼ਿਲਾਫ਼ ਹੈ। ਜਿਸ ਮੁਤਾਬਿਕ ਇਹ ਕਰੰਸੀ ਕਿਸੇ ਵੀ ਸਰਕਾਰ ਦੇ ਅਧੀਨ ਨਹੀਂ ਹੋ ਸਕਦੀ। ਇਸਦੇ ਨਾਲ਼ ਹੀ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਸਰਕਾਰ ਸਿਰਫ਼ ਮੁਨਾਫ਼ੇ ਉੱਤੇ ਟੈਕਸ ਲਗਾ ਰਹੀ ਹੈ ਪਰ ਜੇਕਰ ਨੁਕਸਾਨ ਹੁੰਦਾ ਹੈ ਤਾਂ ਆਮ ਆਦਮੀ ਦਾ ਹੋਵੇਗਾ। ਕ੍ਰਿਪਟੋ ਕਰੰਸੀ ਦਾ ਮੁੱਦਾ ਇਸ ਬਜਟ ਨੇ ਹੋਰ ਵੀ ਵਿਵਾਦੀ ਬਣਾ ਦਿੱਤਾ ਹੈ ਕਿਉਂਕਿ ਇੱਕ ਪਾਸੇ ਤਾਂ ਸਰਕਾਰ ਇਸਨੂੰ ਕਾਨੂੰਨੀ ਤੌਰ 'ਤੇ ਵਾਜਿਬ ਨਹੀਂ ਮੰਨ ਰਹੀ ਪਰ ਦੂਜੇ ਪਾਸੇ ਇਸ ਉੱਤੇ ਟੈਕਸ ਲਗਾ ਰਹੀ ਹੈ। ਜਿਸ ਕਰਕੇ ਸਾਫ਼-ਸਾਫ਼ ਇਹ ਲੱਗਦਾ ਹੈ ਕਿ ਸਰਕਾਰ ਦੀ ਮਨਸ਼ਾ ਆਮ ਲੋਕਾਂ ਨੂੰ ਲੁੱਟਣ ਦੀ ਹੈ।

ਇਸ ਵਾਰ ਦਾ ਬਜਟ ਵੀ ਵਾਅਦਿਆਂ ਤੋਂ ਖ਼ਾਲੀ ਨਹੀਂ ਗਿਆ। ਭਾਰਤ ਵਿੱਚ ਵੀ ਈ-ਪਾਸਪੋਰਟ ਲਾਗੂ ਕਰਨ ਦਾ ਐਲਾਨ ਇਸ ਵਾਰ ਹੋਇਆ ਹੈ। ਇਹ ਪਾਸਪੋਰਟ ਪਹਿਲਾਂ ਵੀ ਕਈ ਮੁਲਕਾਂ ਚੱਲ ਰਹੇ ਹਨ ਜਿਨਾਂ ਵਿੱਚ ਇੱਕ ਕਿਸਮ ਦੀ ਇਲੈਕਟ੍ਰਾਨਿਕ ਚਿੱਪ ਲੱਗੀ ਹੋਈ ਹੁੰਦੀ ਹੈ।

ਇਸ ਸਾਲ 5ਜੀ ਸਪੈਕਟ੍ਰਮ ਦੀ ਵੀ ਨਿਲਾਮੀ ਹੋਵੇਗੀ। ਇਹ ਐਲਾਨ ਵੀ ਬਜਟ ਪੇਸ਼ ਕਰਨ ਦੇ ਦੌਰਾਨ ਹੀ ਹੋਇਆ।

ਇਸ ਸਾਲ ਕੀਤਾ ਗਿਆ ਸਭ ਤੋਂ ਵੱਡਾ ਵਾਅਦਾ ਇਹ ਹੈ ਕਿ 2025 ਤੱਕ ਭਾਰਤ ਦੇ ਸਾਰੇ ਪਿੰਡਾਂ ਨੂੰ ਓਪਟੀਕਲ ਫਾਈਬਰ ਇੰਟਰਨੈਟ ਨਾਲ਼ ਜੋੜਿਆ ਜਾਵੇਗਾ।

ਦੇਖਿਆ ਜਾਵੇ ਤਾਂ ਇਸ ਬਜਟ ਵਿੱਚ ਕੁਝ ਵੀ ਨਵਾਂ ਨਹੀਂ ਹੈ ਇਸ ਵਾਰ ਵੀ ਸਿਰਫ਼ ਸ਼ਬਦ ਨਵੇਂ ਵਰਤੇ ਗਏ ਹਨ। ਪਿਛਲੀ ਵਾਰ ਵੀ ਸਰਕਾਰ ਨੇ ਕਿਹਾ ਸੀ ਕਿ ਅਸੀਂ **infrastructure** ਉੱਤੇ ਖ਼ਰਚ ਕਰ ਰਹੇ ਹਾਂ ਅਤੇ ਸਰਕਾਰ ਨੇ 100 ਲੱਖ ਕਰੋੜ **infrastructure** ਉੱਤੇ ਖ਼ਰਚ ਕਰਨ ਦੀ ਗੱਲ ਕੀਤੀ ਸੀ। ਪਿਛਲੇ ਬਜਟ ਵਿੱਚ ਐਲਾਨੀਆਂ ਗਈਆਂ 100 ਸਮਾਰਟ ਸਿਟੀਜ਼ ਇਸ ਵਾਰ ਦੇ ਬਜਟ ਵਿੱਚ ਗ਼ਾਇਬ ਹੀ ਰਹੀਆਂ। ਹਰ ਵਾਰ ਕੀਤੇ ਜਾਂਦੇ ਵਾਅਦਿਆਂ ਨੂੰ ਸਰਕਾਰ ਅਗਲੇ ਸਾਲ ਗੋਲ ਕਰਕੇ ਉਹੀ ਗੱਲਾਂ ਹੋਰ ਸ਼ਬਦਾਂ ਵਿੱਚ ਆਖ ਜਾਂਦੀ ਹੈ। ਮਿਸ਼ਨ 2022 ਵਿੱਚ ਜੋ ਵਾਅਦੇ ਕੀਤੇ ਗਏ ਸਨ ਉਨਾਂ ਵਿੱਚੋਂ ਕੋਈ ਇੱਕ ਵੀ ਪੂਰਾ ਨਹੀਂ ਕੀਤਾ ਗਿਆ। ਕਿਹਾ ਗਿਆ ਸੀ ਕਿ ਸਾਲ 2022 ਤੱਕ ਹਰ ਭਾਰਤੀ ਨਾਗਰਿਕ ਕੋਲ਼ ਆਪਣਾ ਪੱਕਾ ਘਰ ਹੋਵੇਗਾ। ਆਲਮ ਇਹ ਹੈ ਕਿ ਘਰ ਤਾਂ ਦੂਰ ਦੀ ਗੱਲ ਹੈ ਲੋਕਾਂ ਕੋਲ਼ ਝੁੱਗੀ ਛੱਤਣ ਖ਼ਾਤਰ ਜਗਾ ਤੱਕ ਨਹੀਂ ਹੈ ਅਤੇ ਇਸ ਸਾਲ ਚੋਣਾਂ ਦੇ ਮੁੱਦਿਆਂ ਅਤੇ ਬਜਟ ਵਿੱਚ ਇਸ ਬਾਰੇ ਕੋਈ ਗੱਲ ਨਹੀਂ ਹੈ। ਇਸ ਸਰਕਾਰ ਨੇ ਆਪਣਾ ਇਹ ਪੈਂਤੜਾ ਬਣਾ ਲਿਆ ਹੈ ਕਿ ਮਸਲੇ ਬਾਰੇ ਗੱਲ ਨਾ ਕਰੋ ਤਾਂ ਕਿ ਮਸਲਾ ਗ਼ਾਇਬ ਹੋ ਜਾਵੇ। ਇਸ ਵਾਰ ਦੇ ਬਜਟ ਵਿੱਚ ਪੁਰਾਣੇ ਕੰਮ ਨਵੇਂ ਸ਼ਬਦਾਂ ਵਿੱਚ ਪੇਸ਼ ਕਰਕੇ ਸਰਕਾਰ ਇੱਕ ਵਾਰ ਫੇਰ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੀ ਕੋਸ਼ਿਸ਼ ਵਿੱਚ ਹੈ ਅਤੇ ਸਰਕਾਰ ਦੇ ਹੱਥਾਂ ਦੀ ਕਠਪੁਤਲੀ ਬਣ ਚੁੱਕੇ ਮੀਡੀਆ ਚੈਨਲ ਬਿਨਾਂ ਪੜੇ, ਬਿਨਾਂ ਜਾਣੇ ਬਜਟ ਦੀ ਵਾਹ-ਵਾਹੀ ਕਰਨ ਵਿੱਚ ਜੁਟੇ ਹੋਏ ਹਨ।

**water.org** ਨਾਮ ਦੀ ਇੱਕ ਅੰਤਰਰਾਸ਼ਟਰੀ ਸੰਸਥਾ ਦਾ ਕਹਿਣਾ ਹੈ ਕਿ ਅੱਜ ਵੀ ਭਾਰਤ ਵਿੱਚ 9.1 ਕਰੋੜ ਲੋਕ ਸਾਫ਼ ਪੀਣ ਵਾਲੇ ਪਾਣੀ ਤੋਂ ਵਾਂਝੇ ਹਨ ਅਤੇ ਦੇਸ਼ ਦੀ 15 ਪ੍ਰਤੀਸ਼ਤ ਅਬਾਦੀ ਕੋਲ਼ ਸ਼ੌਚ ਵਾਸਤੇ ਸਾਫ਼ ਸੁਥਰੀ ਥਾਂ ਨਹੀਂ ਹੈ ਅਤੇ ਇਹ ਲੋਕ ਖੁੱਲੀਆਂ ਥਾਵਾਂ ਨੂੰ ਹੀ ਸ਼ੌਚ ਵਾਸਤੇ ਵਰਤਦੇ ਹਨ। ਮੋਦੀ ਸਰਕਾਰ ਦਾ ਮਿਸ਼ਨ 2022 ਦਾ ਇਹ ਏਜੰਡਾ ਵੀ ਫੇਲ ਸਾਬਿਤ ਹੋਇਆ।

ਜਿੱਥੋਂ ਤੱਕ 24⊘7 ਬਿਜਲੀ ਦਾ ਸਵਾਲ ਹੈ ਤਾਂ ਸਰਕਾਰੀ ਅੰਕੜਿਆਂ ਅਤੇ ਰਿਪੋਰਟਾਂ ਵਿੱਚ ਭਾਵੇਂ 20 18-19 ਤੋਂ ਹੀ ਇਹ ਗੱਲ ਪ੍ਰਚਾਰੀ ਜਾ ਰਹੀ ਹੈ ਕਿ ਭਾਰਤ ਦੇ ਹਰੇਕ ਕੋਨੇ ਵਿੱਚ ਬਿਜਲੀ ਪਹੁੰਚ ਗਈ ਹੈ। ਪਰ ਸੱਚਾਈ ਅਸੀਂ ਸਭ ਜਾਣਦੇ ਹਾਂ ਕਿ ਪੂਰਬ-ਉੱਤਰ ਵੱਲ ਦੇ ਬਹੁਤ ਸਾਰੇ ਪਿੰਡਾਂ ਵਿੱਚ ਸਿਰਫ਼ ਬਿਜਲੀ ਵਾਲੇ ਮੀਟਰ ਪਹੁੰਚੇ ਹਨ, ਬਿਜਲੀ ਨਹੀਂ। ਜੇਕਰ ਪੰਜਾਬ ਨੂੰ ਹੀ ਦੇਖ ਲਈਏ ਤਾਂ ਬਿਜਲੀ ਦੇ ਲੱਗਦੇ ਕੱਟ ਤਾਂ ਜਿਵੇਂ ਸਾਡੇ ਆਮ ਜੀਵਨ ਦਾ ਹੀ ਹਿੱਸਾ ਹਨ ਤੇ ਪਿੰਡਾਂ ਵਿੱਚ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਇੰਨੇ ਵਜੇ ਤੋਂ ਇੰਨੇ ਵਜੇ ਤੱਕ ਬਿਜਲੀ ਨਹੀਂ ਆਵੇਗੀ ਤਾਂ ਉਹਨਾਂ ਨੇ ਆਪਣੇ ਦਿਨ ਦੇ ਕੰਮਾਂ ਨੂੰ ਉਸ ਹਿਸਾਬ ਨਾਲ਼ ਵੰਡਿਆ ਹੁੰਦਾ ਹੈ।

ਕਿਸਾਨਾਂ ਦੀ ਜੋ ਆਮਦਨ ਦੁੱਗਣੀ ਹੋਈ ਹੈ ਉਸ ਬਾਰੇ ਤਾਂ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਨੇ ਖ਼ੁਦ ਹੀ ਬਹੁਤ ਵਿਸ਼ਲੇਸ਼ਣ ਕਰ ਦਿੱਤਾ ਸੀ। ਉੱਪਰੋਂ ਇਸ ਵਾਰ ਫ਼ਸਲਾਂ ਵਿੱਚ ਵਰਤੀਆਂ ਜਾਣ ਵਾਲੀਆਂ ਖਾਦਾਂ ਦੀ ਸਬਸਿਡੀ ਵਿੱਚ ਹੋਈ ਕਟੌਤੀ, ਖੇਤੀਬਾੜੀ ਅਤੇ ਕਿਸਾਨ ਨੂੰ ਹੋਰ ਵੀ ਸੰਕਟ ਵਿੱਚ ਪਾ ਦੇਵੇਗੀ।

ਮੁੱਕਦੀ ਗੱਲ ਇਹ ਹੈ ਕਿ ਇਸ ਸਾਲ ਦੇ ਬਜਟ ਵਿੱਚ ਸਰਕਾਰ ਵੱਲੋਂ ਕੀਤੇ ਵਾਅਦਿਆਂ ਵਿੱਚ ਵੀ ਸਿਰਫ਼ ਝੂਠ ਦਿਸਦਾ ਹੈ। ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ ਅਤੇ ਦੇਸ਼ ਦੀ ਆਮ ਜਨਤਾ ਸਰਕਾਰ ਦਾ ਜੇਠ ਬਣੀ ਬੈਠੀ ਹੈ ਜਿਸ ਵੱਲੋਂ ਸਰਕਾਰ ਨੇ ਘੁੰਡ ਕੱਢਿਆ ਹੋਇਆ ਹੈ। ਕਾਰਪੋਰੇਟਾਂ ਨਾਲ਼ ਦਿਓਰਾਂ ਵਾਲਾ ਵਤੀਰਾ ਹੈ ਕਿ 'ਛੜੇ ਜੇਠ ਨੂੰ ਲੱਸੀ ਨੀ ਦੇਣੀ, ਦਿਓਰ ਭਾਵੇਂ ਮੱਝ ਚੁੰਘ ਜੇ'। ਇਸ ਦੇਸ਼ ਵਿੱਚ ਚਾਹੇ ਕਿਸੇ ਵੀ ਪਾਰਟੀ ਦੀ ਸਰਕਾਰ ਰਹੀ ਹੋਵੇ, ਉਸਨੇ ਲੋਕਾਂ ਨੂੰ ਲੁੱਟਿਆ ਤੇ ਕੁੱਟਿਆ ਹੀ ਹੈ। ਸਾਡੇ ਦੇਸ਼ ਦੀ ਸਿਆਸਤ ਉੱਤੇ 'ਸ਼ੌਕ ਬਹਰਾਇਚੀ' ਦਾ ਉਹ ਸ਼ਿਅਰ ਬਹੁਤ ਢੁੱਕਦਾ ਹੈ ਕਿ 'ਬਰਬਾਦ ਗੁਲਿਸਤਾਂ ਕਰਨੇ ਕੋ ਬਸ ਏਕ ਹੀ ਉੱਲੂ ਕਾਫ਼ੀ ਥਾ, ਹਰ ਸ਼ਾਖ਼ ਪੇ ਉੱਲੂ ਬੈਠਾ ਹੈ ਅੰਜਾਮ-ਏ-ਗੁਲਿਸਤਾਂ ਕਯਾ ਹੋਗਾ'। ਸਾਡੇ ਇਸ ਗੁਲਿਸਤਾਂ ਨੂੰ ਬਚਾਉਣ ਲਈ ਮੈਨੂੰ ਤਾਂ ਆਸ ਇਸ ਦੇਸ਼ ਦੇ ਲੋਕਾਂ 'ਤੇ ਅਤੇ ਲੋਕ ਲਹਿਰਾਂ ਉੱਤੇ ਹੀ ਹੈ।




# ਉਜਾੜੇ ਤੋਂ ਤਰੱਕੀ ਵੱਲ ਦਾ ਸ.ਫਰ

**ਗੈਰੀ ਢਿੱਲੋਂ**

ਮੈਂ ਅਕਸਰ ਹੀ ਸੋਚਦਾ ਹਾਂ, ਅਗਰ ਰੁੱਖਾਂ ਕੋਲ਼ ਵੀ ਮਨੁੱਖ ਵਾਂਗ ਹੱਥੀਂ ਕੁਝ ਕਰਨ ਦੀ ਸਮਰੱਥਾ ਹੁੰਦੀ ਤਾਂ ਪਤਝੜ ਆਉਂਦਿਆਂ ਹੀ ਖੌਰੇ ਕਿੰਨੇ ਸਾਰੇ ਨਵੇਂ ਬੂਟੇ ਇਹ ਸੋਚ ਖ਼ੁਦਕੁਸ਼ੀ ਕਰ ਲਿਆ ਕਰਦੇ ਕਿ 'ਛੱਡ ਯਾਰ, ਕੁਝ ਵੀ ਨਹੀਂ ਰਿਹਾ ਪੱਲੇ, ਸਭ ਕੁਝ ਝੜ ਗਿਆ, ਬੱਸ ਹੁਣ ਸੁੱਕ ਕੇ ਮਰਨਾ ਬਾਕੀ ਏ।'

ਜਦਕਿ ਪਤਝੜ ਤੋਂ ਮਗਰੋਂ ਬਹਾਰ ਰੁੱਤ ਜ਼ਰੂਰ ਆਉਂਦੀ ਏ ਜੋ ਕਿਸੇ ਨਾਲ਼ ਵੀ ਬੇਇਨਸਾਫ਼ੀ ਨਹੀਂ ਕਰਦੀ, ਜਿਹੜਾ ਵੀ ਰੁੱਖ ਅਡੋਲ ਖਲੋਅ ਕੇ ਪਤਝੜ ਵਿੱਚ ਗੁਆਏ ਪੱਤਿਆਂ ਉੱਤੇ ਸਬਰ ਕਰ ਲੈਂਦਾ ਹੈ ਓਹਨੂੰ ਪੱਤੇ ਵਾਲੀ ਥਾਵੇਂ ਨਵੀਆਂ ਕਰੂੰਬਲਾਂ ਫੁੱਟਦੀਆਂ ਹਨ ਤੇ ਹਰ ਕਰੂੰਬਲ ਨੂੰ ਉੱਪਰ ਕਿੰਨੇ ਸਾਰੇ ਪੱਤੇ ਨਿਕਲ ਆਉਂਦੇ ਹਨ, ਇੱਕ ਪੱਤੇ ਬਦਲੇ ਕਿੰਨੇ ਸਾਰੇ ਪੱਤੇ ਮਿਲ ਜਾਂਦੇ ਹਨ। ਗੱਲ ਸਿਰਫ਼ ਸਬਰ ਦੀ ਹੈ, ਰੁੱਖਾਂ ਕੋਲ਼ ਸਬਰ ਹੈ ਕਿਉਂਕਿ ਉਹ ਭਾਣੇ ਅੰਦਰ ਹਨ।

ਇਸ ਬ੍ਰਹਿਮੰਡ ਦਾ ਇਹ ਪੱਕਾ ਨਿਯਮ ਹੈ ਕਿ ਇਹ ਆਪਣੇ ਪੱਲੇ ਕੁਝ ਵੀ ਨਹੀਂ ਰੱਖਦਾ ਤੇ ਕਦੇ ਬੇਇਨਸਾਫ਼ੀ ਨਹੀਂ ਕਰਦਾ, ਜੋ ਇੱਥੇ ਵਾਪਰ ਰਿਹਾ ਏ ਚੰਗਾ ਹੀ ਵਾਪਰ ਰਿਹਾ ਹੈ। ਅਜੋਕੇ ਮਨੁੱਖ ਦੀ ਬੁੱਧੀ ਮੁਤਾਬਿਕ ਧਮਾਕੇ ਤੋਂ ਭਾਵ ਵਿਨਾਸ਼ ਹੈ, ਪਰ ਕੁਝ ਧਮਾਕੇ ਕੁਝ ਸਿਰਜਣ ਲਈ, ਕੁਝ ਚੰਗਾ ਕਰਨ ਲਈ ਵੀ ਹੁੰਦੇ ਹਨ। ਉਦਾਹਰਣ ਵਜੋਂ :-

ਇਹ ਪੂਰੀ ਸ਼੍ਰਿਸ਼ਟੀ ਇੱਕ ਵੱਡੇ ਧਮਾਕੇ (ਬਿੱਗ-ਬੈਂਗ) ਨਾਲ਼ ਹੋਂਦ ਵਿੱਚ ਆਈ, ਉਸ ਤੋਂ ਪਹਿਲਾਂ ਜ਼ੀਰੋ ਡੈਮੇਸ਼ਨ ਭਾਵ ਕੁਝ ਵੀ ਨਹੀਂ ਸੀ, ਅੱਗੇ ਪਿੱਛੇ ਸੱਜੇ ਖੱਬੇ ਉੱਪਰ ਥੱਲੇ, ਮਤਲਬ ਸਿਰਫ਼ ਹਨੇਰਾ ਸੀ ਅਤੇ ਕੋਈ ਵੀ ਡੈਮੇਸ਼ਨ ਕੰਮ ਨਹੀਂ ਕਰਦੀ ਸੀ, (ਅਰਬਦ ਨਰਬਦ ਧੁੰਦੂਕਾਰਾ)। ਫੇਰ ਅਚਾਨਕ ਇੱਕ ਧਮਾਕਾ ਹੋਇਆ ਤੇ ਇਹ ਅਨੰਤ ਬ੍ਰਹਿਮੰਡ ਸਿਰਜਿਆ ਗਿਆ ਅਤੇ ਚੰਦ-ਸੂਰਜ ਸਮੇਤ ਇਸ ਬ੍ਰਹਿਮੰਡ ਅੰਦਰ ਸਾਡਾ ਵਜੂਦ ਏਨਾ ਕੁ ਹੈ ਜਿਵੇਂ ਸਹਾਰਾ ਮਾਰੂਥਲ ਅੰਦਰ ਇੱਕ ਸਰੋਂ ਦਾ ਦਾਣਾ ਪਿਆ ਹੋਵੇ।

ਇਹ ਗੱਲ ਅੱਜ-ਕੱਲ ਦੀ ਸਾਇੰਸ ਕਹਿੰਦੀ ਹੈ। ਪਰ ਜ਼ਰਾ ਸੋਚੋ, ਖੌਰੇ ਕਿੰਨਾ ਕੁ ਪਸਾਰਾ ਹੋਇਆ ਉਸ ਧਮਾਕੇ ਨਾਲ਼ ਕਿ ਅਸੀਂ ਖੋਜਦੇ-ਖੋਜਦੇ ਏਥੋਂ ਤੱਕ ਅੱਪੜ ਗਏ ਕਿ ਇਸ ਪਸਾਰੇ



ਮੂਹਰੇ ਸਾਡਾ ਕੋਈ ਵਜੂਦ ਬੇਸ਼ੱਕ ਕਿਣਕਾ ਮਾਤਰ ਹੈ, ਪਰ ਸਾਡੇ ਇੱਥੇ ਵੀ ਉਸ ਕਾਦਿਰ ਦੇ ਨਿਯਮ ਪੂਰੀ ਤਰਾਂ ਲਾਗੂ ਹਨ।

ਥੋੜਾ ਪਿੱਛੇ ਜਾਈਏ, ਸਾਡੇ ਆਉਣ ਤੋਂ ਪਹਿਲਾਂ ਇਸ ਧਰਤੀ ਉੱਤੇ ਡਾਇਨਾਸੋਰ ਰਾਜ ਕਰ ਕੇ ਗਏ ਹਨ।

ਅਚਾਨਕ ਅਸਮਾਨ ਤੋਂ ਡਿੱਗੇ ਇੱਕ ਵੱਡੇ ਪੱਥਰ ਨਾਲ਼ ਹੋਏ ਧਮਾਕੇ ਨੇ ਉਨਾਂ ਨੂੰ ਖ਼ਤਮ ਕਰ ਕੇ ਅਜਿਹਾ ਵਾਤਾਵਰਨ ਸਿਰਜਿਆ ਕਿ ਇਥੇ ਅੱਜ ਦਾ ਮਨੁੱਖ ਸਾਹ ਲੈ ਰਿਹਾ ਹੈ ਬੇਸ਼ੱਕ ਇਸ ਪੂਰੇ ਵਰਤਾਰੇ ਦੇ ਨਤੀਜੇ ਆਉਣ ਵਿੱਚ ਲੱਖਾਂ ਕਰੋੜਾਂ ਵਰੇ ਬੀਤ ਗਏ।

ਉਸ ਕਾਦਿਰ ਨੇ ਡਾਇਨਾਸੋਰਾਂ ਨਾਲ਼ ਵੀ ਬੇਇਨਸਾਫ਼ੀ ਨਹੀਂ ਕੀਤੀ, ਉਨਾਂ ਦੀਆਂ ਨਸਲਾਂ ਅੱਜ ਵੀ ਛੋਟੇ ਰੂਪ ਵਿੱਚ ਜਿਊਂਦੀਆਂ ਹਨ। ਬੱਸ ਵਕਤ ਮੁਤਾਬਿਕ ਉਹ ਆਪਣੇ ਆਪ ਨੂੰ ਬਚਾਉਣ ਵਿੱਚ ਕਾਮਯਾਬ ਹੋ ਗਏ ਤੇ ਹਾਲਾਤ ਨੇ ਉਨਾਂ ਨੂੰ ਅਲੱਗ-ਅਲੱਗ ਰੂਪ ਦੇ ਦਿੱਤੇ। ਮਨੁੱਖ ਦੀ ਜ਼ਾਤ ਬਣਨ ਨੂੰ ਵੀ ਸਮਾਂ ਲੱਗਿਆ। ਵਿਕਸਿਤ ਹੋ ਕੇ ਇੱਥੋਂ ਤੱਕ ਅੱਪੜਨ ਵਿੱਚ ਵੀ ਸਮੇਂ ਦਾ ਇੰਤਜ਼ਾਰ ਕਰਨਾ ਹੀ ਪਿਆ। ਮੁਸ਼ਕਿਲਾਂ ਅੰਦਰ ਆਸਾਨੀ ਛੁਪੀ ਹੁੰਦੀ ਹੈ, ਬਸ਼ਰਤੇ ਇਨਸਾਨ ਡਟ ਕੇ ਖਲੋਣ ਵਾਲਾ ਹੋਵੇ। ਇੰਤਜ਼ਾਰ ਅਤੇ ਸਬਰ ਕਰਨਾ ਹੀ ਕੁਦਰਤ ਸਿਖਾਉਂਦੀ ਹੈ।

ਅੱਖੀਂ ਡਿੱਠਾ ਇੱਕ ਵਾਕਿਆ ਸਾਂਝਾ ਕਰ ਰਿਹਾ ਹਾਂ, ਨਰਮੇ ਦੀ ਫ਼ਸਲ ਵਿੱਚ ਕਈ ਥਾਵੇਂ ਖੇਤ ਵਿਹਲਾ ਰਹਿ ਜਾਂਦਾ ਹੈ। ਉੱਥੇ ਦੁਬਾਰੇ ਟੱਕ ਮਾਰ ਕੇ ਬੀਜ ਬੋਇਆ ਜਾਂਦਾ ਹੈ ਕਿ ਇਹ ਬੂਟੇ ਉੱਗ ਕੇ ਦੂਜਿਆਂ ਨਾਲ਼ ਰਲ਼ ਜਾਣ, ਉਨਾਂ ਵਿੱਚੋਂ ਅੱਧ ਹੀ ਪੱਲੇ ਪੈਂਦਾ ਹੈ।

ਇੱਕ ਜ਼ਿੰਮੀਂਦਾਰ ਨੇ ਸਕੀਮ ਲਾ ਕੇ ਕੁਝ ਲਿਫ਼ਾਫ਼ੇ ਲਿਆਂਦੇ ਤੇ ਉਨਾਂ ਵਿੱਚ ਮਿੱਟੀ ਭਰ ਕੇ ਸੈਂਕੜੇ ਬੀਜ ਬੋਅ ਕੇ ਘਰ ਦੀ ਲੋਬੀ ਵਿੱਚ ਰੱਖ ਦਿੱਤੇ।

ਬਾਕੀ ਸਫ਼ਾ 30 'ਤੇ

# ਕੁਦਰਤੀ ਵਾਤਾਵਰਨ 'ਚ ਵਧਦਾ ਪ੍ਰਦੂਸ਼ਣ



**ਨਰਿੰਦਰ ਕੌਰ ਸੋਨੂੰ**

ਮਨੁੱਖੀ ਜੀਵਨ ਦੀ ਰਫ਼ਤਾਰ ਜਿੰਨੀ ਤੇਜ਼ੀ ਨਾਲ਼ ਵਧ ਰਹੀ ਹੈ, ਉਨੀ ਤੇਜ਼ੀ ਨਾਲ਼ ਹੀ ਵਾਤਾਵਰਨ ਵਿੱਚ ਪ੍ਰਦੂਸ਼ਣ ਵਧ ਰਿਹਾ ਹੈ । ਮਨੁੱਖ ਦੀਆਂ ਲੋੜਾਂ ਨੇ ਵਾਤਾਵਰਨ ਨੂੰ ਏਨਾ ਜ਼ਿਆਦਾ ਗੰਧਲਾ ਕਰ ਦਿੱਤਾ ਹੈ ਕੀ ਅਜੋਕੇ ਸਮੇਂ ਵਿੱਚ ਉਸ ਨੂੰ ਸਮੇਟਣਾ ਵੀ ਔਖਾ ਹੋ ਗਿਆ ਹੈ । ਅੱਜ ਮਨੁੱਖ ਨੂੰ ਇਹ ਸੋਚ ਨਹੀਂ ਹੈ ਉਸ ਨੂੰ ਜੋ ਸੋਚ ਹੈ ਉਹ ਕੇਵਲ ਤੇ ਕੇਵਲ ਆਪਣੀਆਂ ਲੋੜਾਂ ਦੀ ਪੂਰਤੀ ਕਰਨ ਦੀ ਹੈ। ਇਨਾਂ ਦੀ ਪੂਰਤੀ ਲਈ ਉਹ ਦਿਨ ਪ੍ਰਤੀ ਦਿਨ ਵਾਤਾਵਰਨ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ । ਜਿੱਥੇ ਅਸੰਤੁਲਿਤ ਵਿਕਾਸ, ਅਤਿਵਾਦ ਤੇ ਵਧ ਰਹੀ ਅਬਾਦੀ ਦੁਨੀਆ ਭਰ ਦੇ ਦੇਸ਼ਾਂ ਲਈ ਗੰਭੀਰ ਚੁਣੌਤੀਆਂ ਬਣੇ ਹੋਏ ਹਨ ਉੱਥੇ ਹੀ ਪ੍ਰਦੂਸ਼ਣ ਵੀ ਮਨੁੱਖੀ ਵਿਕਾਸ ਦੇ ਰਾਹ ਵਿੱਚ ਅੜਿੱਕਾ ਬਣ ਕੇ ਖੜਾ ਹੈ। ਸੰਤੁਲਿਤ ਵਾਤਾਵਰਣ ਕਾਰਨ ਹੀ ਜੀਵਨ ਦਾ ਵਿਕਾਸ ਸੰਭਵ ਹੈ। ਜਦੋਂ ਸੰਤੁਲਨ ਵਿਗੜ ਗਿਆ ਤਾਂ ਕੀਤੇ ਗਏ ਸਾਰੇ ਵਿਕਾਸ ਮਨੁੱਖਤਾ ਨੂੰ ਮੌਤ ਦੇ ਮੰਜ਼ਰ ਨਜ਼ਰ ਆਉਣਗੇ, ਜਦੋਂ ਕਿ ਹੁਣ ਅਜਿਹਾ ਹੋ ਵੀ ਰਿਹਾ ਹੈ। ਪਿਛਲੇ ਪੰਜਾਹ ਸਾਲਾਂ 'ਚ ਕੀਤੀ ਗਈ ਤਰੱਕੀ ਨੇ ਅੱਜ ਧਰਤੀ 'ਤੇ ਜੀਵਨ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ ਧਰਤੀ ਦਾ ਤਾਪਮਾਨ ਤੇਜ਼ੀ ਨਾਲ਼ ਵਧ ਰਿਹਾ ਹੈ ਜੰਗਲ ਕੱਟ ਕੇ ਵਸਾਈਆਂ ਗਈਆਂ ਬਸਤੀਆਂ ਕਾਰਨ ਧਰਤੀ ਤੋਂ ਜੀਵ-ਜੰਤੂਆਂ ਦੀਆਂ ਹਜ਼ਾਰਾਂ ਪ੍ਰਜਾਤੀਆਂ ਖ਼ਤਮ ਹੋ ਗਈਆਂ ਹਨ। ਅਜਿਹਾ ਨਹੀਂ ਕਿ ਅਸੀਂ ਧਰਤੀ 'ਤੇ ਹੋ ਰਹੇ ਬਦਲਾਅ ਤੋਂ ਅਣਜਾਣ ਹਾਂ। ਅੱਜ ਹਰ ਸਾਖ਼ਰ ਵਿਅਕਤੀ ਇਹ ਜਾਣਦਾ ਹੈ ਕਿ ਵਾਤਾਵਰਨ ਕਾਫ਼ੀ ਤੇਜ਼ੀ ਨਾਲ਼ ਬਦਲ ਰਿਹਾ ਹੈ। ਹਵਾ, ਪਾਣੀ ਤੇ ਮਿੱਟੀ ਆਦਿ ਵਿੱਚ ਪ੍ਰਦੂਸ਼ਣ ਦੀ ਮਾਤਰਾ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਹੈ। ਅਜਿਹਾ ਕਿਸੇ ਇੱਕ ਮੁਲਕ 'ਚ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਇਹੀ ਹਾਲਾਤ ਹਨ। ਅੱਜ ਦੁਨੀਆ ਦੇ 70 ਫ਼ੀਸਦੀ ਪਾਣੀ ਦੇ ਸੋਮੇ, ਕਾਰਖ਼ਾਨਿਆਂ ਦੇ ਰਸਾਇਣਕ ਪ੍ਰਦੂਸ਼ਣ ਕਾਰਨ ਜ਼ਹਿਰੀਲੇ ਹੋ ਚੁੱਕੇ ਹਨ ਤੇ ਪਾਣੀ 'ਚ ਜ਼ਹਿਰ ਦੀ ਮਾਤਰਾ ਏਨੀ ਹੋ ਗਈ ਹੈ ਕਿ ਪਾਣੀ ਉਸਨੂੰ ਖ਼ਤਮ ਨਹੀਂ ਕਰ ਪਾ ਰਿਹਾ, ਜੋ ਕਿ ਪਾਣੀ ਦਾ ਗੁਣ ਹੈ। ਹਰ ਸਾਲ ਸਮੁੰਦਰ ਵਿੱਚ ਤੇਲ ਡਿੱਗਣ ਨਾਲ਼ ਰਸਾਇਣਾਂ ਦਾ ਕਰੋੜਾਂ ਟਨ ਕੂੜਾ ਮਿਲ ਰਿਹਾ ਹੈ ਜਿਸ ਨਾਲ਼ ਸਮੁੰਦਰੀ ਬਨਸਪਤੀ ਤੇ ਜੀਵ-ਜੰਤੂਆਂ ਦੀ ਹੋਂਦ ਖ਼ਤਰੇ ਵਿੱਚ ਹੈ। ਅਜਿਹਾ ਹੀ ਅਸਰ ਜੰਗਲਾਂ ਦੀ ਕਟਾਈ, ਉਦਯੋਗਿਕ ਇਮਾਰਤਾਂ ਦੇ ਨਿਰਮਾਣ ਕਾਰਨ ਧਰਤੀ ਤੇ ਵਾਤਾਵਰਨ 'ਤੇ ਹੋ ਰਿਹਾ ਹੈ। ਉਦਯੋਗਿਕ ਧੂੰਆਂ ਤੇ ਧਮਾਕੇ, ਪਲਾਸਟਿਕ ਕਚਰਾ, ਗ਼ੈਸਾਂ, ਰਸਾਇਣਾਂ ਆਦਿ ਨਾਲ਼ ਹਵਾ ਪ੍ਰਦੂਸ਼ਣ ਵੀ ਹਾਨੀਕਾਰਕ ਪੱਧਰ ਤੱਕ ਪਹੁੰਚ ਗਿਆ ਹੈ। ਨਤੀਜੇ ਵਜੋਂ ਧਰਤੀ ਦੇ ਸੁਰੱਖਿਆ ਕਵਚ ਓਜੋਨ ਪਰਤ ਵਿੱਚ ਸੁਰਾਖ਼, ਗਲੇਸ਼ੀਅਰਾਂ ਦਾ ਪਿਘਲਨਾ, ਜ਼ਮੀਨ ਖਿਸਕਣਾ ਤੇ ਚੱਟਾਨਾਂ ਦਾ ਡਿੱਗਣਾ ਆਦਿ ਇੰਨੇ ਹੋ ਗਏ ਹਨ ਕਿ ਮਨੁੱਖ ਨੂੰ ਉਨਾਂ ਨੂੰ ਫਿਰ ਉਸੇ ਹਾਲਤ ਵਿੱਚ ਲਿਆਉਣ ਲਈ ਕੁਝ ਨਹੀਂ ਸੁੱਝ ਰਿਹਾ। ਕੁਦਰਤੀ ਵਸੀਲੇ ਖ਼ਤਮ ਹੁੰਦੇ ਜਾ ਰਹੇ ਹਨ। ਹਰ ਵਰੇ ਵਧਦੀ ਗਰਮੀ, ਸੋਕਾ, ਸੁਨਾਮੀ, ਚੱਕਰਵਾਤ ਤੇ ਹੜਾਂ ਆਦਿ ਨਾਲ਼ ਧਰਤੀ ਇੱਕ ਅਸੁਰੱਖਿਅਤ ਗ੍ਰਹਿ ਬਣ ਗਈ ਹੈ। ਹੁਣ ਜ਼ਰੂਰਤ ਹੈ ਕਿ ਸਾਡਾ ਹਰ ਦਿਨ ਵਾਤਾਵਰਨ ਦਿਵਸ ਹੋਵੇ ਤੇ ਧਰਤੀ ਦਾ ਹਰ ਪ੍ਰਾਣੀ ਧਰਤੀ ਨੂੰ ਬਚਾਉਣ ਲਈ ਕੁਝ ਨਾ ਕੁਝ ਕਰਦਾ ਰਹੇ, ਨਹੀਂ ਤਾਂ ਜਿਵੇਂ ਧਰਤੀ ਤੋਂ ਹੋਰ ਪ੍ਰਾਣੀਆਂ ਦਾ ਖ਼ਾਤਮਾ ਹੋ ਰਿਹਾ ਹੈ, ਉਸੇ ਤਰਾਂ ਮਨੁੱਖ ਵੀ ਨਹੀਂ ਬਚ ਸਕਦਾ। ਸਮਾਜ ਨੂੰ ਚਾਹੀਦਾ ਹੈ ਕਿ ਅਸੀਂ ਬੱਚਿਆਂ ਦੇ ਪਾਲਣ-ਪੋਸ਼ਣ, ਪੜਾਈ-ਲਿਖਾਈ, ਡਾਕਟਰੀ ਤੇ ਆਰਥਿਕ ਸੁਰੱਖਿਆ ਦੇ ਪ੍ਰਬੰਧਾਂ 'ਚ ਲੱਗੇ ਰਹਿੰਦੇ ਹਾਂ, ਉਸੇ ਤਰਾਂ ਵਾਤਾਵਰਣ ਨੂੰ ਸਾਫ਼-ਸੁਥਰਾ ਤੇ ਸਿਹਤਮੰਦ ਰੱਖਣ ਲਈ ਯਤਨ ਕਰਨੇ ਪੈਣਗੇ। ਇਸ ਲਈ ਹਰੇਕ ਸ਼ਹਿਰ, ਦੇਸ਼ ਦੇ ਨਾਗਰਿਕ ਘਰੇਲੂ ਪੱਧਰ ਤੋਂ ਲੈ ਕੇ ਦੇਸ਼ ਪੱਧਰ ਤੱਕ ਵਾਤਾਵਰਨ ਨੂੰ ਠੀਕ ਕਰਨ ਲਈ ਆਪਣੇ ਰੋਜ਼ਾਨਾ ਜੀਵਨ ਵਿੱਚ ਬਦਲਾਅ ਲਿਆਉਣ। ਪ੍ਰਦੂਸ਼ਣ ਫ਼ੈਲਾਉਣ ਵਾਲੇ ਸਾਧਨਾਂ, ਉਤਪਾਦਾਂ ਦੀ ਘੱਟ ਵਰਤੋਂ ਕਰਨ ਅਤੇ ਸਰਕਾਰ ਤੋਂ ਮੰਗ ਕਰਨ ਕਿ ਉਹ ਪ੍ਰਦੂਸ਼ਣ ਫ਼ੈਲਾਉਣ ਵਾਲਿਆਂ 'ਤੇ ਕੰਟਰੋਲ ਕਰੇ ਤੇ ਜਨਸੰਖਿਆ ਵਾਧੇ 'ਤੇ ਰੋਕ ਲਾਵੇ।

ਜੇਕਰ ਅਸੀਂ ਆਪਣੀਆਂ ਲੋੜਾਂ ਦੀ ਪੂਰਤੀ ਕਰਨ ਦੇ ਨਾਲ਼-ਨਾਲ਼ ਵਾਤਾਵਰਨ ਦੀ ਵੀ ਸਾਂਭ ਸੰਭਾਲ ਕਰੀਏ ਤਾਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਵੀ ਸਵੱਸਥ ਹਵਾ ਪਾਣੀ ਦਾ ਨਿੱਘ ਲੈ ਸਕਣਗੀਆਂ। ਸਾਨੂੰ ਸਭ ਨੂੰ ਮਿਲ ਕੇ ਅੱਜ ਤੋਂ ਹੀ ਇਸ ਬਾਰੇ ਸੋਚ ਵਿਚਾਰ ਕਰ ਲੈਣਾ ਚਾਹੀਦਾ ਹੈ ਕਿ ਸਾਡੀਆਂ ਲੋੜਾਂ ਤੋਂ ਪਹਿਲਾਂ ਵਾਤਾਵਰਣ ਨੂੰ ਸੁਰੱਖਿਅਤ ਰੱਖਣਾ ਪਹਿਲੀ ਜ਼ਿੰਮੇਵਾਰੀ ਹੈ।

# ਨਦੀਆਂ ਨੂੰ ਮਲ਼ੀਨ ਹੋਣ ਤੋਂ ਬਚਾਉਣ ਦੀ ਲੋੜ

**ਮੁਖਤਾਰ ਗਿੱਲ, ਅੰਮ੍ਰਿਤਸਰ**
**ਮੋ. : 98140-82217**

ਨਦੀਆਂ ਤੇ ਹੋਰ ਜਲ ਸਰੋਤ ਸਾਡੀ ਜੀਵਨ ਰੇਖਾ ਹਨ ਪਰ ਅੱਜ ਸਾਡੀਆਂ ਜੀਵਨ ਰੇਖਾਵਾਂ ਦਮ ਤੋੜ ਰਹੀਆਂ ਹਨ। ਮਾਨਵ ਸੱਭਿਅਤਾ ਦਾ ਵਿਕਾਸ ਨਦੀਆਂ ਕਿਨਾਰੇ ਹੀ ਹੋਇਆ ਸੀ। ਨਦੀਆਂ, ਜਲਗ਼ਾਹਾਂ, ਝੀਲਾਂ, ਬਾਉਲੀਆਂ ਅਤੇ ਤਲਾਬ ਆਦਿ ਜਲ ਸਰੋਤ ਸਾਡੀ ਪਾਣੀ ਦੀ ਲੋੜ ਨੂੰ ਪੂਰਾ ਕਰਦੇ ਹਨ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਜਦੋਂ ਪਾਣੀ ਪੀਓ, ਨਦੀ ਦਾ ਧਿਆਨ ਕਰੋ ਕਿਉਂਕਿ ਨਦੀਆਂ ਸਾਡੀ ਪਾਣੀ ਦੀ ਜ਼ਰੂਰਤ ਦਾ 65% ਤੋਂ ਜ਼ਿਆਦਾ ਹਿੱਸਾ ਪੂਰਾ ਕਰਦੀਆਂ ਹਨ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਐਨ ਮੁਤਾਬਕ ਸਾਡੇ ਜਲ ਸਰੋਤਾਂ ਦਾ ਲਗਭਗ 92% ਹਿੱਸਾ ਹੁਣ ਇਸਤੇਮਾਲ ਯੋਗ ਨਹੀਂ ਹੈ। ਬੀਤੇ ਸਾਲ ਅਗਸਤ 'ਚ ਐੱਨ.ਜੀ.ਟੀ. ਨੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਕਿਹਾ ਸੀ ਕਿ ਉਹ ਨਦੀਆਂ ਦੇ ਉਨਾਂ ਹਿੱਸਿਆਂ ਦੀ ਸ਼ਨਾਖ਼ਤ ਕਰੇ ਜਿੱਥੋਂ ਪਾਣੀ ਨਹਾਉਣ ਤੇ ਪੀਣ ਦੇ ਯੋਗ ਨਹੀਂ। ਗੰਗਾ ਤੇ ਯਮਨਾ ਦੇ ਮੁੱਖ ਮਾਰਗ ਦੇ ਪਾਣੀ ਦੀ ਗੁਣਵੱਤਾ ਵੀ ਚਿੰਤਾਜਨਕ ਹੈ। ਨਦੀਆਂ ਦੇਸ਼ ਦੇ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਦਾ ਜ਼ਰੀਆ ਹਨ। ਦੇਸ਼ ਦਾ ਸਰਬਪੱਖੀ ਵਿਕਾਸ ਨਦੀਆਂ 'ਤੇ ਨਿਰਭਰ ਹੈ।

ਸਾਡੇ ਵੈਦਿਕ ਤੇ ਪੌਰਾਣਿਕ ਸਾਹਿਤ ਵਿੱਚ ਨਦੀਆਂ ਦੀ ਮਹੱਤਤਾ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ। ਗੰਗਾ, ਸਰਸਵਤੀ ਆਦਿ ਅੱਜ ਵੀ ਪੂਜਾ-ਅਰਚਨਾ ਦਾ ਪਾਵਨ ਸਥਾਨ ਹਨ ਭਾਵ ਆਰਤੀ ਪੂਜਾ ਦਾ ਵਿਧਾਨ ਹਨ। ਭਾਰਤ ਨਦੀਆਂ ਦੀ ਸੰਸਕ੍ਰਿਤੀ ਦਾ ਵਾਰਿਸ ਰਿਹਾ ਹੈ। ਉਸ ਦੇ ਉੱਤਰੀ ਭਾਗ ਨੂੰ ਯਮਨਾ ਨੇ ਰੂਹਾਨੀਅਤ ਦਾ ਕੇਂਦਰ, ਪੱਛਮੀ ਭਾਗ ਨੂੰ ਨਰਬਦਾ, ਮਹਾਨਦੀ ਤਾਪਤੀ, ਸੋਨ ਨੇ ਪੰਚਨਦ ਪ੍ਰਦੇਸ਼ ਦਾ ਲਕਬ ਬਖ਼ਸ਼ਿਆ। ਦੱਖਣੀ ਭਾਗ ਦਾ ਗੌਰਵ ਕ੍ਰਿਸ਼ਨਾ, ਕਵੇਰੀ ਤੇ ਗੋਦਾਵਰੀ ਹਨ। ਉੱਤਰ-ਪੂਰਬੀ ਭਾਗ ਭਲਾਂ ਬ੍ਰਹਮਪੁੱਤਰ ਅਤੇ ਤੀਸਤਾ ਨਦੀਆਂ ਦੇ ਉਪਕਾਰਾਂ ਨੂੰ ਕਿਵੇਂ ਭੁਲਾ ਸਕਦਾ ਹੈ। ਦੇਸ਼ ਦੀਆਂ ਹੋਰ ਵੀ ਨਦੀਆ ਹਨ ਜਿਹੜੀਆਂ ਦੇਸ਼ ਨੂੰ ਜਲ ਦਾਤਾਂ ਨਾਲ਼ ਨਿਵਾਜਦੀਆਂ ਹਨ।

ਯਮਨਾ, ਸਤਲੁਜ ਆਦਿ ਨਦੀਆਂ ਵਿੱਚ ਸੀਵਰੇਜ਼, ਉਦਯੋਗਿਕ ਕਚਰਾ ਅਤੇ ਕੈਮੀਕਲ ਪੈਣ ਕਾਰਨ ਉਨਾਂ 'ਚ ਗੰਦਗੀ ਵਗ ਰਹੀ ਹੈ। ਅੱਜ ਸਾਡੇ ਗ਼ੈਰ-ਜ਼ਿੰਮੇਵਾਰਾਨਾ ਰਵੱਈਏ ਅਤੇ ਸੰਵੇਦਨਹੀਣ ਜੀਵਨ-ਸ਼ੈਲੀ ਕਾਰਨ ਨਦੀਆਂ ਆਦਿ ਜਲ ਸਰੋਤ ਦੂਸ਼ਿਤ ਹੁੰਦੇ ਜਾ ਰਹੇ ਹਨ। ਦੁਨੀਆ ਭਰ ਦੀਆਂ ਨਦੀਆਂ ਅਤੇ ਸਮੁੰਦਰਾਂ ਵਿੱਚ 15 ਕਰੋੜ ਟਨ ਪਲਾਸਟਿਕ ਕਚਰਾ ਘੁਲੇ ਹੋਣ ਦਾ ਅਨੁਮਾਨ ਹੈ। ਲਾਕਡਾਊਨ ਕਾਰਨ ਕਾਰਖ਼ਾਨੇ ਕੀ ਬੰਦ ਹੋਏ ਕਿ 15 ਦਿਨਾਂ ਵਿੱਚ ਪੂਰੇ ਦੇਸ਼ ਦੀਆਂ ਨਦੀਆਂ ਵਿੱਚ ਸਾਫ਼ ਪਾਣੀ ਵਗਣਾ ਸ਼ੁਰੂ ਹੋ ਗਿਆ ਸੀ। ਇਸੇ ਤਰਾਂ ਕੋਰੋਨਾ ਵਾਇਰਸ ਦੇ ਭੈਅ ਨਾਲ਼ ਰਾਜਧਾਨੀ ਦਿੱਲੀ ਰੁਕੀ ਤਾਂ 12 ਦਿਨਾਂ ਵਿੱਚ ਯਮਨਾ 60% ਸਾਫ਼ ਹੋ ਗਈ ਸੀ। ਜਲੰਧਰ ਤੋਂ ਸ਼ਿਵਾਲਿਕ ਦੀਆਂ ਪਹਾੜੀਆਂ ਵਿਖਾਈ ਦੇਣ ਲੱਗ ਪਈਆਂ ਸਨ। ਜਿਵੇਂ ਹੀ ਤਾਲਾਬੰਦੀ ਹਟਾਈ ਗਈ, ਹਾਲਾਤ ਮੁੜ ਪਹਿਲਾਂ ਵਾਲੇ ਬਣ ਗਏ। ਨਦੀਆਂ ਨੂੰ ਮਾਂ ਦਾ ਦਰਜਾ ਦੇਣ ਵਾਲੇ ਉਨਾਂ ਦੇ ਕੁਦਰਤੀ ਲਾਂਘਿਆਂ ਵਿੱਚ ਰੁਕਾਵਟਾਂ ਪਾਉਣ ਅਤੇ ਉਨਾਂ ਨੂੰ ਦੂਸ਼ਿਤ ਕਰਨ ਤੋਂ ਬਚਣ।

# ਪੰਜਾਬ ਦੀ ਰਾਜਨੀਤੀ ਵਿੱਚ ਕੁਝ ਹੀ ਗਾਇਕ ਤੇ ਫ਼ਿਲਮੀ ਅਦਾਕਾਰ ਸਫ਼ਲ ਹੋਏ

## ✪ ਹੰਸ, ਘੁੱਗੀ, ਹਰਭਜਨ ਮਾਨ, ਮਾਣਕ, ਜੱਸੀ ਜਸਰਾਜ ਤੇ ਬਿੱਟੀ ਨੂੰ ਰਾਸ ਨਹੀਂ ਆਈ ਸਿਆਸਤ

## ✪ ਕਿਸਾਨ ਅੰਦੋਲਨ ਦੀ ਸਫਲਤਾ ਵਿਚ ਪੰਜਾਬੀ ਗਾਇਕੀ ਦੀ ਅਹਿਮ ਭੂਮਿਕਾ



**ਬਘੇਲ ਸਿੰਘ ਪੱਤਰਕਾਰ**

**99142-58142**

ਪੰਜਾਬ ਦੀ ਰਾਜਨੀਤੀ ਵਿੱਚ ਪੰਜਾਬੀ ਗਾਇਕਾਂ ਤੇ ਫ਼ਿਲਮੀ ਕਲਾਕਾਰਾਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਆਪਣੀ ਕਿਸਮਤ ਨੂੰ ਅਜ਼ਮਾਇਆ ਜਾ ਰਿਹਾ ਹੈ ਪਰ ਇਨਾਂ ਵਿੱਚੋਂ ਬਹੁਤ ਹੀ ਘੱਟ ਫ਼ਿਲਮੀ ਅਦਾਕਾਰਾਂ ਤੇ ਗਾਇਕਾਂ ਨੂੰ ਸਫ਼ਲਤਾ ਮਿਲੀ ਹੈ । ਆਗਾਮੀ 20 ਫ਼ਰਵਰੀ ਨੂੰ ਪੰਜਾਬ ਵਿੱਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਮਾਨਸਾ ਵਿਧਾਨ ਸਭਾ ਹਲਕੇ ਤੋਂ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਪੰਜਾਬੀ ਫ਼ਿਲਮੀ ਅਦਾਕਾਰ ਹਰਭਜਨ ਮਾਨ ਰਾਜਨੀਤੀ ਦੇ ਖੇਤਰ ਵਿੱਚ ਜ਼ਿਆਦਾ ਸਮਾਂ ਟਿਕ ਨਾ ਸਕੇ । ਬਾਲੀਵੁੱਡ ਅਦਾਕਾਰ ਵਿਨੋਦ ਖੰਨਾ ਨੇ 90 ਦੇ ਦਹਾਕੇ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਵਿਚਰਨਾ ਸ਼ੁਰੂ ਕੀਤਾ ਸੀ ਅਤੇ ਉਹ ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਚੁਣੇ ਗਏ ਸਨ ਅਤੇ ਬਾਅਦ ਵਿੱਚ ਉਨਾਂ ਰਾਜਨੀਤੀ ਦੇ ਚੱਲਦਿਆਂ ਬਾਲੀਵੁੱਡ ਤੋਂ ਪੂਰੀ ਤਰਾਂ ਦੂਰੀ ਬਣਾ ਲਈ। ਇਸੇ ਤਰਾਂ ਪੰਜਾਬੀ ਦੇ ਪ੍ਰਸਿੱਧ ਹਾਸਰਸ ਕਲਾਕਾਰ ਭਗਵੰਤ ਮਾਨ ਇੱਕ ਅਜਿਹੀ ਸ਼ਖ਼ਸੀਅਤ ਹਨ, ਜਿਨਾਂ ਰਾਜਨੀਤੀ ਦੇ ਖੇਤਰ ਵਿੱਚ ਲਗਾਤਰ ਬੁਲੰਦੀਆਂ ਨੂੰ ਛੂੰਹਦੇ ਹੋਏ ਜਿੱਥੇ ਦੋ ਵਾਰ ਲੋਕ ਸਭਾ ਮੈਂਬਰ ਚੁਣੇ ਜਾਣ ਦਾ ਮਾਣ ਹਾਸਲ ਕੀਤਾ, ਉੱਥੇ ਹੀ ਲੋਕ ਸਭਾ ਮੈਂਬਰ ਵਜੋਂ ਉਨਾਂ ਪੰਜਾਬ ਦੇ ਅਹਿਮ ਮਸਲਿਆਂ ਨੂੰ ਜ਼ੋਰਦਾਰ ਤਰੀਕੇ ਨਾਲ ਚੁੱਕਦਿਆਂ ਬਹੁਤ ਜ਼ਿਆਦਾ ਲੋਕ-ਪ੍ਰਿਅਤਾ ਹਾਸਲ ਕੀਤੀ, ਜਿਸ ਦੇ ਚਲਦਿਆਂ ਅੱਜ ਉਹ 'ਆਪ' ਪਾਰਟੀ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤੇ ਗਏ ਹਨ ।

ਕ੍ਰਿਕਟ ਤੋਂ ਟੀ.ਵੀ. ਪਰਸਨੈਲਿਟੀ ਦੇ ਤੌਰ 'ਤੇ ਉਭਰੇ ਨਵਜੋਤ ਸਿੰਘ ਸਿੱਧੂ ਨੇ ਵੀ ਭਾਜਪਾ ਤੋਂ ਰਾਜਨੀਤੀ ਸ਼ੁਰੂ ਕੀਤੀ। 2004 ਦੀਆਂ ਪਹਿਲੀਆਂ ਹੀ ਲੋਕ ਸਭਾ ਚੋਣਾਂ ਉਹ ਅੰਮ੍ਰਿਤਸਰ ਤੋਂ ਜਿੱਤੇ ਅਤੇ ਫਿਰ 2007 ਦੀ ਉਪ ਚੋਣ ਅਤੇ 2009 ਦੀ ਆਮ ਚੋਣ ਭਾਜਪਾ ਟਿਕਟ 'ਤੇ ਇਸ ਹਲਕੇ ਤੋਂ ਜਿੱਤੇ। 2014 ਵਿੱਚ ਉਨਾਂ ਨੂੰ ਟਿਕਟ ਨਹੀਂ ਮਿਲੀ ਪਰ ਭਾਜਪਾ ਨੇ 2016 ਵਿੱਚ ਉਨਾਂ ਨੂੰ ਰਾਜ ਸਭਾ ਮੈਂਬਰ ਬਣਾ ਦਿੱਤਾ। ਸਿਰਫ਼ 3 ਮਹੀਨੇ ਬਾਅਦ ਹੀ ਰਾਜ ਸਭਾ ਤੋਂ ਅਸਤੀਫ਼ਾ ਦੇ ਕੇ 2017 ਵਿੱਚ ਉਹ ਕਾਂਗਰਸ ਟਿਕਟ 'ਤੇ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਵਿਧਾਇਕ ਬਣ ਬੈਠੇ। ਅਮਰਿੰਦਰ ਸਰਕਾਰ ਵਿੱਚ ਮੰਤਰੀ ਵੀ ਬਣੇ, ਪਰ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਉਨਾਂ ਦੀ ਕਾਰਗੁਜ਼ਾਰੀ ਦੇ ਚਲਦੇ ਕੈਪਟਨ ਅਮਰਿੰਦਰ ਨੇ ਉਨਾਂ ਦਾ ਵਿਭਾਗ ਬਦਲ ਦਿੱਤਾ। ਇਸ ਦੇ ਚਲਦੇ ਉਨਾਂ ਨੇ ਵਿਭਾਗਾਂ ਦਾ ਜ਼ਿੰਮਾ ਹੀ ਨਹੀਂ ਸੰਭਾਲਿਆ। ਪਾਰਟੀ ਵਿੱਚ ਇੱਕ ਤਰਾਂ ਨਾਲ ਹਾਸ਼ੀਏ 'ਤੇ ਚੱਲ ਰਹੇ ਨਵਜੋਤ ਸਿੱਧੂ ਨੇ ਰਾਹੁਲ-ਪ੍ਰਿਯੰਕਾ ਰਾਹੀਂ ਅਜਿਹਾ ਪਲਟਵਾਰ ਅਮਰਿੰਦਰ 'ਤੇ ਕੀਤਾ ਕਿ ਖ਼ੁਦ ਤਾਂ 2021 ਵਿੱਚ ਪੰਜਾਬ ਕਾਂਗਰਸ ਪ੍ਰਧਾਨ ਬਣਦੇ ਹੀ ਅਮਰਿੰਦਰ ਨੂੰ ਵੀ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣ ਨੂੰ ਮਜਬੂਰ ਕਰ ਦਿੱਤਾ। ਇਸੇ ਤਰਾਂ ਪੰਜਾਬ ਵਿੱਚ ਰਾਜ ਗਾਇਕ ਦਾ ਦਰਜਾ ਪ੍ਰਾਪਤ ਕਰਨ ਵਾਲੇ ਹੰਸ ਰਾਜ ਹੰਸ ਨੇ ਪੰਜਾਬ ਦੀ ਰਾਜਨੀਤੀ ਵਿੱਚ 2 ਵਾਰ ਕਿਸਮਤ ਅਜ਼ਮਾਈ ਪਰ ਉਹ ਸਫ਼ਲ ਨਾ ਹੋ ਸਕੇ ਅਤੇ ਅੰਤ ਵਿੱਚ ਉਹ ਭਾਜਪਾ ਦੀ ਟਿਕਟ 'ਤੇ ਦਿੱਲੀ ਜਾ ਕੇ ਲੋਕ ਸਭਾ ਚੋਣ ਜਿੱਤੇ, ਫ਼ਿਰ ਵੀ ਉਹ ਰਾਜਨੀਤੀ ਦੇ ਖੇਤਰ ਵਿੱਚ ਜ਼ਿਆਦਾ ਸਫ਼ਲਤਾ ਹਾਸਲ ਨਾ ਕਰ ਸਕੇ । ਇਸੇ ਤਰਾਂ ਪੰਜਾਬ ਦੇ ਪ੍ਰਸਿੱਧ ਲੋਕ ਗਾਇਕ ਮੁਹੰਮਦ ਸਦੀਕ ਅਤੇ ਪੰਜਾਬੀ ਦੇ ਹਾਸਰਸ ਕਲਾਕਾਰ ਤੇ ਅਦਾਕਾਰ ਗੁਰਪ੍ਰੀਤ ਘੁੱਗੀ ਨੇ ਵੀ ਸਿਆਸਤ ਵਿੱਚ ਪੈਰ ਧਰਿਆ ਸੀ, ਪਰ ਇਨਾਂ ਵਿੱਚੋਂ ਸਿਰਫ਼ ਮੁਹੰਮਦ ਸਦੀਕ ਹੀ ਚੋਣ ਜਿੱਤ ਸਕੇ, ਜਦਕਿ ਗੁਰਪ੍ਰੀਤ ਸਿੰਘ ਘੁੱਗੀ ਨੂੰ ਸਿਆਸਤ ਰਾਸ ਨਾ



ਆਉਣ ਕਾਰਨ ਉਹ ਮੁੜ ਫ਼ਿਲਮੀ ਦੁਨੀਆਂ ਵਿੱਚ ਚਲੇ ਗਏ । ਪੰਜਾਬ ਵਿੱਚ ਸਾਲ 2019 ਵਿੱਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਭਾਜਪਾ ਵੱਲੋਂ ਫ਼ਿਲਮੀ ਅਦਾਕਾਰ ਸੰਨੀ ਦਿਓਲ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਸੀ ਅਤੇ ਉਸ ਨੇ ਜਿੱਤ ਵੀ ਪ੍ਰਾਪਤ ਕੀਤੀ ਸੀ, ਪਰ ਚੋਣ ਜਿੱਤਣ ਤੋਂ ਬਾਅਦ ਆਪਣੇ ਹਲਕੇ ਤੋਂ ਦੂਰੀ ਬਣਾਉਣ ਕਰਕੇ ਉਹ ਲਗਾਤਾਰ ਵਿਵਾਦਾਂ ਦਾ ਕੇਂਦਰ ਬਣੇ ਰਹੇ ।

ਕੁੱਝ ਅਜਿਹੇ ਨਾਮ ਵੀ ਹਨ, ਜੋ ਚੋਣ ਨਹੀਂ ਜਿੱਤ ਸਕੇ। ਆਪਣੀ ਲੰਮੀ ਹੇਕ ਤੇ ਮਸ਼ਹੂਰ ਕਲੀਆਂ ਦੇ ਬਾਦਸ਼ਾਹ ਕਹੇ ਜਾਂਦੇ ਪੰਜਾਬੀ ਗਾਇਕ ਕੁਲਦੀਪ ਮਾਣਕ ਨੇ 1996 ਵਿੱਚ ਬਠਿੰਡਾ ਲੋਕ ਸਭਾ ਸੀਟ ਤੋਂ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਕਿਸਮਤ ਅਜ਼ਮਾਈ, ਪਰ ਜਿੱਤ ਨਸੀਬ ਨਹੀਂ ਹੋਈ।

ਜੱਸੀ ਜਸਰਾਜ ਆਪ ਪਾਰਟੀ ਤੋਂ 2014 ਵਿੱਚ ਬਠਿੰਡਾ ਲੋਕਸਭਾ ਹਲਕੇ ਤੋਂ ਚੋਣ ਲੜੇ ਪਰ ਹਾਰ ਗਏ। ਇਸ ਤੋਂ ਬਾਅਦ ਉਨਾਂ ਦੇ ਸਬੰਧ ਭਗਵੰਤ ਮਾਨ ਨਾਲ ਵਿਗੜ ਗਏ ਅਤੇ ਉਨਾਂ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਲੋਕ ਇਨਸਾਫ਼ ਪਾਰਟੀ ਤੋਂ ਸੰਗਰੂਰ ਵਿੱਚ ਭਗਵੰਤ ਨੂੰ ਚੁਣੌਤੀ ਦਿੱਤੀ ਪਰ ਇੱਥੇ ਵੀ ਉਹ ਬੁਰੀ ਤਰਾਂ ਮਾਤ ਖਾ ਬੈਠੇ। ਇਸ ਤੋਂ ਇਲਾਵਾ ਪੰਜਾਬ ਦੀ ਰਾਜਨੀਤੀ ਵਿੱਚ ਬੀਤੇ ਸਮੇਂ ਦੌਰਾਨ ਸਵ. ਕੁਲਦੀਪ ਮਾਣਕ, ਜੱਸੀ ਜਸਰਾਜ ਤੇ ਸਤਵਿੰਦਰ ਬਿੱਟੀ ਆਦਿ ਨੇ ਵੀ ਆਪਣੀ ਕਿਸਮਤ ਅਜ਼ਮਾਈ ਸੀ, ਪਰ ਉਨਾਂ ਨੂੰ ਰਾਜਨੀਤੀ ਰਾਸ ਨਾ ਆਈ ।

### ਕਿਸਾਨ ਅੰਦੋਲਨ ਵਿੱਚ ਗਾਇਕਾਂ ਦਾ ਯੋਗਦਾਨ

ਸਾਹਿਤਕਾਰਾਂ ਅਤੇ ਕਲਾਕਾਰਾਂ ਦਾ ਲੋਕ-ਸੰਘਰਸ਼ਾਂ ਨਾਲ ਡੂੰਘਾ ਨਾਤਾ ਹੁੰਦਾ ਹੈ। ਉਹ ਲੋਕ-ਸੰਘਰਸ਼ਾਂ ਨੂੰ ਹਮਾਇਤ ਨਹੀਂ ਦਿੰਦੇ, ਉਨਾਂ ਦਾ ਹਿੱਸਾ ਹੁੰਦੇ ਹਨ। ਪੰਜਾਬ ਦੇ ਕਿਸਾਨ ਅੰਦੋਲਨ ਦੇ ਉਭਾਰ ਨੂੰ ਵੇਖ ਕੇ ਕੁਝ ਕਲਾਕਾਰ ਅਤੇ ਗਾਇਕ ਸੰਘਰਸ਼ ਨੂੰ ਹਮਾਇਤ ਦੇਣ ਲਈ ਸਾਹਮਣੇ ਆਏ ਹਨ। ਇਹ ਚੰਗਾ ਤੇ ਲੋਕ-ਪੱਖੀ ਰੁਝਾਨ ਹੈ। ਅਜੋਕੇ ਕਿਸਾਨੀ ਅੰਦੋਲਨ ਵਿੱਚੋਂ ਸਿੱਧੇ ਰੂਪ ਵਿੱਚ ਨਿਕਲਿਆ ਹਿੰਮਤ ਸੰਧੂ ਦਾ ਗੀਤ 'ਅਸੀਂ ਵੱਢਾਂਗੇ' ਦੇਖਿਆ ਜਾ ਸਕਦਾ ਹੈ। ਮਾਂ ਸਮਝੀ ਜਾਂਦੀ ਜ਼ਮੀਨ ਖੁੱਸਣ ਦੇ ਡਰ ਵਿੱਚੋਂ ਉਪਜਿਆ ਇਹ ਗੀਤ ਕਿਸਾਨੀ ਅੰਦੋਲਨ ਨੂੰ ਉਤਸ਼ਾਹ ਅਤੇ ਬਲ ਦੇਣ ਵਾਲਾ ਗੀਤ ਹੈ :-

ਕਿਸੇ ਦੇ ਪਿਓ ਦੀ ਨੀ ਜਾਗੀਰ, ਵੱਟਾਂ ਸਾਡੀਆਂ/

ਆਸ਼ਕ ਅਸੀਂ ਤੇ ਸਾਡੀ ਹੀਰ ਵੱਟਾਂ ਸਾਡੀਆਂ।

ਕਿਸਾਨੀ ਘੋਲ ਦੌਰਾਨ ਸਰਕਾਰਾਂ ਨੂੰ ਵੰਗਾਰਨ ਭਾਵ ਵਿਦਰੋਹੀ ਸੁਰ ਵਾਲੇ ਗੀਤਾਂ ਤੋਂ ਇਲਾਵਾ ਕਿਸਾਨੀ ਦੀ ਮਾੜੀ ਹਾਲਤ ਨੂੰ ਸਮਝਣ/ਸਮਝਾਉਣ ਵਾਲੇ ਗੀਤ ਵੀ ਆਉਂਦੇ ਹਨ। ਅਮਰਿੰਦਰ ਗਿੱਲ ਦਾ ਗੀਤ 'ਸੂਰਜਾਂ ਵਾਲੇ' ਕਿਸਾਨੀ ਨਾਲ ਜੁੜੇ ਪਰਿਵਾਰ ਦੁਆਰਾ ਬੇਰੁਜ਼ਗਾਰੀ, ਮਾੜੀ ਆਰਥਿਕ ਹਾਲਤ, ਸਰਕਾਰਾਂ ਦੁਆਰਾ ਕਿਸਾਨੀ ਹੱਕਾਂ ਦੀ ਅਣਦੇਖੀ ਦੇ ਰੂਪ ਵਿੱਚ ਹੰਢਾਏ ਜਾ ਰਹੇ ਮਾਨਸਿਕ ਤਸ਼ੱਦਦ ਦੀ ਝਲਕ ਹੈ :-

ਕਾਲੀ ਬਦਲੀ ਹਨੇਰੀ ਜਿਹੀ ਰਾਤ ਏ, ਨੀ ਫਿੱਕੀ ਪੈਂਦੀ ਦੀਵਿਆਂ ਦੀ ਲੋਅ/ਕਦੇ ਸੂਰਜਾਂ ਵਾਲੇ ਵੀ ਦਿਨ ਆਉਣਗੇ, ਤੂੰ ਐਵੇਂ ਬਿੱਟੂ ਚੀਮਿਆ ਨਾ ਰੋ।

ਇਸ ਤੋਂ ਇਲਾਵਾ ਕਿਸਾਨੀ ਦੀ ਬਾਤ ਪਾਉਂਦੇ ਗੀਤਾਂ ਵਿੱਚ ਹਰਫ਼ ਚੀਮੇ ਦਾ 'ਸਰਕਾਰੇ', ਕੌਰ ਆਲੇ ਮਾਨ ਦਾ 'ਕਿਸਾਨ', ਕਨਵਰ ਗਰੇਵਾਲ ਦਾ 'ਅੱਖਾਂ ਖੋਲ', ਰਾਜਾ ਸਿੱਧੂ ਦਾ 'ਦਰਦ ਕਿਸਾਨਾਂ ਦਾ', ਸਿੱਪੀ ਗਿੱਲ ਦਾ 'ਆਸ਼ਕ ਮਿੱਟੀ ਦੇ' ਆਦਿ ਗੌਲ਼ਣਯੋਗ ਗੀਤ ਹਨ। ਰੇਸ਼ਮ ਸਿੰਘ ਅਨਮੋਲ ਦਾ ਗੀਤ ਬਾਰਡਰਾਂ 'ਤੇ ਜਿਵੇਂ ਨੀ ਜਵਾਨ ਡਟਿਆ,

ਵਿਹੜੇ ਵਿੱਚ ਤੇਰੇ ਨੀ ਕਿਸਾਨ ਡਟਿਆ,

ਓ ਤੇਰੀ ਹਿੱਕ ਉੱਤੇ ਲਿਖ ਜ਼ਿੰਦਾਬਾਦ ਚੱਲਿਆ,

ਨੀ ਓ ਦਿੱਲੀਏ, ਸਿੰਘੂ ਬਾਰਡਰ ਤੋਂ ਸਾਲ ਭਰ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਵਾਪਸ ਪਰਤ ਰਹੇ ਸੈਂਕੜੇ ਟਰੈਕਟਰਾਂ-ਟਰਾਲੀਆਂ 'ਤੇ ਜ਼ੋਰ-ਜ਼ੋਰ ਨਾਲ ਗੂੰਜ ਉੱਠਿਆ। ਇਹ 11 ਦਸੰਬਰ ਦਾ ਉਹ ਦਿਨ ਸੀ, ਜਿਸ ਦਿਨ ਵਿਰੋਧ ਕਰ ਰਹੇ ਕਿਸਾਨਾਂ ਨੇ 'ਫ਼ਤਹਿ' ਮਾਰਚ ਕੱਢਿਆ ਸੀ। ਇਸ ਮੌਕੇ ਗੀਤ ਸੰਘਰਸ਼ ਅਤੇ ਬਹਾਦਰੀ ਦੀਆਂ ਕਹਾਣੀਆਂ ਨੂੰ ਬਿਆਨ ਕਰ ਰਹੇ ਸਨ। ਫ਼ਤਹਿ ਮਾਰਚ ਦੌਰਾਨ ਵਿਰਾਸਤ ਸੰਧੂ ਦਾ ਲਿਖਿਆ ਗੀਤ ਵੀ ਵਾਰ-ਵਾਰ ਚੱਲ ਰਿਹਾ ਸੀ, ਜਿਸ ਦੇ ਬੋਲ ਸਨ :

'ਪੜੀਂ ਇਤਿਹਾਸ ਮੱਥਾ ਜਿੱਥੇ ਵੀ ਲਾਏ ਆ,

ਗਏ ਆ ਮੈਦਾਨ ਫ਼ਤਹਿ ਕਰਕੇ,

ਚੰਗੇ ਭਾਵੇਂ ਮਾੜੇ ਸਮੇਂ, ਡਟ ਕੇ ਰਹੇ ਆ...'

ਇਸ ਗੀਤ ਦੇ ਰਿਲੀਜ਼ ਹੋਣ ਦੇ ਪੰਦਰਾਂ ਦਿਨਾਂ ਅੰਦਰ ਯੂ-ਟਿਊਬ 'ਤੇ ਇਸ ਨੂੰ ਲਗਭਗ 14 ਲੱਖ ਲੋਕਾਂ ਨੇ ਦੇਖਿਆ ਅਤੇ ਸੁਣਿਆ।

ਇਸ ਪੂਰੇ ਕਿਸਾਨ ਅੰਦੋਲਨ ਦੌਰਾਨ ਬਾਲੀਵੁੱਡ ਦੇ ਗਾਇਕਾਂ ਜਿਨਾਂ ਨੇ ਇਸ ਮਾਮਲੇ 'ਤੇ ਲਗਾਤਾਰ ਚੁੱਪੀ ਸਾਧੀ ਰੱਖੀ, ਦੇ ਉਲਟ ਪੰਜਾਬੀ ਗਾਇਕਾਂ ਨੇ ਨਾ ਸਿਰਫ਼ ਲੋਕਾਂ ਦੇ ਉਤਸ਼ਾਹ ਤੇ ਹੌਂਸਲੇ ਨੂੰ ਵਧਾਇਆ, ਸਗੋਂ ਉਨਾਂ ਦਾ ਮਨੋਬਲ ਵਧਾ ਕੇ ਅੰਦੋਲਨ ਵਿੱਚ ਸ਼ਾਮਿਲ ਹੋਣ ਲਈ ਨੌਜਵਾਨਾਂ ਨੂੰ ਪ੍ਰੇਰਿਤ ਵੀ ਕੀਤਾ। ਕਨਵਰ ਗਰੇਵਾਲ ਅਤੇ ਹਰਫ਼ ਚੀਮਾ ਨੇ ਕਈ ਪ੍ਰੇਰਨਾਦਾਇਕ ਗੀਤਾਂ ਦੇ ਨਾਲ਼ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ, ਜਿਸ ਵਿੱਚ ਇੱਕ ਗੀਤ 'ਐਵੇਂ ਕਿਵੇਂ ਖੋਹ ਲੌਂਗੇ ਜ਼ਮੀਨਾਂ ਸਾਡੀਆਂ' ਵੀ ਚੁਣੌਤੀ ਪੇਸ਼ ਕਰਨ ਵਾਲਾ ਸੀ। ਇੱਕ ਹੋਰ ਗੀਤ ਵਿੱਚ ਗਰੇਵਾਲ ਨੇ ਕਿਸਾਨਾਂ ਨੂੰ ਵਿਰੋਧ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਸੀ, 'ਖਿੱਚ ਲੈ ਜੱਟਾ ਖਿੱਚ ਤਿਆਰੀ ਪੇਚਾ ਪੈ ਗਿਆ ਸੈਂਟਰ ਨਾਲ।' ਯੂ-ਟਿਊਬ 'ਤੇ ਇਸ ਗੀਤ ਨੂੰ ਹੁਣ ਤੱਕ 1.45 ਕਰੋੜ ਲੋਕ ਦੇਖ ਚੁੱਕੇ ਹਨ।ਇਹ ਗੀਤ ਨਾ ਸਿਰਫ਼ ਵਿਰੋਧ ਅਸਥਾਨਾਂ 'ਤੇ ਸਗੋਂ ਸਮਾਜਿਕ ਸਮਾਗਮਾਂ ਅਤੇ ਵਿਆਹਾਂ ਵਿੱਚ ਵੀ ਵਜਾਏ ਜਾ ਰਹੇ ਹਨ ਅਤੇ ਨਾਲ਼ ਹੀ ਪ੍ਰਮੁੱਖ ਤੌਰ 'ਤੇ ਵਿਰੋਧ ਕਰਨ ਵਾਲੇ ਕਿਸਾਨ ਸੰਗਠਨਾਂ ਦੇ ਝੰਡੇ ਵੀ ਲਹਿਰਾਏ ਜਾ ਰਹੇ ਹਨ। 11 ਗਾਇਕਾਂ ਵੱਲੋਂ ਗਾਏ ਗਏ ਗੀਤ 'ਕਿਸਾਨ ਐਨਥਮ' ਤੋਂ ਲੈ ਕੇ ਰਣਜੀਤ ਬਾਵਾ ਦੇ 'ਬੋਲਦਾ ਪੰਜਾਬ', ਕਨਵਰ ਗਰੇਵਾਲ ਦੇ 'ਐਲਾਨ', ਵਾਰਿਸ ਭਰਾਵਾਂ ਦੇ 'ਉੱਠੀ ਜਿਹੜੀ ਲਹਿਰ, ਤੈਨੂੰ ਯਾਦ ਰਹੂਗੀ, ਜ਼ਿੰਦਾਬਾਦ ਹੈ ਕਿਸਾਨੀ, ਜ਼ਿੰਦਾਬਾਦ ਰਹੂਗੀ', ਪੂਜਨ ਸਾਹਿਲ ਦੇ 'ਫ਼ਾਰਮ ਲਾਅ ਵਾਪਸ ਲਓ' ਆਦਿ ਗੀਤਾਂ ਨੇ ਕਿਸਾਨ ਅੰਦੋਲਨ ਦੌਰਾਨ ਇੱਕ ਨਵਾਂ ਜਜ਼ਬਾ ਪੈਦਾ ਕੀਤਾ ਤੇ ਖੁੱਲ ਕੇ ਆਪਣਾ ਸਮਰਥਨ ਵੀ ਦਿੱਤਾ। ਕੁਝ ਗੀਤ ਬਹੁਤ ਜ਼ਿਆਦਾ ਲੋਕਪ੍ਰਿਯ ਹੋਏ ਹਨ, ਜਿਨਾਂ ਵਿੱਚ ਰਣਜੀਤ ਬਾਵਾ ਦਾ ਗੀਤ 'ਬੋਲਦਾ ਪੰਜਾਬ' ਵੀ ਸ਼ਾਮਿਲ ਹੈ, ਜਿਸ ਨੂੰ ਯੂਟਿਊਬ 'ਤੇ 3.8 ਕਰੋੜ ਲੋਕ ਦੇਖ ਚੁੱਕੇ ਹਨ। ਇਸ ਤੋਂ ਇਲਾਵਾ ਹੋਰ ਲੋਕਪ੍ਰਿਯ ਗੀਤਾਂ ਵਿੱਚ ਰਾਜਵੀਰ ਜਵੰਦਾ ਦਾ ਗੀਤ 'ਸੁਣ ਦਿੱਲੀਏ' (ਯੂ-ਟਿਊਬ 'ਤੇ 75 ਲੱਖ ਵਾਰ ਦੇਖਿਆ ਗਿਆ), ਗਿੱਪੀ ਗਰੇਵਾਲ ਦਾ 'ਜ਼ਾਲਮ ਸਰਕਾਰਾਂ' (ਯੂ-ਟਿਊਬ 'ਤੇ 55 ਲੱਖ ਵਾਰ ਦੇਖਿਆ ਗਿਆ), ਜੱਸ ਬਾਜਵਾ ਦਾ 'ਜੱਟਾ ਤਕੜਾ ਹੋ ਜਾ' (ਯੂ-ਟਿਊਬ 'ਤੇ 63 ਲੱਖ ਵਾਰ ਦੇਖਿਆ ਗਿਆ) ਅਤੇ ਹਿੰਮਤ ਸਿੱਧੂ ਦਾ ਗੀਤ 'ਅਸੀਂ ਵੱਢਾਂਗੇ' (ਯੂ-ਟਿਊਬ 'ਤੇ 32 ਲੱਖ ਵਾਰ ਦੇਖਿਆ ਗਿਆ) ਵੀ ਸ਼ਾਮਿਲ ਹਨ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਗਾਇਕੀ ਵੰਨ-ਸੁਵੰਨੇ ਵਿਸ਼ਿਆਂ ਨੂੰ ਆਪਣੀ ਕਲਮ ਦਾ ਵਾਹਨ ਬਣਾਉਂਦੀ ਆਈ ਹੈ, ਜਿਨਾਂ ਵਿੱਚੋਂ ਕਿਸਾਨੀ ਵੀ ਇੱਕ ਅਹਿਮ ਸਰੋਕਾਰ ਹੈ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**RANJIT SINGH**
(Lic: 01922089)

**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸਾਦਗੀ ਦੀ ਮਿਸਾਲ ਮੈਟ੍ਰਿਕਸ ਫ਼ਿਲਮ ਸਟਾਰ ਕੀਨੂ ਰੀਵਜ਼

ਸਰਬਜੀਤ ਕੌਰ ਸਰਬ

ਕੀਨੂ ਚਾਰਲਸ ਰੀਵਜ਼, ਜਿਸਦੇ ਪਹਿਲੇ ਨਾਮ ਦਾ ਅਰਥ ਹੈ 'ਪਹਾੜਾਂ ਉੱਤੇ ਠੰਡੀ ਹਵਾ'। ਕੀਨੂ ਦਾ ਜਨਮ **2** ਸਤੰਬਰ, **1964** ਨੂੰ ਬੇਰੂਤ, ਲੇਬਨਾਨ ਵਿੱਚ ਹੋਇਆ ਸੀ। ਮਾਤਾ ਪਿਤਾ ਦੇ ਕੁਝ ਸਮਾਂ ਇਕੱਠੇ ਰਹਿਣ ਤੋਂ ਬਾਅਦ ਤਲਾਕ ਹੋ ਗਿਆ ।ਆਪਣੇ ਮਾਤਾ-ਪਿਤਾ ਦੇ ਤਲਾਕ ਹੋਣ ਤੋਂ ਬਾਅਦ, ਕੀਨੂ ਆਪਣੀ ਮਾਂ ਅਤੇ ਛੋਟੀ ਭੈਣ, ਕਿਮ ਰੀਵਜ਼ ਨਾਲ਼ ਨਿਊਯਾਰਕ ਸਿਟੀ, ਫਿਰ ਟੋਰਾਂਟੋ ਚਲਾ ਗਿਆ।

ਕੀਨੂ ਦੀ ਜ਼ਿੰਦਗੀ ਇੱਕ ਅਜਿਹੇ ਰਾਹਾਂ ਵਿੱਚੋਂ ਗੁਜ਼ਰੀ ਜਿਸ ਵਿੱਚ ਉਸਨੂੰ ਪਹਿਲਾਂ ਉਸਦੇ ਪਿਤਾ ਦੁਆਰਾ **3** ਸਾਲ ਦੀ ਉਮਰ ਵਿੱਚ ਛੱਡ ਦਿੱਤਾ ਗਿਆ ਸੀ ਅਤੇ **3** ਵੱਖ-ਵੱਖ ਮਤਰੇਏ ਪਿਤਾਵਾਂ ਨਾਲ਼ ਵੱਡਾ ਹੋਇਆ ਸੀ। ਉਹ ਡਿਸਲੈਕਸਿਕ ਹੈ। ਉਸ ਦਾ ਹਾਕੀ ਖਿਡਾਰੀ ਬਣਨ ਦਾ ਸੁਪਨਾ ਇਕ ਗੰਭੀਰ ਹਾਦਸੇ ਕਾਰਨ ਚਕਨਾਚੂਰ ਹੋ ਗਿਆ। ਉਸ ਦੀ ਧੀ ਜਨਮ ਵੇਲੇ ਮਰ ਗਈ। ਉਸਦੀ ਪਤਨੀ ਦੀ ਇੱਕ ਕਾਰ ਹਾਦਸੇ ਵਿੱਚ ਮੌਤ ਹੋ ਗਈ ਸੀ। ਉਸ ਦੇ ਸਭ ਤੋਂ ਚੰਗੇ ਦੋਸਤ, ਰਿਵਰ ਫੀਨਿਕਸ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਉਸਦੀ ਭੈਣ ਲਿਊਕੇਮੀਆ ਨਾਲ਼ ਲੜ ਰਹੀ ਸੀ।

ਕੀਨੂ ਰੀਵਜ਼ ਇੱਕ ਅਜਿਹਾ ਅਭਿਨੇਤਾ ਹੈ ਜਿਸ ਨੇ ਕੋਈ ਬਾਡੀਗਾਰਡ ਨਹੀਂ ਰੱਖਿਆ ਅਤੇ ਨਾ ਹੀ ਕੋਈ ਆਲੀਸ਼ਾਨ ਘਰ ਖ਼ਰੀਦਿਆ। ਕੀਨੂ ਇੱਕ ਆਮ ਅਪਾਰਟਮੈਂਟ ਵਿੱਚ ਰਹਿੰਦਾ ਹੈ ਅਤੇ ਸ਼ਹਿਰ ਵਿੱਚ ਘੁੰਮਣਾ ਪਸੰਦ ਕਰਦਾ ਹੈ ਅਤੇ ਅਕਸਰ **NYC** ਵਿੱਚ ਇੱਕ ਸਬਵੇਅ ਦੀ ਸਵਾਰੀ ਕਰਦਾ ਆਮ ਦੇਖਿਆ ਜਾਂਦਾ ਹੈ। ਇਨਸਾਨੀਅਤ ਦਾ ਦਰਦ ਉਸ ਦੇ ਅੰਦਰ ਛੁਪਿਆ ਹੋਇਆ ਹੈ ਇਸ ਦੀ ਸਪਸ਼ਟਤਾ ਉਦੋਂ ਵੇਖੀ ਜਾ ਸਕਦੀ ਹੈ ਜਦੋਂ ਉਹ ਫ਼ਿਲਮ 'ਦਿ ਲੇਕ ਹਾਊਸ' ਦੀ ਸ਼ੂਟਿੰਗ ਕਰ ਰਿਹਾ ਸੀ, ਤਾਂ ਉਸਨੇ ਦੋ ਪਹਿਰਾਵੇ ਸਹਾਇਕਾਂ ਦੀ ਗੱਲਬਾਤ ਸੁਣੀ, ਇੱਕ ਰੋ ਰਿਹਾ ਸੀ ਅਤੇ ਉਹ ਆਪਣੇ ਦੂਜੇ ਸਾਥੀ ਨੂੰ ਆਖ ਰਿਹਾ ਸੀ ਕਿ ਜੇਕਰ ਉਸਨੇ **$20,000** ਦਾ ਭੁਗਤਾਨ ਨਹੀਂ ਕੀਤਾ ਤਾਂ ਉਹ ਆਪਣਾ ਘਰ ਗੁਆ ਦੇਵੇਗਾ - ਉਸੇ ਦਿਨ, ਕੀਨੂ ਨੇ ਉਸਦੇ ਬੈਂਕ ਖ਼ਾਤੇ ਵਿੱਚ ਲੋੜੀਂਦੀ ਰਕਮ ਜਮਾਂ ਕਰ ਦਿੱਤੀ।

ਆਪਣੇ ਕਰੀਅਰ ਵਿੱਚ, ਉਸਨੇ ਹਸਪਤਾਲਾਂ ਨੂੰ ਵੱਡੀਆਂ ਰਕਮਾਂ ਦਾਨ ਕੀਤੀਆਂ ਹਨ, ਜਿਸ ਵਿੱਚ 'ਦ ਮੈਟ੍ਰਿਕਸ' ਤੋਂ ਆਪਣੀ ਕਮਾਈ ਦਾ **$75** ਮਿਲੀਅਨ ਚੈਰਿਟੀ ਨੂੰ ਵੀ ਸ਼ਾਮਲ ਹੈ ਪਰ ਉਸ ਦੀ ਆਪਣੀ ਜ਼ਿੰਦਗੀ ਇੱਕ ਸਾਦਗੀ ਭਰਪੂਰ ਹੈ ,ਜਿਸ ਦਾ ਪਤਾ ਇੱਥੋਂ ਚਲਦਾ ਹੈ ਕਿ ਜਦੋਂ **2010** ਵਿੱਚ, ਆਪਣੇ ਜਨਮਦਿਨ 'ਤੇ, ਕੀਨੂ ਇੱਕ ਬੇਕਰੀ ਵਿੱਚ ਗਿਆ ਸੀ ਉੱਥੇ ਉਸ ਨੇ ਕੇਵਲ ਇੱਕ ਮੋਮਬੱਤੀ ਦੇ ਨਾਲ਼ ਇੱਕ ਬ੍ਰਿਓਚ ਖਰੀਦੀ, ਇਸਨੂੰ ਬੇਕਰੀ ਦੇ ਸਾਹਮਣੇ ਖਾਧਾ, ਅਤੇ ਕੌਫ਼ੀ ਦੀ ਪੇਸ਼ਕਸ਼ ਕੀਤੀ। ਕੀਨੂ ਚਾਰਲਸ ਰੀਵਜ਼ ਇੱਕ ਆਮ ਜ਼ਿੰਦਗੀ ਜਿਉਣਾ ਪਸੰਦ ਕਰਦਾ ਹੈ। ਧਨ ਦੌਲਤ ਹੋਣ ਦੇ ਬਾਵਜੂਦ ਵੀ ਉਹ ਇੱਕ ਸਾਦਾ ਪਹਿਰਾਵਾ ਪਾਉਂਦਾ ਹੈ।

ਕੀਨੂ ਚਾਰਲਸ ਰੀਵਜ਼ ਦੀ ਜ਼ਿੰਦਗੀ ਦੇ ਜੇਕਰ ਇਤਿਹਾਸਕ ਪੰਨੇ ਖੋਲੇ ਜਾਣ ਤਾਂ ਪਤਾ ਚੱਲਦਾ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਦਾ ਸਫ਼ਰ ਕੁਝ ਸਟੇਜੀ ਗੀਤਾਂ ਅਤੇ ਟੀਵੀ ਲਈ ਬਣਾਈਆਂ ਗਈਆਂ ਮੁੱਠੀ ਭਰ ਫ਼ਿਲਮਾਂ ਤੋਂ ਸ਼ੁਰੂ ਕੀਤਾ ਸੀ। ਉਸਨੇ ਰੌਬ ਲੋਵੇ ਹਾਕੀ ਫਲਿਕ ਯੰਗਬਲਡ ਵਿੱਚ ਇੱਕ ਸਹਾਇਕ ਭੂਮਿਕਾ ਨਿਭਾਈ।(**1986**), ਜਿਸਨੂੰ ਕੈਨੇਡਾ ਵਿੱਚ ਫ਼ਿਲਮਾਇਆ ਗਿਆ ਸੀ। ਪ੍ਰੋਡਕਸ਼ਨ ਸਮੇਟਣ ਤੋਂ ਥੋੜੀ ਦੇਰ ਬਾਅਦ, ਰੀਵਜ਼ ਨੇ ਆਪਣੇ ਬੈਗ ਪੈਕ ਕੀਤੇ



ਅਤੇ ਹਾਲੀਵੁੱਡ ਵੱਲ ਚੱਲ ਪਏ। ਰੀਵਜ਼ ਡਾਰਕ ਕਿਸ਼ੋਰ ਡਰਾਮਾ, ਰਿਵਰਜ਼ ਐਜ (**1986**) ਵਿੱਚ ਆਪਣੇ ਪ੍ਰਦਰਸ਼ਨ ਨਾਲ਼ ਆਲੋਚਕਾਂ ਦੇ ਰਾਡਾਰ 'ਤੇ ਆ ਗਿਆ, ਅਤੇ ਉਸਨੇ ਨਿਰਦੇਸ਼ਕ ਸਟੀਫ਼ਨ ਫ਼ਰੀਅਰਜ਼ ਦੇ ਨਾਲ਼ ਆਸਕਰ-ਨਾਮਜ਼ਦ ਡੈਂਜਰਸ ਲਾਈਜ਼ਨਸ (**1988**) ਵਿੱਚ ਇੱਕ ਸਹਾਇਕ ਭੂਮਿਕਾ ਨਿਭਾਈ। ਉਸਦੀ ਪਹਿਲੀ ਪ੍ਰਸਿੱਧ ਸਫ਼ਲਤਾ ਬਿਲ ਐਂਡ ਟੇਡਜ਼ ਐਕਸੀਲੈਂਟ ਐਡਵੈਂਚਰ (**1989**) ਵਿੱਚ ਪੂਰੀ ਤਰਾਂ ਰੈਡ ਡੂਡ ਟੇਡ "ਥੀਓਡੋਰ" ਲੋਗਨ ਦੀ ਭੂਮਿਕਾ ਸੀ। ਅਜੀਬ ਸਮਾਂ-ਯਾਤਰਾ ਫ਼ਿਲਮ ਇੱਕ ਸੱਭਿਆਚਾਰਕ ਵਰਤਾਰੇ ਦੀ ਇੱਕ ਚੀਜ਼ ਬਣ ਗਈ, ਅਤੇ ਦਰਸ਼ਕ ਰੀਵਜ਼ ਦੇ ਅਸਲ-ਜੀਵਨ ਦੇ ਸ਼ਖ਼ਸੀਅਤ ਨੂੰ ਉਸ ਦੇ ਆਨ-ਸਕ੍ਰੀਨ ਹਮਰੁਤਬਾ ਦੇ ਨਾਲ਼ ਹਮੇਸ਼ਾ ਲਈ ਉਲਝਾ ਦੇਣਗੇ। ਫਿਰ ਉਹ ਰੌਨ ਹਾਵਰਡ ਦੀ ਕਾਮੇਡੀ ਦੀਆਂ ਕਾਸਟਾਂ ਵਿੱਚ ਸ਼ਾਮਲ ਹੋ ਗਿਆ।

ਅਗਲੇ ਕੁਝ ਸਾਲਾਂ ਵਿੱਚ, ਰੀਵਜ਼ ਨੇ ਹਾਈਬ੍ਰੋ ਪ੍ਰੋਜੈਕਟਾਂ ਦੀ ਇੱਕ ਲੜੀ ਨਾਲ਼ ਟੇਡ ਦੇ ਕਲੰਕ ਨੂੰ ਹਿਲਾਉਣ ਦੀ ਕੋਸ਼ਿਸ਼ ਕੀਤੀ। ਉਸਨੇ ਮਾਈ ਓਨ ਪ੍ਰਾਇਵੇਟ ਇਡਾਹੋ (**1991**) ਵਿੱਚ ਰਿਵਰ ਫੀਨਿਕਸ ਦੇ ਨਾਰਕੋਲੇਪਟਿਕ ਨਰ ਹਸਲਰ ਦੇ ਉਲਟ ਇੱਕ ਝੁੱਗੀ-ਝੌਂਪੜੀ ਵਾਲੇ ਅਮੀਰ ਲੜਕੇ ਦੀ ਭੂਮਿਕਾ ਨਿਭਾਈ।

ਇਸਦੀ ਸਫ਼ਲਤਾ ਨੇ ਪੰਜ ਸਾਲਾਂ ਦੇ ਇੱਕ ਯੁੱਗ ਦੀ ਸ਼ੁਰੂਆਤ ਕੀਤੀ ਜਿਸ ਵਿੱਚ ਰੀਵਜ਼ ਛੋਟੀਆਂ ਫਿਲਮਾਂ, ਜਿਵੇਂ ਕਿ ਫੀਲਿੰਗ ਮਿਨੇਸੋਟਾ (**1996**) ਅਤੇ ਦ ਲਾਸਟ ਟਾਈਮ ਆਈ ਕਮਿਟਡ ਸੁਸਾਈਡ (**1997**), ਅਤੇ ਵੱਡੀਆਂ ਫਿਲਮਾਂ ਜਿਵੇਂ ਕਿ ਏ ਵਾਕ ਇਨ ਦ ਕਲਾਉਡਜ਼ (**1995**) ਅਤੇ ਦ ਡੇਵਿਲਜ਼ ਐਡਵੋਕੇਟ ਦੇ ਵਿਚਕਾਰ ਬਦਲ ਜਾਵੇਗਾ। ਇਸ ਸਭ ਤੋਂ ਬਾਅਦ, ਰੀਵਜ਼ ਨੇ ਅਸੰਭਵ ਕੰਮ ਕੀਤਾ ਅਤੇ ਸਪੀਡ ਸੀਕਵਲ 'ਤੇ ਪਾਸ ਹੋ ਗਿਆ, ਪਰ ਉਸਨੇ ਕੁਝ ਸਾਲਾਂ ਬਾਅਦ ਦੁਬਾਰਾ ਬਾਕਸ-ਆਫ਼ਿਸ 'ਤੇ ਸੋਨਾ ਜਿੱਤਿਆ। ਵਾਚੋਵਸਕੀ ਭੈਣ-ਭਰਾ ਦਾ ਸਾਈਬਰ ਐਡਵੈਂਚਰ, ਦ ਮੈਟ੍ਰਿਕਸ।

ਦ ਮੈਟ੍ਰਿਕਸ ਟ੍ਰਾਈਲੋਜੀ ਦੇ ਅੰਤ ਤੋਂ ਬਾਅਦ, ਕੀਨੂ ਨੇ ਆਪਣਾ ਸਮਾਂ ਮੁੱਖ ਧਾਰਾ ਅਤੇ ਇੰਡੀ ਕਿਰਾਏ ਦੇ ਵਿਚਕਾਰ ਵੰਡਿਆ ਹੈ।

ਅਜਿਹੀ ਸਾਦਗੀ ਭਰੀ ਜ਼ਿੰਦਗੀ ਜੀਊਣ ਵਾਲੇ ਮਸ਼ਹੂਰ ਅਭਿਨੇਤਾ ਕੀਨੂ ਰੀਵਜ਼ ਆਮ ਲੋਕਾਂ ਵਿੱਚ ਵਿਚਰਨਾ ਪਸੰਦ ਕਰਦੇ ਹਨ। ਕਿਸੇ ਨੇ ਸੱਚ ਹੀ ਕਿਹਾ ਹੈ ਜਿਸ ਇਨਸਾਨ ਨੇ ਆਪਣੀ ਪਹਿਲੀ ਜ਼ਿੰਦਗੀ ਵਿੱਚ ਦੁੱਖਾਂ ਦੇ ਪਹਾੜ ਵੇਖੇ ਹੋਣ ਉਹ ਆਪਣੀ ਸਫ਼ਲਤਾ ਦੇ ਉੱਤੇ ਪਹੁੰਚ ਕੇ ਵੀ ਸਾਦਗੀ ਦੀ ਮਿਸਾਲ ਦਿੰਦੇ ਹਨ।

---

# ਸਵਾਸਾਂ ਦੀ ਮਾਲਾ....



ਮਾਸਟਰ ਸੰਜੀਵ ਧਰਮਾਣੀ
**9478561356**

ਇਹ ਮੰਨਿਆ ਜਾਂਦਾ ਰਿਹਾ ਹੈ ਕਿ ਜੋ ਪ੍ਰਾਣੀ ਇਸ ਮਾਤ-ਲੋਕ ਧਰਤੀ 'ਤੇ ਆਉਂਦਾ ਹੈ, ਪ੍ਰਭੂ- ਪਰਮੇਸ਼ਵਰ ਵੱਲੋਂ ਉਸਦੇ ਸਵਾਸਾਂ ਦੀ ਗਿਣਤੀ ਨਿਸ਼ਚਿਤ ਕੀਤੀ ਗਈ ਹੁੰਦੀ ਹੈ। ਜਨਮ ਸਮੇਂ ਤੋਂ ਹੀ ਆਰੰਭ ਹੋ ਜਾਂਦੀ ਹੈ ਇਹ ਸਵਾਸਾਂ ਦੀ ਗਿਣਤੀ ਅਤੇ ਜਿਵੇਂ-ਜਿਵੇਂ ਵਕਤ ਬਤੀਤ ਹੁੰਦਾ ਜਾਂਦਾ ਹੈ, ਪ੍ਰਾਣੀ ਤਾਂ ਸੰਸਾਰਕ ਖਿੱਚੋਤਾਣ ਵਿੱਚ ਗ਼ਲਤਾਨ ਹੋਇਆ ਪਿਆ ਰਹਿੰਦਾ ਹੈ, ਪਰ ਉਸਦੇ ਸਵਾਸਾਂ, ਜੋ ਕਿ ਬਹੁਤ ਅਮੋਲਕ ਤੇ ਗਿਣਵੇਂ ਹੁੰਦੇ ਹਨ, ਦੀ ਗਿਣਤੀ ਦਿਨ ਪ੍ਰਤੀ ਦਿਨ, ਹਰ ਘੜੀ, ਹਰ ਪਲ ਘਟਦੀ ਜਾਂਦੀ ਹੈ, ਬਸ ਘਟਦੀ ਹੀ ਜਾਂਦੀ ਹੈ ਤੇ ਸਵਾਸਾਂ ਦੇ ਸੰਪੂਰਨ ਹੁੰਦੇ ਸਾਰ ਹੀ ਪ੍ਰਾਣੀ ਇਸ ਝੂਠੇ ਸੁਫ਼ਨੇ, ਇਸ ਮਿੱਥਿਆ, ਇਸ ਬਾਲੂ ਦੇ ਢੇਰ ਜਿਹੇ, ਇਸ ਫ਼ਾਨੀ, ਅਸਥਾਈ ਸੰਸਾਰ ਤੋਂ ਆਪਣੇ ਕੰਮਾਂ-ਕਾਰਾਂ ਦਾ ਲੇਖਾ ਪੂਰਾ ਕਰਕੇ ਮ੍ਰਿਤੂ ਨੂੰ ਪ੍ਰਾਪਤ ਹੋ ਜਾਂਦਾ ਹੈ। ਇਹ ਸਿਲਸਿਲਾ ਜਨਮ-ਮਰਨ ਦਾ ਅਨੰਤ ਸਮੇਂ ਤੋਂ ਚੱਲਿਆ ਆ ਰਿਹਾ ਹੈ। ਪ੍ਰਾਣੀ ਦੇ ਜਨਮ ਤੋਂ ਬਾਅਦ ਉਸ ਦੀਆਂ ਚੰਗੀਆਂ-ਮਾੜੀਆਂ ਯਾਦਾਂ, ਉਸਦੇ ਵਿਹਾਰ, ਸੰਸਾਰ ਨੂੰ ਉਸ ਦੀ ਦੇਣ ਆਦਿ ਇੱਕ ਯਾਦ ਬਣ ਕੇ ਰਹਿ ਜਾਂਦੇ ਹਨ। ਜਿਨਾਂ ਪ੍ਰਾਣੀਆਂ ਨੇ ਇਸ ਜਗਤ, ਇਸ ਸੰਸਾਰ, ਮਾਨਵਤਾ, ਪਸ਼ੂ-ਪੰਛੀ ਤੇ ਪ੍ਰਾਣੀ ਮਾਤਰ ਦੀ ਭਲਾਈ ਦੇ ਲਈ ਤਨ, ਮਨ ਤੇ ਧਨ ਅਰਪਣ ਕਰਕੇ ਯਥਾਸੰਭਵ ਯੋਗਦਾਨ ਪਾਇਆ ਹੋਇਆ ਹੁੰਦਾ ਹੈ, ਉਹ ਹਮੇਸ਼ਾ ਦੁਨੀਆ ਵਿੱਚ ਸਤਿਕਾਰੇ ਜਾਂਦੇ ਹਨ ਤੇ ਮਾਨਵਤਾ ਲਈ ਵੀ ਪ੍ਰੇਰਨਾ ਸਰੋਤ ਬਣਦੇ ਹਨ। ਚੰਗੇ ਕੰਮਾਂ ਨਾਲ਼ ਹੀ ਵਿਅਕਤੀ ਦੀ ਸੰਸਾਰ ਵਿੱਚ ਪਛਾਣ ਬਣਦੀ ਹੈ। ਇਸ ਲਈ ਮਾਨਵ ਨੂੰ ਚਾਹੀਦਾ ਹੈ ਇਸ ਫ਼ਾਨੀ-ਮਿੱਥਿਆ ਸੰਸਾਰ ਵਿੱਚ ਹੰਕਾਰ ਮੁਕਤ ਹੋ ਕੇ ਪ੍ਰੇਮ-ਪੂਰਵਕ ਵਿਚਰਨ ਕਰੇ ਤੇ ਭਾਵੇਂ ਕਿਸੇ ਵੀ ਦੁਨਿਆਵੀ ਅਹੁਦੇ 'ਤੇ ਪਹੁੰਚਿਆ ਹੋਵੇ, ਉਸ ਨੂੰ ਚਾਹੀਦਾ ਹੈ ਕਿ ਮਾਨਵ ਨੂੰ ਮਾਨਵ ਸਮਝੇ, ਹਰ ਪਸ਼ੂ-ਪੰਛੀ, ਪਰਿੰਦੇ ਤੇ ਸਮਾਜਿਕ ਪ੍ਰਾਣੀ ਦੀ ਇੱਜ਼ਤ ਤੇ ਸਹਾਇਤਾ ਕਰੇ ਤੇ ਕਿਸੇ ਨੂੰ ਵੀ ਮਨ, ਕਰਮ, ਬਚਨ ਤੋਂ ਦੁੱਖ-ਦਰਦ ਨਾ ਪਹੁੰਚਾਵੇ, ਕਿਉਂ ਜੋ ਇਹ ਵੀ ਮੰਨਿਆ ਜਾਂਦਾ ਹੈ ਕਿ ਸਾਡੇ ਚੰਗੇ-ਮਾੜੇ ਕਰਮਾਂ ਦਾ ਫਲ ਸਾਨੂੰ ਇਸ ਧਰਤੀ 'ਤੇ ਅਤੇ ਮ੍ਰਿਤੂ ਤੋਂ ਬਾਅਦ ਵੀ ਮਿਲਦਾ ਹੈ ਤੇ ਉਸ ਦਾ ਚਿਰ ਸਥਾਈ ਪ੍ਰਭਾਵ ਸਾਡੀਆਂ ਆਉਣ ਵਾਲੀਆਂ ਪੀੜੀਆਂ 'ਤੇ ਵੀ ਪੈਂਦਾ ਹੈ। ਇਸ ਲਈ ਮਾਨਵਤਾ ਦੀ ਭਲਾਈ ਇਸੇ ਵਿੱਚ ਹੈ ਕਿ ਘਟਦੀ ਜਾਂਦੀ ਇਸ ਸਵਾਸਾਂ ਦੀ ਲੜੀ ਦੇ ਖ਼ਤਮ ਹੋ ਜਾਣ ਤੋਂ ਪਹਿਲਾਂ-ਪਹਿਲਾਂ ਸੰਸਾਰ ਮਾਨਵਤਾ ਪ੍ਰਾਣੀ ਮਾਤਰ ਲਈ ਕੁਝ ਚੰਗਾ ਕਰਨ ਬਾਰੇ ਸੋਚੀਏ ਤੇ ਕਰੀਏ, ਤਾਂ ਜੋ ਸਾਡੇ ਹਿੱਸੇ ਚੰਗੇ ਕੰਮਾਂ ਦੀ ਸੂਚੀ ਆ ਸਕੇ ਅਤੇ ਦੁਨੀਆ ਦਾ ਤਿਆਗ ਕਰਨ ਸਮੇਂ ਮਾੜੇ ਕੰਮਾਂ ਦਾ ਬੋਝ ਵੀ ਸਾਡੇ ਮਨ 'ਤੇ ਨਾ ਰਹੇ। ਮਾਨਵ ਲਈ ਇਸ ਸਰੀਰਿਕ ਚੋਲੇ ਵਿੱਚ ਰਹਿ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਵੀ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਜੀਵਨ ਦੇ ਆਖ਼ਰੀ ਪੜਾਅ 'ਤੇ ਆ ਕੇ ਮਨ ਵਿੱਚ ਆਤਮ ਗ਼ਿਲਾਨੀ ਨਾ ਹੋਵੇ। ਹਰ ਨਵੀਂ ਸਵੇਰ ਨਵੀਂ ਸੋਚ, ਨਵਾਂ ਗਿਆਨ, ਨਵੀਂ ਆਸ, ਨਵੀਂ ਉਮੰਗ ਲੈ ਕੇ ਆਉਂਦੀ ਹੈ। ਇਸ ਨੂੰ ਸਮਝਣਾ ਅਤੇ ਅਪਣਾਉਣਾ ਕੇਵਲ ਮਾਨਵ ਦੇ ਹੱਥ ਹੈ, ਕਿਉਂਕਿ ਸਵਾਸਾਂ ਦੀ ਮਾਲਾ ਦੇ ਖ਼ਤਮ ਹੁੰਦੇ ਹੀ ਇੱਕ ਦਿਨ ਅਜਿਹਾ ਵੀ ਹੋਵੇਗਾ, ਜਦੋਂ ਸਰੀਰ ਹੀ ਨਹੀਂ ਹੋਵੇਗਾ।'ਮੇਰੀ-ਮੇਰੀ ਕਰਦੇ ਇਹ ਜੀਵਨ ਖ਼ਤਮ ਹੋ ਜਾਣਾ, ਨਾ ਇਸ ਨੇ, ਨਾ ਉਸ ਨੇ, ਕਿਸੇ ਨੇ ਨਹੀਂ ਕੰਮ ਆਉਣਾ।'

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# DIAMOND TRANSPORTATION

DIAMOND Transportation Logistics, Inc.

## Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ



**Good Pay**

**Dedicated Routs**

**Weekly Payment**
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
**209.487.3699**

ਹਰਨੇਕ ਸਿੰਘ ਅਟਵਾਲ
**209.351.5965**

**2850 Loomis Rd, Stockton, CA 95205**



# Worldwide Services, LLC



*Professional Services Under One Roof:*

**Immigration Consultants** (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.

**Income Tax Preparation** (Individual & Business).

**Financial Accounting, Bookkeeping & Payroll Services.**

COVID-19 Stimulus **SBA's PPP & EIDL loans & SVOG grant.**

your CERTIFIED, REGISTERED and BONDED CONSULTANT:

**Ravdeep S. Bhasin** **Cell: 408-613-3876**

www.worldwidesvcs.com | ravdeep@worldwidesvcs.com

**15437 Stratford Drive, Ste 1, San Jose, CA 95124**

# ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

ਭਾਗ-25

**ਸੰਪਾਦਕ: ਸਰਬਜੀਤ ਕੌਰ ਸਰਬ**

ਮੈਂ ਨਿਵਾਣ ਵਿੱਚ ਖੜਾ ਸੀ, ਲੋਕਾਂ ਦੇ ਘਰ ਦਿਖਾਈ ਨਹੀਂ ਸੀ ਦਿੰਦੇ। ਦਰਅਸਲ ਉੱਚੇ ਚੜੇ ਬਿਨਾਂ ਲੋਕਾਂ ਨੂੰ ਸਮਝਣਾ ਬੜਾ ਹੀ ਔਖਾ ਹੈ। ਜਿਤਨੇ ਚਿਰ ਤਕ ਕੋਈ ਮਨੁੱਖ ਮਨੁੱਖਤਾ ਤੋਂ ਉੱਚਾ ਨਾ ਉੱਠੇ , ਤੇ ਮਨੁੱਖਤਾ ਤੋਂ ਉੱਚੇ ਦੇਵਤੇ ਨੇ, ਸੰਤ ਨੇ, ਜਦ ਕੋਈ ਆਪਣੇ ਆਪ ਨੂੰ ਉੱਚਾ ਕਰਦਾ ਹੈ। ਫਿਰ 'ਉੱਚੇ ਚੜ ਕੇ ਦੇਖਿਆ ਘਰ ਘਰ ਇਹ ਅੱਗ' ਜਦੋਂ ਕਿਸੇ ਉੱਚੀ ਇਮਾਰਤ ਉੱਤੇ ਚੜ ਕੇ ਖੜੇ ਹੋ ਕੇ ਦੇਖੀਏ ਤਾਂ ਸਾਰਾ ਸ਼ਹਿਰ ਦਿਖਾਈ ਦੇ ਜਾਂਦਾ ਹੈ। ਕਿਸ ਕਿਸ ਘਰ ਵਿਚੋਂ ਧੂੰਆਂ ਉੱਠ ਰਿਹਾ ਹੈ ਇਹ ਵੀ ਦਿਖਾਈ ਦਿੰਦਾ ਹੈ ਸਾਰੇ ਘਰਾਂ ਵਿੱਚੋਂ ਧੂੰਆਂ ਨਿਕਲ ਰਿਹਾ ਹੋਵੇ ਤਾਂ ਇਹ ਵੀ ਦਿਖਾਈ ਦਿੰਦਾ ਹੈ। ਬਾਬਾ ਫ਼ਰੀਦ ਜੀ ਕਹਿੰਦੇ ਨੇ ਜਿਉਂ ਮੈਂ ਉੱਚਾ ਚੜਿਆ ਹਰ ਘਰ ਵਿੱਚ ਭਾਂਬੜ ਬਲਦੇ ਦਿਖਾਈ ਦਿੱਤੇ'।

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥81॥ ਪੰਨਾ 1382

ਹਰ ਮਨੁੱਖ ਦੁੱਖਾਂ ਦੀ ਭੱਠੀ ਵਿੱਚ ਜਲ ਰਿਹਾ ਹੈ, ਸੜ ਰਿਹਾ ਹੈ, ਪੀੜਤ ਹੈ। ਮਨੁੱਖ ਦੀ ਇਹ ਇਕ ਅਜਿਹੀ ਪੀੜਾ ਹੈ ਜੋ ਰਾਜ ਸੱਤਾ ਨਾਲ ਵੀ ਨਹੀਂ ਮਿਟਣੀ। ਜੇਕਰ ਇਹ ਮਿਟ ਜਾਂਦੀ ਤਾਂ ਸਿੰਘਾਸਨ ਛੱਡਣ ਦੀ ਲੋੜ ਨਹੀਂ ਸੀ ਗੌਤਮ ਬੁੱਧ ਨੂੰ, ਗੋਪੀਚੰਦ ਨੂੰ, ਭਰਥਰੀ ਹਰੀ ਨੂੰ। ਇਹ ਪੀੜਾ ਪਰਿਵਾਰਿਕ ਸਬੰਧਾਂ ਨਾਲ ਵੀ ਨਹੀਂ ਮਿਟੇਗੀ ਵਰਨਾ ਸਾਰੇ ਗ੍ਰਹਿਸਤੀ ਸੁਖੀ ਹੋਣੇ ਚਾਹੀਦੇ ਸਨ।

ਇਹ ਗੱਲ ਵੱਖਰੀ ਹੈ ਕਿ ਪਰਿਵਾਰ ਦੇ ਸਾਰੇ ਸਬੰਧ ਮਨੁੱਖ ਨੇ ਕਿਸੇ ਕਲਪਨਾ ਕਰਕੇ ਜੋੜੇ ਨੇ ਕੀ ਇਹ ਸੁੱਖਾਂ ਦੇ ਸਬੰਧ ਨੇ ਅਤੇ ਇਹ ਹਕੀਕਤ ਹੈ ਕਿ ਮਨੁੱਖ ਨੂੰ ਪੁੱਤਰ ਦੀ ਲੋੜ ਨਹੀਂ ਸੁੱਖ ਦੀ ਲੋੜ ਹੈ। ਉਸੇ ਹੀ ਪੁੱਤਰ ਤੋਂ ਪੀੜਾਂ ਹੋਣ ਲੱਗ ਪਏ, ਦੁੱਖ ਮਿਲਣ ਲੱਗ ਪਵੇ ਤਾਂ ਸਬੰਧ ਦੁਸ਼ਮਣੀ ਵਿੱਚ ਬਦਲ ਜਾਂਦੇ ਨੇ, ਰਿਸ਼ਤਿਆਂ ਵਿਚ ਦਰਾੜ ਪੈ ਜਾਂਦੀ ਹੈ। ਮਨੁੱਖ ਨੂੰ ਭਰਾ ਨਹੀਂ ਚਾਹੀਦਾ ਸੁਖ ਚਾਹੀਦਾ ਹੈ ਅਗਰ ਭਰਾ ਤੋਂ ਦੁੱਖ ਮਿਲ ਰਿਹਾ ਹੈ ਤਾਂ ਭਾਈਚਾਰਾ ਖ਼ਤਮ ਹੋ ਗਿਆ ਹੁਣ ਸਾਹਮਣੇ ਤਾਂ ਫਿਰ ਦੁਸ਼ਮਣ ਖੜਾ। ਮਨੁੱਖ ਨੂੰ ਤਾਂ ਮਾਂ ਬਾਪ ਵੀ ਨਹੀਂ ਚਾਹੀਦੇ ਸੁੱਖ ਚਾਹੀਦਾ ਹੈ। ਮਾਂ ਤੋਂ ਪੀੜਾ ਮਿਲ ਰਹੀ ਹੈ ਪਿਤਾ ਤੋਂ ਵੀ ਪੀੜਾਂ ਮਿਲ ਰਹੀ ਹੈ ਸਬੰਧਾਂ ਵਿੱਚ ਵਿਛੋੜ ਹੁੰਦਿਆਂ ਦੇਰ ਨਹੀਂ ਲੱਗਦੀ। ਜਦ ਕੋਈ ਮਾਂ ਪੁੱਤਰ ਦੇ ਸਮਾਜਿਕ ਜੀਵਨ ਵਿੱਚ ਬਹੁਤ ਮੁਖ਼ਾਲਫਤ ਕਰਨ ਲੱਗ ਪਵੇ ਅਤੇ ਇਹ ਮੁਖ਼ਾਲਫ਼ਤ (ਦਖ਼ਲਅੰਦਾਜ਼ੀ) ਜਦ ਪੁੱਤਰ ਨੂੰ ਦੀਵਾਰ ਦੀ ਤਰਾਂ ਖੜਕਦੀ ਹੈ ਤਾਂ ਪੁੱਤਰ ਵੀ ਸਮਝ ਲੈਂਦਾ ਹੈ ਕਿ ਇਹ ਮਾਂ ਮੇਰੇ ਲਈ ਅੜਚਣ ਹੈ ਇਹ ਨਾ ਹੋਵੇ ਤਾਂ ਠੀਕ ਹੈ, ਇਹ ਇੱਕ ਪਾਸੇ ਹੋ ਜਾਏ ਤਾਂ ਠੀਕ ਹੈ ਅਤੇ ਇਸ ਤਰੀਕੇ ਨਾਲ ਮਨੁੱਖ ਨੂੰ ਪਿਤਾ ਨਹੀਂ ਚਾਹੀਦਾ ਸੁਖ ਚਾਹੀਦਾ ਹੈ ਮਨੁੱਖ ਨੂੰ ਮਿੱਤਰ ਨਹੀਂ ਚਾਹੀਦੇ ਸੁਖ ਚਾਹੀਦੇ ਨੇ ਮਨੁੱਖ ਨੂੰ ਪਤਨੀ ਵੀ ਨਹੀਂ ਚਾਹੀਦੀ ਉਸ ਨੂੰ ਕੇਵਲ ਸੁੱਖ ਚਾਹੀਦਾ ਹੈ। ਯੂਰਪ ਵਿੱਚ 45 ਫ਼ੀਸਦੀ ਸ਼ਾਦੀਆਂ ਦਾ ਤਲਾਕ ਹੋ ਜਾਂਦਾ ਹੈ ਅਤੇ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿੱਚ 83 ਫ਼ੀਸਦੀ ਸ਼ਾਦੀਆਂ ਇਸੇ ਕਾਰਨ ਟੁੱਟ ਜਾਂਦੀਆਂ ਹਨ।



ਮਨੁੱਖ ਨੂੰ ਪਤਨੀ ਨਹੀਂ ਚਾਹੀਦੀ, ਸੁੱਖ ਚਾਹੀਦਾ ਹੈ। ਇਹ ਇੱਕ ਅਟੱਲ ਸਚਾਈ ਹੈ ਚਾਹੇ ਕੋਈ ਕਿੰਨਾ ਆਖੇ ਕਿ ਮੈਨੂੰ ਪਤਨੀ ਨਾਲ ਪਿਆਰ ਹੈ, ਪਤੀ ਨਾਲ ਗਹਿਰਾਈ ਸਾਂਝ ਹੈ। ਮਨੁੱਖ ਨੂੰ ਪਤਨੀ ਨਹੀਂ ਚਾਹੀਦੀ ਸੁੱਖ ਚਾਹੀਦਾ ਹੈ। ਪਤਨੀ ਨੂੰ ਪਤੀ ਨਹੀਂ ਚਾਹੀਦਾ ਸੁਖ ਚਾਹੀਦਾ ਹੈ, ਪਤੀ ਤੋਂ ਕਲੇਸ਼ ਮਿਲ ਰਿਹਾ ਹੈ ਰਿਸ਼ਤਿਆਂ ਵਿਚ ਦਰਾੜ ਪੈਂਦੀ ਹੈ ਤਾਂ ਤਲਾਕ ਤਕ ਨੌਬਤ ਪਹੁੰਚਦਿਆਂ ਦੇਰ ਨਹੀਂ ਲੱਗਦੀ। ਮਨੁੱਖ ਨੂੰ ਧਨ ਵੀ ਨਹੀਂ ਚਾਹੀਦਾ, ਉਸ ਵਿਚ ਵੀ ਉਹ ਸੁੱਖ ਭਾਲਦਾ ਹੈ। ਕਿਸੇ ਡਾਕੂ ਨੇ ਆ ਕੇ ਸੀਨੇ ਉੱਤੇ ਪਿਸਤੌਲ ਰੱਖਿਆ ਅਤੇ ਆਖਿਆ ਕਿ ਜੇਬ ਵਿੱਚ ਜੋ ਧਨ ਹੈ ਦੇ ਦੇ। ਇਹ ਧਨ ਲੈ ਮੈਨੂੰ ਛੱਡ ਦੇ। ਮਨੁੱਖ ਨੂੰ ਜੀਵਨ ਨਹੀਂ ਚਾਹੀਦਾ, ਜ਼ਿੰਦਗੀ ਨਹੀਂ ਚਾਹੀਦੀ, ਉਸ ਵਿਚ ਵੀ ਸੁੱਖ ਚਾਹੀਦਾ ਹੈ ਜਿਸ ਦਿਨ ਪਤਾ ਚੱਲ ਜਾਏ ਕਿ ਜ਼ਿੰਦਗੀ ਹੀ ਪੀੜਾ ਹੈ, ਜ਼ਿੰਦਗੀ ਹੀ ਦੁੱਖ ਹੈ, ਤਾਂ ਖ਼ੁਦਕੁਸ਼ੀ ਕਰਦਿਆਂ ਵੀ ਦੇਰ ਨਹੀਂ ਲੱਗਦੀ।

ਇਸ ਤਰਾਂ ਦੇ ਬੰਦੇ ਜ਼ਿੰਦਗੀ ਵਿੱਚ ਦੇਖਣ ਨੂੰ ਮਿਲਣਗੇ ਜਿਨਾਂ ਨੇ ਮਾਂ ਬਾਪ ਨੂੰ ਛੱਡਿਆ ਹੋਇਆ ਹੈ ਕਿਸੇ ਨੇ ਭਰਾਵਾਂ ਨੂੰ ਛੱਡਿਆ ਹੋਇਆ ਹੈ ਕਿਸੇ ਨੇ ਆਪਣੇ ਸਾਕ ਸਬੰਧੀ, ਮਿੱਤਰ, ਪੁੱਤਰਾਂ, ਪਤਨੀ, ਪਤੀ ਜਾਂ ਕਿਸੇ ਨੇ ਧਨ ਸੰਪਦਾ ਨੂੰ ਛੱਡਿਆ ਹੈ। ਪਰ ਕਿਸੇ ਨੇ ਤਾਂ ਆਪਣੀ ਜ਼ਿੰਦਗੀ ਨੂੰ ਵੀ ਛੱਡਿਆ ਹੋਇਆ ਹੈ, ਉਸ ਦਾ ਤਿਆਗ ਕਰ ਦਿੱਤਾ ਹੈ, ਨਹੀਂ ਚਾਹੀਦੀ ਏਹ ਜ਼ਿੰਦਗੀ।

ਮਨੁੱਖ ਦੇ ਪ੍ਰਾਣਾਂ ਵਿੱਚ ਸੁਖ ਦੀ ਪਿਆਸ ਹੈ, ਤਲਾਸ਼ ਤਾਂ ਹੈ ਸੁਖ ਦੀ ਹੈ, ਪਰ ਝੋਲੀ ਵਿਚ ਸਿਵਾਏ ਦੁੱਖਾਂ ਦੇ ਕੁਝ ਨਹੀਂ ਹੈ। ਕਹਿੰਦੇ ਨੇ ਤਲਾਸ਼ ਹੀ ਲਾਜ਼ਮੀ ਨਹੀਂ, ਤਲਾਸ਼ ਸਹੀ ਥਾਂ ਉੱਤੇ ਕੀਤੀ ਜਾਵੇ ਇਹ ਬੜੀ ਲਾਜ਼ਮੀ ਹੈ। ਜਿਵੇਂ ਕੋਈ ਰੇਤ ਨੂੰ ਕੋਹਲੂ ਵਿੱਚ ਪਾ ਕੇ ਤੇਲ ਕੱਢਣ ਦੀ ਕੋਸ਼ਿਸ਼ ਕਰੇ, ਚਾਹੀਦਾ ਤਾਂ ਤੇਲ ਹੈ, ਪਰ ਰੇਤ ਨੂੰ ਕੋਲੀ ਵਿਚ ਪਾ ਕੇ ਕਿਧਰੋਂ ਤੇਲ ਨਿਕਲੇਗਾ। ਤੇਲਾਂ ਨੂੰ ਪੀੜਨ ਨਾਲ ਹੀ ਤੇਲ ਨਿਕਲੇਗਾ, ਤਲਾਸ਼ ਤਾਂ ਠੀਕ ਹੈ ਪਰ ਚਾਹਤ ਦਾ ਠੀਕ ਹੋਣਾ ਹੀ ਕਾਫ਼ੀ ਨਹੀਂ। ਚਾਹਤ ਦੀ ਜਿੱਥੋਂ ਸਹੀ ਢੰਗ ਨਾਲ ਪੂਰਤੀ ਹੋ ਸਕੇ ਇਸ ਦਾ ਬੋਧ ਹੋਣਾ ਵੀ ਲਾਜ਼ਮੀ ਹੈ।ਇਸ ਵਾਸਤੇ ਇੱਕ ਹੀ ਦੁੱਖ ਹੈ ਅਗਿਆਨ, ਇੱਕੋ ਹੀ ਪੀੜਾ ਹੈ- ਅਗਿਆਨ, ਇੱਕੋ ਹੀ ਜ਼ਿੰਦਗੀ ਦੀ ਮੁਸੀਬਤ ਹੈ-ਅਗਿਆਨ, ਇਕੋ ਹੀ ਮੂਰਖਤਾ ਹੈ-ਅਗਿਆਨ, ਇਨਾਂ ਸਭਨਾਂ ਵਿੱਚੋਂ ਜ਼ਿੰਦਗੀ ਦਾ ਇੱਕ ਆਨੰਦ ਹੈ- ਗਿਆਨ। ਗਿਆਨ ਹੀ ਭਗਵਾਨ ਹੈ, ਭਾਰਤ ਦੇ ਰਿਸ਼ੀ ਬਹੁਤ ਪ੍ਰਾਚੀਨ ਸਮੇਂ ਤੋਂ ਕਹਿ ਰਹੇ ਹਨ ਕਿ ਵੇਦ ਹੀ ਭਗਵਾਨ ਹੈ। ਇੱਕੋ ਹੀ ਮੂਰਖਤਾ ਹੈ, ਅਗਿਆਨ ਇੱਕੋ ਹੀ ਆਨੰਦ ਹੈ, ਗਿਆਨ। ਗਿਆਨ ਹੀ ਭਗਵਾਨ ਹੈ ਵੇਦ ਹੀ ਭਗਵਾਨ ਹੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਕਹਿੰਦੇ ਹਨ :

**ਗਿਆਨ ਗੁਰੂ ਆਤਮ ਉਪਦੇਸੁ ਨਾਮ ਬਿਭੂਤ ਲਗਾਓ।।**

ਇਸ ਤਰਾਂ ਸ਼ਬਦ ਗਿਆਨ ਉਹ ਗਿਆਨ ਹੈ ਜੋ ਮਨੁੱਖ ਨੂੰ ਉਸ ਅਕਾਲ ਪੁਰਖ ਵਿਚ ਅਭੇਦ ਹੋ ਜਾਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਇਕ ਸ਼ਬਦ ਹੀ ਹੈ ਜੋ ਮਨੁੱਖ ਨੂੰ ਗਿਆਨ ਪ੍ਰਦਾਨ ਕਰਦਾ ਹੈ। ਸ਼ਬਦ ਤੋਂ ਬਿਨਾਂ ਮਨੁੱਖ ਦਾ ਜੀਵਨ ਪਸ਼ੂਆਂ ਦੀ ਤਰਾਂ ਹੈ ਜੋ ਅਚੇਤਨਤਾ ਵਿੱਚ ਜੀਅ ਕੇ ਆਪਣੀ ਜ਼ਿੰਦਗੀ ਦਾ ਸਮਾਂ ਖ਼ਰਾਬ ਕਰ ਰਹੇ ਹਨ। ਜਦੋਂ ਤਕ ਮਨੁੱਖ ਸ਼ਬਦ ਦੇ ਲੜ ਨਹੀਂ ਲੱਗੇਗਾ ਉਦੋਂ ਤਕ ਉਹ ਜ਼ਿੰਦਗੀ ਵਿੱਚ ਦੁੱਖ ਹੀ ਪ੍ਰਾਪਤ ਕਰੇਗਾ ਜਦੋਂ ਜ਼ਿੰਦਗੀ ਜਿਊਣ ਦਾ ਸਲੀਕਾ ਮਿਲ ਗਿਆ ਤਦ ਉਸ ਦੀ ਮੈਂ ਮੈਂ ਵਾਲੀ ਦੌੜ ਖਤਮ ਹੋ ਜਾਵੇਗੀ ਅਤੇ ਤੂੰ ਤੂੰ ਵਾਲੀ ਧੁਨ ਸ਼ੁਰੂ ਹੋ ਜਾਵੇਗੀ। ਜਦੋਂ ਗੁਰੂ ਗਿਆਨ ਦਾ ਉਪਦੇਸ਼ ਦਿੰਦਾ ਹੈ ਤਦ ਉਹ ਨਾਮ ਦੀ ਵੀ ਬਿਭੂਤ ਵੀ ਲਾ ਦਿੰਦਾ ਹੈ। ਨਾਮ, ਅਕਾਲ ਪੁਰਖ ਤੱਕ ਪੁੱਜਣ ਦਾ ਇੱਕ ਰਸਤਾ ਹੈ ਜੋ ਸ਼ਬਦ ਦੇ ਗਿਆਨ ਨਾਲ ਹੀ ਮਿਲਦਾ ਹੈ ਨਾ ਕਿ ਕਿਸੇ ਦੇਹਧਾਰੀ ਮਨੁੱਖ ਨੂੰ ਪੂਜਣ ਨਾਲ।

# ਪਹਾੜਾਂ ਦੀਆਂ ਟੀਸੀਆਂ 'ਤੇ ਕਾਰ ਸੇਵਾ

## ਗੁਰੂ ਕੇ ਲਾਹੌਰ ਤੇ ਕਿਲਾ ਅਨੰਦਗੜ

**ਸ਼ਮਸ਼ੇਰ ਸਿੰਘ ਜੇਠੂਵਾਲ**

ਬਾਬਾ ਸੇਵਾ ਸਿੰਘ ਜੀ ਪਿੰਡ ਨੌਰਾਂ ਜ਼ਿਲਾ ਜਲੰਧਰ ਤੋਂ ਸੰਨ 1934 ਵਿੱਚ ਅਨੰਦਪੁਰ ਸਾਹਿਬ ਦੇ ਦਰਸ਼ਨ ਦੀਦਾਰ ਲਈ ਗਏ। ਜਦੋਂ ਕਿਲੇ ਦੇ ਦਰਸ਼ਨ ਕਰਕੇ ਬਾਉਲੀ ਸਾਹਿਬ ਤੋਂ ਜਲ ਲੈ ਕੇ ਬਾਹਰ ਆਏ ਤਾਂ ਉੱਥੇ ਇੱਕ ਮਾਈ ਨੇ ਸਵਾਲ ਕੀਤਾ ਕਿ ਤੁਸੀ ਇਨਾਂ ਢੱਠੇ ਹੋਏ ਖੋਲ਼ਿਆਂ ਨੂੰ ਕਿਉਂ ਮੱਥੇ ਟੇਕ ਰਹੇ ਹੋ? ਬਾਬਾ ਜੀ ਨੇ ਆਖਿਆ, 'ਮਾਤਾ ਇਹ ਖੋਲ਼ੇ ਨਹੀਂ, ਇਹ ਤੇ ਅਣਖੀਲੇ ਯੋਧਿਆਂ ਦੀ ਯਾਦਗਰ ਹੈ'। ਉਸ ਮਾਤਾ ਵੱਲੋਂ ਕਿਲੇ ਪ੍ਰਤੀ ਬੋਲੇ ਸ਼ਬਦਾਂ ਨੇ ਬਾਬਾ ਜੀ ਦੇ ਨੇਤਰਾਂ 'ਚੋਂ ਅੱਥਰੂ ਵਹਾ ਦਿੱਤੇ। ਬਾਬਾ ਸੇਵਾ ਸਿੰਘ ਜੀ ਨੇ ਬਚਨ ਕੀਤਾ ਮਾਈ 'ਸਤਿਗੁਰਾਂ ਨੇ ਚਾਹਿਆ ਤੇ ਇੱਥੇ ਫਿਰ ਕੇਸਰੀ ਨਿਸ਼ਾਨ ਝੂਲਣਗੇ'। ਬਾਬਾ ਸੇਵਾ ਸਿੰਘ ਜੀ ਨੂੰ ਉਸ ਸਮੇਂ ਇੱਕ ਭਜਨੀਕ ਰੂਹ ਸੰਤ ਘਨਈਆ ਸਿੰਘ ਜੀ ਦਾ ਸਾਥ ਮਿਲਿਆ, ਜਿਨਾਂ ਨੇ ਪਹਾੜਾਂ ਦੀਆਂ ਚੋਟੀਆਂ ਤੇ ਕਠਿਨ ਸੇਵਾ ਸ਼ੁਰੂ ਕਰਨ ਦੀ ਅਰਦਾਸ ਕਲਗੀਧਰ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਕੀਤੀ। ਸਿੱਖ ਰਾਜ ਖੁੱਸਣ ਤੋਂ ਇੱਕ ਸਦੀ ਬਾਅਦ ਇਨਾਂ ਪਾਵਨ ਅਸਥਾਨਾਂ ਦੀ ਸੇਵਾ ਆਰੰਭ ਕੀਤੀ। ਉਸ ਸਮੇਂ ਉੱਥੇ ਨਾ ਕੋਈ ਪੱਕਾ ਰਸਤਾ ਸੀ, ਨਾ ਹੀ ਕੋਈ ਵਾਹਨ, ਪਹਾੜੀਆਂ ਕੱਚੀਆਂ ਹੋਣ ਕਾਰਨ ਖੁਰ ਜਾਂਦੀਆਂ ਸਨ।

ਖੁਰਦੀਆਂ ਪਹਾੜੀਆਂ ਨੂੰ ਸੰਭਾਲਣ ਲਈ ਬਹੁਤ ਵੱਡੀ ਤਾਦਾਦ 'ਚ ਸਮੱਗਰੀ ਦੀ ਲੋੜ ਹੁੰਦੀ ਸੀ। ਬਾਬਾ ਜੀ ਨੇ ਉਗਰਾਹੀ ਦੀ ਸ਼ੁਰੂਆਤ ਆਪਣੇ ਨਗਰ ਨੌਰਾਂ ਤੋਂ ਕੀਤੀ। ਪਿੰਡ ਵਾਸੀਆਂ ਨੂੰ ਪ੍ਰੇਰਿਆ, ਸੰਤ ਬਾਬਾ ਘਨੱਈਆ ਸਿੰਘ ਜੀ ਪਠਲਵੇ ਵਾਲਿਆਂ ਪੂਰਨ ਸਹਿਯੋਗ ਦਿੱਤਾ। ਬਾਬਾ ਜੀ ਨੇ ਦਿਨ-ਰਾਤ ਇੱਕ ਕਰਕੇ ਜੰਗਲ ਵਿੱਚ ਮੰਗਲ ਲਾ ਕੇ ਸਤਿਨਾਮੁ ਵਾਹਿਗੁਰੂ ਜੀ ਦੇ ਜਾਪ ਸ਼ੁਰੂ ਕਰਵਾਏ।



ਗੁ. ਕਿਲਾ ਅਨੰਦਗੜ੍ਹ ਸਾਹਿਬ (ਪੁਰਾਣਾ ਕਿਲਾ ਸਾਹਿਬ)



ਨਾਮ-ਬਾਣੀ ਸਦਕਾ ਇੱਥੇ ਗੁਰੂ ਦੀ ਮਹਾਨ ਪਰੰਪਰਾ ਲੰਗਰ ਆਰੰਭ ਕੀਤੇ। ਸੰਗਤ ਨੂੰ ਗੁਰੂ ਦਾ ਰੂਪ ਜਾਣ ਸੇਵਾ ਕੀਤੀ, ਖ਼ੁਦ ਭਾਵੇਂ ਕਈ ਵਾਰ ਭੁੱਖਣ-ਭਾਣੇ ਰਹਿੰਦੇ ਰਹੇ ਪਰ ਸੰਗਤ ਨੂੰ ਕਿਸੇ ਵੀ ਚੀਜ਼ ਦੀ ਤੋਟ ਨਾ ਆਉਣ ਦਿੰਦੇ। ਇਮਾਰਤਾਂ ਦੀ ਸੇਵਾ ਸਮੇਂ ਵੀ ਸਿਰ ਤੇ ਟੋਕਰੀਆਂ ਢੋਅ-ਢੋਅ ਸੰਗਤ ਦੀ ਅਗਵਾਈ ਕਰਦੇ। ਇੱਥੇ ਹੀ ਸੰਨ 1963 ਨੂੰ ਬਾਬਾ ਸੇਵਾ ਸਿੰਘ ਜੀ ਕੋਲ ਬਾਬਾ ਲਾਭ ਸਿੰਘ ਆਏ ਸਨ। ਸਤਿਗੁਰਾਂ ਨੇ ਐਸੀ ਰਹਿਮਤ ਵਰਸਾਈ, ਇਹ ਸੇਵਾਵਾਂ ਬੁਲੰਦੀਆਂ ਤੱਕ ਪਹੁੰਚੀਆਂ ਜਿਨਾਂ ਬਾਰੇ ਲਫ਼ਜ਼ਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਰੂਹਾਨੀਅਤ ਦਾ ਉਹ ਸਕੂਨ ਹੈ ਜੋ ਕੇਵਲ ਮਹਿਸੂਸ ਕੀਤਾ ਜਾ ਸਕਦਾ। ਇਸ ਨੂੰ ਮਹਿਸੂਸ ਕਰਨ ਦੇ ਲਈ ਪਹਿਲਾਂ ਬਾਬਾ ਲਾਭ ਸਿੰਘ ਜੀ ਦੀ ਸੋਚ ਦੇ ਧਾਰਨੀ ਹੋਣਾ ਪੈਣਾ ਹੈ। ਜਿਨਾਂ ਦੀ ਰੂਹ ਅਕਾਲ ਪੁਰਖ ਨਾਲ ਇੱਕਮਿਕ ਸੀ ਤੇ ਉਨਾਂ ਵਿੱਚ ਸੇਵਾ ਦੀ ਭਾਵਨਾ ਐਨੀ ਜ਼ਿਆਦਾ ਸੀ ਕਿ ਉਨਾਂ ਨੇ ਆਪਣਾ ਸਾਰਾ ਜੀਵਨ ਇਸ ਦੇ ਲੇਖੇ ਲਾ ਦਿੱਤਾ। ਬੇਸ਼ੱਕ ਇਸ ਸੇਵਾ ਦੀ ਕਿਰਤ ਨੂੰ ਨਿਭਾਉਂਦਿਆਂ ਪਹਾੜਾਂ ਦੀਆਂ ਟੀਸੀਆਂ ਤੇ ਰਮਣੀਕ ਅਸਥਾਨ 'ਗੁਰੂ ਕੇ ਲਾਹੌਰ', 'ਗੁਰਦੁਆਰਾ ਬਿਭੌਰ ਸਾਹਿਬ' ਕੀਰਤਪੁਰ ਸਾਹਿਬ ਆਦਿ ਇਨਾਂ ਸੇਵਾਵਾਂ ਦੌਰਾਨ ਕਠਿਨਾਈਆਂ ਵੀ ਬਹੁਤ ਆਈਆਂ ਪਰ ਬਾਬਾ ਜੀ ਅਡੋਲ ਰਹੇ। ਹਰ ਸਮੇਂ ਵਾਹਿਗੁਰੂ (ਗੁਰਮੰਤ੍ਰ) ਦਾ ਜਾਪ ਕਰਦੇ ਤੇ ਸੇਵਾਦਾਰਾਂ ਨੂੰ ਪ੍ਰੇਰਨਾ ਕਰਦੇ। ਸੰਗਤਾਂ ਵੀ ਬਾਬਾ ਜੀ ਦਾ ਉੱਚਾ-ਸੁੱਚਾ ਤਿਆਗੀ ਜੀਵਨ, ਨਿਸ਼ਕਾਮ ਸੇਵਾ ਦੇਖ ਕੇ ਬਹੁਤ ਪ੍ਰਸੰਨ ਹੁੰਦੀਆਂ। ਸਾਰੀ ਉਮਰ ਗੁਰੂਘਰ ਨੂੰ ਸਮਰਪਿਤ ਕਰਕੇ ਮਹਾਂਪੁਰਸ਼ਾਂ ਨੇ ਜਿੱਥੇ ਸੰਗਤਾਂ ਲਈ ਅਨੇਕਾਂ ਪਾਵਨ ਗੁਰਧਾਮਾਂ ਦੀ ਕਾਰ ਸੇਵਾ ਕਰਵਾਈ ਉੱਥੇ ਪਹਾੜੀ ਰਸਤਿਆਂ ਦੀਆਂ ਖੱਡਾਂ ਤੇ ਪੁਲ ਕੱਚੀਆਂ ਪਟੜੀਆਂ ਨੂੰ ਪੱਕਾ ਕਰਵਾਇਆ, ਅਨੇਕਾਂ ਸਰਾਂਵਾਂ ਬਣਵਾਈਆਂ। ਜਨਵਰੀ 1982 'ਚ 92 ਸਾਲ ਦੀ ਉਮਰ ਵਿੱਚ ਬਿਭੌਰ ਸਾਹਿਬ ਵਿਖੇ ਸੰਤ ਬਾਬਾ ਸੇਵਾ ਸਿੰਘ ਜੀ ਗੁਰੂ ਚਰਨਾਂ 'ਚ ਜਾ ਬਿਰਾਜੇ, ਜਿਸ ਤੋਂ ਬਾਅਦ ਬਾਬਾ ਭਾਗ ਸਿੰਘ, ਬਾਬਾ ਲਾਭ ਸਿੰਘ ਜੀ ਨੇ ਇਹ ਸੇਵਾਵਾਂ ਬਾਖ਼ੂਬੀ ਨਿਭਾਈਆਂ। ਬਾਬਾ ਭਾਗ ਸਿੰਘ ਜੀ ਵੀ 22 ਸਤੰਬਰ 1987 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਨਾਂ ਤੋਂ ਬਾਅਦ ਬਾਬਾ ਲਾਭ ਸਿੰਘ ਜੀ ਆਏ, ਜਿਨਾਂ ਆਪਣੀ ਜ਼ਿੰਦਗੀ ਵਿੱਚ ਸੱਤ ਵੱਡੇ ਪੁੱਲ ਬਣਵਾਏ। ਜਿਨਾਂ 'ਚ ਦਸ ਕਰੋੜ ਰੁਪਏ ਦੀ ਲਾਗਤ ਨਾਲ ਸ਼ਾਹਪੁਰ ਬੇਲਾ ਦਾ ਸਤਲੁਜ ਦਰਿਆ 'ਤੇ ਬਣਿਆ ਪੁੱਲ ਮੁੱਖ ਕਾਰਜ ਹੈ। ਇਨਾਂ ਸੰਤਾਂ ਦੁਆਰਾ ਕੀਤੀ ਸੇਵਾ ਕੇਵਲ ਅਕਾਲ ਰੂਪ ਪ੍ਰਮਾਤਮਾ ਜਾਣਦਾ ਹੈ। ਰਜਾਈਆਂ ਵਿੱਚ ਬੈਠ ਕਾਰ ਸੇਵਾ ਵਾਲੇ ਸਾਧੂਆਂ ਖ਼ਿਲਾਫ਼ ਗੱਲਾਂ ਕਰਨੀਆਂ ਬਹੁਤ ਸੌਖੀਆਂ ਹਨ, ਜੋ ਅਸੀਂ ਸਾਰੇ ਕਰਦੇ ਹਾਂ। ਪਰ ਕਦੇ ਸੋਚਿਓ ਫ਼ਿਰੰਗੀ ਦੇ ਰਾਜ ਵੇਲੇ ਖੰਡਰ ਬਣੇ ਸਿੱਖਾਂ ਦੇ ਇਨਾਂ ਪਾਵਨ ਅਸਥਾਨਾਂ ਦੀਆਂ ਸੇਵਾਵਾਂ ਆਰੰਭ ਕਰਨੀਆਂ ਕੋਈ ਸੌਖਾ ਕਾਰਜ ਨਹੀਂ ਸੀ।

# ਆਲੀਆ

**ਡਾ. ਬੀਨਾ ਬੁਦਕੀ**
**ਪੰਜਾਬੀ ਰੂਪ: ਹਰਿੰਦਰ ਸਿੰਘ ਗੋਗਨਾ**

ਰਹਿਮਾਨ ਦਾ ਨਾਂ ਪੂਰੇ ਇਲਾਕੇ ਵਿੱਚ ਮਸ਼ਹੂਰ ਸੀ। ਪੀੜ੍ਹੀ ਦਰ ਪੀੜ੍ਹੀ ਉਸ ਦਾ ਦੁੱਧ ਵੇਚਣ ਦਾ ਕੰਮ ਸੀ। ਉਸ ਦੇ ਪਿਤਾ ਤੇ ਦਾਦੇ ਦੀ ਲੋਕ ਅੱਜ ਵੀ ਮਿਸਾਲ ਦਿੰਦੇ ਹਨ। ਦੁੱਧ ਵਿੱਚ ਪਾਣੀ ਮਿਲਾਉਣਾ ਉਹ ਠੀਕ ਨਹੀਂ ਸਮਝਦੇ ਸੀ। ਉਸ ਦੀ ਦੁਕਾਨ ਦਾ ਦਹੀਂ ਮੰਨੋ ਮਲਾਈਦਾਰ ਮੱਖਣ ਹੋਵੇ। ਰਹਿਮਾਨ ਨਮਾਜ਼ੀ ਸੀ। ਪੰਜ ਵਕਤ ਦੀ ਨਮਾਜ਼ ਪੜ੍ਹਦਾ। ਸਭ ਨੂੰ ਦੁਆ ਸਲਾਮ ਕਰਦਾ ਸੀ।

ਰਹਿਮਾਨ ਦੀ ਆਮਦਨੀ ਜ਼ਿਆਦਾ ਨਹੀਂ ਸੀ। ਬਸ ਰੋਜ਼ੀ ਰੋਟੀ ਠੀਕ ਠਾਕ ਚੱਲ ਰਹੀ ਸੀ। ਉਸ ਦੇ ਦੋ ਬੇਟੇ ਤੇ ਤਿੰਨ ਬੇਟੀਆਂ ਸਨ। ਉਹ ਸਭ ਨੂੰ ਪੜ੍ਹਾਉਣਾ ਚਾਹੁੰਦਾ ਸੀ। ਰਹਿਮਾਨ ਨੂੰ ਅਹਿਸਾਸ ਹੋ ਗਿਆ ਸੀ ਕਿ ਅੱਜ ਦੇ ਜ਼ਮਾਨੇ ਵਿੱਚ ਦੋਹਾਂ ਬੇਟਿਆਂ ਵਿੱਚੋਂ ਉਸ ਦਾ ਸਾਥ ਕੋਈ ਨਹੀਂ ਦੇਵੇਗਾ। ਉਸ ਦਾ ਕਾਰੋਬਾਰ ਉਸੇ ਨਾਲ਼ ਹੀ ਖ਼ਤਮ ਹੋ ਜਾਵੇਗਾ। ਵੱਡਾ ਬੇਟਾ ਪਰਵੇਜ਼ ਉਂਝ ਤਾਂ ਪੜ੍ਹਨ ਲਿਖਣ ਵਿੱਚ ਬੜਾ ਤੇਜ਼ ਸੀ ਪਰ ਅਮੀਰ ਲੜਕਿਆਂ ਦੀ ਸੰਗਤ ਵਿੱਚ ਉਹ ਵਿਗੜਨ ਲੱਗਾ ਸੀ। ਕਦੇ ਕਦਾਈਂ ਜਦ ਵੀ ਦੁਕਾਨ ਵਿੱਚ ਆਉਂਦਾ ਤਾਂ ਮੌਕਾ ਮਿਲਦੇ ਹੀ ਗੱਲੇ ਵਿੱਚੋਂ ਪੈਸੇ ਸਾਫ਼ ਕਰ ਦਿੰਦਾ।

ਪਹਿਲਾਂ ਰਹਿਮਾਨ ਨੇ ਸੋਚਿਆ ਕਿ ਪਰਵੇਜ਼ ਅਜਿਹਾ ਨਹੀਂ ਕਰ ਸਕਦਾ। ਫਿਰ ਇੱਕ ਦਿਨ ਪ੍ਰੀਖਿਆ ਲੈਣ ਲਈ ਉਸ ਨੇ ਕਾਲਜ ਤੋਂ ਆਉਂਦੇ ਸਮੇਂ ਪਰਵੇਜ਼ ਨੂੰ ਬੁਲਾਇਆ ਤੇ ਕਿਹਾ, 'ਬੇਟਾ ਜ਼ਰਾ ਦੁਕਾਨ ਵੇਖੀਂ, ਮੈਂ ਸਾਹਮਣੇ ਸ਼ਾਹਮੀਰੀ ਦਾ ਹਿਸਾਬ ਕਰ ਕੇ ਆਇਆ।'

ਪਹਿਲਾਂ ਤਾਂ ਪਰਵੇਜ਼ ਹੈਰਾਨ ਹੋਇਆ ਕਿ ਅੱਜ ਅਚਾਨਕ ਅੱਬੂ ਦੁਕਾਨ 'ਤੇ ਉਸ ਨੂੰ ਬਿਠਾ ਕੇ ਕਿਉਂ ਜਾ ਰਹੇ ਹਨ। ਪਰ ਫਿਰ ਉਸ ਨੇ ਇਸ ਖ਼ਿਆਲ ਨੂੰ ਹਵਾ ਵਿੱਚ ਉਡਾ ਦਿੱਤਾ ਤੇ ਫਟਾਫਟ ਗੱਲੇ ਵਿੱਚੋਂ ਹਜ਼ਾਰ ਰੁਪਏ ਕੱਢ ਲਏ ਤੇ ਦੁਕਾਨ ਦੇ ਬਾਹਰ ਕੁਰਸੀ 'ਤੇ ਬਹਿ ਗਿਆ।

ਰਹਿਮਾਨ ਵੀ ਜਲਦੀ ਨਾਲ਼ ਵੇਖਣ ਲਈ ਗੱਲਾ ਖੋਲ ਕੇ ਪੈਸੇ ਗਿਣਨ ਲੱਗਾ। ਹਜ਼ਾਰ ਰੁਪਏ ਘੱਟ ਵੇਖ ਕੇ ਉਸ ਦੇ ਮਨ ਨੂੰ ਸੱਟ ਲੱਗੀ ਕਿ ਉਸ ਦਾ ਬੇਟਾ ਚੋਰੀ ਕਰਨ ਲੱਗ ਪਿਆ ਹੈ।

ਰਹਿਮਾਨ ਬੁਝੇ ਕਦਮਾਂ ਨਾਲ਼ ਰਾਤ ਨੂੰ ਜਦੋਂ ਘਰ ਵਿੱਚ ਵੜਿਆ ਉਸ ਦਾ ਚਿਹਰਾ ਵੇਖਦੇ ਹੀ ਪਤਨੀ ਸਲਮਾ ਬੋਲੀ, 'ਕੀ ਹੋਇਐ..ਚਿਹਰਾ ਕਿਉਂ ਉਦਾਸ ਐ.?'

ਕੁਝ ਨਹੀਂ?

'ਕੁਝ ਤਾਂ ਹੈ... ਦੱਸੋ ਤਾਂ ਕੀ ਗੱਲ ਐ?'

ਰਹਿਮਾਨ ਖ਼ਾਮੋਸ਼ ਹੀ ਰਿਹਾ। ਉਹ ਅੰਦਰ ਹੀ ਅੰਦਰ ਸੋਚਦਾ ਰਿਹਾ ਕਿ ਕਿਵੇਂ ਪਰਵੇਜ਼ ਨੂੰ ਠੀਕ ਰਸਤੇ 'ਤੇ ਲਿਆਵੇ। ਸਮਾਂ ਲੰਘਦਾ ਗਿਆ ਤੇ ਪਰਵੇਜ਼ ਦਾ ਦੁਕਾਨ ਵਿੱਚ ਆਉਣਾ ਜਾਣਾ ਜਾਰੀ ਰਿਹਾ, ਪਰ ਹੁਣ ਰਹਿਮਾਨ ਗੱਲੇ ਨੂੰ ਤਾਲਾ ਲਗਾ ਕੇ ਰੱਖਦਾ ਸੀ। ਤਾਲਾ ਦੇਖ ਕੇ ਪਰਵੇਜ਼ ਚਿੜ ਜਾਂਦਾ।

ਤਦੇ ਇੱਕ ਦਿਨ ਜਮਾਤ ਵਾਲੇ ਆਏ ਤੇ ਇੱਕ ਬੇਟੇ ਨੂੰ ਮੰਗਣ ਲੱਗੇ। ਰਹਿਮਾਨ ਉਨ੍ਹਾਂ ਦੀ ਮੰਗ ਨੂੰ ਸੁਣ ਕੇ ਹੈਰਾਨ ਰਹਿ ਗਿਆ। ਉਸ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਧਰਮ ਦੇ ਇਨ੍ਹਾਂ ਠੇਕੇਦਾਰਾਂ ਦੇ ਹਵਾਲੇ ਆਪਣੇ ਬੇਟੇ ਨੂੰ ਕਰੇ ਜਾਂ ਨਾ।

ਪਿਛਲੇ ਕਈ ਮਹੀਨਿਆਂ ਤੋਂ ਘਾਟੀ ਵਿੱਚ ਕੁਝ ਹਰਕਤਾਂ ਹੋ ਰਹੀਆਂ ਸਨ। ਜਿਹਾਦ ਦੇ ਨਾਂ 'ਤੇ ਜਲੂਸ, ਨਾਅਰੇਬਾਜ਼ੀ ਰੋਜ਼ ਦੀਆਂ ਗੱਲਾਂ ਹੋ ਗਈਆਂ ਸਨ। ਕਈ ਜਵਾਨ ਲੜਕੇ ਘਾਟੀ ਤੋਂ ਕਈ ਮਹੀਨਿਆਂ ਲਈ ਗਾਇਬ ਹੋ ਜਾਂਦੇ। ਮਾਂ ਬਾਪ ਉਨ੍ਹਾਂ ਨੂੰ ਮੁਜਾਹਿਦ ਦਾ ਨਾਂ ਦੇ ਦਿੰਦੇ ਤੇ ਇਹੋ ਆਖਦੇ ਕਿ ਉਨ੍ਹਾਂ ਨੇ ਆਪਣਾ ਪੁੱਤਰ ਜਿਹਾਦ ਲਈ ਦੇ ਦਿੱਤਾ। ਕਈ ਲੜਕੇ ਪਾਕਿਸਤਾਨੀ ਇਲਾਕਿਆਂ ਵਿੱਚ ਟ੍ਰੇਨਿੰਗ ਲੈ ਕੇ ਵਾਪਸ ਆਉਂਦੇ, ਪੈਸੇ ਦੀ ਚਮਕ ਦੇਖ ਕੇ ਉਹ ਕੁਝ ਵੀ ਕਰਨ ਲਈ ਤਿਆਰ ਰਹਿੰਦੇ।

ਰਹਿਮਾਨ ਰੋਜ਼ ਰਾਤ ਨੂੰ ਸਭ ਬੱਚਿਆਂ ਨੂੰ ਦੇਖ ਕੇ ਅੱਲਾ ਦਾ ਸ਼ੁਕਰ ਅਦਾ ਕਰਦਾ। ਹਮੇਸ਼ਾ ਦਿਲ ਵਿੱਚ ਖਟਕਾ ਰਹਿੰਦਾ ਕਿ ਕਿਤੇ ਉਸ ਦੇ ਦਰਵਾਜ਼ੇ 'ਤੇ ਫਿਰ ਕੋਈ ਉਸ ਦਾ ਬੇਟਾ ਮੰਗਣ ਨਾ ਆ ਜਾਵੇ।

ਆਖ਼ਿਰ ਕਦ ਤੱਕ ਰਹਿਮਾਨ ਬਚਿਆ ਰਹਿੰਦਾ। ਅੱਜ



ਅਚਾਨਕ ਦੁਕਾਨ 'ਤੇ ਜਦ ਮੁਜਾਹਿਦਾਂ ਨੂੰ ਆਉਂਦੇ ਦੇਖਿਆ ਤਾਂ ਉਹ ਘਬਰਾ ਗਿਆ। ਦੱਬੀ ਜ਼ੁਬਾਨ ਵਿੱਚ ਰਹਿਮਾਨ ਨੇ ਹੱਥ ਜੋੜ ਕਿਹਾ, 'ਇੱਥੇ ਦਾ ਹੀ ਕੋਈ ਕੰਮ ਦੇ ਦਿਓ, ਬੱਚਿਆਂ ਦੀ ਪੜ੍ਹਾਈ ਖ਼ਰਾਬ ਹੋ ਜਾਏਗੀ...।'

ਯੂਸਫ਼ ਮੌਲਵੀ ਨੇ ਕਿਹਾ, 'ਆਖ਼ਿਰ ਪੜ੍ਹ ਕੇ ਪੈਸੇ ਹੀ ਤਾਂ ਕਮਾਉਣੇ ਨੇ। ਅਸੀਂ ਇਸ ਨੂੰ ਟ੍ਰੇਨਿੰਗ ਦਿਆਂਗੇ। ਰਿਹਾ ਪੈਸਿਆਂ ਦਾ ਸਵਾਲ, ਉਹ ਤਾਂ ਘਰ ਇੰਨੇ ਆਉਣਗੇ ਕਿ ਦੁਕਾਨ ਦੀ ਜਗਾ ਡੇਅਰੀ ਖੋਲ ਲੈਣਾ।'

ਰਹਿਮਾਨ ਨੇ ਬੁਝੇ ਮਨ ਨਾਲ਼ ਹਾਮੀ ਭਰ ਦਿੱਤੀ। ਅਗਲੇ ਮਹੀਨੇ ਪਰਵੇਜ਼ ਦਾ ਨਿਕਾਹ ਹੋ ਜਾਣ ਤੋਂ ਬਾਅਦ ਉਸ ਨੇ ਉਸ ਨੂੰ ਲਿਜਾਣ ਦੀ ਗੱਲ ਕਹੀ।

ਪਰਵੇਜ਼ ਦਾ ਨਿਕਾਹ ਹੋ ਗਿਆ। ਸ਼ਮੀਮ ਦੁਲਹਨ ਬਣ ਕੇ ਘਰ ਆ ਗਈ। ਸ਼ਮੀਮ ਬਹੁਤ ਸੋਹਣੀ ਸੀ। ਉਸ ਦਾ ਵਰਤਾਉ ਕਾਫ਼ੀ ਮਿਲਣਸਾਰ ਸੀ। ਕੁਝ ਦਿਨਾਂ ਵਿੱਚ ਹੀ ਉਹ ਸਭ ਦੀਆਂ ਅੱਖਾਂ ਦਾ ਤਾਰਾ ਬਣ ਗਈ। ਪਰਵੇਜ਼ ਤਾਂ ਨਜ਼ਰਾਂ ਮਿਲਾਉਂਦੇ ਹੀ ਕਮਰੇ ਵਿੱਚ ਨੱਠ ਜਾਂਦਾ। ਰਹਿਮਾਨ ਦੇਖ-ਦੇਖ ਕੇ ਖ਼ੁਸ਼ ਹੁੰਦਾ। ਪਰ ਯੂਸਫ਼ ਮੌਲਵੀ ਦੀ ਦਿੱਤੀ ਤਾਰੀਖ਼ ਯਾਦ ਕਰਕੇ ਦੁਖੀ ਹੋ ਜਾਂਦਾ।

ਆਖ਼ਿਰਕਾਰ ਉਹ ਦਿਨ ਵੀ ਆ ਗਿਆ ਤੇ ਪਰਵੇਜ਼ ਨੂੰ ਮੁਜਾਹਿਰ ਵਾਜੇ ਗਾਜੇ ਦੇ ਨਾਲ਼ ਲੈ ਗਏ।

ਕਈ ਦਿਨਾਂ ਤੱਕ ਘਰ ਵਿੱਚ ਉਦਾਸੀ ਛਾਈ ਰਹੀ। ਸ਼ਮੀਮ ਘਰ ਦਾ ਸਾਰਾ ਕੰਮ ਕਰਦੀ, ਸਭ ਦੀ ਖ਼ਿਦਮਤ ਕਰਦੀ। ਕਦੇ ਕਦਾਈਂ ਪਰਵੇਜ਼ ਦਾ ਫ਼ੋਨ ਆਉਂਦਾ। ਸਭ ਦੇ ਦਿਲ ਨੂੰ ਥੋੜ੍ਹੀ ਤਸੱਲੀ ਹੁੰਦੀ। ਇੱਕ ਦਿਨ ਯੂਸਫ਼ ਮੌਲਵੀ ਨੇ ਇੱਕ ਵਿਅਕਤੀ ਦੇ ਜ਼ਰੀਏ ਕੁਝ ਪੈਸੇ ਘਰ ਭਿਜਵਾਏ। ਪਤਾ ਨਹੀਂ ਕਿਉਂ ਰਹਿਮਾਨ ਨੂੰ ਪੈਸੇ ਮਿਲਣ 'ਤੇ ਵੀ ਸਕੂਨ ਨਹੀਂ ਸੀ ਮਿਲ ਰਿਹਾ। ਉਸ ਨੂੰ ਲੱਗ ਰਿਹਾ ਸੀ ਜਿਵੇਂ ਹੱਥਾਂ ਵਿੱਚ ਪੈਸੇ ਨਹੀਂ ਅੰਗਾਰੇ ਆ ਗਏ ਹੋਣ।

ਰਹਿਮਾਨ ਨੇ ਸਲਾਮ ਦੁਆ ਕਰਕੇ ਮੌਲਵੀ ਯੂਸਫ਼ ਦੇ ਵਿਅਕਤੀ ਨੂੰ ਵਿਦਾ ਕੀਤਾ। ਦੇਖਦੇ ਦੇਖਦੇ ਛੇ ਮਹੀਨੇ ਲੰਘ ਗਏ। ਇੱਕ ਰਾਤ ਪਰਵੇਜ਼ ਵਾਪਸ ਆਇਆ। ਉਸ ਦਾ ਵਿਅਕਤਿਤਵ ਪੂਰੀ ਤਰਾਂ ਬਦਲ ਚੁੱਕਾ ਸੀ। ਏ.ਕੇ.47 ਉਸ ਕੋਲ਼ ਸੀ ਤੇ ਬੈਗ ਵਿੱਚ ਨੋਟਾਂ ਦੀ ਗੱਠੀ।

ਰਹਿਮਾਨ ਨੇ ਕਿਸੇ ਚੀਜ਼ ਵੱਲ ਧਿਆਨ ਨਾ ਦਿੱਤਾ। ਉਹ ਬਸ ਆਪਣੇ ਬੇਟੇ ਨੂੰ ਸਲਾਮਤ ਦੇਖ ਕੇ ਖ਼ੁਸ਼ ਹੋ ਰਿਹਾ ਸੀ। ਉਸ ਦੀ ਖ਼ੁਸ਼ੀ ਦਾ ਟਿਕਾਣਾ ਨਾ ਰਿਹਾ ਜਦੋਂ ਉਸ ਨੇ ਸੁਣਿਆ ਕਿ ਉਹ ਦਾਦਾ ਬਣਨ ਵਾਲਾ ਹੈ।

ਸਮੇਂ ਦੇ ਨਾਲ਼-ਨਾਲ਼ ਘਰ ਦੀ ਆਰਥਿਕ ਸਥਿਤੀ ਵੀ ਬਦਲਣ ਲੱਗੀ। ਪਰਵੇਜ਼ ਦਾ ਕਮਰਾ ਆਧੁਨਿਕ ਆਰਾਮ ਦਾਇੱਕ ਚੀਜ਼ਾਂ ਨਾਲ਼ ਸਜ ਗਿਆ। ਰਹਿਮਾਨ ਆਪਣੀ ਉਹੋ ਦੁੱਧ ਦੀ ਦੁਕਾਨ ਚਲਾ ਰਿਹਾ ਸੀ। ਕਈ ਵਾਰ ਪਰਵੇਜ਼ ਨੇ ਉਸ ਦੁਕਾਨ ਨੂੰ ਡੇਅਰੀ ਬਣਾਉਣ ਲਈ ਕਿਹਾ ਪਰ ਰਹਿਮਾਨ ਹਮੇਸ਼ਾ ਟਾਲ ਜਾਂਦਾ। ਪਤਾ ਨਹੀਂ ਕਿਉਂ ਪਹਿਲਾਂ ਜਿੰਨਾ ਉਹ ਸਕੂਨ ਤੇ ਚੈਨ ਨਾਲ਼ ਰਹਿੰਦਾ ਸੀ ਹੁਣ ਉਹ ਹਮੇਸ਼ਾ ਅਸ਼ਾਂਤ ਰਹਿੰਦਾ। ਉਸ ਨੂੰ ਲੱਗਦਾ ਪਤਾ ਨਹੀਂ ਕਦੋਂ ਕੀ ਹੋਵੇਗਾ। ਉਸ ਨੂੰ ਆਪਣੀਆਂ ਤਿੰਨਾਂ ਬੇਟੀਆਂ ਦੀ ਵੀ ਚਿੰਤਾ ਲੱਗੀ ਰਹਿੰਦੀ।

ਕੁਝ ਸਮਾਂ ਹੋਰ ਲੰਘਿਆ, ਸ਼ਮੀਮ ਨੇ ਬੇਟੇ ਨੂੰ ਜਨਮ ਦਿੱਤਾ। ਘਰ ਵਿੱਚ ਖ਼ੁਸ਼ੀਆਂ ਛਾ ਗਈਆਂ। ਸਲਮਾ ਨੇ ਖ਼ੂਬ ਮਿਠਾਈਆਂ ਵੰਡੀਆਂ। ਪਰਵੇਜ਼ ਨੇ ਭੈਣਾਂ ਨੂੰ ਸੋਨੇ ਦੇ ਟੋਪਸ ਤੋਹਫ਼ੇ ਵਿੱਚ ਦਿੱਤੇ। ਮਾਂ ਨੂੰ ਸੋਨੇ ਦੀ ਜੰਜੀਰੀ ਦਿੱਤੀ। ਅੱਬੂ ਨੂੰ ਵੀ ਤੋਹਫ਼ਾ ਦੇਣਾ ਚਾਹੁੰਦਾ ਸੀ ਪਰ ਰਹਿਮਾਨ ਟਾਲ ਗਿਆ।

ਪਰਵੇਜ਼ ਦਾ ਬੇਟਾ ਆਰਿਫ਼ ਗੋਲ-ਮਟੋਲ ਬੜਾ ਹੀ ਸੋਹਣਾ ਬੱਚਾ ਸੀ। ਆਰਿਫ਼ ਦਾ ਪਹਿਲਾ ਜਨਮ ਦਿਨ ਪਰਵੇਜ਼ ਨੇ ਬੜੀ ਧੂਮਧਾਮ ਨਾਲ਼ ਮਨਾਇਆ। ਕਈ ਦਿਨਾਂ ਤੱਕ ਦਾਵਤਾਂ ਚਲਦੀਆਂ ਰਹੀਆਂ।

ਸਮਾਂ ਆਪਣੀ ਚਾਲ ਚਲਦਾ ਰਿਹਾ। ਆਰਿਫ਼ ਹੁਣ ਖ਼ੂਬ ਸ਼ਰਾਰਤਾਂ ਕਰਨ ਲੱਗਾ ਸੀ। ਸ਼ਮੀਮ ਤੇ ਸਲਮਾ ਇਹ ਦੇਖ ਦੇਖ ਕੇ ਖ਼ੁਸ਼ ਹੁੰਦੀਆਂ।

ਪਰਵੇਜ਼ ਅੱਜ ਆਪਣੇ ਬੱਚੇ ਦਾ ਤੀਜਾ ਜਨਮਦਿਨ ਬੜੇ ਜ਼ੋਰ ਸ਼ੋਰ ਨਾਲ਼ ਮਨਾ ਰਿਹਾ ਸੀ। ਉਸ ਨੇ ਬਹੁਤ ਸਾਰੇ ਦੋਸਤਾਂ ਨੂੰ ਬੁਲਾਇਆ ਸੀ। ਸਭ ਲਈ ਤੋਹਫ਼ੇ ਵੀ ਖ਼ਰੀਦੇ ਸਨ। ਸਭ ਮਹਿਮਾਨ ਖਾ ਪੀ ਕੇ ਆਪਣੇ ਘਰ ਚਲੇ ਗਏ। ਆਰਿਫ਼ ਪਰਵੇਜ਼ ਨਾਲ਼ ਨਾਰਾਜ਼ ਸੀ ਕਿ ਤੋਹਫ਼ਿਆਂ ਵਿੱਚ ਉਸ ਲਈ ਵੱਡੀ ਜਿਹੀ ਬੰਦੂਕ ਕਿਉਂ ਨਹੀਂ ਲਿਆਂਦੀ ਗਈ। ਕਈ ਦਿਨਾਂ ਤੋਂ ਉਹ ਵੱਡੀ ਬੰਦੂਕ ਦੀ ਫ਼ਰਮਾਇਸ਼ ਕਰ ਰਿਹਾ ਸੀ। ਪਰ ਪਰਵੇਜ਼ ਉਸ ਨੂੰ ਟਾਲਦਾ ਰਿਹਾ ਸੀ।

ਨਾਰਾਜ਼ ਹੋ ਕੇ ਆਰਿਫ਼ ਕਮਰੇ ਵਿੱਚ ਚਲਾ ਗਿਆ। ਬਾਕੀ ਲੋਕ ਵੀ ਸਾਮਾਨ ਚੁੱਕਣ ਤੇ ਰੱਖਣ ਵਿੱਚ ਰੁੱਝ ਗਏ। ਸਵੇਰ ਤੋਂ ਸਾਰੇ ਕੰਮ ਵਿੱਚ ਲੱਗੇ ਸੀ ਇਸ ਲਈ ਸਭ ਥੱਕ ਗਏ ਸਨ। ਤਦੇ ਆਰਿਫ਼ ਹੱਥ ਵਿੱਚ ਪਰਵੇਜ਼ ਦੀ ਏ.ਕੇ.47 ਲੈ ਕੇ ਨੱਠਦਾ ਹੋਇਆ ਆਇਆ, 'ਮੈਨੂੰ ਗੰਨ ਮਿਲ ਗਈ।'

ਪਰਵੇਜ਼ ਤੇ ਘਰ ਦੇ ਦੂਜੇ ਲੋਕਾਂ ਨੇ ਜਦੋਂ ਇਹ ਦੇਖਿਆ ਤਾਂ ਸਾਰੇ ਹੀ ਘਬਰਾ ਗਏ। ਹਰ ਕੋਈ ਉਸ ਵੱਲ ਦੱਬੇ ਪੈਰੀਂ ਵਧਣ ਲੱਗਾ। ਪਰਵੇਜ਼ ਵੀ ਵਧਿਆ, 'ਆਰਿਫ਼ ਮੈਨੂੰ ਗੰਨ ਦੇ ਦੇ, ਇਹ ਭਰੀ ਹੋਈ ਐ, ਇਸ ਨੂੰ ਹੱਥ ਨਾ ਲਾ...।'

ਆਰਿਫ਼ ਭਲਾ ਕਦੋਂ ਕਿਸ ਦੀ ਗੱਲ ਸੁਣਨ ਵਾਲਾ ਸੀ। ਉਹ ਬੰਦੂਕ ਤਾਣ ਕੇ ਟੇਬਲ 'ਤੇ ਖੜਾ ਹੋ ਗਿਆ ਸੀ। ਪਰਵੇਜ਼ ਚੀਖਦਾ ਰਿਹਾ, 'ਬੇਟਾ, ਇਹ ਬੰਦੂਕ ਅਸਲੀ ਐ... ਚੱਲ ਜਾਏਗੀ...।'

ਆਰਿਫ਼ ਦੀਆਂ ਉਂਗਲਾਂ ਟ੍ਰਿਗਰ 'ਤੇ ਸਨ। ਕੋਲ਼ ਆਉਂਦੇ ਆਪਣੇ ਪਾਪਾ ਨੂੰ ਦੇਖ ਕੇ ਉਸ ਨੇ ਟ੍ਰਿਗਰ ਦਬਾ ਦਿੱਤਾ।

ਠਾਹ ਠਾਹ ਦੋ ਗੋਲੀਆਂ ਪਰਵੇਜ਼ ਦੇ ਸਿਰ ਵਿੱਚ ਧਸ ਗਈਆਂ। ਆਰਿਫ਼ ਖ਼ੁਦ ਘਬਰਾ ਗਿਆ ਤੇ ਰੋਣ ਲੱਗਾ। ਪਰਵੇਜ਼ ਲਹੂ ਨਾਲ਼ ਲਥਪਥ ਹੋ ਰਿਹਾ ਸੀ। ਰਹਿਮਾਨ ਨੱਠ ਕੇ ਟੈਕਸੀ ਲੈ ਆਇਆ ਤੇ ਉਸ ਨੂੰ ਹਸਪਤਾਲ ਪਹੁੰਚਾਇਆ। ਰਾਤ ਭਰ ਜ਼ਿੰਦਗੀ ਤੇ ਮੌਤ ਵਿਚਾਲੇ ਜਦੋ-ਜਹਿਦ ਚਲਦੀ ਰਹੀ। ਸਵੇਰ ਹੋਣ ਨੂੰ ਸੀ ਕਿ ਪਰਵੇਜ ਹਮੇਸ਼ਾ ਲਈ ਸੌਂ ਗਿਆ। ਘਰ ਵਿੱਚ ਰੋਣ ਪਿੱਟਣ ਪੈ ਗਿਆ। ਸਲਮਾ ਛਾਤੀ ਪਿੱਟ ਪਿੱਟ ਕੇ ਰੋ ਰਹੀ ਸੀ। ਸ਼ਮੀਮ ਤਾਂ ਜਿਵੇਂ ਬੁੱਤ ਹੀ ਬਣ ਗਈ। ਸਭ ਨੇ ਉਸ ਨੂੰ ਰੁਆਉਣ ਦੀ ਕੋਸ਼ਿਸ਼ ਕੀਤੀ ਪਰ ਉਹ ਬੁੱਤ ਹੀ ਬਣੀ ਰਹੀ।

ਜਮਾਤ ਵਾਲੇ ਲੋਕ ਆਏ ਤੇ ਪਰਵੇਜ਼ ਨੂੰ ਇੰਝ ਲੈ ਗਏ ਜਿਵੇਂ ਦੇਸ਼ ਦਾ ਕੋਈ ਬਹੁਤ ਵੱਡਾ ਨੇਤਾ ਹੋਵੇ। ਫੁੱਲਾਂ ਦੀ ਬੁਛਾੜ ਹੇਠਾਂ ਲੋਕਾਂ ਦਾ ਇਕੱਠ ਕਬਰਿਸਤਾਨ ਤੱਕ ਗਿਆ। ਸਭ ਨੇ ਉਸ 'ਤੇ ਮਿੱਟੀ ਪਾਈ।

ਸ਼ਮੀਮ ਕਈ ਦਿਨਾਂ ਤੱਕ ਸਦਮੇ ਤੋਂ ਬਾਹਰ ਨਾ ਆ ਸਕੀ। ਰਹਿਮਾਨ ਦਾ ਕਿਸੇ ਕੰਮ ਵਿੱਚ ਦਿਲ ਨਾ ਲੱਗਦਾ। ਸਲਮਾ ਬੇਟੇ ਦੇ ਗ਼ਮ ਨੂੰ ਅੰਦਰ ਹੀ ਅੰਦਰ ਸਹਿ ਰਹੀ ਸੀ। ਉਹ ਸ਼ਮੀਮ ਨੂੰ ਹਰ ਹੀਲੇ ਸਦਮੇ ਤੋਂ ਬਾਹਰ ਕੱਢਣਾ ਚਾਹੁੰਦੀ ਸੀ। ਤਕਰੀਬਨ ਛੇ ਮਹੀਨੇ ਬਾਅਦ ਸਲਮਾ ਆਪਣੀ ਬਹੂ ਸ਼ਮੀਮ ਨੂੰ ਰੁਆਉਣ ਵਿੱਚ ਕਾਮਯਾਬ ਹੋਈ। ਡਾਕਟਰਾਂ ਨੇ ਕਹਿ ਦਿੱਤਾ ਸੀ ਕਿ ਸ਼ਮੀਮ ਦਾ ਰੋਣਾ ਬਹੁਤ ਜ਼ਰੂਰੀ ਹੈ।

ਘਾਟੀ ਵਿੱਚ ਦਿਨ-ਬ-ਦਿਨ ਹਾਲਾਤ ਖ਼ਰਾਬ ਹੁੰਦੇ ਜਾ ਰਹੇ ਸਨ। ਰਹਿਮਾਨ ਨੇ ਬਹੁਤ ਜਲਦ ਆਪਣੀਆਂ ਦੋ ਬੇਟੀਆਂ ਦਾ ਨਿਕਾਹ ਖ਼ਾਲਾਜ਼ਾਦ ਭਰਾਵਾਂ ਦੇ ਨਾਲ਼ ਕਰ ਦਿੱਤਾ। ਜਦੋਂਕਿ ਉਹ ਲੜਕੀਆਂ ਨੂੰ ਅਜੇ ਹੋਰ ਪੜ੍ਹਾਉਣਾ ਚਾਹੁੰਦਾ ਸੀ। ਪਰ ਸ਼ਹਿਰ ਦੀ ਹਾਲਤ ਦੇਖ ਕੇ ਉਹ ਘਬਰਾ ਗਿਆ ਸੀ। ਹੁਣ ਤੀਜੀ ਬੇਟੀ ਦੇ ਨਿਕਾਹ ਬਾਰੇ ਵੀ ਸੋਚ ਰਿਹਾ ਸੀ ਜਦੋਂਕਿ ਉਹ ਅਜੇ ਕਾਫ਼ੀ ਛੋਟੀ ਸੀ।

ਤਮਾਮ ਕਸ਼ਮੀਰੀ ਜੰਮੂ ਦੇ ਵੱਲ ਜਾ ਰਹੇ ਸਨ। ਕਈ ਅਮੀਰ ਮੁਸਲਿਮ ਪਰਿਵਾਰਾਂ ਨੇ ਆਪਣੀਆਂ ਬੀਵੀਆਂ ਤੇ ਬੱਚਿਆਂ ਨੂੰ ਦੁਬਈ, ਬੰਗਲੂਰੂ ਤੇ ਦਿੱਲੀ ਲਈ ਰਵਾਨਾ ਕਰ ਦਿੱਤਾ ਸੀ। ਹਿੰਦੂ ਕਸ਼ਮੀਰੀ ਤਾਂ ਲੱਗਭਗ ਰੋਜ਼ ਹੀ ਨਿਕਲ ਰਹੇ ਸੀ। ਰਹਿਮਾਨ ਸੋਚਦਾ ਰਿਹਾ ਕਿ ਉਹ ਵੀ ਬੀਵੀ ਬੱਚਿਆਂ ਨੂੰ ਲੈ ਕੇ ਚਲਾ ਜਾਵੇ ਪਰ ਨਾ ਤਾਂ ਉਸ ਕੋਲ਼ ਪੈਸਾ ਸੀ ਤੇ ਨਾ ਕੋਈ ਰਿਸ਼ਤੇਦਾਰ ਜਾਂ ਜਾਣ ਪਹਿਚਾਣ ਵਾਲਾ। ਫਿਰ ਉਸ ਨੂੰ ਕਸ਼ਮੀਰੀ ਭਾਸ਼ਾ ਤੋਂ ਇਲਾਵਾ ਹਿੰਦੀ ਵੀ ਤਾਂ ਬੋਲਣੀ ਨਹੀਂ ਸੀ ਆਉਂਦੀ ਤਾਂ ਜਾਂਦਾ ਕਿੱਥੇ?

ਉਹ ਆਪਮੁਹਾਰਾ ਗੱਲਾਂ ਕਰਦਾ, 'ਅਮੀਰ ਤਾਂ ਕਿਤੇ ਵੀ ਜਾ ਸਕਦੇ ਹਨ ਪਰ ਗ਼ਰੀਬ ਕਿੱਧਰ ਜਾਏ, ਉਸ ਨੇ ਤਾਂ ਏਥੇ ਹੀ ਮਰਨਾ ਹੈ।'

ਕਸ਼ਮੀਰ ਦੀ ਹਾਲਤ ਇਹ ਹੋ ਗਈ ਸੀ ਕਿ ਰਾਤ ਨੂੰ ਕਿਸੇ ਵੀ ਵੇਲੇ ਕੋਈ ਵੀ ਮੁਜਾਹਿਦ ਆ ਜਾਂਦਾ। ਉਸ ਨੂੰ ਖੁਆਉਣਾ ਪਿਲਾਉਣਾ ਪੈਂਦਾ। ਇਸ ਖ਼ਾਤਿਰਦਾਰੀ ਤੋਂ ਰਹਿਮਾਨ ਕਾਫ਼ੀ ਪਰੇਸ਼ਾਨ ਸੀ। ਖਾਣ-ਪੀਣ ਤੱਕ ਤਾਂ ਠੀਕ ਸੀ ਪਰ ਉਹ ਮੁਜਾਹਿਦ ਕਦੋਂ ਕੀ ਕਰ ਬੈਠੇ ਇਹੋ ਸੋਚ ਕੇ ਰਹਿਮਾਨ ਪਰੇਸ਼ਾਨ ਰਹਿੰਦਾ। ਜਦ ਵੀ ਕੋਈ ਮੁਜਾਹਿਦ ਘਰ ਵਿੱਚ ਆਉਂਦਾ ਸਲਮਾ ਹੀ ਖਾਣਾ ਬਣਾਉਂਦੀ ਤੇ ਪਰੋਸਦੀ। ਬਹੂ ਸ਼ਮੀਮ ਤੇ ਬੇਟੀ ਆਲੀਆ ਕਮਰੇ ਵਿੱਚ ਹੀ ਰਹਿੰਦੀਆਂ। ਉਨ੍ਹਾਂ ਨੂੰ ਰਹਿਮਾਨ ਨੇ ਸਖ਼ਤੀ ਨਾਲ਼ ਕਿਹਾ ਹੋਇਆ ਸੀ ਕਿ ਬਾਹਰ ਨਾ ਆਉਣ। ਲਗਭਗ ਸਾਲ ਭਰ ਮਗਰੋਂ ਰਹਿਮਾਨ ਨੇ ਚਾਹਿਆ ਕਿ ਉਸ ਦਾ ਛੋਟਾ ਬੇਟਾ ਸ਼ਬੀਰ ਸ਼ਮੀਮ ਨਾਲ਼ ਨਿਕਾਹ ਕਰ ਲਵੇ ਤਾਂ ਕਿ ਸ਼ਮੀਮ ਦਾ ਜੀਵਨ ਖ਼ਰਾਬ ਨਾ ਹੋਵੇ ਤੇ ਆਰਿਫ਼ ਨੂੰ ਵੀ ਬਾਪ ਮਿਲ ਜਾਵੇ। ਪਰ ਸ਼ਬੀਰ ਇਸ ਰਿਸ਼ਤੇ ਲਈ ਤਿਆਰ ਨਾ ਹੋਇਆ। **ਬਾਕੀ ਸਫ਼ਾ 30 'ਤੇ**

# ਖੁੱਲਾ ਦਰਵਾਜ਼ਾ

## ਜੱਗੂ ਜਵਾਦੀ

ਮਿੰਨੀ ਕਹਾਣੀ

ਘਰ ਦੇ ਨਾਲ ਹੀ ਇੱਕ ਬੀਜੀ ਰਹਿੰਦੇ ਹਨ। ਕੁੱਝ ਸਮਾਂ ਪਹਿਲਾਂ ਕੈਨੇਡਾ ਗਏ। ਘਰ ਦੀ ਚਾਬੀ ਸਾਨੂੰ ਦੇ ਗਏ। ਉਸ ਦਿਨ ਸਫ਼ਾਈ ਕਰਵਾਈ ਤਾਂ ਜਿੰਦਾ ਲਗਾਉਣਾ ਭੁੱਲ ਗਈ। ਉਧਰੋਂ ਬੀਜੀ ਨੇ ਵੀ ਉਸ ਦਿਨ ਹੀ ਆਉਣਾ ਸੀ। ਜਦੋਂ ਉਹ ਆਏ ਤਾਂ ਮੈਂ ਬਾਹਰ ਗਈ ਤਾਂ ਉਹ ਕਹਿੰਦੇ, 'ਹਾਏ, ਹਾਏ, ਇਹ ਤਾਂ ਦਰਵਾਜ਼ਾ ਖੁੱਲਾ ਹੈ। ਡਰਦੇ ਡਰਦੇ ਅਸੀਂ ਅੰਦਰ ਗਏ ਤਾਂ ਦੇਖਿਆ ਕਿ ਪਹਿਲਾਂ ਤਾਂ ਇੱਕ ਕੁੱਤਾ ਬਾਹਰ ਆਇਆ। ਬਾਅਦ ਵਿੱਚ ਡਰ ਲੱਗੇ ਕਿ ਕੋਈ ਹੋਰ ਹੀ ਨਾ ਹੋਵੇ ਅੰਦਰ। ਜਦੋਂ ਉੱਚੀ ਉੱਚੀ ਆਵਾਜ਼ ਦਿੱਤੀ ਕਿ ਕੋਈ ਹੈ ਤਾਂ ਨਹੀਂ? ਤਾਂ ਬਾਥਰੂਮ ਵਿਚੋਂ ਇੱਕ ਔਰਤ ਬਾਹਰ ਨਿਕਲੀ ਜਿਸਦੀ ਕੁੱਛੜ ਵਿੱਚ ਇੱਕ ਨਿੱਕੀ ਜਿਹੀ ਜਾਨ ਉਸਦੀ ਕੁੜੀ ਸੀ। ਅਸੀਂ ਤਾਂ ਡਰ ਹੀ ਗਏ। ਉਸਨੂੰ ਪੁੱਛਿਆ ਕਿ ਕੌਣ ਹੈਂ ਭੈਣ ਤੂੰ? ਸ਼ਕਲ ਤੋਂ ਤਾਂ ਇੱਕ ਮੁਰਝਾਏ ਹੋਏ ਫੁੱਲ ਵਾਂਗ ਲੱਗਦੀ ਸੀ। ਜਿਸ ਦੀ ਖੁਸ਼ਬੂ ਤੇ ਰਸ ਜਿਵੇਂ ਕਿਸੇ ਨੇ ਨਿਚੋੜ ਲਿਆ ਹੋਵੇ। ਉਸਦੀ ਬੱਚੀ ਵੱਲ ਦੇਖਿਆ ਤਾਂ ਉਹ ਤਾਂ ਏਦਾਂ ਲੱਗਦੀ ਸੀ ਜਿਵੇਂ ਕੂੜੇ ਵਿਚੋਂ ਚੁੱਕ ਕੇ ਲਿਆਂਦੀ ਹੋਵੇ। ਪਤਾ ਨਹੀਂ ਕੱਪੜਿਆਂ ਤੇ ਸਰੀਰ ਤੇ ਕੀ ਕੁੱਝ ਲੱਗਿਆ ਹੋਇਆ ਸੀ। ਕੱਪੜੇ ਪੂਰੀ ਤਰਾਂ ਫਟੇ ਹੋਏ ਸਨ। ਪਰ ਉਸ ਕੁੜੀ ਦੇ ਸਿਰ ਦੇ ਲਾਗੇ ਇੱਕ ਚਿੱਟੇ ਰੰਗ ਦੀ ਚਿੜੀ ਚੱਕਰ ਕੱਟੀ ਜਾਵੇ, ਏਦਾਂ ਲੱਗਦਾ ਸੀ ਜਿਵੇਂ ਉਸਦੀ ਰਖਵਾਲੀ ਕਰਦੀ ਹੋਵੇ। ਚੀਂ ਚੀਂ ਕਰਦੀ ਆਲੇ ਦੁਆਲੇ।

ਉਸਨੂੰ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਸਦੇ ਕੁੜੀ ਹੋਈ ਤਾਂ ਉਸਦੇ ਘਰਵਾਲੇ ਨੇ ਪੀ ਕੇ ਉਸ ਨੂੰ ਬਹੁਤ ਕੁੱਟਿਆ। ਰੋਂਦੇ ਰੋਂਦੇ ਉਸਦੇ ਅੱਥਰੂ ਉਸਦੀਆਂ ਮੈਲੀਆਂ ਗੱਲਾਂ ਵਿਚੋਂ ਦੀ ਰਸਤਾ ਬਣਾ ਬਣਾ ਕੇ ਵਗੀ ਜਾ ਰਹੇ ਸੀ। ਉਸਨੇ ਦੱਸਿਆ ਕਿ ਉਹ ਮੇਰੀ ਕੁੱਖੋਂ ਜਾਈ ਨੂੰ ਮੇਰੇ ਸੁੱਤਿਆਂ ਹੀ ਚੁੱਕ ਕੇ ਲੈ ਗਿਆ ਤੇ ਕੂੜੇ ਵਿੱਚ ਸੁੱਟ ਦਿੱਤਾ। ਭਲਾ, ਉਸ ਰੱਬ ਦਾ ਤੇ ਇਸ ਨਿਮਾਣੀ ਚਿੜੀ ਦਾ ਕਿ ਮੇਰੀ ਜਾਗ ਖੁੱਲ ਗਈ ਤੇ ਇਸ ਚਿੜੀ ਨੇ ਚੀਂ ਚੀਂ ਕਰ ਕੇ ਮੈਨੂੰ ਕੁੱਝ ਦੱਸਣਾ ਚਾਹਿਆ। ਮੈਂ ਇਸਦੇ ਮਗਰ ਮਗਰ ਗਈ ਤਾਂ ਉੱਥੇ ਮੇਰੀ ਜਾਨ ਦਾ ਟੁਕੜਾ ਗੰਦ ਦੇ ਢੇਰ 'ਤੇ ਪਿਆ ਸੀ।

ਮੇਰਾ ਉਸ ਹੈਵਾਨ ਦੇ ਘਰ ਵਾਪਿਸ ਜਾਣ ਨੂੰ ਦਿਲ ਨਹੀਂ ਕੀਤਾ ਜਿਸ ਨੇ ਆਪਣੇ ਜਿਗਰ ਦੇ ਟੁਕੜੇ ਨਾਲ ਇੰਨਾ ਵੈਰ ਕਮਾਇਆ। ਬੱਸ ਫਿਰ ਕੀ ਸੀ। ਚੱਲ ਪਈ ਏਸੇ ਤਰਾਂ। ਆਹ ਘਰ ਖੁੱਲਾ ਦੇਖਿਆ ਤਾਂ ਸੋਚਿਆ ਭੁੱਖ ਲੱਗੀ ਹੈ, ਮੈਂ ਕੁੱਝ ਖਾਣ ਨੂੰ ਹੀ ਮੰਗ ਲਵਾਂ। 'ਨਿਆਣੀ ਨੂੰ ਪਿਆਉਣ ਲਈ ਦੁੱਧ ਵੀ ਤਾਂ, ਤਾਂ ਹੀ ਆਊ'। ਪਰ ਇੱਥੇ ਦੇਖਿਆ ਤਾਂ ਕੋਈ ਨਹੀਂ ਸੀ। ਮੈਂ ਅੰਦਰ ਆਈ ਤਾਂ ਪਿੱਛੋਂ ਹੀ ਤੁਹਾਡੀ ਬਿੜਕ ਆ ਗਈ, ਮੈਂ ਲੁਕ ਗਈ ਕਿ ਕਿਤੇ ਮੈਨੂੰ ਚੋਰ ਹੀ ਨਾ ਸਮਝ ਲਵੇ ਕੋਈ।

ਉਸ ਦੀ ਕਹਾਣੀ ਸੁਣ ਅਸੀਂ ਦੋਵੇਂ ਹੀ ਬੀਜੀ ਤੇ ਮੈਂ ਭੁੱਲ ਹੀ ਗਏ ਸਾਡੀ ਪ੍ਰੇਸ਼ਾਨੀ ਨੂੰ। ਉਨ੍ਹਾਂ ਨੂੰ ਬਿਠਾਇਆ ਤੇ ਮੈਂ ਚਾਹ ਬਣਾਈ। ਬੀਜੀ ਨੇ ਇੱਕ ਦਮ ਹੀ ਇੱਕ ਫੈਸਲਾ ਸੁਣਾਇਆ, ਕਹਿੰਦੇ, 'ਬੀਬਾ ਹੁਣ ਤੂੰ ਤੇ ਤੇਰੀ ਧੀ ਮੇਰੇ ਕੋਲ ਰਹੋਗੇ'। ਮੈਂ ਠੱਕੀ ਬੱਕੀ ਰਹਿ ਗਈ ਤੇ ਉਹ ਵੀ। ਬੀਜੀ ਵੀ ਕੱਲੇ ਹੀ ਸੀ। ਉਨ੍ਹਾਂ ਨੂੰ ਵੀ ਸਹਾਰਾ ਮਿਲ ਗਿਆ ਤੇ ਉਹ ਔਰਤ ਤੇ ਉਸਦੀ ਪਿਆਰੀ ਜਿਹੀ ਜਿੰਦ ਨੂੰ ਵੀ।

ਇਸ ਗੱਲ ਨੂੰ ਅੱਜ ਤਿੰਨ ਸਾਲ ਹੋ ਗਏ। ਉਹ ਨਿੱਕੀ ਜਿਹੀ ਨਵੀ ਹੁਣ ਵੱਡੀ ਹੋ ਗਈ, ਬਹੁਤ ਪਿਆਰੀ ਤੇ ਨਟਖਟ। ਸਾਰਾ ਦਿਨ ਬੀਜੀ ਦੇ ਆਲੇ-ਦੁਆਲੇ ਤੋਤਲੀ ਆਵਾਜ਼ ਵਿੱਚ ਬੀਜੀ-ਬੀਜੀ ਕਰਦੀ ਚੱਕਰ ਕੱਢਦੀ ਹੈ ਤੇ ਉਸਦੇ ਨਾਲ ਹੀ ਉਹ ਨਿੱਕੀ ਚਿੱਟੀ ਚਿੜੀ ਵੀ। ਜੋ ਇੱਕ ਫ਼ਰਿਸ਼ਤੇ ਵਾਂਗ ਉਸਦੇ ਅੰਗ ਸੰਗ ਰਹੀ, ਉਸਦੀ ਰੂਹ ਹੀ ਜਾਪਦੀ ਹੈ। ਕਈ ਵਾਰ ਦਰਵਾਜ਼ੇ ਚਾਹੇ ਦਿਲ ਦੇ ਹੋਣ ਚਾਹੇ ਘਰ ਦੇ ਕਿਸੇ ਦੀ ਵੀ ਕਿਸਮਤ ਖੋਲ ਦਿੰਦੇ ਹਨ।

# ਅਠਾਰ੍ਹਵੀਂ ਸਦੀ ਦਾ ਸਿੱਖ ਸਾਕਾ ਵੱਡਾ ਘੱਲੂਘਾਰਾ

**ਇੰਦਰਪ੍ਰੀਤ ਸਿੰਘ**

5 ਫਰਵਰੀ, 1762 ਨੂੰ ਕੁੱਪ-ਰੋਹੀੜੇ ਦੇ ਇਲਾਕੇ ਵਿੱਚ ਅਫ਼ਗਾਨ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਅਤੇ ਸਿੱਖਾਂ ਵਿਚਾਲੇ ਜੰਗ ਹੁੰਦੀ ਹੈ। ਇਸ ਜੰਗ ਵਿੱਚ ਸਿੱਖ ਕੌਮ ਦੀ ਵੱਡੀ ਗਿਣਤੀ ਲਗਭਗ 15,000-20,000 ਸ਼ਹੀਦੀ ਪਾ ਜਾਂਦੀ ਹੈ। ਸਿੱਖ ਇਤਿਹਾਸ ਵਿੱਚ ਇਸ ਦਿਹਾੜੇ ਨੂੰ ਵੱਡੇ ਘੱਲੂਘਾਰੇ ਵਜੋਂ ਯਾਦ ਕੀਤਾ ਜਾਂਦਾ ਹੈ। ਅਹਿਮਦ ਸ਼ਾਹ ਅਬਦਾਲੀ ਨਾਲ ਇਹ ਜੰਗ ਉਸੇ ਸੰਘਰਸ਼ ਦਾ ਹੀ ਹਿੱਸਾ ਸੀ।

ਜਦੋਂ ਅਬਦਾਲੀ ਪਾਨੀਪਤ ਦੀ ਲੜਾਈ ਮਰਹੱਟਿਆਂ ਤੋਂ ਜਿੱਤ ਕੇ ਵਾਪਸ ਜਾ ਰਿਹਾ ਸੀ ਤਾਂ ਸਿੱਖ ਉਸ ਵੇਲੇ ਅਬਦਾਲੀ ਦੀ ਫ਼ੌਜ 'ਤੇ ਹਮਲਾ ਕਰਦੇ ਹਨ। ਕਿਸੇ ਜੇਤੂ ਬਾਦਸ਼ਾਹ ਤੇ ਇਸ ਤਰਾਂ ਹਮਲਾ ਕਰਨ ਦੇ ਅਰਥ ਉਸ ਦੇ ਮਾਣ ਅਤੇ ਪ੍ਰਤਿਸ਼ਠਾ 'ਤੇ ਡੂੰਘੀ ਸੱਟ ਸੀ। ਹਕੂਮਤੀ ਪ੍ਰਬੰਧਾਂ ਵਿੱਚ ਸਿੱਖਾਂ ਵੱਲੋਂ ਰੁਕਾਵਟ ਪਾਉਣ ਦੀਆਂ ਕਾਰਵਾਈਆਂ ਇੱਕ ਸੰਕੇਤਕ ਪ੍ਰਤੀਕਰਮ ਸਨ ਕਿ ਪੰਜਾਬ ਵਿੱਚ ਕਿਸੇ ਬਾਹਰੀ ਬਾਦਸ਼ਾਹ ਵੱਲੋਂ ਕਾਇਮ ਕੀਤੀ ਹਕੂਮਤ ਸਾਨੂੰ ਕਦਾਚਿੱਤ ਮਨਜ਼ੂਰ ਨਹੀਂ।

ਤੀਜਾ, ਜਦੋਂ ਅਫ਼ਗਾਨ ਬਾਦਸ਼ਾਹ ਪੰਜਾਬ, ਕਸ਼ਮੀਰ ਅਤੇ ਸਿੰਧ ਨੂੰ ਦੁੱਰਾਨੀ ਹਕੂਮਤ ਹੇਠ ਲਿਆਉਣ ਲਈ ਯਤਨਸ਼ੀਲ ਸੀ ਤਾਂ ਸਿੱਖ ਪੰਜਾਬ ਵਿੱਚ ਮਿਸਲਾਂ ਅਧੀਨ ਛੋਟੇ ਅਜ਼ਾਦ ਰਾਜ ਪ੍ਰਬੰਧ ਸਿਰਜ ਰਹੇ ਸਨ। ਰਾਖੀ ਪ੍ਰਬੰਧ ਹੇਠ ਬਿਨਾਂ ਕਿਸੇ ਭੇਦ-ਭਾਵ ਪੰਜਾਬ ਦੇ ਲੋਕਾਂ ਨੂੰ ਬਾਹਰੀ ਹਮਲਿਆਂ ਤੋਂ ਸੁਰੱਖਿਆ ਦੇਣ ਦੀ ਵਚਨਬੱਧਤਾ ਵੀ ਅਬਦਾਲੀ ਵਾਸਤੇ ਉਸ ਦੇ ਸਵੈਮਾਨ ਨੂੰ ਵੰਗਾਰ ਸੀ। ਸਿੱਖ ਸਰਦਾਰਾਂ ਵੱਲੋਂ ਛੋਟੀਆਂ ਅਜ਼ਾਦ ਹਕੂਮਤੀ ਸਟੇਟਾਂ ਦੀ ਸਥਾਪਨਾ ਜਿੱਥੇ ਅਬਦਾਲੀ ਲਈ ਸੈਨਿਕ ਪ੍ਰਤੀਰੋਧ ਤਾਂ ਸੀ ਉੱਥੇ ਅਜਿਹੀ ਹਿੰਮਤ ਉਸ ਦੇ ਗੌਰਵ ਨੂੰ ਠੇਸ ਪਹੁੰਚਾਉਂਦੀ ਸੀ।

ਅਬਦਾਲੀ ਸਿੱਖਾਂ ਨਾਲ ਦੋ-ਦੋ ਹੱਥ ਕਰਨ ਲਈ ਉਤਾਵਲਾ ਸੀ। 27 ਅਕਤੂਬਰ, 1761 ਨੂੰ ਦੀਵਾਲੀ ਦਾ ਦਿਹਾੜਾ ਸੀ। ਖ਼ਾਲਸਾ ਪੰਥ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਇਕੱਠਾ ਹੋਇਆ। ਸਰੱਬਤ ਖ਼ਾਲਸੇ ਨੇ ਅਗਲੇਰੀ ਰਣਨੀਤੀ ਲਈ ਗੁਰਮਤਾ ਕੀਤਾ ਕਿ ਪੰਜਾਬ ਵਿੱਚ ਦੁੱਰਾਨੀ ਬਾਦਸ਼ਾਹ ਦੇ ਮੁਖ਼ਬਰ ਅਤੇ ਭਾਈਵਾਲ ਮੌਜੂਦ ਹਨ। ਦੱਸਣਯੋਗ ਹੈ ਕਿ ਇਸ ਸਮੇਂ ਪੰਜਾਬ ਦਾ ਬਹੁਤ ਸਾਰਾ ਇਲਾਕਾ ਖ਼ਾਲਸੇ ਅਧੀਨ ਆ ਚੁੱਕਾ ਸੀ। ਹੁਣ ਬਾਕੀ ਰਹਿੰਦੇ ਇਲਾਕੇ 'ਤੇ ਕਬਜ਼ਾ ਤਾਂ ਹੀ ਸੰਭਵ ਸੀ ਜੇਕਰ ਪੰਜਾਬ ਵਿੱਚੋਂ ਦੁੱਰਾਨੀ ਬਾਦਸ਼ਾਹ ਦੇ ਏਜੰਟ ਲਾਂਭੇ ਕੀਤੇ ਜਾਂਦੇ। ਜਿਨਾਂ ਵਿੱਚ ਮੁੱਖ ਤੌਰ 'ਤੇ ਜੰਡਿਆਲੇ ਦੇ ਨਿਰੰਜਨੀਏ ਮਹੰਤ ਆਕਿਲ ਦਾਸ, ਕਸੂਰੀਏ, ਮਲੇਰਕੋਟਲੇ ਦੇ ਅਫ਼ਗਾਨ ਅਤੇ ਸਰਹਿੰਦ ਦਾ ਫ਼ੌਜਦਾਰ ਜੈਨ ਖ਼ਾਂ ਸ਼ਾਮਿਲ ਸੀ। ਕਸੂਰੀ ਅਤੇ ਮਲੇਰਕੋਟਲੇ ਵਾਲੇ ਤਾਂ ਅਬਦਾਲੀ ਨਾਲ ਨਸਲੀ ਸਾਂਝ ਰੱਖਦੇ ਸਨ। ਜੈਨ ਖ਼ਾਂ ਨੂੰ ਉਸ ਨੇ ਸਰਹਿੰਦ ਦਾ ਫ਼ੌਜਦਾਰ ਨਿਯੁਕਤ ਕੀਤਾ ਹੋਇਆ ਸੀ ਅਤੇ ਨਿਰੰਜਨੀਆ ਆਕਿਲ ਦਾਸ ਸਿੱਖਾਂ ਨਾਲ ਵੈਸੇ ਹੀ ਨਫ਼ਰਤ ਰੱਖਦਾ ਸੀ।

ਸਰੱਬਤ ਖ਼ਾਲਸੇ ਵਿੱਚ ਗੁਰਮਤਾ ਹੋਇਆ। ਗੁਰਮਤੇ ਨੂੰ ਅਮਲੀਜਾਮਾ ਪਹਿਨਾਉਣ ਲਈ ਬਾਬਾ ਜੱਸਾ ਸਿੰਘ ਰਾਮਗੜੀਆ ਅਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਆਕਿਲ ਦਾਸ ਕੋਲ ਖ਼ਬਰ ਪਹੁੰਚਾ ਦਿੱਤੀ ਕਿ ਉਹ ਬਿਨਾਂ ਲੜਾਈ ਖ਼ਾਲਸੇ ਦੀ ਈਨ ਮੰਨ ਲਵੇ ਤਾਂ ਚੰਗਾ ਹੈ ਅਤੇ ਜੰਡਿਆਲੇ ਨੂੰ ਘੇਰਾ ਪਾ ਲਿਆ। ਪਰ ਹੰਕਾਰੀ ਆਕਿਲ ਦਾਸ ਨੇ ਇਸ ਗੱਲ 'ਤੇ ਗ਼ੌਰ ਕਰਨ ਦੀ ਥਾਂ ਤੇਜ਼ ਸੁਨੇਹਾ ਅਬਦਾਲੀ ਵੱਲ ਭੇਜ ਦਿੱਤਾ। ਤਾਰੀਖ਼-ਏ-ਪੰਜਾਬ ਦੇ ਕਰਤਾ ਘਨਈਆ ਲਾਲ ਲਿਖਦੇ ਹਨ ਕਿ 'ਮਹੰਤ ਆਕਿਲ ਦਾਸ ਨੇ ਇੱਕ ਤੇਜ਼ ਊਠਣੀ-ਸਵਾਰ ਨੂੰ ਇੱਕ ਬੇਨਤੀ ਪੱਤਰ ਦੇ ਕੇ ਕਾਬਲ ਵੱਲ ਤੋਰਿਆ ਅਤੇ ਬਾਦਸ਼ਾਹ ਕੋਲੋਂ ਮਦਦ ਮੰਗੀ।' ਅਬਦਾਲੀ, ਜੋ ਕਿ ਪਹਿਲਾਂ ਤੋਂ ਹੀ ਹਿੰਦੋਸਤਾਨ ਵੱਲ ਚੜ੍ਹਿਆ ਆਉਂਦਾ ਸੀ ਅਤੇ ਸਿੱਖਾਂ ਨਾਲ ਲੜਾਈ ਲਈ ਪਹਿਲਾਂ ਹੀ ਇੱਛਾਵਾਨ ਸੀ, ਉਸ ਨੂੰ ਇਹ ਸੁਨੇਹਾ ਰੋਹਤਾਸ ਕੋਲ ਮਿਲਿਆ। ਉਹ ਤੇਜ਼ੀ ਨਾਲ ਜੰਡਿਆਲੇ ਵੱਲ ਵਧਿਆ।

ਇਸ ਸਮੇਂ ਸਰਦਾਰ ਜੱਸਾ ਸਿੰਘ ਨੂੰ ਅਬਦਾਲੀ ਦੇ ਆਉਣ ਦੀ ਸੂਹ ਲੱਗ ਚੁੱਕੀ ਸੀ। ਸਾਰੇ ਸਰਦਾਰਾਂ ਨੇ ਸਲਾਹ ਕਰਕੇ ਜੰਡਿਆਲੇ ਤੋਂ ਘੇਰਾ ਚੁੱਕ ਲਿਆ ਤਾਂ ਜੋ ਆਪਣੇ ਟੱਬਰਾਂ ਨੂੰ ਸਤਲੁਜ ਪਾਰ ਕਿਸੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ ਜਾ ਸਕੇ ਅਤੇ ਉਪਰੰਤ ਉਹ ਬੇਫ਼ਿਕਰੀ ਨਾਲ ਅਬਦਾਲੀ ਨਾਲ ਸਿੱਝ ਸਕਣ।

ਡਾ. ਗੰਡਾ ਸਿੰਘ ਘੇਰਾ ਚੁੱਕਣ ਦਾ ਦੂਜਾ ਕਾਰਨ ਇਹ ਲਿਖਦੇ ਹਨ ਕਿ ਸਿੱਖ ਸਰਦਾਰ ਇਹ ਚੰਗੀ ਤਰਾਂ ਜਾਣਦੇ ਸਨ ਕਿ ਅਬਦਾਲੀ ਦੀਆਂ ਪਿਛਲੀਆਂ ਲੜਾਈਆਂ ਮਥੁਰਾ, ਬ੍ਰਿੰਦਾਬਨ ਅਤੇ ਪਾਨੀਪਤ ਦੌਰਾਨ ਕਿਵੇਂ ਔਰਤਾਂ ਅਤੇ ਬੱਚਿਆਂ ਨੂੰ ਕੈਦ ਕਰਕੇ ਆਪਣੇ ਨਾਲ ਲੈ ਗਿਆ ਸੀ ਜਿਸ ਉਪਰੰਤ ਜੱਸਾ ਸਿੰਘ ਨੇ ਛੁਡਾਇਆ ਸੀ ਅਤੇ ਸਿੱਖ ਇਸ ਸਮੇਂ ਅਜਿਹੀ ਕਿਸੇ ਵੀ ਸਥਿਤੀ ਵਿੱਚ ਨਹੀਂ ਪੈਣਾ ਚਾਹੁੰਦੇ ਸਨ।

ਸਿੱਖਾਂ ਘੇਰਾ ਚੁੱਕਣ ਤੋਂ ਬਾਅਦ ਮਲੇਰਕੋਟਲੇ ਕੋਲ ਡੇਰਾ




ਕੀਤਾ। ਇਸ ਸਮੇਂ ਵਹੀਰ ਵਿੱਚ ਛੋਟੇ ਬੱਚੇ, ਬਜ਼ੁਰਗ ਅਤੇ ਔਰਤਾਂ ਸ਼ਾਮਿਲ ਸਨ। ਭੀਖਣ ਖਾਂ, ਮਲੇਰਕੋਟਲੇ ਦੇ ਅਫ਼ਗਾਨ ਹਾਕਮ ਨੂੰ ਜਦੋਂ ਪਤਾ ਲੱਗਾ ਕਿ ਸਿੱਖ ਰਾਏਪੁਰ ਗੁੱਜਰਵਾਲੋਂ ਦੱਖਣ ਵੱਲ, ਮਲੇਰਕੋਟਲੇ ਤੋਂ ਅੱਠ-ਦਸ ਮੀਲ ਦੂਰੀ 'ਤੇ ਹਨ ਤਾਂ ਉਸ ਨੇ ਇਹ ਖ਼ਬਰ ਜੈਨ ਖ਼ਾਂ, ਸਰਹਿੰਦ ਦੇ ਫ਼ੌਜਦਾਰ ਨੂੰ ਪਹੁੰਚਾ ਦਿੱਤੀ ਅਤੇ ਅਬਦਾਲੀ ਨੂੰ ਸੁਨੇਹਾ ਭੇਜ ਦਿੱਤਾ।

3 ਫ਼ਰਵਰੀ, 1762 ਨੂੰ ਅਬਦਾਲੀ ਨੇ ਲਾਹੌਰੋਂ ਕੂਚ ਕੀਤਾ ਅਤੇ ਜੈਨ ਖ਼ਾਂ ਨੂੰ ਸੁਨੇਹਾ ਲਾ ਦਿੱਤਾ ਕਿ ਉਹ ਸਿੱਖਾਂ 'ਤੇ ਅਗਲੇ ਪਾਸਿਓਂ ਹਮਲਾ ਕਰੇ।

ਅਬਦਾਲੀ ਦਾ ਸੁਨੇਹਾ ਮਿਲਦੇ ਸਾਰ ਹੀ ਜੈਨ ਖ਼ਾਂ, ਭੀਖਣ ਖ਼ਾਂ, ਮੁਰਤਜ਼ਾ ਖ਼ਾਂ ਵੜਾਇਚ, ਕਾਸਿਮ ਖ਼ਾਂ, ਦੀਵਾਨ ਲਕਸ਼ਮੀ ਨਾਰਾਇਣ ਸਿੱਖਾਂ ਦੇ ਵਿਆਪਕ ਕਤਲੇਆਮ ਦੀ ਤਿਆਰੀ ਕਰਨ ਲੱਗੇ।

5 ਫ਼ਰਵਰੀ, 1762 ਦੀ ਹਨੇਰੀ ਸਵੇਰ ਨੂੰ ਜੈਨ ਖ਼ਾਂ ਦੀਆਂ ਫ਼ੌਜਾਂ ਕੁੱਪ ਪਿੰਡ ਪਹੁੰਚ ਗਈਆਂ ਜਿੱਥੇ ਸਿੰਘ ਰੁਕੇ ਹੋਏ ਸਨ। ਜੈਨ ਖ਼ਾਂ ਦੇ ਕਮਾਂਡਰ ਕਾਸਿਮ ਖ਼ਾਂ ਨੇ ਸਿੱਖਾਂ 'ਤੇ ਪਹਿਲਾ ਹਮਲਾ ਕੀਤਾ। ਸਿੱਖਾਂ ਲਈ ਇਹ ਹਮਲਾ ਅਚੰਭਿਤ ਸੀ, ਉਹ ਕਿਸੇ ਵੀ ਤਰਾਂ ਜੰਗ ਲਈ ਤਿਆਰ ਨਹੀਂ ਸਨ। ਅਚਨਚੇਤ ਹਮਲੇ ਬਾਰੇ ਜਦੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਨੂੰ ਪਤਾ ਲੱਗਾ ਤਾਂ ਉਹ ਤੇਜ਼ੀ ਨਾਲ ਵਹੀਰ ਦੀ ਸੁਰੱਖਿਆ ਲਈ ਅੱਗੇ ਵਧੇ। ਸਿੱਖ ਸਰਦਾਰਾਂ ਨੇ ਜਿਸ ਜੋਸ਼ ਅਤੇ ਸੂਰਬੀਰਤਾ ਨਾਲ ਜਵਾਬੀ ਹਮਲਾ ਕੀਤਾ ਉਸ ਨੂੰ ਤਹਿਮਾਸ ਨਾਮੇ ਦਾ ਕਰਤਾ ਇਉਂ ਲਿਖਦਾ ਹੈ, 'ਕਾਸਿਮ ਖ਼ਾਂ ਸਿੱਖਾਂ ਦੇ ਹਮਲੇ ਅੱਗੇ ਨਾ ਖੜ ਸਕਿਆ। ਉਹ ਪਿੱਛੇ ਹਟਣ ਲੱਗਿਆ। ਮੈਂ ਉਸ ਨੂੰ ਰੋਕਿਆ ਕਿ ਅਜਿਹਾ ਨਾ ਕਰੇ। ਪਰ ਉਸ ਨੇ ਮੇਰੀ ਸੁਣੀ ਨਹੀਂ। ਉਹ ਮਲੇਰਕੋਟਲੇ ਵੱਲ ਭੱਜ ਗਿਆ।' ਤਹਿਮਾਸ ਖ਼ਾਂ ਨੇ ਫਿਰ ਆਪਣੀ ਫ਼ੌਜ ਨੂੰ ਮੁਰਤਜ਼ਾ ਖ਼ਾਂ ਵੜਾਇਚ ਨਾਲ ਮਿਲਾ ਲਿਆ ਜੋ ਕਿ ਪੰਜ ਸੌ ਫ਼ੌਜ ਦੀ ਟੁਕੜੀ ਨਾਲ ਉੱਥੇ ਮੌਜੂਦ ਸੀ।

ਸੂਰਜ ਦੀ ਟਿੱਕੀ ਚੜ੍ਹਨ ਨਾਲ ਅਹਿਮਦ ਸ਼ਾਹ ਅਬਦਾਲੀ ਵੀ ਜੰਗ ਵਿੱਚ ਪਹੁੰਚ ਚੁਕਿਆ ਸੀ।

ਤਹਿਮਾਸ ਖ਼ਾਂ ਲਿਖਦਾ ਹੈ ਕਿ 'ਅਬਦਾਲੀ ਨੇ ਸਾਡੀ ਫ਼ੌਜ ਨੂੰ ਘੇਰਾ ਪਾ ਲਿਆ। ਮੈਂ ਇਕੱਲਾ ਹੀ ਸੀ ਜਿਸਨੇ ਕੁਲਾ (ਮੁਸਲਮਾਨੀ ਕਵਚ) ਪਹਿਨਿਆ ਹੋਇਆ ਸੀ। ਮੈਂ ਸ਼ਾਹੀ ਫ਼ੌਜ ਨੂੰ ਸਮਝਾਇਆ ਕਿ ਅਸੀਂ ਸ਼ਾਹ ਦੇ ਮਦਦਗਾਰ ਹੀ ਹਾਂ। ਅਹਿਮਦ ਸ਼ਾਹ ਮੇਰੇ ਸਪਸ਼ਟੀਕਰਨ ਨਾਲ ਸੰਤੁਸ਼ਟ ਹੋ ਗਿਆ।' ਅਹਿਮਦ ਸ਼ਾਹ ਨੇ ਆਪਣੇ ਉਜ਼ਬਕ ਦਸਤਿਆਂ ਨੂੰ ਇਹ ਹੁਕਮ ਦਿੱਤਾ ਹੋਇਆ ਸੀ ਕਿ ਜਿੱਥੇ ਵੀ ਕੋਈ ਪੰਜਾਬੀ ਕੱਪੜਿਆਂ ਵਾਲਾ ਮਿਲੇ ਉਸ ਨੂੰ ਮਾਰ ਦਿਓ। ਜੈਨ ਖ਼ਾਂ ਨੇ ਆਪਣੇ ਸੈਨਿਕਾਂ ਨੂੰ ਦਰੱਖਤਾਂ ਦੇ ਹਰੇ ਪੱਤੇ ਆਪਣੇ ਸਿਰਾਂ 'ਤੇ ਟੰਗਣ ਦਾ ਹੁਕਮ ਦਿੱਤਾ ਤਾਂ ਜੋ ਲੜਾਈ ਵੇਲੇ ਉਨਾਂ ਦੀ ਪਹਿਚਾਣ ਆ ਸਕੇ।

ਸਿੱਖ ਸਰਦਾਰਾਂ ਨੇ ਵਿਚਾਰ ਕੀਤੀ ਕਿ ਡਟਵੀਂ ਲੜਾਈ ਤਾਂ ਹੀ ਸੰਭਵ ਹੈ ਜੇਕਰ ਉਹ ਬਜ਼ੁਰਗਾਂ, ਬੱਚਿਆਂ ਅਤੇ ਔਰਤਾਂ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਾ ਸਕਣ। ਉਨਾਂ ਫ਼ੈਸਲਾ ਕੀਤਾ ਕਿ ਪਰਿਵਾਰਾਂ ਨੂੰ ਮਾਲਵੇ ਦੇ ਸਰਦਾਰਾਂ ਦੇ ਵਕੀਲਾਂ ਨਾਲ ਸੁਰੱਖਿਅਤ ਜਗਾ ਤੋਰ ਦਿੱਤਾ ਜਾਵੇ। ਕੈਥਲ ਦੇ ਵਕੀਲ ਸੰਗੂ ਸਿੰਘ, ਆਲਾ ਸਿੰਘ ਦੇ ਵਕੀਲ ਸੇਖੂ ਸਿੰਘ ਹੰਬਲਵਾਲੇ ਅਤੇ ਭਾਈ ਬੁੱਢਾ ਸਿੰਘ ਦੇ ਵਕੀਲ ਨੂੰ ਕਿਹਾ ਕਿ ਉਹ ਵਹੀਰ ਨੂੰ ਕਿਸੇ ਸੁਰੱਖਿਅਤ ਥਾਂ ਪਰ ਲੈ ਜਾਣ। ਵਹੀਰ ਅਜੇ ਕੇਵਲ ਤਿੰਨ-ਚਾਰ ਮੀਲ ਹੀ ਗਈ ਸੀ ਕਿ ਵਲੀ ਖ਼ਾਂ ਅਤੇ ਭੀਖਣ ਖ਼ਾਨ ਨੇ ਉਨਾਂ 'ਤੇ ਹਮਲਾ ਕਰ ਦਿੱਤਾ।

ਹੁਣ ਨਵੀਂ ਰਣਨੀਤੀ ਮੁਤਾਬਕ ਖ਼ਾਲਸਾ ਜੀ ਨੇ ਵਹੀਰ ਦੇ ਆਲੇ-ਦੁਆਲੇ ਗੋਲ ਘੇਰਾ ਬਣਾ ਲਿਆ ਤਾਂ ਜੋ ਫ਼ੌਜ ਨਾਲ ਲੜਦੇ-ਲੜਦੇ ਹੀ ਵਹੀਰ ਦਾ ਬਚਾਅ ਕੀਤਾ ਜਾ ਸਕੇ। ਸਿੰਘ ਵਹੀਰ ਦੁਆਲੇ ਕੁੰਡਲ ਬਣਾਈ ਤੁਰਦੇ-ਤੁਰਦੇ ਲੜ ਰਹੇ ਸਨ। ਇਸ ਵੇਲੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਅਤੇ ਸਰਦਾਰ ਸ਼ਾਮ ਸਿੰਘ ਵਹੀਰ ਅਤੇ ਲੜਾਕੂ ਸਿੰਘਾਂ ਦੀ ਅਗਵਾਈ ਕਰ ਰਹੇ ਸਨ। ਉਹ ਵਹੀਰ ਦੇ ਆਲੇ-ਦੁਆਲੇ ਇੱਕ ਕੁੰਡਲ ਬਣਾ ਕੇ ਸ਼ਾਹੀ ਫ਼ੌਜ ਦਾ ਮੁਕਾਬਲਾ ਕਰਦੇ ਅੱਗੇ ਵਧ ਰਹੇ ਸਨ। ਉਨਾਂ ਦਾ ਲਗਾਤਾਰ ਅੱਗੇ ਵਧੀ ਜਾਣਾ ਅਬਦਾਲੀ ਫ਼ੌਜ ਨੂੰ ਕੋਈ ਖ਼ਾਸ ਕਾਮਯਾਬੀ ਨਹੀਂ ਦੇ ਰਿਹਾ ਸੀ। ਕਈ ਕੋਸ਼ਿਸ਼ਾਂ ਦੇ ਬਾਵਜੂਦ ਉਹ ਸਿੱਖਾਂ ਦਾ ਕੁੰਡਲ ਤੋੜਨ ਵਿੱਚ ਕਾਮਯਾਬ ਨਾ ਹੋ ਸਕੇ ਅਤੇ ਨਾ ਹੀ ਸਿੱਖਾਂ ਦੇ ਲਗਾਤਾਰ ਅੱਗੇ ਵਧਣ ਨੂੰ ਬੰਨ ਲਾਇਆ ਜਾ ਸਕਿਆ। ਖਿਝੇ ਹੋਏ ਅਬਦਾਲੀ ਨੇ ਜੈਨ ਖ਼ਾਂ ਅਤੇ ਲਕਸ਼ਮੀ ਨਾਰਾਇਣ ਨੂੰ ਸੁਨੇਹਾ ਭੇਜਿਆ ਕਿ ਤੁਸੀਂ ਸਿੱਖਾਂ ਨੂੰ ਅੱਗਿਓਂ ਰੋਕਦੇ ਕਿਉਂ ਨਹੀਂ? ਸੁਨੇਹਾਕਾਰ ਨੇ ਕਿਹਾ, 'ਜੇ ਤੁਸੀਂ ਉਨਾਂ ਦੀ ਚਾਲ ਨੂੰ ਅੱਗਿਓਂ ਡੱਕ ਲਵੋ ਅਸੀਂ ਸਿੱਖਾਂ ਨੂੰ ਖ਼ਤਮ ਕਰਨ ਵਿੱਚ ਬਹੁਤਾ ਸਮਾਂ ਨਹੀਂ ਲਾਵਾਂਗੇ'। ਜੈਨ ਖ਼ਾਂ ਨੇ ਜਵਾਬ ਦਿੱਤਾ, 'ਪਰ ਇਹ ਸੰਭਵ ਨਹੀਂ ਕਿ ਉਨਾਂ ਨੂੰ ਅੱਗਿਓਂ ਰੋਕਿਆ ਜਾ ਸਕੇ'। ਵਹੀਰ ਲਗਾਤਾਰ ਅੱਗੇ ਵਧ ਰਹੀ ਸੀ। ਕਈ ਬਜ਼ੁਰਗ ਅਤੇ ਬੱਚੇ ਥੱਕ ਟੁੱਟ ਕੇ ਡਿਗ ਪਏ ਸਨ। ਕਈ ਪਿੰਡ ਲੰਘੇ ਪਰ ਕਿਸੇ ਨੇ ਠਾਹਰ ਨਾ ਦਿੱਤੀ। ਜਿੱਥੋਂ ਕਿਤੋਂ ਅਫ਼ਗਾਨੀ ਫ਼ੌਜ ਦਾ ਦਾਅ ਲਗਦਾ ਉਹ ਸਿੱਖਾਂ ਦਾ ਬਹੁਤ ਜਾਨੀ ਨੁਕਸਾਨ ਕਰਦੇ। ਹੁਣ ਕਿਤੋਂ-ਕਿਤੋਂ ਕੁੰਡਲ ਵਿੱਚ ਪਾੜ ਪੈ ਚੁੱਕਾ ਸੀ। ਫੇਰ ਵੀ ਸਿੱਖ ਪੂਰੀ ਸੂਰਬੀਰਤਾ ਨਾਲ ਲੜ ਰਹੇ ਸਨ।

ਦੁਪਹਿਰੋਂ ਬਾਅਦ ਸਿੱਖ ਕੁਤਬਾ ਅਤੇ ਬਾਹਮਣੀ ਪਿੰਡ ਪਹੁੰਚੇ ਤਾਂ ਜੋ ਭੁੱਖੇ ਤਿਹਾਇਆਂ ਨੂੰ ਕੋਈ ਠਾਹਰ ਮਿਲ ਸਕੇ। ਪਰ ਇਹ ਪਿੰਡ ਰੰਗੜਾਂ ਦੇ ਸਨ ਜੋ ਕਿ ਮਲੇਰਕੋਟਲੇ ਦੇ ਅਫ਼ਗਾਨਾਂ ਨਾਲ ਸਬੰਧ ਰੱਖਦੇ ਸਨ। ਠਾਹਰ ਦੀ ਬਜਾਏ ਰੰਗੜਾਂ ਨੇ ਵਹੀਰ 'ਤੇ ਹੱਲਾ ਬੋਲ ਦਿੱਤਾ ਅਤੇ ਕਤਲੇਆਮ ਕਰਨਾ ਸ਼ੁਰੂ ਕਰ ਦਿੱਤਾ। ਰਤਨ ਸਿੰਘ ਭੰਗੂ ਲਿਖਦੇ ਹਨ ਚੜ੍ਹਤ ਸਿੰਘ ਉਨਾਂ ਦੇ ਬਚਾਅ ਲਈ ਅੱਗੇ ਵਧਿਆ ਅਤੇ ਹਮਲਾਵਰ ਰੰਗੜਾਂ ਨੂੰ ਪਿੱਛੇ ਧੱਕ ਦਿੱਤਾ।

ਇਸ ਸਮੇਂ ਤੱਕ ਕੁੰਡਲ ਕਈ ਥਾਵਾਂ ਤੋਂ ਟੁੱਟ ਚੁੱਕਾ ਸੀ। ਬਜ਼ੁਰਗ ਬੱਚਿਆਂ ਅਤੇ ਔਰਤਾਂ ਦੀਆਂ ਕਈ ਹਜ਼ਾਰ ਜਾਨਾਂ ਜਾ ਚੁੱਕੀਆਂ ਸਨ ਪਰ ਲੜਾਈ ਉਸੇ ਤਰਾਂ ਜਾਰੀ ਸੀ। ਹਥਿਆਰਾਂ ਦੀ ਘਾਟ ਅਤੇ ਅਯੋਗ ਹਾਲਾਤ ਦੇ ਬਾਵਜੂਦ ਸਿੰਘ ਸੂਰਬੀਰਤਾ ਨਾਲ ਜੂਝੇ।

ਸ਼ਾਹ ਦੇ ਫ਼ੌਜੀ ਦਸਤੇ ਹੁਣ ਥੱਕ ਕੇ ਚੂਰ ਹੋ ਚੁੱਕੇ ਸਨ। ਪਿਛਲੇ 36 ਘੰਟਿਆਂ ਦੌਰਾਨ ਉਨਾਂ ਲਗਭਗ 240 ਕਿਲੋਮੀਟਰ ਦਾ ਪੰਧ ਦੁਸ਼ਮਣ ਨਾਲ ਲੜਦਿਆਂ ਕੱਢਿਆ ਸੀ। ਅਬਦਾਲੀ ਨੇ ਬਰਨਾਲੇ ਨੇੜੇ ਲੜਾਈ ਰੋਕਣ ਦੇ ਹੁਕਮ ਦਿੱਤੇ। ਅਹਿਮਦ ਸ਼ਾਹ ਸਿੱਖਾਂ ਦੇ ਹੱਥ ਦੇਖ ਚੁੱਕਾ ਸੀ। ਉਹ ਜਾਣਦਾ ਸੀ ਕਿ ਸਿੱਖ ਅਚਨਚੇਤ ਹੱਲੇ ਹੇਠ ਆ ਫਸੇ ਹਨ। ਜਦੋਂ ਵੀ ਮੌਕਾ ਲੱਗਾ ਉਹ ਜ਼ਖ਼ਮੀ ਸ਼ੇਰ ਵਾਂਗ ਵੱਡਾ ਹੰਭਲਾ ਜ਼ਰੂਰ ਮਾਰਨਗੇ ਅਤੇ ਅਗਲਾ ਇਲਾਕਾ ਵੀ ਸਿੱਖ ਵਸੋਂ ਵਾਲਾ ਆ ਰਿਹਾ ਸੀ। ਇਨਾਂ ਗੱਲਾਂ ਦੇ ਮੱਦੇਨਜ਼ਰ ਉਸ ਨੇ ਅੱਗੇ ਵਧਣਾ ਮੁਨਾਸਬ ਨਾ ਸਮਝਿਆ।

ਸਿੱਖ ਸਰਦਾਰਾਂ ਬੜੀ ਦਲੇਰੀ ਅਤੇ ਜ਼ਿੰਮੇਵਾਰੀ ਵਾਲੀ ਭੂਮਿਕਾ ਨਿਭਾਈ। ਤੁਰਦੇ-ਤੁਰਦੇ ਲੜਦੇ ਰਹੇ। ਸਿੰਘ ਥੱਕ ਚੁੱਕੇ ਸਨ। ਘੋੜੇ ਨਿਢਾਲ ਸਨ। ਪਰ ਸਰਦਾਰ ਚੜ੍ਹਤ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਆਪਣੇ ਹਠ 'ਤੇ ਅੜੇ ਹੋਏ ਸਨ। ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਅਨੁਸਾਰ ਜੱਸਾ ਸਿੰਘ ਨੂੰ ਜੰਗ ਦੌਰਾਨ 22 ਜ਼ਖ਼ਮ ਅਤੇ ਚੜ੍ਹਤ ਸਿੰਘ ਨੂੰ 16 ਜ਼ਖ਼ਮ ਲੱਗੇ। ਕੋਈ ਵੀ ਸਰਦਾਰ ਅਜਿਹਾ ਨਹੀਂ ਸੀ ਜਿਸ ਨੂੰ 5-7 ਜ਼ਖ਼ਮ ਨਾ ਲੱਗੇ ਹੋਣ।

ਅਹਿਮਦ ਸ਼ਾਹ ਅਬਦਾਲੀ ਨੇ 15 ਫਰਵਰੀ ਤੱਕ ਸਰਹੰਦ ਟਿਕਾਣਾ ਕੀਤਾ। ਇੱਥੇ ਹੀ ਆਲਾ ਸਿੰਘ, ਫੂਲਕੀਆ ਮਿਸਲ, ਅਬਦਾਲੀ ਅੱਗੇ ਪੇਸ਼ ਹੋਇਆ ਅਤੇ 6 ਲੱਖ 25 ਹਜ਼ਾਰ ਰੁਪਿਆ ਨਜ਼ਰਾਨੇ ਵਜੋਂ ਭੇਟ ਕੀਤਾ। ਦੱਸਣਯੋਗ ਹੈ ਕਿ ਆਲਾ ਸਿੰਘ ਨੇ ਅਬਦਾਲੀ ਦੇ ਪਿਛਲੇ ਹੱਲੇ ਦੌਰਾਨ ਉਸ ਦੀ ਅਧੀਨਗੀ ਕਬੂਲ ਲਈ ਸੀ। ਵਹੀਰ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ ਲਾਉਣਾ ਕਾਫੀ ਮੁਸ਼ਕਿਲ ਹੈ। ਅਲੱਗ-ਅਲੱਗ ਵਿਦਵਾਨਾਂ ਵਲੋਂ ਵੱਖਰੇ-ਵੱਖਰੇ ਅੰਕੜੇ ਦਿੱਤੇ ਗਏ ਹਨ ਪਰ ਇਸ ਪੱਧਰ ਦਾ ਜਾਨੀ ਨੁਕਸਾਨ ਸਿੱਖਾਂ ਦਾ ਪਹਿਲਾਂ ਕਦੇ ਨਹੀਂ ਸੀ ਹੋਇਆ। ਐਡਾ ਵੱਡਾ ਜਾਨੀ ਨੁਕਸਾਨ ਕਿਸੇ ਵੀ ਕੌਮ ਲਈ ਅਸਹਿ ਹੁੰਦਾ ਹੈ ਪਰ ਸਿੱਖ ਪਿਛਲੇ 50 ਸਾਲਾਂ ਤੋਂ ਕਈ ਕਤਲੇਆਮਾਂ ਵਿੱਚੋਂ ਲੰਘ ਚੁੱਕੇ ਸਨ। ਗੁਰੂ ਭਾਣੇ ਅੰਦਰ ਉਹ ਡੋਲੇ ਨਹੀਂ ਅਤੇ ਇਸ ਅਗੰਮੀ ਖੇਡ ਨੂੰ ਭਾਣਾ ਸਮਝ ਕੇ ਹੱਸ ਸਹਿ ਲਿਆ।

ਇਸ ਚੜ੍ਹਦੀ ਕਲਾ ਦਾ ਅਹਿਸਾਸ ਘੱਲੂਘਾਰੇ ਵਾਲੀ ਸ਼ਾਮ ਇੱਕ ਨਿਹੰਗ ਸਿੰਘ ਦੇ ਬੋਲਾਂ ਤੋਂ ਸਹਿਜੇ ਹੀ ਹੋ ਜਾਂਦਾ ਹੈ, ਸਿੰਘ ਉੱਚੀ-ਉੱਚੀ ਕਹਿ ਰਿਹਾ ਸੀ।

ਤੱਤ ਖ਼ਾਲਸੋ ਸੋ ਰਹਯੋ, ਗਯੋ ਸੋ ਖੋਟ ਗਵਾਇ।

ਭਾਵ, ਖਾਲਸਾ ਜਿਉਂ ਦਾ ਤਿਉਂ ਅਡੋਲ ਹੈ, ਮੋਹ ਮਾਇਆ ਦੀ ਨਾਸ਼ਵਾਨ ਮੂਰਤ ਜੋ ਸੀ ਉਹ ਅਲੋਪ ਹੋ ਗਈ ਹੈ।

## ਧਰਮ ਯੁੱਧ

ਹੇ ਦਸ਼ਮੇਸ਼ ਪਿਤਾ
ਮੈਂ ਉਸ ਤਹਿਰੀਕ ਨੂੰ
ਆਪਣੇ ਬਹੁਤ ਨੇੜੇ ਪਾਉਂਦਾ ਹਾਂ
ਜਿਸ ਨੂੰ ਜੀਵਿਆ ਸੀ ਤੁਸਾਂ
ਆਪਣੀ ਦ੍ਰਿੜਤਾ ਤੇ ਸੰਘਰਸ਼ ਨਾਲ।
ਤਬਦੀਲ ਕੀਤਾ ਸੀ ਸਮੇਂ ਦੇ ਇਤਿਹਾਸ ਨੂੰ
ਇਸ ਵਰਤਮਾਨ ਵਿਚ।
ਮੈਂ ਮਾਛੀਵਾੜੇ ਦੇ ਸਰਦ ਰਾਤ ਦੀ
ਭਿਅੰਕਰ ਪੀੜ ਨੂੰ
ਜਦ ਵੀ ਮਹਿਸੂਸ ਕਰਦਾ ਹਾਂ
ਤੁਹਾਡੇ ਵਿਚਾਰਾਂ ਦੀ ਲਹਿਰ ਵਿਚ
ਪੈਦਾ ਹੁੰਦਾ ਏ ਇਕ ਧਰਮ ਯੁੱਧ
ਮੇਰੇ ਰੋਮ ਰੋਮ ਵਿਚ।
ਤੁਸੀਂ ਬਿਲਕੁਲ ਜੋਤੀ ਜੋਤ ਨਹੀਂ ਸਮਾਏ,
ਵਸਦੇ ਹੋ ਸਾਡੀ ਚੇਤਨਾ ਵਿਚ,
ਸਾਡੀ ਵਿਚਾਰਧਾਰਾ ਵਿਚ,
ਸਾਡੇ ਸੰਘਰਸ਼ਾਂ ਵਿਚ।
ਬਰਾਬਰੀ, ਸਮਾਨਤਾ ਤੇ ਅਜ਼ਾਦੀ ਦੇ ਲਈ
ਧਰਮ ਯੁਧ ਜਾਰੀ ਰਹੇਗਾ
ਜਦ ਤਕ ਕਿ
ਸਾਡੇ ਮੁਰਝਾਏ ਬੂਟਿਆਂ ਦੇ
ਹਿੱਸੇ ਦਾ ਸੂਰਜ
ਉੱਗ ਨਹੀਂ ਜਾਂਦਾ।

**ਬਲਵਿੰਦਰ ਪਾਲ ਸਿੰਘ**

# ਅਜੋਕੀ ਸਿਆਸਤ ਲਈ ਪ੍ਰੇਰਨਾ ਦਾ ਸਰੋਤ ਗੁਰੂ ਗੋਬਿੰਦ ਸਿੰਘ ਦਾ ਸੱਚੀ ਪਾਤਸ਼ਾਹੀ ਦਾ ਸੰਕਲਪ

**ਡਾਕਟਰ ਰਜਿੰਦਰ ਸਿੰਘ**
**7009356607**

ਸ੍ਰੀ ਗੁਰੂ ਗੋਬਿੰਦ ਸਿੰਘ ਕੋਲ ਮੌਤ ਤੋਂ ਪਾਰ ਜ਼ਿੰਦਗੀ ਦਾ ਸੁਨੇਹਾ ਹੈ। ਤਾਨਾਸ਼ਾਹੀ ਦੀ ਥਾਂ ਲੋਕਤੰਤਰ ਦੀ ਸਵੇਰ ਦਾ ਹੁਸਨ ਹੈ। ਇਤਿਹਾਸ ਦੇ ਦਰਵਾਜ਼ੇ 'ਤੇ 'ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ' ਦੀ ਦਸਤਕ ਹੈ। ਕੂੜ ਦੇ ਹਨੇਰ ਨੂੰ ਚੀਰਦੇ ਚਾਨਣ ਦੇ ਤੀਰਾਂ ਦੀ ਬਰਸਾਤ ਹੈ। ਸ਼ੋਸ਼ਣ ਨੂੰ ਵੰਗਾਰਦੀ ਤੇਗ ਦੀ ਚਮਕ ਹੈ। ਮਜ਼ਲੂਮ ਜਨਤਾ ਦਾ ਹੱਥ ਫੜਨ ਦਾ ਇਕਰਾਰ ਹੈ। ਗੁਰੂ ਕੋਲ ਜਿੱਤ ਦਾ ਮਾਣ ਨਹੀਂ ਵਾਹਿਗੁਰੂ ਜੀ ਕੀ ਫ਼ਤਿਹ ਦਾ ਜੈਗਾਨ ਹੈ। ਮਾਨਵਤਾ ਲਈ ਸਰਬੰਸ ਵਾਰ ਦੇਣ ਦਾ ਲਾਸਾਨੀ ਇਤਿਹਾਸ ਹੈ। ਸਮੁੱਚੇ ਸੰਸਾਰ ਨੂੰ ਆਪਣੇ ਪਰਿਵਾਰ ਵਜੋਂ ਦੇਖਣ ਦੀ ਲੰਮੀ ਨਦਰਿ ਗੁਰੂ ਜੀ ਨੂੰ ਦਸ਼ਮੇਸ਼ ਪਿਤਾ ਵਜੋਂ ਸਥਾਪਿਤ ਕਰਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਿਅਕਤੀਵਾਦ ਦੀ ਥਾਂ ਸਮੂਹ ਨੂੰ ਕੇਂਦਰ ਵਿਚ ਰੱਖ ਕੇ ਲੋਕਤੰਤਰ ਦੀ ਮਹਾਨਤਾ ਨੂੰ ਮੂਰਤੀਮਾਨ ਕੀਤਾ। ਵਿਅਕਤੀ ਨੂੰ ਨਿੱਜੀ ਲਾਲਸਾ ਲਈ ਸਮਾਜਿਕ ਵਿਵਸਥਾ ਵਿਚ ਖ਼ਲਲ ਪਾਉਣ ਦੀ ਥਾਂ ਦੂਜਿਆਂ ਦੀ ਸੇਵਾ ਲਈ ਸਮਰਪਿਤ ਹੋਣ ਦੀ ਰਮਜ਼ ਸਮਝਾਈ। ਅਕਾਲ ਪੁਰਖ ਨੂੰ ਅੰਗ-ਸੰਗ ਸਮਝ ਕੇ ਨੇਕੀ ਦੇ ਰਾਹ ਤੁਰ ਰਹੇ ਮਨੁੱਖ ਅੰਦਰ ਇਕ ਦੂਜੇ ਲਈ ਪਿਆਰ-ਸਤਿਕਾਰ ਤੇ ਦੂਜਿਆਂ ਦੇ ਜਾਇਜ਼ ਅਧਿਕਾਰਾਂ ਦਾ ਸਨਮਾਨ ਕਰਨ ਦਾ ਸੱਭਿਆਚਾਰ ਵਿਕਸਤ ਕੀਤਾ।

ਖ਼ਾਲਸੇ ਦਾ ਰੋਮ-ਰੋਮ ਵਾਹਿਗੁਰੂ ਜੀ ਕੀ ਫ਼ਤਿਹ ਵਿਚ ਯਕੀਨ ਕਰਦਾ ਹੈ। ਇਸੇ ਕਾਰਨ ਸਿੱਖਾਂ ਨੇ ਸਵਾ ਲੱਖ ਨਾਲ ਜੂਝਣ ਦਾ ਬੇਮਿਸਾਲ ਇਤਿਹਾਸ ਰਚਿਆ। ਗੁਰੂ ਗੋਬਿੰਦ ਸਿੰਘ ਜੀ ਨੇ ਸਹੀ ਅਰਥਾਂ ਵਿਚ ਲੋਕਤੰਤਰ ਦੀ ਸਟੀਕ ਪਰਿਭਾਸ਼ਾ 'ਤੇ ਇਸ ਦੀ ਮਹੱਤਤਾ ਤੋਂ ਸੰਸਾਰ ਨੂੰ ਜਾਣੂ ਕਰਵਾਇਆ। ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਅਨੁਸਾਰ ਮਨੁੱਖੀ ਅਧਿਕਾਰਾਂ ਦੀ ਰਾਖੀ 'ਤੇ ਰਾਜਨੀਤਕ ਸੁਤੰਤਰਤਾ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫਰਾਂਸ ਦੀ ਕ੍ਰਾਂਤੀ ਤੋਂ 90 ਸਾਲ ਪਹਿਲਾਂ ਜਬਰ-ਜ਼ੁਲਮ ਤੇ ਤੁਲੀ ਹੋਈ ਹਕੂਮਤ ਖਿਲਾਫ਼ ਸੰਘਰਸ਼ ਦਾ ਬਿਗਲ ਬਜਾਉਣ ਦਾ ਕਾਰਨਾਮਾ ਕੀਤਾ।

**ਸਿਖ ਵਿਰਸਾ**

ਪੰਜ ਪਿਆਰਿਆਂ ਦੀ ਸੰਸਥਾ ਲੋਕਤੰਤਰ ਲਈ ਆਦਰਸ਼ ਹੈ, ਇਸ ਵਿਚ ਆਪਹੁਦਰੇਪਨ ਲਈ ਸੂਈ ਦੇ ਨੱਕੇ ਜਿੰਨੀ ਵੀ ਥਾਂ ਨਹੀਂ। ਸਿੱਖ ਅਰਦਾਸ ਵਿਚ ਪੰਜ ਪਿਆਰਿਆਂ ਦਾ ਜ਼ਿਕਰ ਗੁਰੂ ਸਾਹਿਬ ਦੇ ਸ਼ਹੀਦ ਹੋਏ ਸਾਹਿਬਜ਼ਾਦਿਆਂ ਤੋਂ ਪਹਿਲਾਂ ਆਉਣਾ ਇਸ ਸੰਸਥਾ ਦੀ ਮਹਾਨਤਾ ਨੂੰ ਰੂਪਮਾਨ ਕਰਦਾ ਹੈ। ਇਥੇ ਮਾਨਵਤਾ ਦੇ ਉੱਚੇ ਮਿਨਾਰਾਂ ਦੀ ਖ਼ੂਬਸੂਰਤੀ ਨੂੰ ਸਮਰਪਿਤ ਵਿਵੇਕ, ਮਿਲਵਰਤਨ, ਸਰਬਸੰਮਤੀ ਅਤੇ ਭਵਿੱਖਮੁਖੀ ਸੋਚ ਦਾ ਸਨਮਾਨ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜਿਕ ਅਤੇ ਰਾਜਨੀਤਕ ਵਿਵਸਥਾ ਦੇ ਮਿਆਰੀਕਰਨ ਲਈ ਜਾਤ, ਲਿੰਗ, ਨਸਲ, ਰੁਤਬੇ, ਮਜ਼ਹਬ ਜਾਂ ਅਮੀਰੀ ਨੂੰ ਦਰਕਿਨਾਰ ਕਰ ਕੇ ਇਨਸਾਨੀਅਤ ਪ੍ਰਤੀ ਸੰਵੇਦਨਸ਼ੀਲਤਾ, ਕਾਰਜਸ਼ੀਲਤਾ, ਬੌਧਿਕਤਾ ਤੇ ਪ੍ਰਤਿਬੱਧਤਾ ਨੂੰ ਉਭਾਰਿਆ। ਇਸ ਨਾਲ ਸਮਾਜਿਕ ਤੇ ਰਾਜਨੀਤਕ ਪਰਿਵਰਤਨਾਂ ਲਈ ਸੁਨਿਹਰੀ ਅਵਸਰਾਂ ਦੇ ਦਰਵਾਜ਼ੇ ਖੁੱਲੇ। ਨੇਕ ਇਸਤਰੀ ਪੁਰਸ਼ ਸਿਰ ਉੱਚਾ ਕਰ ਕੇ ਤੁਰਨ ਦੇ ਸਮਰੱਥ ਬਣੇ। 'ਇਨ ਗ੍ਰੀਬ ਸਿੱਖਨ ਕੋ ਦਯੈ ਪਾਤਿਸ਼ਾਹੀ, ਯਹ ਯਾਦ ਰਖੈਂ ਹਮਰੀ ਗੁਰਿਆਈ।' ਗੁਰੂ ਸਾਹਿਬ ਦਾ ਮੰਤਵ ਸੱਤਾ 'ਤੇ ਸਥਾਪਿਤ ਜਨਤਾ ਦਾ ਸ਼ੋਸ਼ਣ ਕਰਨ ਵਾਲੀਆਂ ਧਿਰਾਂ ਦੇ ਕਹਿਰ ਤੋਂ ਮਾਰੇ ਮਾਰੇ ਫਿਰ ਰਹੇ ਲੋਕਾਂ ਨੂੰ ਸੰਗਠਿਤ ਕਰ ਕੇ ਨਿਆਂ ਦੀ ਸਥਾਪਨਾ ਕਰਨਾ ਸੀ। ਦੁਸ਼ਟ ਨੂੰ ਗਾਲਣਾ ਤੇ ਨਿਰਧਨ ਨੂੰ ਪਾਲਣਾ ਅਤੇ ਪ੍ਰਫੁੱਲਤ ਹੋਣ ਦੇ ਪੂਰੇ ਅਵਸਰ ਦੇਣਾ ਗੁਰੂ ਸਾਹਿਬ ਦੇ ਲੋਕਤੰਤਰ ਦੀ ਵਿਸ਼ੇਸ਼ਤਾ ਹੈ। ਧਰਮ ਦੇ ਨਾਂਅ 'ਤੇ ਲੋਕਾਂ ਨੂੰ ਭੜਕਾਉਣ ਦੀ ਥਾਂ ਸਾਂਝੀਵਾਲਤਾ ਸਿੱਖ ਧਰਮ ਦਾ ਗੌਰਵ ਹੈ। ਇਸੇ ਕਾਰਨ ਅਨੇਕ ਸੂਝਵਾਨ ਮੁਸਲਮਾਨ ਗੁਰੂ ਜੀ ਦੇ ਸਮਰਥਨ ਵਿਚ ਖੜੇ ਹੋ ਗਏ।

ਗੁਰੂ ਸਾਹਿਬ ਦੇ ਲੋਕਤੰਤਰ ਦਾ ਸਰੂਪ ਮਾਨਵਵਾਦੀ ਹੈ, ਇਸ ਦਾ ਪ੍ਰੇਰਨਾ ਸ੍ਰੋਤ ਸਿਆਸੀ ਨਹੀਂ ਵਿਸਮਾਦੀ ਹੈ। ਗੁਰੂ ਲਿਵ ਨੂੰ ਬ੍ਰਹਿਮੰਡ ਦੇ ਕਣ-ਕਣ ਵਿਚ 'ਨਮੋ ਸਰਬ ਦੇਸੇ ਨਮੋ ਸਰਬ ਭੇਸੇ' ਅਕਾਲ ਪੁਰਖ ਦੀ ਵਿਆਪਕਤਾ ਦਾ ਅਨੁਭਵ ਹੁੰਦਾ ਹੈ। ਸੰਸਾਰ ਦੇ ਸੂਰਜ, ਚੰਦ, ਤਾਰੇ, ਸਮੁੰਦਰ ਤੇ ਪੱਤਾ-ਪੱਤਾ ਉਸ ਦੀ ਕੀਰਤੀ ਗਾਉਂਦਾ ਪ੍ਰਤੀਤ ਹੁੰਦਾ ਹੈ। 'ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ' ਅਕਾਲ ਪੁਰਖ ਹੰਕਾਰੀ ਤਾਨਾਸ਼ਾਹੀ ਲੋਕਤੰਤਰ ਵਿਰੋਧੀ ਦੁਸ਼ਟਾਂ ਨੂੰ ਮਿੱਟੀ ਵਿਚ ਮਿਲਾ ਦੇਣ ਵਾਲਾ ਮਹਾਂ ਗਜ਼ਬ ਹੈ। ਉਹ ਨੇਕ ਲੋਕਾਂ ਲਈ ਰਹਿਮਤ ਅਤੇ ਮੁਕਤੀ ਦਾਤਾ ਹੈ। ਸੰਸਾਰੀ ਹਾਕਮਾਂ ਦੇ ਸਾਹਮਣੇ ਰਾਜਿਆਂ ਦੇ ਰਾਜੇ 'ਰਾਜਾਨ ਰਾਜ ਭਾਨਾਨ ਭਾਨ' ਅਕਾਲ ਪੁਰਖ ਦੀ ਸੱਤਾ ਸਦੀਵੀ ਅਤੇ ਬੇਅੰਤ ਹੈ। ਅਕਾਲ ਪੁਰਖ ਦੀ ਵਿਰਾਟਤਾ ਦਾ ਵਿਸਮਾਦ, ਖ਼ਾਲਸੇ ਦਾ ਆਪਸੀ ਪ੍ਰੇਮ ਤੇ ਸੁਭ ਅਮਲਾਂ ਦਾ ਚਾਅ ਲਾਸਾਨੀ ਇਤਿਹਾਸ ਦੀ ਸਿਰਜਣਾ ਦਾ ਸ਼ਲਾਘਾਯੋਗ ਕਾਰਨ ਬਣਿਆ। ਇਸ ਨਾਲ ਲੋਕਤੰਤਰ ਦੇ ਸੁਨਹਿਰੀ ਪੰਨੇ ਲਿਖੇ ਗਏ। ਵਿਅਕਤੀਵਾਦ ਦੀ ਥਾਂ ਸਰਬੱਤ ਅਤੇ ਸੇਵਾ ਦਾ ਜਜ਼ਬਾ ਪ੍ਰਚੰਡ ਹੋਇਆ। ਇਸੇ ਵਿਰਾਸਤ ਤੋਂ ਪ੍ਰੇਰਨਾ ਲੈ ਕੇ 18ਵੀਂ ਸਦੀ ਵਿਚ ਸਿੱਖ ਜੋਧਿਆਂ ਨੇ ਜਦੋਂ ਪੱਤਾ-ਪੱਤਾ ਸਿੰਘਾਂ ਦਾ ਵੈਰੀ ਸੀ, ਸਿਰਧੜ ਦੀਆਂ ਬਾਜ਼ੀਆਂ ਲਾ ਕੇ ਖ਼ਾਲਸਾ ਰਾਜ ਸਥਾਪਿਤ ਕੀਤਾ ਤੇ ਜਨਤਾ ਦੇ ਕਲਿਆਣ ਦਾ ਸੁਹਿਰਦ ਯਤਨ ਕੀਤਾ। ਸਰਬੱਤ ਖ਼ਾਲਸੇ ਦੀ ਪ੍ਰੰਪਰਾ ਲੋਕਤੰਤਰ ਦਾ ਸ਼ਾਨਦਾਰ ਉਦਾਹਰਨ ਬਣੀ, ਜਿਥੇ ਮੱਤ-ਭੇਦਾਂ ਦੇ ਬਾਵਜੂਦ ਵਿਸਾਖੀ ਅਤੇ ਦਿਵਾਲੀ ਦੇ ਅਵਸਰ 'ਤੇ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਆਗੂ ਮਿਲ ਕੇ ਕੌਮ ਦੀ ਪ੍ਰਭਾਤ ਤੇ ਸਰਬੱਤ ਦੇ ਭਲੇ ਲਈ ਫੈਸਲੇ ਕਰਦੇ ਸਨ। ਅਜੋਕੀ ਸਿਆਸਤ ਲਈ ਗੁਰੂ ਸਾਹਿਬ ਦਾ ਸੱਚੀ ਪਾਤਸ਼ਾਹੀ ਦਾ ਸੰਕਲਪ ਮਹਾਨ ਪ੍ਰੇਰਨਾ ਬਣ ਸਕਦਾ ਹੈ।

# ਪੁਰਾਤਨ ਵਸਤਾਂ ਦੀ ਸੰਭਾਲ ਕਰ ਰਿਹਾ 'ਹਰਵਿੰਦਰ ਸਿੰਘ ਚਹਿਲ'



**ਤਸਵਿੰਦਰ ਸਿੰਘ ਬੜੈਚ**
**ਮੋਬਾ-7527931887**

ਆਧੁਨਿਕ ਯੁੱਗ 'ਚ ਜਦੋਂ ਬਹੁਤੇ ਲੋਕ ਆਪਣੀ ਵਿਰਾਸਤ ਤੇ ਸੱਭਿਆਚਾਰ ਤੋਂ ਟੁੱਟ ਰਹੇ ਹਨ, ਉੱਥੇ ਕੁਝ ਲੋਕ ਆਪਣੀ ਵਿਰਾਸਤ ਨੂੰ ਸਾਂਭਣ ਲਈ ਅਜੇ ਵੀ ਯਤਨਸ਼ੀਲ ਹਨ। ਅਜਿਹੇ ਹੀ ਆਪਣੀ ਵਿਰਾਸਤ ਨੂੰ ਪਿਆਰ ਕਰਨ ਵਾਲੇ ਲੋਕਾਂ ਵਿੱਚੋਂ ਜ਼ਿਲਾ ਮਾਨਸਾ ਦੇ ਪਿੰਡ ਰੱਲੀ ਦਾ ਰਹਿਣ ਵਾਲਾ ਹਰਵਿੰਦਰ ਸਿੰਘ ਚਹਿਲ ਹੈ, ਜਿਸ ਨੇ ਪੰਜਾਬੀ ਸੱਭਿਆਚਾਰ ਨਾਲ਼ ਸੰਬੰਧਤ ਪੁਰਾਤਨ ਵਸਤਾਂ, ਜਿੰਨਾਂ ਨੂੰ ਲੋਕਾਂ ਨੇ ਆਪਣੇ ਘਰ 'ਚੋਂ ਬਾਹਰ ਕੂੜਾ-ਕਰਕਟ ਸਮਝ ਕੇ ਸੁੱਟ ਦਿੱਤਾ ਸੀ ਤੇ ਕਬਾੜ ਸਮਝ ਕੇ ਵੇਚ ਦਿੱਤਾ ਸੀ, ਨੂੰ ਸੰਭਾਲ ਕੇ ਰੱਖਿਆ ਹੋਇਆ ਹੈ। ਉਸ ਵੱਲੋਂ ਇਨਾਂ ਪੁਰਾਤਨ ਸੱਭਿਆਚਾਰਕ ਵਸਤਾਂ ਨੂੰ ਸਾਂਭਣ ਲਈ ਆਪਣੇ ਘਰ ਵਿੱਚ ਇੱਕ ਵਿਸ਼ੇਸ਼ ਕਮਰਾ ਰੱਖਿਆ ਹੋਇਆ ਹੈ, ਜਿਸ ਵਿੱਚ ਇਨਾਂ ਪੁਰਾਤਨ ਵਸਤਾਂ ਨੂੰ ਬੜੇ ਹੀ ਸੁਚੱਜੇ ਢੰਗ ਨਾਲ਼ ਸਜਾਇਆ ਗਿਆ ਹੈ। ਜੇ ਮੈਂ ਉਸਦੇ ਉਸ ਵਿਸ਼ੇਸ਼ ਕਮਰੇ ਨੂੰ ਮਿੰਨੀ ਅਜਾਇਬ-ਘਰ ਕਹਾਂ ਤਾਂ ਅਤਿਕਥਨੀ ਨਹੀਂ ਹੋਵੇਗੀ। ਇਹ ਵਸਤੂਆਂ ਪੁਰਾਤਨ ਵਿਰਸੇ ਦੀ ਯਾਦ ਦੁਆਉਂਦੀਆਂ ਹਨ। ਪੰਜਾਬੀ ਵਿਰਸੇ ਦੀਆਂ ਕਲਾ-ਕਿਰਤਾਂ ਪੰਜਾਬੀ ਸੱਭਿਆਚਾਰਕ ਵਿਰਸੇ 'ਚੋਂ ਅਲੋਪ ਹੋਣ ਕੰਢੇ ਖੜੀਆਂ ਇਨਾਂ ਪੁਰਾਤਨ ਵਸਤਾਂ 'ਚੋਂ ਉਸ ਕੋਲ਼ ਪੁਰਾਣੇ ਖੂਹ ਦੀਆਂ ਲੋਹੇ ਦੀਆਂ ਟਿੰਡਾਂ, ਗੱਡੀਆਂ ਵਾਲਿਆਂ ਦੀ ਪੁਰਾਤਨ



ਗੱਡੀ, ਜੋ ਪਿੱਤਲ ਨਾਲ਼ ਮੜੀ ਹੋਈ ਹੈ ਤੇ ਜੋ ਅੱਜ ਕੱਲ ਗੱਡੀਆਂ ਵਾਲਿਆਂ ਕੋਲ਼ ਵੀ ਵੇਖਣ ਨੂੰ ਨਹੀਂ ਮਿਲਦੀ, ਉਹ ਇਸ ਗੱਭਰੂ ਨੇ ਸਾਂਭੀ ਹੋਈ ਹੈ। ਘੋੜੀ ਉੱਪਰ ਪਾਉਣ ਵਾਲੀ ਕਾਠੀ, ਜੁਲਾਹਿਆਂ ਦਾ ਸੰਦ ਕੂੱਚ ਜੋ ਤਾਣੇ ਨੂੰ ਪਾਣ ਦੇਣ ਦੇ ਕੰਮ ਆਉਂਦਾ ਸੀ, ਵੀ ਸਾਂਭਿਆ ਹੋਇਆ ਹੈ। ਇਸ ਤੋਂ ਇਲਾਵਾ ਦਾਦੇ ਦਾ ਮੇਖਾਂ ਵਾਲਾ ਖੂੰਡਾ, ਕਪਾਹ ਪਿੰਜਣ ਵਾਲਾ ਵੇਲਣਾ, ਬਲਦਾਂ ਨਾਲ਼ ਚੱਲਣ ਵਾਲਾ ਲੱਕੜ ਦਾ ਹਲ਼ ਤੇ ਪੋਰਾ, ਪਿੱਤਲ ਤੇ ਤਾਂਬੇ ਨਾਲ਼ ਮੜੀ ਹੋਈ ਊਠ ਦੀ ਕਾਠੀ, ਮਿੱਟੀ ਦੇ ਤੇਲ ਨਾਲ਼ ਚੱਲਣ ਵਾਲੀ ਲਾਲਟੈਣ, ਆਟਾ ਪੀਸਣ ਵਾਲੀ ਚੱਕੀ, ਲੱਕੜ ਦੇ ਦਸਤੇ ਵਾਲਾ ਸਾਗ ਚੀਰਨ ਵਾਲਾ ਦਾਤ, ਦੁੱਧ ਰਿੜਕਣ ਵਾਲੀ ਮਧਾਣੀ, ਜਿਸ ਨਾਲ਼ ਪੁਰਾਣੇ ਵੇਲ਼ਿਆਂ 'ਚ ਸੁਆਣੀਆਂ ਤੜਕੇ ਉੱਠ ਕੇ ਦੁੱਧ ਰਿੜਕਦੀਆਂ ਸਨ, ਬਲ਼ਦਾਂ ਦੇ ਪਾਉਣ ਵਾਲੀ ਪੰਜਾਲੀ, ਫ਼ਸਲਾਂ ਦੀ ਗੁਡਾਈ ਕਰਨ ਵਾਲਾ ਖ਼ੁਰਪਾ (ਰੰਬਾ), ਸਾਗ ਘੋਟਣ ਵਾਲਾ ਲੱਕੜ ਦਾ ਘੋਟਣਾ, ਦਰੀਆਂ ਬੁਣਨ ਵਾਲਾ ਪੰਜਾ, ਗਾਚੀ ਤੇ ਅਖਬਾਰਾਂ ਤੋਂ ਬਣੇ ਗੋਹਲੇ, ਖੇਤੀਬਾੜੀ ਦਾ ਸੰਦ ਕਾਂ, ਜਿਸ ਨਾਲ਼ ਫ਼ਸਲਾਂ ਨੂੰ ਫੋਲਿਆਂ ਜਾਂਦਾ ਸੀ, ਟਿਊਬਾਂ ਵਾਲਾ ਰੇਡੀਓ, ਪਿੱਤਲ ਦੇ ਭਾਂਡਿਆਂ 'ਚ ਪਿੱਤਲ ਦਾ ਜੱਗ, ਪਤੀਲੀ, ਕੰਗਣੀ ਵਾਲੇ ਗਿਲਾਸ ਵੀ ਸਾਂਭੇ ਹੋਏ ਹਨ, ਇਨਾਂ ਭਾਂਡਿਆਂ ਦੇ ਅੰਦਰ ਚਾਂਦੀ ਦਾ ਪਾਲਸ਼ ਕੀਤਾ ਹੋਇਆ ਹੈ। ਊਠ ਦੇ ਪੈਰਾਂ ਨੂੰ ਲਗਾਉਣ ਵਾਲੀ ਨਿਊਲ (ਨਿਊਲ ਦੀ ਸ਼ਕਲ ਹੱਥਕੜੀ ਵਰਗੀ ਹੁੰਦੀ ਹੈ, ਜੋ ਰਾਤ ਸਮੇਂ ਊਠਾਂ ਦੇ ਪੈਰਾਂ ਨੂੰ ਲਗਾ ਕੇ ਚਾਬੀ ਕੱਢ ਲੈਂਦੇ ਸੀ ਤਾਂ ਕਿ ਚੋਰ ਊਠਾਂ ਨੂੰ ਚੋਰੀ ਨਾ ਕਰ ਸਕਣ, ਕਿਉਂਕਿ ਉਨਾਂ ਵੇਲ਼ਿਆਂ 'ਚ ਊਠ ਬਹੁਤ ਚੋਰੀ ਹੁੰਦੇ ਸਨ), ਫੱਟੀ ਜਿਸ 'ਤੇ ਛੋਟੀਆਂ ਕਲਾਸਾਂ ਵਾਲੇ ਵਿਦਿਆਰਥੀ ਊੜਾ-ਆੜਾ ਤੇ ਗਿਣਤੀ ਲਿਖਦੇ ਹੁੰਦੇ ਸਨ, ਸਲੇਟ ਜਿਸ 'ਤੇ ਬੱਚੇ ਸਲੇਟੀ ਨਾਲ਼ ਲਿਖ ਕੇ ਸਵਾਲ ਹੱਲ ਕਰਦੇ ਹੁੰਦੇ ਸਨ, ਵੱਖੋ-ਵੱਖਰੇ ਨਮੂਨਿਆਂ ਵਾਲੀਆਂ ਦਰੀਆਂ, ਖੇਸ, ਸੂਤ ਦੇ ਨਾਲੇ, ਸੂਤ ਦੇ ਬੋਹੀਏ, ਮੂੜਾ, ਘੁੰਗਰੂਆਂ ਵਾਲੀਆਂ ਪੱਖੀਆਂ, ਚਾਲੂ ਹਾਲਤ ਵਿੱਚ ਟੈਲੀਫ਼ੋਨ, ਲੂਣ, ਮਿਰਚ, ਮਸਾਲਾ ਆਦਿ ਪਾਉਣ ਵਾਲੀ ਲੂਣਦਾਨੀ, ਜੋ ਕਿ ਲੱਕੜ ਦੀ ਬਣੀ ਹੋਈ ਹੈ ਤੇ ਜਿਸਦੇ ਛੇ ਖ਼ਾਨੇ ਹਨ ਆਦਿ ਵਸਤੂਆਂ ਵੀ ਸਾਂਭੀਆਂ ਹੋਈਆਂ ਹਨ। ਇਸ ਗੱਭਰੂ ਨੇ ਮੰਜਿਆਂ ਦੇ ਮੋਟੇ-ਮੋਟੇ ਪਾਵੇ, ਹੱਥ ਪੱਖੇ, ਆਚਾਰ ਪਾਉਣ ਵਾਲਾ ਚੀਨੀ ਮਿੱਟੀ ਦਾ ਮਰਤਬਾਨ, ਮਿੱਟੀ ਦਾ ਚੁੱਲਾ, ਟੇਪ-ਰਿਕਾਰਡਰ, ਡੈੱਕ, ਕੈਸਿਟਾਂ, ਪੁਰਾਣੇ ਗੇਟਾਂ ਦੇ ਕੁੰਡੇ, ਸਾਈਕਲ 'ਚ ਹਵਾ ਭਰਨ ਵਾਲਾ ਬੋਕੀ ਵਾਲਾ ਪੰਪ, ਚਿੱਠੀਆਂ ਪਾਉਣ ਵਾਲਾ ਪੁਰਾਣਾ ਡਾਕ ਬਕਸਾ, ਰੋਪੜੀ ਨਿਊਲੀ ਜਿੰਦੇ ਆਦਿ ਵਸਤਾਂ ਵੀ ਸਲੀਕੇ ਨਾਲ਼ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਹ ਸਾਰਾ ਸਮਾਨ ਉਸਨੇ ਗਾਡਰ, ਬਾਲਿਆਂ ਵਾਲੀ ਪੁਰਾਣੀ ਛੱਤ ਹੇਠ ਸਜਾ ਕੇ ਰੱਖੇ ਹੋਇਆ ਹੈ। ਹਰਵਿੰਦਰ ਇਨਾਂ ਪੁਰਾਤਨ ਵਸਤਾਂ ਦਾ ਐਨਾ ਸ਼ੁਦਾਈ ਹੈ ਕਿ ਉਹ ਹਰ ਰੋਜ਼ ਸਵੇਰੇ-ਸ਼ਾਮ ਇਨਾਂ ਵਸਤਾਂ ਨੂੰ ਨਿਹਾਰਦਾ ਜ਼ਰੂਰ ਹੈ। ਜਿੰਨਾ ਚਿਰ ਉਹ ਇਨਾਂ ਵਸਤਾਂ ਨੂੰ ਦਿਨ 'ਚ ਇੱਕ-ਦੋ ਵਾਰ ਵੇਖ ਨਾ ਲਵੇ, ਉਸਨੂੰ ਚੈਨ ਨਹੀਂ ਆਉਂਦਾ। ਸਾਨੂੰ ਸਭ ਨੂੰ ਹੀ ਇਨਾਂ ਵਸਤਾਂ ਦਾ ਸ਼ੁਦਾਈ ਹੋਣਾ ਚਾਹੀਦਾ ਹੈ। ਇਹ ਪੁਰਾਤਨ ਵਸਤਾਂ ਸਾਡੀ ਅਮੀਰ ਵਿਰਾਸਤ ਦੀਆਂ ਅਣਮੋਲ ਨਿਸ਼ਾਨੀਆਂ ਹਨ। ਇਨਾਂ ਦੀ ਸਾਂਭ-ਸੰਭਾਲ ਕਰਨਾ ਸਾਡਾ ਸਭ ਦਾ ਹੀ ਫ਼ਰਜ਼ ਬਣਦਾ ਹੈ।

# ਅੱਖਰਾਂ ਦੀ ਧੁੱਪੇ-ਅੱਖਰਾਂ ਦੀ ਛਾਵੇਂ

ਅੰਮ੍ਰਿਤਾ ਪ੍ਰੀਤਮ
(ਚੋਣਵੇਂ ਪੱਤਰੇ)

ਸਾਹਮਣੇ ਇੱਕ ਭਰ ਵਹਿੰਦਾ ਦਰਿਆ ਸੀ ਪਰ ਇੱਕ ਭਉਜਲੀ ਵਿੱਚ ਪਿਆ ਹੋਇਆ। ਉਹਦੇ ਪਾਣੀਆਂ ਵਿੱਚੋਂ ਛੱਲਾਂ ਉੱਠਦੀਆਂ, ਤੇ ਸ਼ਾਂਤ ਨਿੱਸਲ ਸੁੱਤੇ ਕੰਢਿਆਂ ਨਾਲ਼ ਇੰਜ ਵੱਜਦੀਆਂ, ਜਿਵੇਂ ਕੰਢਿਆਂ ਨੂੰ ਝੂਣ ਕੇ ਜਗਾ ਰਹੀਆਂ ਹੋਣ.. ਅਤੇ ਲਹਿਰਾਂ ਦੇ ਹੋਠਾਂ ਵਿੱਚ ਭਰੀ ਹੋਈ ਝੱਗ, ਜਿਵੇਂ ਕਾਹਲੀ-ਕਾਹਲੀ ਕੰਢਿਆਂ ਨੂੰ ਕੁਝ ਕਹਿ ਰਹੀ ਹੋਵੇ। ਫੇਰ ਖੌਰੇ ਲਹਿਰਾਂ ਦੀ ਗੱਲ ਕੰਢਿਆਂ ਨੇ ਸਮਝ ਲਈ ਕਿ ਲਹਿਰਾਂ ਨੇ ਜਦੋਂ ਇੱਕ ਵੱਡੇ ਸਾਰੇ ਉਛਾਲੇ ਨਾਲ਼ ਇੱਕ ਭਾਰੀ ਜਿਹੀ ਚੀਜ਼ ਇੱਕ ਕੰਢੇ ਵੱਲ ਕੀਤੀ ਤਾਂ ਦਰਿਆ ਦੇ ਉਸ ਕੰਢੇ ਨੇ ਉਹ ਚੀਜ਼ ਆਪਣੀਆਂ ਬਾਹਵਾਂ ਵਿੱਚ ਝੋਪ ਲਈ। ਵੇਖਿਆ-ਉਹ ਕਿਸੇ ਬੰਦੇ ਦਾ ਗੁੱਛਾ ਹੋਇਆ ਸਰੀਰ ਸੀ, ਜਿਹਨੂੰ ਉਸ ਕੰਢੇ ਨੇ ਅਡੋਲ ਆਪਣੀ ਛਾਤੀ ਉੱਤੇ ਰੱਖ ਲਿਆ, ਤੇ ਫੇਰ ਚੜਦੇ ਸੂਰਜ ਦੀ ਲੋਅ, ਉਹਦੇ ਗੁੱਛਾ ਹੋਏ ਅੰਗਾਂ ਨੂੰ ਆਪਣੀਆਂ ਤਲੀਆਂ ਨਾਲ਼ ਖੋਲਣ ਤੇ ਮਲਣ ਲੱਗ ਪਈ। ਤ੍ਰਭਕ ਕੇ ਮੇਰੀ ਨੀਂਦਰ ਖੁੱਲ ਗਈ, ਪਰ ਇੱਕ ਅਚੰਭਾ ਮੇਰੇ ਦੁਆਲੇ ਵਲੇਟਿਆ ਹੋਇਆ ਸੀ ਕਿ ਹੁਣੇ ਮੈਂ ਜਿਸ ਸੁਪਨੇ ਦੀ ਦਰਸ਼ਕ ਸਾਂ-ਇਹ ਸੁਪਨਾ ਕੀ ਸੀ। ਤੇ ਫੇਰ ਇੱਕ ਇਤਿਹਾਸਕ ਘਟਨਾ, ਮੇਰੇ ਅਚੇਤ ਮਨ ਵਿੱਚੋਂ ਹੌਲੀ-ਹੌਲੀ ਸਰਕਦੀ ਮੇਰੇ ਚੇਤਨ ਮਨ ਵਿੱਚ ਔਣ ਲੱਗੀ- ਚੇਤਨ ਮਨ ਨੇ ਆਖਿਆ-ਇਹ ਮਹਾਂਭਾਰਤ ਦੀ ਵਾਰਤਾ ਹੈ ਕਿ ਵਸ਼ਿਸ਼ਠ ਰਿਖੀ ਦੇ ਜਦੋਂ ਪੁੱਤਰ ਮਰ ਗਏ ਤਾਂ ਉਹਨੇ ਜ਼ਿੰਦਗੀ ਨੂੰ ਅਰਥਹੀਣ ਜਾਣ ਕੇ ਇੱਕ ਦਰਿਆ ਵਿੱਚ ਡੁੱਬ ਜਾਣਾ ਚਾਹਿਆ ਸੀ। ਹੱਥਾਂ ਪੈਰਾਂ ਨੂੰ ਰੱਸੀਆਂ ਨਾਲ਼ ਬੰਨ ਕੇ ਉਹਨੇ ਰਾਤ ਦੇ ਹਨੇਰੇ ਵਿੱਚ ਆਪਣੇ ਆਪ ਨੂੰ ਦਰਿਆ ਦੇ ਹਵਾਲੇ ਕਰ ਦਿੱਤਾ ਸੀ।

ਪਰ ਦਰਿਆ ਦਾ ਪਾਣੀ ਘਬਰਾ ਗਿਆ ਸੀ ਕਿ ਜੇ ਅੱਜ ਉਹਦੇ ਵਿੱਚ ਵਸ਼ਿਸ਼ਠ ਰਿਖੀ ਡੁੱਬ ਗਏ ਤਾਂ ਉਹਨੂੰ ਬ੍ਰਹਮ ਹੱਤਿਆ ਦਾ ਦੋਸ਼ ਲੱਗ ਜਾਏਗਾ ਤੇ ਉਸ ਪਾਣੀ ਨੇ ਆਪਣੀਆਂ ਛੱਲਾਂ ਨਾਲ਼ ਪਹਿਲਾਂ ਰਿਖੀ ਦੇ ਹੱਥਾਂ ਪੈਰਾਂ ਤੋਂ ਰੱਸੀਆਂ ਖੋਲੀਆਂ, ਫੇਰ ਪੂਰਾ ਤਾਣ ਲਾ ਕੇ ਰਿਖੀ ਨੂੰ ਬਾਹਵਾਂ ਵਿੱਚ ਚੁੱਕਿਆ, ਤੇ ਸਹੀ ਸਲਾਮਤ ਕੰਢੇ ਉੱਤੇ ਰੱਖ ਦਿੱਤਾ।

ਮੈਂ ਅੱਜ ਵੀ ਇੱਕ ਅੰਚਭੇ ਵਿੱਚ ਵਲੀ ਹੋਈ ਸਾਂ ਕਿ ਸਦੀਆਂ ਪਹਿਲਾਂ ਜੋ ਘਟਨਾ ਮਹਾਂਭਾਰਤ ਦੀ ਇੱਕ ਵਾਰਤਾ ਵਿੱਚ ਸਮਾਈ ਹੋਈ ਸੀ, ਉਹ ਅੱਜ ਆਪਣੇ ਅੱਖਰਾਂ ਵਿੱਚੋਂ ਨਿਕਲ ਕੇ ਮੇਰੇ ਸਾਹਮਣੇ ਮੂਰਤੀਮਾਨ ਕਿਵੇਂ ਹੋ ਗਈ ? 'ਕਿਵੇਂ' ਦਾ ਪਤਾ ਨਹੀਂ ਪਰ 'ਕਿਉਂ' ਦਾ ਉੱਤਰ ਮੈਨੂੰ ਲੱਭਣ ਲੱਗਾ ਕਿ ਇਹ ਮੇਰੀਆਂ ਰਗਾਂ ਵਿੱਚ ਸਮਾਇਆ ਹੋਇਆ ਇੱਕ ਦਰਦ ਹੈ ਕਿ ਜਿਸ ਪੰਜਾਬ ਦੀ ਧਰਤੀ, ਰਿਖੀਆਂ ਤੇ ਆਲਮਾਂ ਨੇ ਆਪਣੇ ਚਿੰਤਨ ਨਾਲ਼ ਸਿੰਜੀ ਸੀ, ਉਸ ਪੰਜਾਬ ਦੀ ਮਿੱਟੀ ਅੱਜ ਆਪਣੇ ਹੀ ਲੋਕਾਂ ਦੇ ਹੱਥ ਆਪਣੇ ਹੀ ਲੋਕਾਂ ਦੇ ਲਹੂ ਵਿੱਚ ਕਿਉਂ ਭਿੱਜ ਰਹੀ ਹੈ ਤੇ ਇਤਿਹਾਸ ਦੇ ਕਈ ਹਵਾਲੇ ਮੇਰੇ ਚੇਤੇ ਵਿੱਚ ਆਣ ਖਲੋਤੇ-ਪੱਛਮ ਵੱਲ ਦੀ ਸਿੰਧ ਨਦੀ ਤੋਂ ਲੈ ਕੇ ਪੂਰਬ ਵੱਲ ਦੀ ਸਰਸਵਤੀ ਨਦੀ ਤੱਕ ਦਾ ਖੇਤਰ ਸਪਤ-ਸਿੰਧੂ ਅਖਵਾਂਦਾ ਸੀ।

ਵਿਚਕਾਰ ਪੰਜ ਦਰਿਆ ਪੈਂਦੇ ਸਨ - ਉਹੀ ਅੱਜ ਦਾ ਜੇਹਲਮ, ਵਿਤਸਤਾ ਅਖਵਾਂਦਾ ਸੀ। ਅੱਜ ਦਾ ਚਨਾਬ-ਅੱਜ ਦੀ ਝਨਾਂ, ਅਸਕਿਨ ਤੇ ਚੰਦਰ ਭਾਗਾ ਸੀ। ਅੱਜ ਦਾ ਰਾਵੀ ਦਰਿਆ, ਪਰੁਸ਼ਣੀ ਤੇ ਇਰਾਵਤੀ ਅਖਵਾਂਦਾ ਸੀ। ਅੱਜ ਦਾ ਸਤਲੁਜ, ਸ਼ਤਦਰੂ ਤੇ ਅੱਜ ਦਾ ਬਿਆਸ, ਵਿਪਾਸ਼ਾ ਅਖਵਾਂਦਾ ਸੀ। ਵਸ਼ਿਸ਼ਠ ਰਿਖੀ ਨੂੰ ਪਾਸ਼ ਮੁਕਤ ਕਰਨ ਕਰਕੇ ਜਿਸ ਦਰਿਆ ਦਾ ਨਾ ਵਿਪਾਸ਼ਾ ਹੋਇਆ ਸੀ, ਸਣੇ ਉਸ ਦਰਿਆ ਦੇ, ਉਸ ਧਰਤੀ ਦਾ ਨਾਂ ਪੰਚਨਦ ਹੋਇਆ ਸੀ। ਪੰਜ ਆਬ। ਅੱਜ ਦੇ ਪੰਜਾਬ ਦਾ ਇਹ ਨਦੀ-ਮੂਲਕ ਨਾਂ ਸੀ। ਇਨਾਂ ਨਦੀਆਂ-ਦਰਿਆਵਾਂ ਦੇ ਕੰਢੇ ਤੇ ਇਨਾਂ ਨੇੜੇ ਦੇ ਵਣਾਂ ਵਿੱਚ ਉਹ ਸਾਰੇ ਰਿਖੀ ਹੋਏ, ਜਿਨਾਂ ਦੀ ਰਚਨਾ ਦੁਨੀਆ ਦੀ ਪਹਿਲੀ ਪੁਸਤਕ ਅਖਵਾਈ-ਰਿਗਵੇਦ।

ਜਿਸ ਵਸ਼ਿਸ਼ਠ ਰਿਖੀ ਨੇ ਰਿਗਵੇਦ ਦੇ ਕਈ ਸੂਕਤ ਲਿਖੇ, ਉਹ ਉਸ ਰਾਜਾ ਸੌਦਾਸ ਦੇ ਪੁਰੋਹਿਤ ਸਨ, ਜਿਹਦਾ ਰਾਜ ਰਾਵੀ ਤੇ ਬਿਆਸ ਦੇ ਵਿਚਕਾਰਲੇ ਖੇਤਰ ਵਿੱਚ ਸੀ। ਕਾਮਧੇਨ, ਜੋ ਮੁਰਾਦਾਂ ਪੂਰਨ ਵਾਲੀ ਗਊ ਹੁੰਦੀ ਸੀ, ਉਹ ਵਸ਼ਿਸ਼ਠ ਰਿਖੀ ਦੇ ਆਸ਼ਰਮ ਵਿੱਚ ਸੀ।

ਵਿਸ਼ਵਾ ਮਿੱਤਰ ਵੀ ਰਾਜਾ ਸੌਦਾਸ ਦੇ ਪੁਰੋਹਿਤ ਸਨ, ਤੇ ਇਹੀ ਵਿਸ਼ਵਾ ਮਿੱਤਰ ਸਨ ਜਿਨਾਂ ਨੇ ਗਾਇਤ੍ਰੀ-ਮੰਤ੍ਰ ਦੀ ਰਚਨਾ ਕੀਤੀ ਸੀ।

ਅਗਸਤ ਰਿਖੀ ਵਿਸ਼ਵਾ ਮਿੱਤਰ ਦੇ ਹੀ ਜੌੜੇ ਭਰਾ ਸਨ। ਮ੍ਰਿਤਾਵਰੁਣ ਤੇ ਉਰਵਸ਼ੀ ਦੀ ਔਲਾਦ। ਇਹਨਾਂ ਵੇਦ ਦੇ ਅਨੇਕ ਸੂਕਤ ਲਿਖੇ ਅਤੇ ਬ੍ਰਹਮ-ਪੁਰਾਣ ਦੀ ਰਚਨਾ ਕੀਤੀ।

ਰਿਗਵੇਦ ਦੀ ਰਚਨਾ ਵਿੱਚ ਜਿੰਨਾਂ ਸਤਾਈ ਬ੍ਰਹਮ ਵਾਦਨੀਆਂ ਦੇ ਲਿਖੇ ਹੋਏ ਕਈ ਸੂਕਤ ਹਨ, ਉਨਾਂ ਵਿੱਚੋਂ ਇੱਕ ਸੁੰਦਰੀ ਲੋਪਾ ਮੁਦ੍ਰਾ ਇਸੇ ਅਗਸਤ ਰਿਖੀ ਦੀ ਪਤਨੀ ਸੀ। ਰਿਗਵੇਦ ਦੇ ਇੱਕ ਰਿਖੀ ਸ਼ਿਵੀ, ਉਸ ਇਲਾਕੇ ਦੇ ਵਸਨੀਕ ਸਨ, ਜਿਸ ਇਲਾਕੇ ਨੂੰ ਅੱਜ ਝੰਗ ਤੇ ਸ਼ੋਰਕੋਟ ਦਾ ਇਲਾਕਾ ਕਿਹਾ ਜਾਂਦਾ ਹੈ।

ਕਠੋਪਨਿਸ਼ਦ ਦਾ ਨਾਂ ਜਿੰਨਾਂ ਕਠ ਲੋਕਾਂ ਦੇ ਨਾਂ ਤੇ ਪਿਆ ਸੀ, ਉਹ ਕਠ ਲੋਕ ਬਿਆਸ ਤੇ ਰਾਵੀ ਦਰਿਆ ਦੇ ਵਿਚਕਾਰਲੇ ਇਲਾਕੇ ਵਿੱਚ ਵਸਦੇ ਸਨ।

ਇੱਕ ਸੂਰਜ ਮੰਦਰ, ਜਿਹਨੂੰ ਭਾਰਤ ਦੇਸ ਦਾ ਪਹਿਲਾ ਸੂਰਜ ਮੰਦਰ ਮੰਨਿਆ ਜਾਂਦਾ ਹੈ, ਉਹ ਸ਼ਾਮਭ ਨੇ ਪੰਜਾਬ ਦੀ ਚੰਦ੍ਰਭਾਗਾ ਨਦੀ ਦੇ ਕੰਢੇ ਉੱਤੇ ਬਣਵਾਇਆ ਸੀ।

ਕੁਸ਼ੱਲਿਆ, ਜਿਹਨੇ ਰਾਮ ਜਿਹਾ ਪੁੱਤਰ ਜੰਮਿਆ, ਗੁਰਾਮ ਨਗਰ ਵਿੱਚ ਪੈਦਾ ਹੋਈ ਸੀ। ਪਟਿਆਲੇ ਤੋਂ ਥੋੜੇ ਜਿਹੇ ਕੋਹਾਂ 'ਤੇ।

ਸੁਮਿਤ੍ਰਾ, ਜਿਹਨੇ ਲਕਸ਼ਮਣ ਜਿਹੇ ਪੁੱਤਰ ਨੂੰ ਜਨਮ ਦਿੱਤਾ ਸੀ, ਦਸੂਹਾ ਪਿੰਡ ਦੀ ਸੀ, ਜੋ ਹੁਸ਼ਿਆਰਪੁਰ ਦੇ ਲਾਗੇ ਹੈ। ਤਕਸ਼ ਸ਼ਿਲਾ ਉਹ ਇਲਮੀ ਖੇਤਰ ਸੀ, ਜਿੱਥੇ ਹਰ ਤਰਾਂ ਦੇ ਸ਼ਾਸਤਰ ਦਾ ਇਲਮ ਦਿੱਤਾ ਜਾਂਦਾ ਸੀ। ਉਹ ਸਿੰਧ ਨਦੀ ਦੇ ਪੂਰਬ ਵੱਲ ਸੀ।

ਪਾਇਣੀ ਦਾ ਵਿਆਕਰਣ-ਸ਼ਾਸਤਰ ਉਹ ਰਚਨਾ ਸੀ, ਜਿਹਨੂੰ ਦੁਨੀਆਂ ਦੇ ਭਾਸ਼ਾ ਵਿਗਿਆਨੀ ਸਲਾਮ ਕਰਦੇ ਸਨ। ਪਾਇਣੀ ਦਾ ਜਨਮ ਤਕਸ਼ ਸ਼ਿਲਾ ਦੇ ਲਾਗੇ ਸ਼ਾਲਾਤੁਰ ਪਿੰਡ ਵਿੱਚ ਹੋਇਆ ਸੀ।

ਪਿੰਗਲ ਮੁਨੀ ਦੇ ਨਾਂ ਤੋਂ ਛੰਦ-ਸ਼ਾਸਤਰ ਨੂੰ ਪਿੰਗਲ-ਸ਼ਾਸਤਰ ਆਖਿਆ ਜਾਣ ਲੱਗਾ। ਇਹ ਪਿੰਗਲ ਮੁਨੀ ਪਾਇਣੀ ਦੇ ਹੀ ਛੋਟੇ ਭਰਾ ਸਨ, ਤੇ ਉਸੇ ਸ਼ਾਲਾਤੁਰ ਪਿੰਡ ਵਿੱਚ ਪੈਦਾ ਹੋਏ ਸਨ।

ਪਤੰਜਲੀ ਮੁਨੀ ਉਸ 'ਮਹਾਂ ਭਾਸ਼ਯ' ਗ੍ਰੰਥ ਦੇ ਲੇਖਕ ਸਨ, ਜਿਹਦੇ ਵਿੱਚ ਪਹਿਲੀ ਵਾਰ ਦਾਰਸ਼ਨਿਕ ਤੱਤਾਂ ਦੀ ਵਿਆਖਿਆ ਹੋਈ ਸੀ। ਉਨਾਂ ਦਾ ਸੰਬੰਧ ਵਾਹੀਦ ਜਨਪਦ ਨਾਲ਼ ਸੀ, ਜੋ ਪ੍ਰਾਚੀਨ ਸਮੇਂ ਪੰਜਾਬ ਦਾ ਹੀ ਵੰਸ਼-ਮੂਲਕ ਨਾਂ ਹੁੰਦਾ ਸੀ।

ਅੱਜ ਦਾ ਪੇਸ਼ਾਵਰ ਜਦੋਂ ਪੁਰਸ਼ਪੁਰ ਹੁੰਦਾ ਸੀ, ਰਾਜਾ ਕਨਿਸ਼ਕ ਵੇਲੇ ਉਹ ਬਹੁਤ ਵੱਡਾ ਕਲਾ-ਕੇਂਦਰ ਹੁੰਦਾ ਸੀ। ਵਸੂ ਮਿੱਤਰ ਜਿਹਾ ਬੋਧ ਦਾਰਸ਼ਨਿਕ, ਨਾਗ ਅਰਜਨ, ਤੇ ਮਾਤਰੀ ਚੇਟ ਜਿਹੇ ਮਹਾਨ ਚਿੰਤਕ ਪੁਰਸ਼ਪੁਰ ਵਿੱਚ ਰਹਿੰਦੇ ਸਨ। ਚਰਕ ਮੁਨੀ ਆਯੁਰਵੇਦ ਦੀ ਸਭ ਤੋਂ ਪ੍ਰਾਚੀਨ ਪੁਸਤਕ ਚਰਕ-ਸਹਿੰਤਾ ਦੇ ਲੇਖਕ ਸਨ। ਇਹ ਵੀ ਪੁਰਸ਼ਪੁਰ ਵਿੱਚ ਹੋਏ ਸਨ।

ਬਾਣ ਭਟ, ਕਾਦੰਬਰੀ ਤੇ ਹਰਸ਼ ਚਰਿਤ ਜਿਹੇ ਗ੍ਰੰਥਾਂ ਦੇ ਲੇਖਕ ਸਨ, ਤੇ ਸਥਾਣੇਸ਼ਵਰ ਵਿੱਚ ਰਹਿੰਦੇ ਸਨ, ਜੋ ਅੱਜ ਥਾਨੇਸਰ ਹੈ।

ਮਹਾਂਭਾਰਤ ਦੇ ਲੇਖਕ ਕ੍ਰਿਸ਼ਨ ਦਵੈਪਾਇਨ ਜੋ ਵਿਆਸਾ ਦੇ ਨਾਂ ਨਾਲ਼ ਪ੍ਰਸਿੱਧ ਹੋਏ, ਉਹ ਬਸਾਨਾ ਜ਼ਿਲਾ ਕਰਨਾਲ਼ ਦੇ ਸਨ।

ਚਾਣਕਯ ਦਾ ਨਾਂ ਅੱਜ ਤੱਕ ਚਾਣਕਯ ਨੀਤੀ ਲਈ ਇਤਿਹਾਸ ਪ੍ਰਸਿੱਧ ਹੈ। ਇਹ ਚਾਣਕਯ ਵਿਸ਼ਨੂ ਗੁਪਤਾ ਦੇ ਨਾਂ ਨਾਲ਼ ਤਕਸ਼ ਸ਼ਿਲਾ ਵਿੱਚ ਪੈਦਾ ਹੋਏ ਸਨ।

ਕਪਾਲ ਮੋਚਨੀ ਵਿੱਦਿਆ-ਭਾਰਤ ਦੀ ਪਹਿਲੀ ਸਰਜੀਕਲ ਵਿੱਦਿਆ ਸੀ, ਜਿਹਦੇ ਮਾਹਿਰ ਜੀਵਨ ਕੁਮਾਰ ਸਨ। ਉਨਾਂ ਦਾ ਜਨਮ ਰਾਜਗੜ ਵਿੱਚ ਹੋਇਆ ਸੀ। ਜਿਸ ਭਰਤ ਮੁਨੀ ਦਾ ਨਾਟ-ਸ਼ਾਸਤਰ ਅੱਜ ਵੀ ਇਤਿਹਾਸ-ਪ੍ਰਸਿੱਧ ਹੈ, ਉਸ ਭਰਤ ਮੁਨੀ ਦਾ ਸੰਬੰਧ ਉਸ ਭਰਤ-ਜਨਪਦ ਨਾਲ਼ ਸੀ, ਜੋ ਅੱਜ ਥਾਨੇਸਰ, ਕੈਥਲ, ਕਰਨਾਲ਼ ਤੇ ਪਾਣੀਪਤ ਦਾ ਇਲਾਕਾ ਹੈ।

ਬ੍ਰਹਮ ਗੁਪਤ, ਗਣਿਤ-ਸ਼ਾਸਤਰ ਦੇ ਗਿਆਤਾ ਸਨ। ਉਨਾਂ ਦਾ ਜਨਮ ਮੁਲਤਾਨ ਦੇ ਨੇੜੇ ਭਿਲਮਲ ਨਾਂ ਦੇ ਪਿੰਡ ਵਿੱਚ ਹੋਇਆ ਸੀ। ਤੇ ਮੇਰਾ ਮੱਥਾ ਤੜਪ ਗਿਆ ਕਿ ਇਹੋ ਪੰਜਾਬ ਦੀ ਮਿੱਟੀ ਸੀ, ਜਿੱਥੇ ਰਿਗ-ਵਾਣੀ, ਕ੍ਰਿਸ਼ਨ-ਵਾਣੀ, ਗੋਰਖ-ਵਾਣੀ ਤੇ ਨਾਨਕ-ਵਾਣੀ ਦੇ ਅੱਖਰ ਸੂਰਜ ਵਾਂਗ ਚੜੇ ਸਨ, ਤੇ ਰੁੱਖਾਂ ਵਾਂਗ ਉੱਗੇ ਸਨ, ਤੇ ਲੋਕ ਉਨਾਂ ਅੱਖਰਾਂ ਦੀ ਧੁੱਪ ਵੀ ਸੇਕਦੇ ਸਨ ਤੇ ਉਨਾਂ ਅੱਖਰਾਂ ਦੀ ਛਾਵੇਂ ਵੀ ਬਹਿੰਦੇ ਸਨ, ਪਰ ਇਨਾਂ ਅੱਖਰਾਂ ਦੀਆਂ ਧੁੱਪਾਂ ਤੇ ਇਨਾਂ ਅੱਖਰਾਂ ਦੀਆਂ ਛਾਵਾਂ ਅੱਜ ਕਿੱਥੇ ਚਲੀਆਂ ਗਈਆਂ ? ਤੇ ਪੰਜਾਬ ਵਿੱਚ ਜੋ ਸੂਫ਼ੀ-ਪੌਣਾਂ ਵਗਦੀਆਂ ਸਨ, ਅੱਜ ਉਹ ਲੋਕਾਂ ਦੇ ਸਾਹਵਾਂ ਵਿੱਚ ਨਫ਼ਰਤ ਕਿਵੇਂ ਘੋਲ ਰਹੀਆਂ ਹਨ ?

ਤੇ ਮੇਰਾ ਅੱਜ ਦਾ ਸੁਪਨਾ ? ਅੱਜ ਦੇ ਲਹੂ ਰੰਗੇ ਪਾਣੀਆਂ ਨੇ, ਮੈਨੂੰ ਆਪਣਾ ਦੀਦਾਰ ਕਿਉਂ ਦਿੱਤਾ ਹੈ, ਜਦੋਂ ਉਹ ਪਾਣੀ ਬ੍ਰਹਮ ਹੱਤਿਆ ਤੋਂ ਮੁਕਤ ਹੁੰਦੇ ਸਨ ਅਤੇ ਜੋ ਸੁਪਨਾ ਮੈਂ ਸੁੱਤੀਆਂ ਅੱਖਾਂ ਨਾਲ਼ ਵੇਖਿਆ ਸੀ, ਉਹ ਮੇਰੀਆਂ ਜਾਗਦੀਆਂ ਅੱਖਾਂ ਵਿੱਚ ਪਾਣੀ ਬਣ ਕੇ ਭਰ ਗਿਆ। ਤੇ ਮੈਂ ਨੀਮ-ਸੁਰਤ ਜਿਹੀ ਹਾਲਤ ਵਿੱਚ ਅੱਜ ਦੇ ਚੜਦੇ ਸੂਰਜ ਵੱਲ ਵੇਖਣ ਲੱਗ ਪਈ, ਜਿਵੇਂ ਉਹਨੂੰ ਪੁੱਛ ਰਹੀ ਹੋਵਾਂ ਕਿ ਕਿਸੇ ਸਮੇਂ ਤੇਰੀ ਲੋਅ ਕਿਹੋ ਜਿਹੀ ਹੁੰਦੀ ਸੀ, ਜਿਹਨੇ ਵਸ਼ਿਸ਼ਠ ਦੇ ਬੇਸੁਰਤ ਅੰਗਾਂ ਨੂੰ ਆਪਣੀਆਂ ਤਲੀਆਂ ਨਾਲ਼ ਮਲ-ਮਲ ਕੇ ਸੁਰਤ ਵਿੱਚ ਲੈਆਂਦਾ ਸੀ।

ਸੂਰਜ ਜਵਾਬ ਨਹੀਂ ਦਿੰਦਾ, ਤੇ ਮੇਰੀ ਗੁਆਚੀ ਜਾਂਦੀ ਸੁਰਤ ਨੂੰ ਜਾਪਦਾ ਹੈ ਕਿ ਮੇਰੇ ਅੱਖਰਾਂ ਕੋਲ਼ੋਂ ਉਨਾਂ ਦੀ ਧੁੱਪ ਵੀ ਗੁਆਚ ਗਈ ਹੈ, ਉਨਾਂ ਦੀ ਛਾਂ ਵੀ।

---

# ਬੁੜੀਆਂ ਦੀ ਸਰਦਾਰੀ

ਸੁਖਜੀਤ ਸਿੰਘ ਨਿਰਵਾਨ

ਮੇਰੇ ਇੱਕ ਦੋਸਤ ਦੇ ਦਾਦੀ ਜੀ ਸਵਰਗਵਾਸ ਹੋ ਗਏ ਸਨ ਅਤੇ ਮੈਂ ਉਨਾਂ ਦੇ ਭੋਗ ਉਤੇ ਜਾਣਾ ਸੀ ਲੇਕਿਨ ਉਸ ਦਿਨ ਮੈਨੂੰ ਕੋਈ ਜ਼ਰੂਰੀ ਕੰਮ ਸੀ ਇਸ ਲਈ ਮੈਂ ਇੱਕ ਦਿਨ ਪਹਿਲਾਂ ਹੀ ਅਫ਼ਸੋਸ ਕਰਨ ਲਈ ਉਨਾਂ ਦੇ ਘਰ ਜਾਣ ਦਾ ਪ੍ਰੋਗਰਾਮ ਬਣਾਇਆ। ਮੇਰੀ ਪਤਨੀ ਨੇ ਜਾਣਕਾਰੀ ਦਿੱਤੀ ਕਿ ਅੱਜ ਤਾਂ ਵਾਰ (ਯਾਨੀ ਸ਼ਨਿਚਰਵਾਰ) ਹੈ ਅਤੇ ਵਾਰ ਨੂੰ ਕਿਸੇ ਦੇ ਘਰ ਅਫ਼ਸੋਸ ਕਰਨ ਜਾਣ ਉੱਤੇ ਬੁਰਾ ਮਨਾਇਆ ਜਾਂਦਾ ਹੈ। ਪਹਿਲਾਂ ਤਾਂ ਮੈਂ ਸੋਚਿਆ ਕਿ ਗੁਰਬਾਣੀ ਦਾ ਪਾਠ ਹੋ ਰਿਹਾ ਹੈ, ਇਸ ਲਈ ਦਿਨਾਂ ਦਾ ਵਹਿਮ ਕਿਸ ਨੇ ਕਰਨਾ ਹੈ। ਫਿਰ ਵੀ ਮੈਂ ਘਰਵਾਲੀ ਦੀ ਗੱਲ ਨੂੰ ਹਲਕੇ ਵਿੱਚ ਲੈਣਾ ਠੀਕ ਨਹੀਂ ਸਮਝਿਆ ਅਤੇ ਆਪਣੇ ਦੋਸਤ ਨੂੰ ਫ਼ੋਨ ਕਰ ਕੇ ਪੁੱਛ ਹੀ ਲਿਆ ਕਿ ਕੱਲ ਭੋਗ ਵਾਲੇ ਦਿਨ ਅਸੀਂ ਕਿਤੇ ਜ਼ਰੂਰੀ ਕੰਮ ਜਾਣਾ ਹੈ ਇਸ ਲਈ ਅਸੀਂ ਅੱਜ ਤੁਹਾਡੇ ਘਰ ਆਉਣਾ ਚਾਹੁੰਦੇ ਹਾਂ। ਅੱਜ ਸ਼ਨਿਚਰਵਾਰ ਹੈ, ਕੋਈ ਵਹਿਮ ਵਾਲੀ ਗੱਲ ਤਾਂ ਨਹੀਂ। ਉਸ ਨੇ ਕਿਹਾ ਕਿ ਮੈਨੂੰ ਤਾਂ ਇਸ ਵਾਰੇ ਕੁਝ ਪਤਾ ਨਹੀਂ ਲੇਕਿਨ ਮੈਂ ਘਰੋਂ ਪੁੱਛ ਕੇ ਦੱਸ ਦਿੰਦਾ ਹਾਂ। ਥੋੜੀ ਦੇਰ ਬਾਦ ਉਸ ਦਾ ਫ਼ੋਨ ਆਇਆ ਕਿ ਬੰਦਿਆਂ ਨੂੰ ਤਾਂ ਕੋਈ ਇਤਰਾਜ਼ ਨਹੀਂ ਲੇਕਿਨ ਬੁੜੀਆਂ ਵਹਿਮ ਕਰਦੀਆਂ ਹਨ ਇਸ ਲਈ ਤੁਸੀਂ ਫਿਰ ਕਦੀ ਆ ਜਾਣਾ। ਪੰਜਾਬ ਵਿੱਚ ਬੁੜੀਆਂ ਦੇ ਅਲੱਗ ਹੀ ਕਾਇਦੇ ਕਾਨੂੰਨਾਂ ਦੀ ਇਹ ਇੱਕ ਛੋਟੀ ਜਿਹੀ ਮਿਸਾਲ ਹੈ।

ਮਾਲਵੇ ਦੇ ਪਿੰਡਾਂ ਵਿੱਚ ਮਾਤਾ ਜਾਂ ਬਜ਼ੁਰਗ ਔਰਤ ਨੂੰ ਬੁੱਢੀ ਜਾਂ 'ਬੁੜੀ' ਕਿਹਾ ਜਾਂਦਾ ਹੈ ਜਦਕਿ ਮਾਝੇ ਵਿੱਚ ਘਰਵਾਲੀ ਨੂੰ 'ਬੁੱਢੀ' ਕਿਹਾ ਜਾਂਦਾ ਹੈ। ਲੇਕਿਨ ਆਮ ਪੇਂਡੂ ਪੰਜਾਬੀ ਬੋਲੀ ਵਿੱਚ ਘਰ ਦੀਆਂ ਸਾਰੀਆਂ ਵੱਡੀਆਂ ਔਰਤਾਂ ਲਈ 'ਬੁੜੀਆਂ' ਸ਼ਬਦ ਕਾਫ਼ੀ ਪ੍ਰਚਲਤ ਹੈ ਭਾਵੇਂ ਪੜੇ ਲਿਖੇ ਮਾਹੌਲ ਵਿੱਚ ਬਜ਼ੁਰਗਾਂ ਲਈ ਇਹ ਸ਼ਬਦ ਥੋੜਾ ਨਿਰਾਦਰ ਵਾਲਾ ਲੱਗਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਘਰ ਪਰਿਵਾਰਾਂ ਵਿੱਚ ਔਰਤਾਂ ਦਾ ਬਹੁਤ ਹੀ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਉਨਾਂ ਦਾ ਜਿੰਨਾ ਵੀ ਮਾਣ ਸਨਮਾਨ ਅਤੇ ਆਦਰ ਸਤਿਕਾਰ ਕੀਤਾ ਜਾਵੇ ਉਹ ਘੱਟ ਹੈ। ਲੇਕਿਨ ਸਾਡਾ ਦੇਸ਼ ਪੁਰਸ਼ ਪ੍ਰਧਾਨ ਦੇਸ਼ ਰਿਹਾ ਹੈ ਅਤੇ ਕਿਸੇ ਕੰਮ ਵਿੱਚ ਔਰਤਾਂ ਦੀ ਰਾਏ ਘੱਟ ਹੀ ਲਈ ਜਾਂਦੀ ਸੀ। ਹਾਲਾਂਕਿ ਅੱਜਕਲ ਜ਼ਿਆਦਾਤਰ ਪੜੇ ਲਿਖੇ ਪਰਿਵਾਰਾਂ ਵਿੱਚ ਹਰ ਕੰਮ ਵਿੱਚ ਔਰਤਾਂ ਦੀ ਰਜ਼ਾਮੰਦੀ ਨਾਲ਼ ਹੀ ਹੁੰਦਾ ਹੈ ਬਲਕਿ ਅਕਸਰ ਔਰਤ ਦੇ ਕਹਿਣ ਮੁਤਾਬਕ ਹੀ ਕੀਤਾ ਜਾਂਦਾ ਹੈ।

ਘਰੇਲੂ ਔਰਤਾਂ ਘਰ ਦੀ ਸੁਰੱਖਿਆ ਲਈ ਕੁਝ ਜ਼ਿਆਦਾ ਹੀ ਫ਼ਿਕਰਮੰਦ ਹੁੰਦੀਆਂ ਹਨ। ਇਸ ਲਈ ਕਿਸੇ ਨੁਕਸਾਨ ਦੇ ਡਰ ਕਾਰਨ ਸਾਰੇ ਵਹਿਮ ਭਰਮ, ਬਾਬੇ, ਸਾਧ, ਦੇਵੀ-ਦੇਵਤੇ, ਜੋਤਿਸ਼ੀ, ਪਾਖੰਡੀ, ਆਦਿ ਸਭ ਦਾ ਸਹਾਰਾ ਲੈਂਦੀਆਂ ਰਹਿੰਦੀਆਂ ਹਨ। ਡਰ ਕਾਰਨ ਉਹ ਕਿਸੇ ਗੱਲ ਨੂੰ ਨਹੀਂ ਵਿਚਾਰਦੀਆਂ, ਅਤੇ ਬਸ ਉਨਾਂ ਦੇ ਚੱਕਰਵਿਊ ਵਿੱਚੋਂ ਬਾਹਰ ਆਉਣ ਤੋਂ ਡਰਦਿਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ ਅਲੱਗ-ਅਲੱਗ ਮੌਕਿਆਂ ਜਿਵੇਂ ਵਿਆਹ ਸ਼ਾਦੀ, ਮਰਗ਼ਤ, ਭੋਗ ਆਦਿ ਉੱਤੇ ਕਿਸੇ ਨੂੰ ਕੁਝ ਲੈਣਾ ਦੇਣਾ, ਕਾਰ ਵਿਹਾਰ ਕਰਨਾ, ਮਕਾਣਾ ਤੇ ਜਾਣਾ, ਕੀਰਨੇ ਪਾਉਣਾ, ਸਮਾਂ ਅਤੇ ਦਿਨਾਂ ਦਾ ਵਿਚਾਰ ਆਦਿ ਬਹੁਤ ਗੱਲਾਂ ਹਨ ਜਿੱਥੇ ਉਨਾਂ ਦਾ ਰਾਜ ਚੱਲਦਾ ਹੈ। ਇਸ ਤਰਾਂ ਉਨਾਂ ਨੇ ਘਰਾਂ ਵਿੱਚ ਕੁਝ ਅਲੱਗ ਹੀ ਰੀਤੀ ਰਿਵਾਜ਼ ਅਤੇ ਕਾਇਦੇ ਕਾਨੂੰਨ ਬਣਾ ਰੱਖੇ ਹੁੰਦੇ ਹਨ ਜਿਨਾਂ ਨੂੰ ਪਰਿਵਾਰਕ ਸ਼ਾਂਤੀ ਲਈ ਬਾਕੀ ਮੈਂਬਰਾਂ ਨੂੰ ਮੰਨਣਾ ਹੀ ਪੈਂਦਾ ਹੈ। ਪਿੰਡਾਂ ਵਿੱਚ ਬੰਦਿਆਂ ਕੋਲ਼ੋਂ ਇਹ ਗੱਲ ਅਕਸਰ ਸੁਣਨ ਨੂੰ ਮਿਲਦੀ ਹੈ ਕਿ : 'ਕੀ ਕਰੀਏ ਯਾਰ ਬੁੜੀਆਂ ਨੀਂ ਮੰਨਦੀਆਂ।'

ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਔਰਤਾਂ ਦੇ ਘਰ ਵਿੱਚ




ਅਨੁਸ਼ਾਸ਼ਨ ਕਾਰਨ ਅਕਸਰ ਬੰਦਾ ਕਈ ਮਾੜੇ ਕੰਮਾਂ ਤੋਂ ਬਚ ਜਾਂਦਾ ਹੈ। ਜੇਕਰ ਕੋਈ ਜ਼ਿਆਦਾ ਨਸ਼ਾ ਕਰਨ ਵਾਲਾ ਬੰਦਾ ਔਰਤ ਦੇ ਡਰ ਕਾਰਨ ਨਸ਼ਾ ਨਹੀਂ ਪੀਂਦਾ ਜਾਂ ਘੱਟ ਪੀਂਦਾ ਹੈ ਉਹ ਘਰ ਬਰਬਾਦੀ ਤੋਂ ਬਚ ਜਾਂਦਾ ਹੈ। ਕਈ ਬੰਦੇ ਜਿਹੜੇ ਘਰ ਦੀਆਂ ਔਰਤਾਂ ਦੀ ਪ੍ਰਵਾਹ ਨਹੀਂ ਕਰਦੇ ਉਹ ਜ਼ਿਆਦਾ ਸ਼ਰਾਬ, ਨਸ਼ੇ ਜਾਂ ਹੋਰ ਬੁਰੀ ਆਦਤ ਕਾਰਨ ਘਰ ਬਰਬਾਦ ਕਰ ਲੈਂਦੇ ਹਨ। ਹਾਲਾਂਕਿ ਕਿ ਕਈ ਵਾਰ ਔਰਤ ਦੀ ਸੋਚ ਸਿਰਫ਼ ਆਪਣੇ ਪਤੀ ਅਤੇ ਬੱਚਿਆਂ ਤੱਕ ਸੀਮਤ ਹੋ ਜਾਂਦੀ ਹੈ ਤਾਂ ਸੰਯਕੁਤ ਪਰਿਵਾਰਾਂ ਵਿੱਚ ਕਲੇਸ਼ ਵੀ ਪੈਦਾ ਹੋ ਜਾਂਦੇ ਹਨ। ਕੋਈ ਬੰਦਾ ਕਿੰਨਾ ਵੀ ਦਲੇਰ ਕਿਉਂ ਨਾਂ ਹੋਵੇ ਬੁੜੀਆਂ ਦੇ ਡਰ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਜਿਸ ਦੇ ਫ਼ਾਇਦੇ ਅਤੇ ਨੁਕਸਾਨ ਦੋਨੋਂ ਹਨ।

ਕਿਸੇ ਵੇਲੇ ਇਨਾਂ ਪੁਰਾਣੇ ਰੀਤੀ ਰਿਵਾਜ਼, ਵਹਿਮ-ਭਰਮ ਅਤੇ ਹੋਰ ਪੁਰਾਣੀਆਂ ਗੱਲਾਂ ਦੀ ਕੋਈ ਅਹਿਮੀਅਤ ਜਾਂ ਵਜਾ ਰਹੀ ਹੋਵੇਗੀ ਲੇਕਿਨ ਹੁਣ ਇਨਾਂ ਨੂੰ ਬਿਨਾਂ ਕਿਸੇ ਤਰਕ ਜਾਂ ਵਿਚਾਰ ਦੇ ਸਿਰਫ਼ ਡਰ ਜਾਂ ਰੂੜੀਵਾਦੀ ਕਾਰਨ ਹੀ ਪਾਲਣ ਕੀਤਾ ਜਾ ਰਿਹਾ ਹੈ। ਦੁੱਖ-ਸੁੱਖ, ਖੁਸ਼ੀ-ਗ਼ਮੀ, ਜਨਮ-ਮੌਤ, ਲੈਣ-ਦੇਣ, ਦਾਜ-ਦਹੇਜ, ਦਿਨ-ਤਿਉਹਾਰ ਆਦਿ ਅਜਿਹੇ ਮੌਕੇ ਹਨ ਜਦੋਂ ਬਜ਼ੁਰਗਾਂ ਨੂੰ ਪੁਰਾਣੇ ਕਾਇਦੇ ਕਾਨੂੰਨ ਛੱਡਣੇ ਬਹੁਤ ਔਖੇ ਲੱਗਦੇ ਹਨ ਅਤੇ ਕਿਹਾ ਜਾਂਦਾ ਹੈ ਕਿ ਇਹ ਤਾਂ ਇਸ ਤਰਾਂ ਹੁੰਦਾ ਹੈ। ਇਹ ਕਿਉਂ ਹੁੰਦਾ ਹੈ ਜਾਂ ਜੇਕਰ ਇਸ ਤਰਾਂ ਨਾ ਕੀਤਾ ਤਾਂ ਕੀ ਨੁਕਸਾਨ ਹੋਵੇਗਾ ? ਉਸ ਦਾ ਉਨਾਂ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਜਾਂਦਾ।

ਮੰਨਿਆ ਕਿ ਵੱਡੀ ਉਮਰ ਦਾ ਜ਼ਿੰਦਗੀ ਦਾ ਤਜਰਬਾ ਹੁੰਦਾ ਹੈ, ਲੇਕਿਨ ਜੋ ਅਸੀਂ ਕੀਤਾ ਓਹ ਹੀ ਸਹੀ ਸੀ ਇਹ ਸੋਚਣਾ ਗ਼ਲਤ ਹੈ। ਦੁਨੀਆਂ ਵਿੱਚ ਬਹੁਤ ਕੁਝ ਸਮੇਂ ਨਾਲ਼ ਚੰਗਾ ਹੋਇਆ ਹੈ ਜਿਹੜਾ ਕੁਝ ਨਵਾਂ ਸੋਚਣ ਦਾ ਹੀ ਨਤੀਜਾ ਹੈ। ਜਦੋਂ ਬਜ਼ੁਰਗ ਜਵਾਨ ਹੁੰਦੇ ਸੀ, ਉਦੋਂ ਉਨਾਂ ਨੇ ਵੀ ਬਹੁਤ ਕੁਝ ਨਵਾਂ ਕੀਤਾ ਹੁੰਦਾ ਹੈ। ਚੰਗੀਆਂ ਗੱਲਾਂ ਆਉਣ ਵਾਲੀ ਪੀੜੀ ਨਾਲ਼ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ, ਲੇਕਿਨ ਇਨਾਂ ਨੂੰ ਨਵਾਂ ਸੋਚਣ ਦੀ ਖੁੱਲ ਵੀ ਹੋਣੀ ਚਾਹੀਦੀ ਹੈ।

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਦਸਵੀਂ ਕਿਸ਼ਤ

"ਪਰ ਤੂੰ ਤਾਂ ਸਿਰਫ਼ ਸੂਰਤ ਦੇਖ ਕੇ ਮਰ ਮਿਟਿਆ ਸੈਂ, ਸੀਰਤ ਕਦ ਦੇਖੀ ?"

"ਦੇਖਣ ਵਾਲੀ ਨਜ਼ਰ ਹੋਏ ਤਾਂ ਸੂਰਤ ਨਾਲ਼ ਹੀ ਸੀਰਤ ਦਿਖ ਪੈਂਦੀ ਏ।"

ਨੇੜੇ ਹੀ ਰੁੱਖਾਂ ਦਾ ਇੱਕ ਝੁੰਡ ਸੀ। ਉਸ ਉੱਤੇ ਕੋਇਲ ਕੂਕੀ, 'ਕੁ-ਹੂ ! ਕੁ-ਹੂ !!'

ਵਾਰਿਸ ਦੀ ਉਮਰ ਇਸ ਸਮੇਂ ਵੀਹ ਸਾਲ ਦੇ ਲਾਗੇ ਸੀ। ਛੋਟੀਆਂ-ਛੋਟੀਆਂ ਮੁੱਛਾਂ ਤੇ ਛਿੱਦਰੀ ਦਾੜ੍ਹੀ ਉੱਗ ਆਈ ਸੀ। ਉਹ ਇੱਕ ਅਜਿਹਾ ਅਲਬੇਲਾ ਨੌਜਵਾਨ ਦੀ ਜਿਸਦਾ ਚਿਹਰਾ ਉਸਦੀ ਆਤਮਾ ਦੇ ਨੂਰ ਨੂੰ ਪ੍ਰਗਟ ਕਰ ਦਿੰਦਾ ਸੀ।

ਭੂਪ ਸਿੰਘ ਕੁਝ ਪਲ ਚੁੱਪ ਬੈਠਾ, ਇੱਕ ਟੱਕ, ਉਸਦੇ ਚਿਹਰੇ ਵੱਲ ਦੇਖਦਾ ਰਿਹਾ।

"ਦਿਲਾਂ ਨੂੰ ਦਿਲਾਂ ਦੀ ਰਾਹ ਹੁੰਦੀ ਏ," ਵਾਰਿਸ ਨੇ ਫੇਰ ਗੱਲ ਛੋਹੀ, "ਕਹਾਵਤ ਤਾਂ ਸੁਣੀ ਹੋਏਗੀ ? ਭਾਗ ਭਰੀ ਦੇ ਦਿਲ ਵਿੱਚ ਵੀ ਇਸ਼ਕੇ ਦਾ ਤੀਰ ਜਾ ਵੱਜਿਆ। ਉਹ ਵੀ ਮੇਰੇ ਵਾਂਗ ਜ਼ਖ਼ਮੀ ਹੋ ਗਈ। ਛੁਪ-ਛੁਪ ਕੇ ਮੁਲਾਕਾਤਾਂ ਹੋਣ ਲੱਗੀਆਂ।...ਪਰ ਇਸ਼ਕ ਮੁਸ਼ਕ ਛੁਪਾਇਆਂ ਨਹੀਂ ਛੁਪਦਾ। ਸਾਰੇ ਪਿੰਡ ਵਿੱਚ ਚਰਚੇ ਹੋਣ ਲੱਗੇ। ਭਾਗ ਭਰੀ ਦੇ ਭਰਾਵਾਂ ਨੇ ਭੈਣ ਨੂੰ ਬੜਾ ਸਮਝਾਇਆ, ਧਮਕਾਇਆ ਤੇ ਮਿਲਣ ਤੋਂ ਮਨਾਂ ਕੀਤਾ। ਪਰ ਭਾਗ ਭਰੀ ਨਹੀਂ ਮੰਨੀ..."

"ਯਾਨੀ ਉਹ ਵੀ ਹਠ ਦੀ ਪੂਰੀ ਸੀ।"

"ਬਿਲਕੁਲ ਪੂਰੀ, ਪੱਕੀ। ਹਠ ਦੇ ਬਿਨਾਂ ਇਸ਼ਕ ਦਾ ਪੱਕਾ ਹੋਣਾ ਸੰਭਵ ਹੀ ਨਹੀਂ। ਜਦ ਭਾਗ ਭਰੀ ਨਾ ਮੰਨੀ ਤਾਂ ਉਸਦੇ ਭਰਾਵਾਂ ਨੇ ਮੈਨੂੰ ਕਿਹਾ ਕਿ ਮੈਂ ਤਕੀਆ ਛੱਡ ਕੇ ਚਾਲਾ ਜਾਵਾਂ। ਜਦੋਂ ਭਾਗ ਭਰੀ ਔਰਤ ਹੋ ਕੇ ਸਿਦਕ ਦੀ ਪੱਕੀ ਸੀ ਤਾਂ ਮੈਂ ਮਰਦ ਹੋ ਕੇ ਕਿੰਜ ਡਿੱਗ ਪੈਂਦਾ...ਤਕੀਏ ਵਿੱਚ ਡੇਰਾ ਜਮਾਈ ਰੱਖਿਆ। ਭਾਗ ਭਰੀ ਨਾਲ਼ ਮੁਲਾਕਤਾਂ ਜਾਰੀ ਰਹੀਆਂ। ਇੱਕ ਦਿਨ ਉਸਦੇ ਭਰਾਵਾਂ ਮੈਨੂੰ ਏਨਾ ਕੁੱਟਿਆ ਕਿ ਅੱਧ-ਮੋਇਆ ਕਰਕੇ ਸੁੱਟ ਦਿੱਤਾ। ਸ਼ਾਇਦ ਉਹਨਾਂ ਮੈਨੂੰ ਆਪਣੇ ਵੱਲੋਂ ਮਾਰ ਹੀ ਮੁਕਾਇਆ ਸੀ। ਇਸ ਦੇ ਬਾਵਜੂਦ ਮੈਂ ਉੱਥੋਂ ਨਹੀਂ ਟਲਿਆ। ਜੇ ਕਿਸੇ ਨੂੰ ਜਾਨ ਪਿਆਰੀ ਹੋਏ ਤਾਂ ਇਸ਼ਕ ਦੀ ਰਾਹ ਨਾ ਪਏ। ਇਸ਼ਕ ਦੀ ਚਾਲ ਨਿਰਾਲੀ ਤੇ ਉਸਦਾ ਅੰਤਰਾ ਨਿਆਰਾ ਹੁੰਦਾ ਏ। ਮੈਂ ਆਪਣੀਆਂ ਸੱਟਾਂ ਨੂੰ ਪਲੋਸਦਿਆਂ ਹੋਇਆਂ ਕਿਹਾ ਸੀ—

'ਕੰਘੀ ਵਾਂਗ ਚਿਰਾਈਏ ਬਦਨ ਸਾਰਾ
ਤਾਂ ਇਹ ਜ਼ੁਲਫ਼ ਮਹਿਬੂਬ ਦੀ ਪਾਈਏ ਜੀ।'

ਅੰਬ ਦੇ ਰੁੱਖਾਂ ਦੇ ਝੰਡ ਵਿੱਚ ਕੋਇਲ ਫੇਰ ਕੂਕੀ, 'ਕੁ-ਹੂ, ਕੁ-ਹੂ'। ਭੂਪ ਸਿੰਘ ਤੇ ਵਾਰਿਸ ਸ਼ਾਹ ਕੁਝ ਚੁੱਪ ਬੈਠੇ ਇਸ ਕੁ-ਹੂ-ਕੁ-ਹੂ ਦੀ ਗੂੰਜ ਸੁਣਦੇ ਰਹੇ।

"ਫੇਰ ਕੀ ਹੋਇਆ ?" ਭੂਪ ਸਿੰਘ ਨੇ ਪੁੱਛਿਆ।

"ਫੇਰ ਹੋਇਆ ਇਹ ਕਿ ਭਰਾਵਾਂ ਨੇ ਭਾਗ ਭਰੀ ਦੀ ਸ਼ਾਦੀ ਜ਼ਬਰਦਸਤੀ ਕਿਸੇ ਹੋਰ ਨਾਲ਼ ਕਰ ਦਿੱਤੀ ਤੇ ਇਸ਼ਕ ਦਾ ਗਲ਼ਾ ਘੁੱਟ ਦਿੱਤਾ। ਔਰਤ ਤਾਂ ਬਿਨਾਂ ਸਿੰਗਾਂ ਵਾਲੀ ਗਾਂ ਹੁੰਦੀ ਏ। ਉਸਦਾ ਰੱਸਾ ਭਾਵੇਂ ਕਿਸੇ ਦੇ ਹੱਥ ਫੜਾ ਦਿਓ। ਇਹ ਕਿੱਡਾ ਵੱਡਾ ਜ਼ੁਲਮ ਏ, ਕਿੱਡੀ ਵੱਡੀ ਬੇਇਨਸਾਫ਼ੀ...ਅਸੀਂ ਮਰਦ ਲੋਕ ਇਸਨੂੰ ਮਹਿਸੂਸ ਹੀ ਨਹੀਂ ਕਰ ਸਕਦੇ। ਇਸ ਬਾਰੇ ਸੋਚਦੇ ਤੱਕ ਨਹੀਂ।" ਵਾਰਿਸ ਨੇ ਲੰਮਾਂ ਸਾਹ ਛੱਡਿਆ।

"ਸੋਚਦੇ ਤਾਂ ਹਾਂ।" ਭੂਪ ਸਿੰਘ ਨੇ ਭਾਰੀ ਆਵਾਜ਼ ਵਿੱਚ ਹੌਲੀ ਜਿਹੀ ਕਿਹਾ ਤੇ ਵਾਰਿਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਜਾਰੀ ਰੱਖੀ, "ਪੰਜਾਬ ਨੇ ਜਦੋਂ ਦਾ ਅੱਤਿਆਚਾਰ ਤੇ ਜ਼ੁਲਮ ਦੇ ਵਿਰੁੱਧ ਸੰਘਰਸ਼ ਜਾਰੀ ਕੀਤਾ ਏ, ਉਦੋਂ ਤੋਂ ਹੀ ਔਰਤ ਉੱਤੇ ਹੋਣ ਵਾਲੇ ਇਸ ਜ਼ੁਲਮ ਨੂੰ ਵੀ ਮਹਿਸੂਸ ਕੀਤਾ ਏ ਤੇ ਇਸ ਦੇ ਖ਼ਿਲਾਫ਼ ਲਿਖਿਆ ਵੀ ਏ। ਤੇਰੀ ਇਸ ਘਟਨਾ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਦੇ ਜ਼ਮਾਨੇ ਵਿੱਚ ਵੀ ਹੀਰ ਰਾਂਝੇ ਨਾਲ਼ ਬਿਲਕੁਲ ਇਵੇਂ ਹੀ ਵਾਪਰਿਆ ਸੀ। ਉਸ ਸਮੇਂ ਦੇ ਕਵੀ ਦਮੋਦਰ ਨੇ ਇਸ ਘਟਨਾ ਨੂੰ ਆਪਣੇ ਕਿੱਸੇ ਦਾ ਆਧਾਰ ਬਣਾਇਆ। ਉਸਦਾ ਕਹਿਣਾ ਏਂ ਕਿ ਜੋ ਕੁਝ ਮੈਂ ਲਿਖ ਰਿਹਾਂ, ਉਹ ਅੱਖੀਂ ਡਿੱਠਾ ਸੱਚ ਏ। ਫੇਰ ਇਹੀ ਕਿੱਸਾ ਉਧਮ ਤੇ ਮੁਕਬਿਲ ਨੇ ਵੀ ਲਿਖਿਆ...। ਪ੍ਰਤੱਖ ਏ ਕਿ ਇਹ ਇੱਕ ਨਵੀਂ ਸੋਚ ਸੀ, ਜਿਹੜੀ ਜ਼ਮਾਨੇ ਦੇ ਨਾਲ਼ ਪੈਦਾ ਹੋਈ ਤੇ ਉਸਨੂੰ ਵਾਰੀ-ਵਾਰੀ ਦੁਹਰਾਇਆ ਗਿਆ। ਮਨੁੱਖ ਮਰ ਜਾਏ ਪਰ ਸੋਚ ਨਹੀਂ ਮਰਦੀ। ਉਹ ਪੁਸ਼ਤ ਦਰ ਪੁਸ਼ਤ ਜਿਉਂਦੀ ਰਹਿੰਦੀ ਏ। ਧਰਤੀ 'ਚੋਂ ਉੱਗਣ ਵਾਲੇ ਬੂਟੇ ਵਾਂਗ ਵੱਧਦੀ ਫੁੱਲਦੀ ਏ।" ਭੂਪ ਸਿੰਘ ਨੇ ਆਪਣੇ ਹੱਥ ਵਿਚਲੀ ਛੱਲੀ ਦੇ ਆਖ਼ਰੀ ਸਾਰੇ ਦਾਣੇ ਉਘੇੜ ਕੇ ਉਹਨਾਂ ਦਾ ਫੱਕਾ ਮਾਰਿਆ ਤੇ ਗੁੱਲ ਪਰੇ ਸੁੱਟ ਦਿੱਤਾ।

ਭੂਪ ਸਿੰਘ ਨੇ ਆਪਣਾ ਜੀਵਨ ਇਸੇ ਸੋਚ ਨੂੰ ਜਿਉਂਦਿਆਂ ਰੱਖਣ ਦੇ ਲਈ ਸਮਰਪਤ ਕਰ ਦਿੱਤਾ ਸੀ। ਉਸਦੀ ਆਵਾਜ਼ ਵਿੱਚ ਦਰਿੜ੍ਹਤਾ ਤੇ ਚਿਹਰੇ ਉੱਪਰ ਗੰਭੀਰਤਾ ਸੀ। ਵਾਰਿਸ ਨੇ ਵੀ ਆਪਣੀ ਛੱਲੀ ਮੁਕਾਈ ਤੇ ਗੁੱਲ ਪਰੇ ਸੁੱਟ ਦਿੱਤਾ ਤੇ ਭੂਪ ਸਿੰਘ ਦੇ ਮੂੰਹ ਵੱਲ ਦੇਖਣ ਲੱਗਿਆ। ਕੁਝ ਚਿਰ ਬੈਠਾ ਦੇਖਦਾ ਤੇ ਸੋਚਦਾ ਰਿਹਾ ਤੇ ਫੇਰ ਯਕਦਮ ਤ੍ਰਭਕਿਆ ਜਿਵੇਂ ਉਸਨੇ ਭੂਪ ਸਿੰਘ ਦੇ ਚਿਹਰੇ ਉੱਪਰ ਲਿਖੇ ਇਤਿਹਾਸ ਨੂੰ ਪੜ੍ਹ ਲਿਆ ਹੋਏ।

"ਲਿਆ ਭੂਪ ਸਿਆਂ ਹੱਥ ਮਿਲਾ।" ਵਾਰਿਸ ਨੇ ਆਪਣਾ ਸੱਜਾ ਹੱਥ ਅੱਗੇ ਵਧਾ ਕੇ ਕਿਹਾ ਤੇ ਭੂਪ ਸਿੰਘ ਨੇ ਉਸਦਾ ਹੱਥ ਸੱਜੇ ਹੱਥ ਵਿੱਚ ਘੁੱਟ ਲਿਆ।

"ਤੂੰ ਮੇਰਾ ਦੋਸਤ ਹੀ ਨਹੀਂ ਉਸਤਾਦ ਵੀ ਏਂ।" ਵਾਰਿਸ ਨੇ ਗੱਲ ਜਾਰੀ ਰੱਖੀ, "ਅੱਜ ਮੈਂ ਉਹ ਕੁਝ ਸਿੱਖਿਆ ਏ ਜੋ ਮਕਤਬ ਵਿੱਚ ਵੀ ਨਹੀਂ ਸਿੱਖ ਸਕਿਆ ਸਾਂ। ਬੁੱਲ੍ਹੇ ਸ਼ਾਹ ਠੀਕ ਕਹਿੰਦੇ ਨੇ, 'ਫੜ ਨੁਕਤਾ ਛੱਡ ਕਿਤਾਬਾਂ ਨੂੰ।' ਮੈਂ ਨੁਕਤਾ ਫੜ ਲਿਆ ਏ। ਮੈਂ ਹੀਰ ਦੀ ਕਹਾਣੀ ਇੱਕ ਵਾਰ ਫੇਰ ਲਿਖਾਂਗਾ। ਅਸਲ ਵਿੱਚ ਉਹ ਇਸ ਸੋਚ ਦੀ ਕਹਾਣੀ ਹੋਏਗੀ, ਜਿਹੜੀ ਉਥਲ-ਪੁਥਲ ਦੀ ਕੁੱਖ ਵਿੱਚੋਂ ਪੈਦਾ ਹੋਈ ਏ। ਪਰਵਾਨ ਚੜ੍ਹੀ ਏ। ਯਾਰ ਲੋਕ ਇਸ ਸੋਚ ਦੇ ਕਾਰਨ ਹੀ ਮਜਲਿਸਾਂ 'ਚ ਬੈਠ ਕੇ ਹੀਰ ਦੇ ਇਸ਼ਕ ਦਾ ਮਜ਼ਾ ਲੈਣਗੇ। ਮੈਂ ਇਸ ਕਹਾਣੀ ਨੂੰ ਨਵਾਂ ਰੂਪ ਦਿਆਂਗਾ। ਇਹ ਕਹਾਣੀ ਸਿਰਫ਼ ਕਹਾਣੀ ਨਹੀਂ, ਇਸ ਉਥਲ-ਪੁਥਲ ਵਿੱਚ ਜਿਉਂ ਰਹੇ ਪੰਜਾਬ ਦੀ ਭਰਪੂਰ ਤਸਵੀਰ ਹੋਏਗੀ।" ਵਾਰਿਸ ਦੇ ਚਿਹਰੇ ਉੱਤੇ ਇੱਕ ਦਰਿੜ੍ਹ ਸੰਕਲਪ ਉਕਰਿਆ ਹੋਇਆ ਸੀ, ਜਿਸ ਨੂੰ ਦੇਖ ਕੇ ਭੂਪ ਸਿੰਘ ਖਿੜ-ਪੁੜ ਗਿਆ ਤੇ ਉਸਨੇ ਵਾਰਿਸ ਦਾ ਹੱਥ ਚੁੰਮ ਲਿਆ।

ਝੁੰਡ ਵਿੱਚ ਕੋਇਲ ਫੇਰ 'ਕੁ-ਹੂ-ਕੁ-ਹੂ' ਕੂਕ ਉੱਠੀ। ਪਤਾ ਨਹੀਂ ਉਹ ਵੀ ਇਸ ਸੰਕਲਪ ਉੱਪਰ ਖ਼ੁਸ਼ ਸੀ ਜਾਂ ਉਸਨੇ ਪੰਜਾਬ ਦੀ ਇਹ ਹਰਿਆਲੀ, ਖ਼ੁਸ਼ਹਾਲੀ ਚਿਰਾਂ ਬਾਅਦ ਦੇਖੀ ਸੀ—ਇਸ ਲਈ ਆਪਣੇ ਮਨ ਦੀ ਖ਼ੁਸ਼ੀ ਵਾਰੀ ਵਾਰੀ ਪ੍ਰਗਟ ਕਰ ਰਿਹਾ ਸੀ।

ਭਾਗ ਭਰੀ ਦੀ ਸ਼ਾਦੀ ਪਿੱਛੋਂ ਵਾਰਿਸ ਰਾਂਝੇ ਵਾਂਗ ਜੋਗੀ ਬਣ ਗਿਆ ਸੀ ਤੇ ਜੋਗੀਆਂ ਵਾਲੇ ਭੇਸ ਵਿੱਚ ਹੀ ਇੱਧਰ ਉੱਧਰ ਘੁੰਮਦਾ ਹੋਇਆ ਆਪਣੇ ਪਿੰਡ ਆਇਆ ਸੀ ਤੇ ਅਗਲੇ ਦਿਨ ਫੇਰ ਚਲਾ ਗਿਆ ਸੀ।

***

"ਪੁੱਤਰ ਤੂੰ ਏਨੇ ਦਿਨਾਂ ਬਾਅਦ ਆਇਆ ਸੈਂ ਤੇ ਤੁਰ ਵੀ ਚੱਲਿਆ ਏਂ...ਮੈਂ ਇਕੱਲੀ ਇੱਥੇ ਕਿੰਜ ਰਹਾਂ ? ਸੁੰਨਾ ਘਰ ਖਾਣ ਨੂੰ ਪੈਂਦਾ ਏ। ਦਿਨ ਤਾਂ ਜਿਵੇਂ-ਤਿਵੇਂ ਲੰਘਾ ਲੈਂਦੀ ਆਂ, ਪਰ ਰਾਤ ਕੱਟਣੀ ਔਖੀ ਹੋ ਜਾਂਦੀ ਏ।"

"ਮਾਂ ਤੂੰ ਵੀ ਮੇਰੇ ਨਾਲ਼ ਚੱਲ। ਗੁਰੂ ਦੀ ਨਗਰੀ ਵਿੱਚ ਪੰਜ ਸੱਤ ਦਿਨ ਰਹੇਂਗੀ ਤਾਂ ਮਨ ਪਰਚ ਜਾਏਗਾ।"



"ਪਰ ਬੱਚੜਾ ਮੈਨੂੰ ਫੇਰ ਇਸੇ ਘਰ ਵਿੱਚ ਆਉਣਾ ਪਏਗਾ। ਫੇਰ ਇਹੀ ਇਕੱਲਾਪਨ ਵੱਢ-ਵੱਢ ਖਾਏਗਾ। ਤੂੰ ਮੇਰੇ ਦਰਦ ਨੂੰ ਸਮਝ, ਮੇਰੇ ਦਿਲ ਦੀ ਥੌਹ ਲੈ। ਹੁਣ ਤੂੰ ਦੁੱਧ ਪੀਂਦਾ ਬੱਚਾ ਨਹੀਂ।"

ਸਤਵੰਤ ਕੌਰ ਦਾ ਗੱਚ ਭਰ ਆਇਆ ਸੀ ਤੇ ਅੱਖਾਂ ਸਿੱਜਲ ਹੋ ਗਈਆਂ ਸਨ। ਪਰ ਉਸਨੇ ਆਪਣੇ ਆਪ ਉੱਤੇ ਕਾਬੂ ਰੱਖਿਆ। ਆਪਣੇ ਅੰਦਰਲੀ ਪੀੜ ਨੂੰ ਹੰਝੂ ਬਣ ਕੇ ਵਹਿਣ ਨਹੀਂ ਦਿੱਤਾ।

ਇਸੇ ਵੇਲੇ ਇੱਕ ਭੂਰੇ ਰੰਗ ਦੀ ਬਿੱਲੀ ਅੰਦਰ ਆਈ। ਉਸਨੇ ਆਪਣਾ ਸੱਜਰਾ ਜੰਮਿਆਂ ਬਲੂੰਗੜਾ ਮੂੰਹ ਵਿੱਚ ਚੁੱਕਿਆ ਹੋਇਆ ਸੀ। ਸ਼ਾਇਦ ਹੋਰ ਬੱਚੇ ਵੀ ਸਨ—ਉਹ ਗੁਆਂਢੀਆਂ ਦੇ ਘਰ ਵਿੱਚ ਸੂਈ ਜਾਪਦੀ ਸੀ ਤੇ ਹੁਣ ਉਹਨਾਂ ਨੂੰ ਇੱਕ-ਇੱਕ ਕਰਕੇ ਦੂਜੇ ਘਰ ਵਿੱਚ ਲਿਆ ਰਹੀ ਸੀ, ਜਿਵੇਂ ਉਸਦਾ ਸੁਭਾਅ ਹੁੰਦਾ ਹੈ।

ਮਾਂ ਤੇ ਪੁੱਤਰ ਨੇ ਇਕੱਠਿਆਂ ਬਿੱਲੀ ਵੱਲ ਦੇਖਿਆ...ਉਸਦੀ ਨਜ਼ਰ ਵਿੱਚ ਭੈ ਨਹੀਂ ਸਨੇਹ ਤੇ ਮਮਤਾ ਸੀ। ਉਹ ਬਿਨਾ ਸੰਕੋਚ ਅੱਗੇ ਵਧੀ ਤੇ ਘਰ ਦੇ ਇੱਕ ਕੋਨੇ ਵਿੱਚ ਜਾ ਛੁਪੀ।

"ਮਾਂ ਮੈਂ ਸਭ ਸਮਝਦਾਂ। ਤੇਰੀ ਪੀੜ ਪਛਾਨਦਾਂ। ਪਰ ਤੂੰ ਤਾਂ ਖ਼ੁਦ ਮੈਨੂੰ ਪੰਥ ਦੇ ਹਵਾਲੇ ਕਰ ਚੁੱਕੀ ਏਂ। ਮੈਂ ਦਲ-ਖ਼ਾਲਸਾ ਦਾ ਇੱਕ ਸੇਵਕ, ਇੱਕ ਸਿਪਾਹੀ ਹਾਂ। ਜਦੋਂ ਤੱਕ ਦਲ ਖ਼ਾਲਸਾ ਲਾਹੌਰ ਨੂੰ ਫ਼ਤਿਹ ਨਹੀਂ ਕਰ ਲਏਗਾ, ਮੈਂ ਵਿਆਹ ਨਹੀਂ ਕਰਵਾਵਾਂਗਾਂ।" ਭੂਪ ਸਿੰਘ ਨੇ ਦ੍ਰਿੜ੍ਹ ਤੇ ਸਥਿਰ ਆਵਾਜ਼ ਵਿੱਚ ਕਿਹਾ ਤੇ ਕੁਝ ਪਲ ਰੁਕ ਕੇ ਫੇਰ ਬੋਲਿਆ, "ਤੂੰ ਇਕੱਲੇਪਨ ਨੂੰ ਜਿਵੇਂ ਹੁਣ ਤੱਕ ਝੱਲਿਆ ਏ, ਕੁਝ ਦਿਨ ਹੋਰ ਝੱਲ ਲੈ, ਬਸ।"

"ਕੁਝ ਦਿਨ ਹੋਰ ?"

"ਹਾਂ, ਬਸ ਕੁਝ ਦਿਨ। ਹੁਣ ਉਹ ਦਿਨ ਦੂਰ ਨਹੀਂ ਜਦੋਂ ਲਾਹੌਰ ਉੱਪਰ ਪੰਥ ਦਾ ਝੰਡਾ ਲਹਿਰਾਏਗਾ।"

ਭੂਪ ਸਿੰਘ ਦੀ ਉਮਰ ਇਸ ਸਮੇਂ **35** ਦੇ ਕਰੀਬ ਸੀ। ਉਸਨੇ ਪਿਛਲੇ ਸਤਾਰਾਂ ਅਠਾਰਾਂ ਸਾਲ ਸੰਘਰਸ਼ ਵਿੱਚ ਬਿਤਾਏ ਸਨ, ਜਿਸ ਕਰਕੇ ਉਸਦੇ ਵਿਅਕਤੀਤੱਵ ਦਾ ਵਿਕਾਸ ਹੋਇਆ ਸੀ ਤੇ ਉਹ ਆਪਣੇ ਪਿਤਾ ਦਾ ਪ੍ਰਤੀਰੂਪ ਦਿਖਾਈ ਦਿੰਦਾ ਸੀ। ਉਸਦੀ ਆਵਾਜ਼ ਵਿੱਚ ਵਿਸ਼ਵਾਸ ਸੀ, ਦ੍ਰਿੜ੍ਹਤਾ ਸੀ। ਮਾਂ ਨੇ ਪੁੱਤਰ ਵੱਲ ਦੇਖਿਆ ਤੇ ਮਨ ਹੀ ਮਨ ਵਿੱਚ ਖ਼ੁਸ਼ ਹੋਈ। ਉਹ ਆਪ ਵੀ ਪੰਥ ਲਈ ਸਮਰਪਿਤ ਸੀ ਤੇ ਪੁੱਤਰ ਨੂੰ ਵੀ ਪੰਥ ਨੂੰ ਸਮਰਪਿਤ ਕਰ ਚੁੱਕੀ ਸੀ। ਇਸ ਵਿੱਚ ਸ਼ੱਕ ਨਹੀਂ ਸੀ ਕਿ ਉਹ ਘਰ ਵਿੱਚ ਇਕੱਲੀ ਸੀ। ਪਤੀ ਦੇ ਪਿੱਛੋਂ ਸੱਸ ਰਹਿ ਗਈ ਸੀ, ਉਹ ਚੱਲ ਵੱਸੀ ਸੀ। ਸਤਵੰਤ ਕੌਰ ਦੀ ਆਪਣੀ ਉਮਰ ਵੀ ਢਲ ਗਈ ਸੀ। ਉਸਦੀ ਚਿਰਾਂ ਦੀ ਇਹ ਇੱਛਾ ਸੀ ਕਿ ਭੂਪ ਸਿੰਘ ਲਾੜਾ ਬਣੇ, ਬਹੂ ਵਿਆਹ ਕੇ ਘਰ ਲਿਆਏ ਤੇ ਉਸਨੂੰ ਪੋਤੇ ਪੋਤੀਆਂ ਦਾ ਮੂੰਹ ਦੇਖਣਾ ਨਸੀਬ ਹੋਏ। ਭੂਪਾ ਤਿੰਨ ਸਾਲ ਪਿੱਛੋਂ ਘਰ ਆਇਆ ਸੀ। ਮਹੀਨਾ, ਡੇਢ ਮਹੀਨਾ ਮਾਂ ਦੇ ਕੋਲ਼ ਰਿਹਾ ਸੀ ਤੇ ਹੁਣ ਦੀਵਾਲੀ ਮਨਾਉਣ ਅੰਮ੍ਰਿਤਸਰ ਜਾ ਰਿਹਾ ਸੀ...ਤੇ ਪਤਾ ਨਹੀਂ ਫੇਰ ਕਦੋਂ ਪਰਤੇਗਾ। ਇਸ ਲਈ ਉਸਨੇ ਆਪਣੀ ਮਨੋਕਾਮਨਾ ਦੱਸ ਦਿੱਤੀ ਸੀ। ਪੁੱਤਰ ਦਾ ਉੱਤਰ ਸੁਣ ਕੇ ਉਹ ਦੁਖੀ ਹੋਣ ਦੇ ਬਜਾਏ ਅੰਦਰੇ-ਅੰਦਰ ਸੰਤੁਸ਼ਟ ਹੋ ਗਈ ਸੀ ਤੇ ਉਸਦੀ ਆਤਮਾ ਖਿੜ ਗਈ ਸੀ। ਲਾਹੌਰ ਉੱਪਰ ਪੰਥ ਦੀ ਜਿੱਤ ਦਾ ਸੁਪਨਾ ਉਸਦਾ ਆਪਣਾ ਸੁਪਨਾ ਵੀ ਸੀ। ਜਿਸ ਸੁਪਨੇ ਦਾ ਸਾਕਾਰ ਹੋਣਾ ਪੋਤੇ-ਪੋਤੀਆਂ ਦਾ ਮੂੰਹ ਦੇਖਣ ਨਾਲ਼ੋਂ ਵਧੇਰੇ ਆਨੰਦਮਈ ਇੱਛਾ ਸੀ। ਉਸਨੇ ਪਿੱਛੇ ਘਰ ਬਾਰ ਸੰਭਾਲਣਾ ਸੀ, ਇਸ ਲਈ ਖ਼ੁਸ਼ੀ-ਖ਼ੁਸ਼ੀ ਪੁੱਤਰ ਨੂੰ ਵਿਦਾ ਕੀਤਾ।

ਰਾਖੀ ਪ੍ਰਣਾਲੀ ਕਾਰਨ ਸਿੱਖਾਂ ਦੀ ਆਰਥਕ ਹਾਲਤ ਮਜ਼ਬੂਤ ਹੋ ਗਈ ਸੀ। ਪੰਜਾਬ ਦੇ ਪੰਜ ਦੁਆਬਿਆਂ ਵਿੱਚੋਂ ਚਾਰ 'ਤੇ ਉਹਨਾਂ ਦਾ ਰਾਜ ਸੀ। ਜਿਹੜਾ ਇਲਾਕਾ ਜਿਸ ਮਿਸਲ ਦੇ ਅਧੀਨ ਸੀ, ਉਸ ਮਿਸਲ ਦਾ ਸਰਦਾਰ ਉਸਦਾ ਪ੍ਰਬੰਧਕ ਹਾਕਮ ਸੀ। ਅਮਨ ਬਹਾਲ ਹੋ ਜਾਣ ਕਾਰਨ ਇਹਨਾਂ ਚਾਰਾਂ ਦੁਆਬਿਆਂ ਵਿੱਚ ਖ਼ੁਸ਼ਹਾਲੀ ਆਈ ਸੀ। ਇਸ ਨੇ ਸਿੱਖਾਂ ਦਾ ਆਤਮ-ਵਿਸ਼ਵਾਸ ਵਧਾ ਦਿੱਤਾ ਸੀ ਤੇ ਜਨਤਾ ਵਿੱਚ ਉਹਨਾਂ ਦੇ ਪ੍ਰਤੀ ਆਦਰ ਭਾਵ ਵੀ ਵਧ ਗਿਆ ਸੀ। **1755** ਦੀ ਦੀਵਾਲੀ ਧੂਮ-ਧਾਮ ਨਾਲ਼ ਮਨਾਈ ਗਈ। ਇਸ ਵਾਰੀ ਅੰਮ੍ਰਿਤਸਰ ਵਿੱਚ ਜਿੰਨੇ ਲੋਕ ਆਏ ਸਨ, **1748** ਵਿੱਚ ਜਦੋਂ ਦਲ-ਖ਼ਾਲਸਾ ਬਣਿਆ ਸੀ, ਉਦੋਂ ਵੀ ਨਹੀਂ ਸਨ ਆਏ। ਨਵਾਬ ਕਪੂਰ ਸਿੰਘ ਦੋ ਸਾਲ ਪਹਿਲਾਂ ਸਵਰਗਵਾਸ ਹੋ ਚੁੱਕੇ ਸਨ। ਪਰ ਉਹਨਾਂ ਦੇ ਨਾ ਰਹਿਣ ਕਾਰਨ ਜਿਹੜਾ ਸਥਾਨ ਖ਼ਾਲੀ ਹੋਇਆ ਸੀ, ਉਸਨੂੰ ਜੱਸਾ ਸਿੰਘ ਆਹਲੂਵਾਲੀਆ ਨੇ ਪੂਰਾ-ਪੂਰਾ ਭਰ ਦਿੱਤਾ ਸੀ। ਜੱਸਾ ਸਿੰਘ ਪੰਥ ਦਾ ਸਰਵੇ-ਸਰਵਾ ਸੀ ਤੇ ਜਨਤਾ ਵਿੱਚ ਹਰਮਨ ਪਿਆਰਾ ਵੀ ਸੀ। ਮਨਮੋਹਨ ਨਾਂ ਦੇ ਇੱਕ ਚਿੱਤਰਕਾਰ ਨੇ ਘੋੜੇ ਉਪਰ ਸਵਾਰ ਜੱਸਾ ਸਿੰਘ ਦਾ ਇੱਕ ਚਿੱਤਰ ਬਣਾਇਆ ਸੀ, ਜਿਹੜਾ ਹਰਿਮੰਦਰ ਤੇ ਸਰੋਵਰ ਦੇ ਵਿਚਕਾਰ ਇੱਕ ਖੁੱਲੀ ਜਗਾ ਰੱਖਿਆ ਹੋਇਆ ਸੀ ਤੇ ਉਸਨੂੰ ਦੇਖਣ ਵਾਲਿਆਂ ਦੀ ਭੀੜ ਲੱਗੀ ਹੋਈ ਸੀ।

"ਘੋੜੇ ਦੇ ਕੰਨ ਦੇਖੋ, ਹਿਰਨ ਵਾਂਗਰ ਖੜੇ ਨੇ।"

"ਸਿਰ ਉਪਰ ਕਲਗੀ ਵੀ ਹੈ।"

"ਕਲਗੀ ਜੱਸਾ ਸਿੰਘ ਦੇ ਸਿਰ ਉੱਤੇ ਵੀ ਏ।"

"ਉਹਨਾਂ ਦੀਆਂ ਅੱਖਾਂ ਤਾਂ ਦੇਖੋ ਜਿਵੇਂ ਹੁਣੇ ਦੁਸ਼ਮਣ ਉਪਰ ਟੁੱਟ ਪੈਣਗੇ।"

"ਘੋੜੇ ਦੇ ਕੰਨ ਵੀ ਇਸੇ ਕਰਕੇ ਖੜੇ ਨੇ ਜੀ। ਉਹ ਵੀ ਝਪਟਣ ਲਈ ਤਿਆਰ ਹੈ।"

"ਯੁੱਧ ਦਾ ਪੂਰਾ ਨਕਸ਼ਾ ਬੰਨ ਦਿੱਤੈ।"

"ਹਾਂ, ਬਣਾਉਣ ਵਾਲੇ ਦਾ ਕਮਾਲ ਏ ਜੀ। ਇੱਕ-ਇੱਕ ਲਕੀਰ ਬੋਲ ਰਹੀ ਏ।"

ਲੋਕ ਦੇਖ ਰਹੇ ਸਨ ਤੇ ਉਤਸ਼ਾਹ ਨਾਲ਼ ਆਪੋ ਆਪਣੀ ਪ੍ਰਤੀਕਿਰਿਆ ਜ਼ਾਹਰ ਕਰ ਰਹੇ ਸਨ।

"ਮਨਮੋਹਨ ਕੌਣ ਏ, ਜਿਸਨੇ ਇਹ ਚਿੱਤਰ ਬਣਾਇਆ ਏ ?" ਭੂਪ ਸਿੰਘ ਨੇ ਚਿੱਤਰ ਤੋਂ ਨਜ਼ਰਾਂ ਹਟਾਅ ਕੇ ਇੱਧਰ ਉੱਧਰ ਦੇਖਿਆ।

"ਮੈਂ ਹਾਂ ਜੀ।" ਇਕੱਠੇ ਹੋਏ ਲੋਕਾਂ ਵਿੱਚੋਂ ਇੱਕ ਬਾਈ-ਤੇਈ ਸਾਲ ਦਾ ਨੌਜਵਾਨ ਅੱਗੇ ਆਇਆ। ਉਸਦੀਆਂ ਅੱਖਾਂ ਵਿੱਚ ਚਮਕ ਤੇ ਬੁੱਲਾਂ ਉੱਤੇ ਮੁਸਕਾਨ ਸੀ।

"ਇਹ ਚਿੱਤਰ ਬਣਾਉਣ ਵਿੱਚ ਤੈਨੂੰ ਕਿੰਨਾਂ ਸਮਾਂ ਲਗਿਐ ਬਈ ?" ਭੂਪ ਸਿੰਘ ਨੇ ਨੌਜਵਾਨ ਦੇ ਚਿਹਰੇ ਉੱਤੇ ਨਜ਼ਰਾਂ ਗੱਡ ਕੇ ਪੁੱਛਿਆ।

"ਸਮਝ ਲਓ, ਦੋ ਮਹੀਨੇ।" ਨੌਜਵਾਨ ਨੇ ਜ਼ਰਾ ਸੋਚ ਕੇ ਉੱਤਰ ਦਿੱਤਾ।

"ਇਹ ਤਾਂ ਬਣਾਉਣ ਦਾ ਸਮਾਂ ਹੋਇਆ, ਸੋਚ ਤਾਂ ਪਹਿਲਾਂ ਦਾ ਰਿਹਾ ਹੋਏਂਗਾ ?"

ਚਿੱਤਰਕਾਰ ਇਸ ਸਵਾਲ ਦੀ ਆਸ ਨਹੀਂ ਸੀ, ਉਹ ਕੋਈ ਜਵਾਬ ਨਾ ਦੇ ਸਕਿਆ, ਚੁੱਪ ਹੀ ਰਿਹਾ ਤੇ ਹੈਰਾਨੀ ਭਰੀਆਂ ਅੱਖਾਂ ਨਾਲ਼ ਸਵਾਲ ਕਰਨ ਵਾਲੇ ਦੇ ਮੂੰਹ ਵੱਲ ਵਿੰਹਦਾ ਰਿਹਾ।

"ਹਾਂ, ਦੱਸ ਸੋਚਣ ਵਿੱਚ ਕਿੰਨਾਂ ਸਮਾਂ ਲੱਗਿਆ ?" ਭੂਪ ਸਿੰਘ ਨੇ ਫੇਰ ਪੁੱਛਿਆ।

"ਇਸ ਦਾ ਕੋਈ ਅੰਦਾਜ਼ਾ ਨਹੀਂ ਜੀ। ਮਨ ਵਿੱਚ ਇੱਛਾ ਪੈਦਾ ਹੋਈ ਤੇ ਹੌਲੀ-ਹੌਲੀ ਪੱਕੀ ਹੁੰਦੀ ਗਈ।" ਨੌਜਵਾਨ ਨੇ ਸਹਿਜ ਸੁਭਾਅ ਨਾਲ਼ ਉੱਤਰ ਦਿੱਤਾ।

"ਇਹ ਸੋਚ ਪ੍ਰਕਿਰਿਆ ਹੀ ਕਲਾ ਦੀ ਸਾਧਨਾ ਹੈ, ਜਿਹੜੀ ਤੇਰੇ ਚਿੱਤਰ ਵਿੱਚ ਦਿਸ ਰਹੀ ਹੈ। ਇਸ ਵਿੱਚ ਜਿਹੜੇ ਰੰਗ ਵਰਤੇ ਨੇ, ਉਹ ਨਾ ਸਿਰਫ ਦਿਖਾਈ ਦੇ ਰਹੇ ਨੇ, ਬੋਲਦੇ ਵੀ ਨੇ। ਉਹਨਾਂ ਵਿੱਚ ਕੁਝ ਅਜਿਹਾ ਹੈ, ਜਿਹੜਾ ਦਿਲ ਨੂੰ ਛੂਹ ਲੈਂਦਾ ਹੈ।"

ਹੁਣ ਦਰਸ਼ਕਾਂ ਦੀਆਂ ਨਿਗਾਹਾਂ ਚਿੱਤਰ ਦੇ ਬਜਾਏ ਭੂਪ ਸਿੰਘ ਉੱਪਰ ਸਨ। ਨੌਜਵਾਨ ਵੀ ਕੀਲਿਆ ਜਿਹਾ ਉਸ ਵੱਲ ਦੇਖ ਰਿਹਾ ਸੀ। ਆਪਣੇ ਚਿੱਤਰ ਦੀ ਇਹ ਪ੍ਰਸੰਸਾ ਉਸਦੇ ਦਿਲ ਨੂੰ ਛੂਹ ਗਈ।

"ਸਰਦਾਰ ਆਹਲੂਵਾਲੀਆ ਨਾਲ਼ ਮੁਲਾਕਾਤ ਹੋਈ ?"

"ਨਹੀਂ ਜੀ।"

"ਆ ਮੇਰੇ ਨਾਲ਼। ਤੇਰਾ ਇਹ ਚਿੱਤਰ ਉਹਨਾਂ ਨੂੰ ਹੀ ਭੇਂਟ ਕੀਤਾ ਜਾਏਗਾ।"

ਵਤੀਰਾ ਤੇ ਵਿਚਾਰ ਜ਼ਿੰਦਗੀ ਦੀ ਗੱਡੀ ਦੇ ਦੋ ਪਹੀਏ ਹੁੰਦੇ ਨੇ। ਉਹਨਾਂ ਵਿੱਚ ਕੋਈ ਛੋਟਾ ਵੱਡਾ ਨਹੀਂ ਹੁੰਦਾ। ਕ੍ਰਾਂਤੀਕਾਰੀ ਵਰਤਾਰਾ ਜਿੰਨਾਂ ਉੱਚਾ ਉੱਠਦਾ ਹੈ, ਵਿਚਾਰ ਵੀ ਉੱਚੇ ਉੱਠਦੇ ਜਾਂਦੇ ਨੇ। ਸੰਘਰਸ਼ ਵਿੱਚ ਸਥੂਲਤਾ ਝੜਦੀ ਤੇ ਸਥਿਰਤਾ ਪੈਦਾ ਹੁੰਦੀ ਹੈ। ਉਸ ਨਾਲ਼ ਸਾਹਿਤ ਤੇ ਕਲਾ ਦਾ ਵਿਕਾਸ ਹੁੰਦਾ ਹੈ। ਪੰਜਾਬ ਵਿੱਚ ਜਿੱਥੇ ਉਥਲ-ਪੁਥਲ ਸਿਰੇ ਦੀ ਸੀ, ਉੱਥੇ ਸਾਹਿਤ ਤੇ ਕਲਾ ਨੇ ਵੀ ਸਮੇਂ ਦੇ ਸਿਖ਼ਰ ਦੀਆਂ ਟੀਸੀਆਂ ਨੂੰ ਛੂਹਿਆ। ਯੁੱਧ ਵਿੱਚ ਵਿਨਾਸ਼ ਹੀ ਨਹੀਂ, ਨਿਰਮਾਣ ਵੀ ਹੁੰਦਾ ਹੈ। ਬਿਨਾਂ ਸੰਘਰਸ਼ ਦੇ ਜੀਵਨ, ਜੀਵਨ ਨਹੀਂ ਸਰਾਪ ਹੈ।

ਅੰਮ੍ਰਿਤਸਰ ਵਿੱਚ ਖ਼ੂਬ ਚਹਿਲ ਪਹਿਲ ਸੀ। ਆਈਆਂ ਸੰਗਤਾਂ ਨੇ ਦਰਬਾਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਕੀਤੇ। ਲੰਗਰ ਚੱਲ ਰਿਹਾ ਸੀ...ਪੰਗਤ ਵਿੱਚ ਬੈਠ ਦੇ ਸਮਾਨ ਭਾਵ ਨਾਲ਼ ਪ੍ਰਸ਼ਾਦਾ ਛਕਿਆ। ਫੇਰ ਸੰਗਤ ਵਿੱਚ ਬੈਠ ਕੇ ਗੁਰਬਾਣੀ ਸੁਣੀ ਤੇ ਅਧਿਆਤਮਕ ਆਨੰਦ ਮਾਣਿਆਂ। 'ਢਿੱਡ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ' ਵਾਲੀ ਕਹਾਵਤ ਅਨੁਸਾਰ ਲੰਗਰ ਛਕ ਲੈਣ ਪਿੱਛੋਂ ਹੀ ਗੁਰਬਾਣੀ ਦਾ ਆਨੰਦ ਮਾਣਿਆਂ ਜਾ ਸਕਦਾ ਹੈ। ਗੁਰੂ ਅਮਰ ਦਾਸ ਨੇ ਲੰਗਰ, ਸੰਗਤ ਤੇ ਪੰਗਤ ਦੀ ਪ੍ਰਥਾ ਡੂੰਘਾ ਸੋਚ ਕੇ ਹੀ ਚਲਾਈ ਸੀ, ਜਿਹੜੀ ਉਥਲ-ਪੁਥਲ ਦੀ ਪਰਿਸਥਿਤੀ ਦਾ ਵਸਤੂਗਤ ਧਰਮ ਸੀ।

ਇਸ ਪਿੱਛੋਂ ਦੀਵਾਨ ਸਜਿਆ ਤਾਂ ਏਨੀ ਭੀੜ ਸੀ ਕਿ ਤਿੱਲ ਸੁੱਟਣ ਦੀ ਜਗਾ ਨਹੀਂ ਸੀ ਰਹੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਨ ਲਈ ਖੜੇ ਹੋਏ ਤਾਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਦੇ ਜੈਕਾਰਿਆਂ ਨਾਲ਼ ਵਾਤਾਵਰਣ ਗੂੰਜ ਉਠਿਆ। ਜੱਸਾ ਸਿੰਘ ਸੁਰਮਈ ਰੰਗ ਦੀ ਸੈਨਕ ਵਰਦੀ ਵਿੱਚ ਸਨ। ਉਹਨਾਂ ਦਾ ਦਸਤਾਰ ਬੰਨਣ ਦਾ ਢੰਗ ਮੁਗ਼ਲਈ ਸੀ। ਕੁੜਤੇ ਉੱਪਰ ਘੁੰਡੀਦਾਰ ਅੰਗਰੱਖਾ, ਅੰਗਰੱਖੇ ਉਪਰ ਕਮਰਬੰਦ ਤੇ ਗਾਤਰਾ। ਲੰਮਾਂ ਕਛਹਿਰਾ ਤੇ ਤੰਗ ਮੋਹਰੀ ਦਾ ਚੂੜੀਦਾਰ ਪਾਜਾਮਾ। ਕਮਰਬੰਦ ਤੇ ਗਾਤਰੇ ਵਿੱਚ ਤੀਰ, ਤਲਵਾਰ ਤੇ ਹੋਰ ਹਥਿਆਰ ਸਨ।

(ਚਲਦਾ...)

# ਉਤਰ-ਆਧੁਨਿਕ ਚਿੰਤਨ ਦਾ ਨਾਮਵਰ ਹਸਤਾਖਰ

### ਪਰਮਜੀਤ ਸਿੰਘ ਕੱਟੂ

ਡਾ. ਗੁਰਭਗਤ ਸਿੰਘ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਵਿਦਵਾਨ ਸਨ। ਜਿਨਾਂ ਨੇ ਬਿਨਾਂ ਕਿਸੇ ਅਹੁਦੇ-ਉਪਾਧੀਆਂ ਦੇ ਚੱਕਰ ਤੋਂ ਨਿਰੰਤਰ ਚਿੰਤਨ ਦੇ ਖੇਤਰ ਵਿੱਚ ਸਾਧਨਾ ਕੀਤੀ। ਅੰਤਰਅਨੁਸ਼ਾਸਨੀ ਤੇ ਤੁਲਨਾਤਮਕ ਅਧਿਐਨ ਦੇ ਖੇਤਰ ਵਿੱਚ ਉਨਾਂ ਪੰਜਾਬੀ ਤੇ ਅੰਗਰੇਜ਼ੀ ਵਿੱਚ ਬਹੁਤ ਕੰਮ ਕੀਤਾ। ਉਨਾਂ ਨੇ ਵਿਸ਼ਵ ਦੇ ਨਵੇਂ ਗਿਆਨ/ਸਿਧਾਂਤ ਨਾਲ਼ ਪੰਜਾਬੀਆਂ ਨੂੰ ਜੋੜਿਆ। ਪੰਜਾਬੀ ਸੱਭਿਆਚਾਰ ਅਤੇ ਗੁਰੂ ਗ੍ਰੰਥ ਸਾਹਿਬ ਬਾਰੇ ਉਨਾਂ ਨੇ ਕਈ ਮੌਲਿਕ ਧਾਰਨਾਵਾਂ ਪੇਸ਼ ਕੀਤੀਆਂ। ਖ਼ਾਸਕਰ ਉਨਾਂ ਨੇ ਗੁਰਬਾਣੀ ਨੂੰ ਵਿਸ਼ਵ ਚਿੰਤਨ ਨਾਲ਼ ਜੋੜਿਆ। ਸਰਬੱਤ ਦੇ ਭਲੇ ਨੂੰ ਵਿਸ਼ਵ ਦੇ ਭਲੇ ਨਾਲ਼ ਜੋੜਦਿਆਂ ਗਲੋਬ ਲਈ ਮਾਰਗ ਦਰਸ਼ਕ ਦੱਸਿਆ। ਇਸੇ ਲਈ ਉਹ ਪਿਛਲੇ ਕਈ ਸਾਲਾਂ ਤੋਂ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਨ ਵਿੱਚ ਜੁਟੇ ਹੋਏ ਸਨ। ਮੈਨੂੰ ਯਾਦ ਹੈ ਕਿ ਦੋ ਕੁ ਮਹੀਨੇ ਪਹਿਲਾਂ ਮੈਂ ਆਪਣੀ ਪੁਸਤਕ ਦੀ ਭੂਮਿਕਾ ਲਿਖਣ ਲਈ ਉਨਾਂ ਨੂੰ ਮਿਲਿਆ ਤਾਂ ਉਹ ਕਹਿੰਦੇ 'ਅਨੁਵਾਦ ਵਾਲਾ ਕੰਮ ਹਾਲੇ ਚੱਲ ਰਿਹੈ, ਬਸ ਤਿੰਨ ਚਾਰ ਮਹੀਨਿਆਂ ਦਾ ਕੰਮ ਬਾਕੀ ਆ, ਤੂੰ ਇਹ ਕਿਤਾਬ ਛਪਵਾ ਲੈ, ਅਗਲੀ ਦੀ ਭੂਮਿਕਾ ਲਿਖਾਂਗਾਂ।' ਮੈਨੂੰ ਮਾਣ ਸੀ ਕਿ ਉਹ ਮੈਨੂੰ ਇਸ ਕਾਬਲ ਤਾਂ ਸਮਝਦੇ ਸੀ ਕਿ ਮੇਰੀ ਪੁਸਤਕ ਦੀ ਭੂਮਿਕਾ ਲਿਖਣਗੇ। ਉਹ ਨਿਰੰਤਰ ਪੰਜਾਬੀ ਯੂਨੀਵਰਸਿਟੀ ਦੀ ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬ੍ਰੇਰੀ ਵਿੱਚ ਪੜ੍ਹਨ ਆਉਂਦੇ ਵਿਦਿਆਰਥੀਆਂ ਨੂੰ ਸਮਝਾਉਂਦੇ ਵੀ ਰਹਿੰਦੇ। ਜਦੋਂ ਮੈਂ ਉਨਾਂ ਦੀ ਅਕਾਦਮਿਕ ਤੇ ਸਿਰਜਣਾਤਮਕ ਨਿਰੰਤਰਤਾ ਬਾਰੇ ਸੋਚਦਾ ਹਾਂ ਤਾਂ ਮੈਨੂੰ ਸੁਰਜੀਤ ਪਾਤਰ ਦੀਆਂ ਸਤਰਾਂ ਯਾਦ ਆ ਜਾਂਦੀਆਂ ਹਨ ਜਿਨਾਂ ਵਿੱਚ ਉਹ ਪਟਿਆਲੇ ਦਾ ਹਾਲ ਲਿਖਦਿਆਂ ਕਹਿੰਦੇ ਹਨ ਕਿ 'ਪਟਿਆਲੇ ਹੀ ਗੁਰਭਗਤ ਮਿਲਿਆ ਜਿਸ ਨੇ ਸਿਖਾਇਆ ਕਿਵੇਂ ਆਪਣੀ ਸਿਰਜਣਾ ਨੂੰ ਉਮਰ ਸਮਰਪਿਤ ਕਰੀਦੀ ਹੈ।' ਡਾ. ਗੁਰਭਗਤ ਸਿੰਘ ਦਾ ਜਨਮ 21 ਸਤੰਬਰ 1938 ਨੂੰ ਕੋਟਕਪੂਰਾ ਵਿਖੇ ਹੋਇਆ। ਡਾ. ਗੁਰਭਗਤ ਸਿੰਘ ਡਾ. ਸੁਤਿੰਦਰ ਸਿੰਘ ਨੂਰ ਤੇ ਸੁਖਿੰਦਰ ਤਿੰਨ ਭਰਾ। ਸੁਖਿੰਦਰ ਲੰਮੇ ਸਮੇਂ ਤੋਂ ਕੈਨੇਡਾ ਵਸਿਆ ਹੋਇਆ ਹੈ ਤੇ ਡਾ. ਨੂਰ ਵੀ ਪਿਛਲੇ ਸਮੇਂ ਵਿੱਚ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ ਸਨ। ਡਾ. ਨੂਰ ਨੇ ਆਪਣੀ ਸਾਹਿਤਕ ਸਵੈ-ਜੀਵਨੀ (ਜਦੋਂ ਸ਼ਬਦ ਜਾਗਿਆ) ਵਿੱਚ ਲਿਖਿਆ ਹੈ ਕਿ ਉਨਾਂ ਬਚਪਨ ਵਿੱਚ ਸੁਣਿਆ 'ਜਦੋਂ ਮੇਰੇ ਵੱਡੇ ਭਰਾ ਗੁਰਭਗਤ ਸਿੰਘ



ਦਾ ਜਨਮ ਹੋਇਆ ਸੀ ਉਦੋਂ ਮੇਰਾ ਬਾਬਾ ਜੰਗਲਾਂ 'ਚ ਜਾ ਕੇ ਸ਼ੇਰਨੀ ਦਾ ਦੁੱਧ ਲਿਆਇਆ ਸੀ ਤੇ ਗੁਰਭਗਤ ਸਿੰਘ ਨੂੰ ਉਸ ਦੀਆਂ ਬੂੰਦਾਂ ਪਾਣੀ 'ਚ ਪਾ ਕੇ ਪਿਲਾਈਆਂ ਸਨ ਤਾਂ ਕਿ ਉਹ ਲਾਇਕ ਬਣੇ' ਅਤੇ ਸਚਮੁੱਚ ਡਾ. ਗੁਰਭਗਤ ਸਿੰਘ ਆਪਣੇ ਬਾਬੇ ਦਾ ਸਭ ਤੋਂ ਲਾਇਕ ਪੋਤਾ ਬਣਿਆ। ਪਟਿਆਲੇ ਦੇ ਭੂਤਵਾੜੇ ਦਾ ਜਦੋਂ ਵੀ ਜ਼ਿਕਰ ਹੁੰਦਾ ਹੈ ਤਾਂ ਡਾ. ਗੁਰਭਗਤ ਸਿੰਘ ਵੀ ਵੱਡੇ 'ਭੂਤ' ਸਨ। ਡਾ. ਨੂਰ ਭੂਤਵਾੜੇ ਬਾਰੇ ਲਿਖਦੇ ਹਨ 'ਜਦੋਂ 1965 ਵਿੱਚ ਮੈਂ ਐਮ.ਏ. ਅੰਗਰੇਜ਼ੀ ਕਰਨ ਲਈ ਪਟਿਆਲੇ ਪਹੁੰਚਿਆ, ਉਥੇ ਭੂਤਵਾੜਾ ਸਥਾਪਤ ਹੀ ਨਹੀਂ ਸੀ, ਉਸ ਦੀ ਪਛਾਣ ਵੀ ਕਾਇਮ ਹੋ ਚੁੱਕੀ ਸੀ। ਉਸ ਨਾਲ਼ ਗੁਰਭਗਤ ਸਿੰਘ, ਹਰਿੰਦਰ ਸਿੰਘ ਮਹਿਬੂਬ, ਹਰਦਿਲਜੀਤ ਲਾਲੀ, ਨਵਤੇਜ ਭਾਰਤੀ, ਕੁਲਵੰਤ ਗਰੇਵਾਲ ਤੇ ਕਈ ਹੋਰ ਜਣੇ ਸਬੰਧਤ ਸਨ। ਭੂਤਵਾੜਾ ਪ੍ਰੀਤ ਨਗਰ, ਲੋਅਰ ਮਾਲ, ਪ੍ਰੋ. ਪ੍ਰੀਤਮ ਸਿੰਘ ਦੀ ਕੋਠੀ, 'ਅਰਵਿੰਦ' ਦੇ ਸਾਹਮਣੇ ਸਥਿਤ ਸੀ। ਦੋ ਕਮਰਿਆਂ, ਇੱਕ ਰਸੋਈ, ਬਰਾਂਡੇ ਤੇ ਵੱਡੇ ਵਿਹੜੇ ਵਾਲੀ ਕੋਠੀ। ਇੱਥੇ ਰਹਿਣ ਵਾਲੇ ਕਦੋਂ ਸੌਂਦੇ, ਕਦੋਂ ਜਾਗਦੇ ਸਨ, ਆਸੇ ਪਾਸੇ ਕਿਸੇ ਨੂੰ ਪਤਾ ਨਹੀਂ ਸੀ। ਉਹ ਹਮੇਸ਼ਾ ਇਨਾਂ ਨੂੰ ਜਾਗਦੇ ਹੀ ਦੇਖਦੇ, ਰਾਤ ਨੂੰ ਸੰਗੀਤ ਦੀਆਂ ਧੁਨਾਂ ਉੱਚੀਆਂ ਹੁੰਦੀਆਂ, ਗਾਇਕੀ ਸੁਣਦੀ। ਆਏ ਗਏ ਦਾ ਦਿਨ ਰਾਤ ਮੇਲਾ ਲੱਗਿਆ ਰਹਿੰਦਾ। ਕਦੇ ਧਮਾਲ ਪੈਂਦੀ ਤੇ ਕਦੇ ਸਾਰੀ ਰਾਤ ਕਿਤਾਬਾਂ ਵਿਚਾਰਨ ਦਾ, ਸ਼ਾਇਰੀ ਦਾ ਦਰਬਾਰ ਲੱਗਿਆ ਰਹਿੰਦਾ। ਆਂਢੀਆਂ-ਗੁਆਂਢੀਆਂ ਨੇ ਇਸ ਥਾਂ ਦਾ ਨਾਂ 'ਭੂਤਵਾੜਾ' ਰੱਖ ਦਿੱਤਾ ਅਤੇ ਭੂਤਵਾੜੇ ਵਿੱਚ ਰਹਿਣ ਵਾਲਿਆਂ ਨੇ ਇਹ ਨਾਂ ਸਵੀਕਾਰ ਕਰ ਲਿਆ ਤੇ ਉਨਾਂ ਨੂੰ 'ਭੂਤ' ਆਖਿਆ ਜਾਣ ਲੱਗ ਪਿਆ। ਗੁਰਭਗਤ ਸਿੰਘ ਖ਼ਾਲਸਾ ਕਾਲਜ ਪੜ੍ਹਾ ਰਿਹਾ ਸੀ, ਨਵਤੇਜ ਭਾਰਤੀ ਤੇ ਹਰਿੰਦਰ ਮਹਿਬੂਬ ਭਾਸ਼ਾ ਵਿਭਾਗ ਵਿੱਚ ਕੰਮ ਕਰਦੇ ਸਨ ਤੇ ਭੂਤਵਾੜੇ ਦਾ ਸਾਰਾ ਖ਼ਰਚ ਉਨਾਂ ਦੇ ਜ਼ਿੰਮੇ ਸੀ। ਹੋਰ ਜਿੰਨਾ ਕਿਸੇ ਕੋਲ਼ ਹੁੰਦਾ, ਸਾਂਝੇ ਲੰਗਰ ਵਿੱਚ ਪੈ ਜਾਂਦਾ। ਗੱਲ ਖ਼ਰਚ ਜਾਂ ਅਖ਼ਰਚ ਦੀ ਨਹੀਂ ਸੀ, ਪੜ੍ਹਨ-ਪੜ੍ਹਾਉਣ ਤੇ ਗਿਆਨ ਦੇ ਮਾਹੌਲ ਨੂੰ ਵਿਕਸਿਤ ਕਰਨ ਦੀ ਸੀ।' ਇਸ ਤਰਾਂ ਡਾ. ਗੁਰਭਗਤ ਸਿੰਘ ਨੇ ਆਰਥਿਕ ਅਤੇ ਗਿਆਨ ਦੇ ਤੌਰ 'ਤੇ ਭੂਤਵਾੜੇ ਵਿੱਚ ਯੋਗਦਾਨ ਪਾਇਆ। ਡਾ. ਗੁਰਭਗਤ ਸਿੰਘ ਨੇ ਅੰਗਰੇਜ਼ੀ ਵਿੱਚ ਅੰਤਰਅਨੁਸ਼ਾਸਨੀ ਪੀ-ਐਚ.ਡੀ. ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਤੋਂ ਪ੍ਰਾਪਤ ਕੀਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਅੰਗਰੇਜ਼ੀ ਵਿਭਾਗ ਵਿੱਚ ਪ੍ਰੋਫ਼ੈਸਰ ਤੇ ਮੁਖੀ ਵਜੋਂ ਅਤੇ ਡੀਨ ਭਾਸ਼ਾਵਾਂ ਵਜੋਂ ਕਾਰਜਸ਼ੀਲ ਰਹੇ। ਉਨਾਂ ਨੇ ਨਿਊਯਾਰਕ, ਮਿਊਨਿਕ, ਪੈਰਿਸ, ਲੈਸਟਰ, ਟੋਕੀਓ, ਅਲਬਰਟਾ, ਸ਼ਿਕਾਗੋ, ਵਾਸ਼ਿੰਗਟਨ ਆਦਿ ਥਾਵਾਂ 'ਤੇ ਹੋਈਆਂ ਅੰਤਰਰਾਸ਼ਟਰੀ ਪੱਧਰ ਦੀਆਂ ਅਕਾਦਮਿਕ ਕਾਨਫ਼ਰੰਸਾਂ ਵਿੱਚ ਹਿੱਸਾ ਲਿਆ। ਉਨਾਂ ਦੀਆਂ ਪ੍ਰਸਿੱਧ ਅੰਗਰੇਜ਼ੀ ਪੁਸਤਕਾਂ 'ਪੋਇਟਰੀ ਆਫ਼ ਮੈਟਾਕਾਂਸ਼ਿਅਸਨੈੱਸ (1982), ਵੈਸਟਰਨ ਪੋਇਟਿਕਸ ਐਂਡ ਈਸਟਰਨ ਥਾਟ (1983), ਲਿਟਰੇਚਰ ਐਂਡ ਫ਼ੋਕਲੋਰ ਆਫ਼ਟਰ ਪੋਸਟ-ਸਟਰਕਚਰਲਿਜ਼ਮ (1991), ਡਿਫਰੈਂਸ਼ੀਅਲ ਮਲਟੀਲੌਗ (ਸੰਪਾ. 1992), ਟ੍ਰਾਂਸਕਲਚਰ ਪੋਇਟਿਕਸ (1998), ਸਿਖਇਜ਼ਮ ਐਂਡ ਪੋਸਟ ਮਾਡਰਨ ਥਾੱਟ (1999), ਪੂਰਨ ਸਿੰਘ (2004), ਦ ਸਿਖ ਮੈਮਰੀ (2009), ਵਿਸਮਾਦ (ਅਨੁ. 2013) ਆਦਿ ਹਨ। ਪੰਜਾਬੀ ਵਿੱਚ ਉਨਾਂ ਦੀਆਂ ਪ੍ਰਸਿੱਧ ਪੁਸਤਕਾਂ 'ਕੌਮੀ ਅਜ਼ਾਦੀ ਵੱਲ' (1993) 'ਕਾਵਿ-ਸ਼ਾਸਤਰ: ਦੇਹ ਤੇ ਕ੍ਰਾਂਤੀ' (1995), 'ਉਤਰਆਧੁਨਿਕਤਾਵਾਦ' (2000), 'ਵਿਸ਼ਵ ਚਿੰਤਨ ਅਤੇ ਪੰਜਾਬੀ ਸਾਹਿਤ' (2003) ਅਤੇ 'ਵਿਸਮਾਦੀ ਪੂੰਜੀ' (2010) ਹਨ। ਇਸ ਵੇਲੇ ਵੀ ਅਕਾਦਮਿਕ ਖੇਤਰ ਵਿੱਚ ਅੰਤਰਅਨੁਸ਼ਾਸਨੀ ਤੇ ਤੁਲਨਾਤਮਕ ਅਧਿਐਨ ਦੀ ਸਭ ਤੋਂ ਵੱਧ ਮਹੱਤਤਾ ਮੰਨੀ ਜਾ ਰਹੀ ਹੈ ਤੇ ਡਾ. ਗੁਰਭਗਤ ਸਿੰਘ ਇਨਾਂ ਦੋਵਾਂ ਵਿੱਚ ਹੀ ਉਸਤਾਦ ਸਨ। ਉਨਾਂ ਨੇ ਪੰਜਾਬੀ ਤੇ ਅੰਗਰੇਜ਼ੀ ਵਿੱਚ ਬਹੁਤ ਮੁੱਲਵਾਨ ਕੰਮ ਕੀਤਾ ਜਿਸ ਦੀ ਪ੍ਰਸਿੱਧੀ ਅੰਤਰਰਾਸ਼ਟਰੀ ਪੱਧਰ ਦੀ ਹੈ। ਡਾ. ਗੁਰਭਗਤ ਸਿੰਘ ਨੇ ਵਿਆਹ ਨਹੀਂ ਸੀ ਕਰਵਾਇਆ ਅਤੇ ਪੰਜਾਬੀ ਯੂਨੀਵਰਸਿਟੀ ਦੇ ਗੁਆਂਢ ਵਿੱਚ ਰਹਿੰਦੇ ਸਨ। ਉਮਰ ਦਾ ਅੱਠਵਾਂ ਦਹਾਕਾ ਸੀ। ਹਫ਼ਤਾ ਕੁ ਪਹਿਲਾਂ ਘਰੇ ਦੌਰਾ ਪੈ ਕੇ ਡਿੱਗੇ ਪਏ ਮਿਲੇ। ਕਈ ਦਿਨ ਹਸਪਤਾਲ ਦਾਖ਼ਲ ਰਹੇ। ਉਹ ਜਿਨਾਂ ਨੇ ਸਿਰਜਣਾ ਨੂੰ ਸਾਰੀ ਉਮਰ ਸਮਰਪਿਤ ਕਰ ਦਿੱਤੀ ਸੀ, **4 ਅਪ੍ਰੈਲ 2014** ਨੂੰ ਉਹ ਆਪਣੇ ਕਈ ਅਧੂਰੇ ਪ੍ਰਾਜੈਕਟ ਛੱਡ ਕੇ ਸਾਨੂੰ ਆਖ਼ਰੀ ਅਲਵਿਦਾ ਕਹਿ ਗਏ।

## ਹੱਸਦੇ ਚਿਹਰਿਆਂ ਦੇ ਗੁੱਝੇ ਭੇਤ

### ਹਰਪ੍ਰੀਤ ਬਰਾੜ ਸਿੱਧੂ

ਜਦੋਂ ਇਨਾਂ ਦੀ ਬਦਲੀ ਬਠਿੰਡੇ ਦੀ ਹੋਈ ਤਾਂ ਮੈਂ ਭਾਵੇਂ ਜ਼ਿਆਦਾ ਖ਼ੁਸ਼ ਤਾਂ ਨਹੀਂ ਸੀ ਪਰ ਸਰਕਾਰੀ ਹੁਕਮ ਦੇ ਬੱਧਿਆਂ ਨੂੰ ਆਉਣਾ ਤਾਂ ਪੈਣਾ ਹੀ ਸੀ। ਮੈਂ ਵੀ ਆਪਣੀ ਬਦਲੀ ਦੀ ਅਰਜ਼ੀ ਨਾਲ਼ ਹੀ ਦੇ ਦਿੱਤੀ। ਸਮਾਨ ਚੁੱਕ ਕੇ ਲਿਆਉਣ ਤੋਂ ਕੁਝ ਦਿਨ ਪਹਿਲਾਂ ਅਸੀਂ ਕੁੱਝ ਕਾਗਜ਼ੀ ਕਾਰਵਾਈ ਕਰਨ ਲਈ ਛਾਉਣੀ ਗਏ ਤਾਂ ਬਦਲ ਕੇ ਜਾਣ ਵਾਲਾ ਅਫ਼ਸਰ ਸਾਨੂੰ ਸਾਡੀ ਹੋਣ ਵਾਲੀ ਸਰਕਾਰੀ ਕੋਠੀ ਵੀ ਦਿਖਾਉਣ ਲੈ ਗਿਆ। ਉੱਥੇ ਹੀ ਰੇਸ਼ਮਾ ਮੈਨੂੰ ਪਹਿਲੀ ਵਾਰ ਮਿਲੀ ਸੀ। ਉਨਾਂ ਦੀ ਪਤਨੀ ਦੇ ਨਾਲ਼ ਪਰ ਥੋੜ੍ਹਾ ਪਿੱਛੇ ਹੱਟ ਕੇ ਖੜੀ ਹੋਈ ਸੀ। ਪਤਲਾ ਜਿਹਾ ਸਰੀਰ, ਲੰਮਾ ਕੱਦ, ਸਾਂਵਲਾ ਰੰਗ ਪਰ ਸੋਹਣੇ ਨੈਣ-ਨਕਸ਼। ਗੱਲਾਂ ਗੱਲਾਂ ਵਿੱਚ ਉਨਾਂ ਦੱਸਿਆ ਕਿ ਰੇਸ਼ਮਾ ਪਿਛਲੇ ਸੱਤ-ਅੱਠ ਮਹੀਨਿਆਂ ਤੋਂ ਇੱਥੇ ਕੰਮ ਕਰ ਰਹੀ ਹੈ ਅਤੇ ਸਾਰਾ ਘਰ ਉਸਨੇ ਹੀ ਸੰਭਾਲ ਰੱਖਿਆ ਹੈ। ਉਨਾਂ ਨੇ ਨਾਲ਼ ਹੀ ਹੱਸਦੇ ਹੋਏ ਕਿਹਾ ਕਿ ਇਸ ਘਰ ਦੇ ਨਾਲ਼-ਨਾਲ਼ ਰੇਸ਼ਮਾ ਵੀ ਤੁਹਾਡੀ ਅਤੇ ਮੈਂ ਵੀ ਝੱਟ ਹਾਂ ਕਰ ਦਿੱਤੀ।




ਪੰਦਰਾਂ ਕੁ ਦਿਨਾਂ ਬਾਅਦ ਜਦੋਂ ਅਸੀਂ ਸਮਾਨ ਸਮੇਤ ਪਹੁੰਚੇ ਤਾਂ ਉਹ ਪਹਿਲਾਂ ਹੀ ਦਰਵਾਜ਼ੇ ਉੱਤੇ ਖੜੀ ਮਿਲੀ। ਸੱਚਮੁੱਚ ਉਸਦੇ ਸਿਰ ਉੱਤੇ ਮੈਨੂੰ ਘਰ ਦੀ ਕੋਈ ਚਿੰਤਾ ਨਹੀਂ ਹੁੰਦੀ ਸੀ। ਦੀਵਾਲੀ ਦੇ ਨੇੜੇ ਜਿਹੇ ਜਦੋਂ ਮੈਂ ਉਸਨੂੰ ਦੱਸਿਆ ਕਿ ਕੱਲ ਕੋਈ ਮਹਿਮਾਨ ਆਉਣੇ ਹਨ ਅਤੇ ਉਹ ਥੋੜ੍ਹਾ ਛੇਤੀ ਆ ਜਾਵੇ। ਉਹ ਅਗਲੀ ਸਵੇਰ ਸੁਵੱਖਤੇ ਹੀ ਆ ਗਈ। ਹਲਕੇ ਹਰੇ ਰੰਗ ਦੀ ਸਾੜ੍ਹੀ ਜਿਸ ਉੱਤੇ ਲਾਲ ਅਤੇ ਸੁਨਹਿਰਾ ਬਾਰਡਰ ਲੱਗਾ ਹੋਇਆ ਸੀ, ਪਾ ਕੇ ਜਦੋਂ ਉਹ ਅੰਦਰ ਵੜੀ ਤਾਂ ਮੇਰਾ ਚਾਹ ਪੀਂਦੀਂ ਦਾ ਸਾਰਾ ਧਿਆਨ ਉਸ ਉੱਤੇ ਹੀ ਕੇਂਦਰਿਤ ਹੋ ਗਿਆ। 'ਤੇਰੀ ਸਾੜ੍ਹੀ ਬਹੁਤ ਸੋਹਣੀ ਆ', ਮੇਰੇ ਮੂੰਹ ਵਿੱਚੋਂ ਜਿਵੇਂ ਆਪਣੇ ਆਪ ਹੀ ਨਿਕਲ ਗਿਆ। 'ਮੇਰੇ ਵਿਆਹ ਦੀ ਸਾੜ੍ਹੀ ਹੈ', ਉਸਨੇ ਚਿਹਰੇ ਉੱਤੇ ਬਿਨਾਂ ਕੋਈ ਭਾਵ ਲਿਆਉਂਦੇ ਹੋਏ ਕਿਹਾ।

ਮੇਰੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ। ਮੈਂ ਤਾਂ ਅੱਜ ਤੱਕ ਉਸਨੂੰ ਕੁਵਾਰੀ ਹੀ ਸਮਝਦੀ ਰਹੀ। ਨਾ ਉਸਦੇ ਹੱਥਾਂ ਵਿੱਚ ਕਦੇ ਕੋਈ ਵੰਗ, ਨਾ ਕੋਈ ਗਹਿਣਾ ਅਤੇ ਨਾ ਹੀ ਮੰਗਲਸੂਤਰ। ਮੈਨੂੰ ਪਤਾ ਸੀ ਕਿ ਉਸਦੇ ਸੱਭਿਆਚਾਰ ਵਿੱਚ ਵਿਆਹੁਤਾ ਲਈ ਮੰਗਲਸੂਤਰ ਸਰੀਰ ਦੇ ਕਿਸੇ ਅੰਗ ਵਰਗਾ ਹੀ ਹੁੰਦਾ। ਮੇਰੇ ਮੂੰਹ ਦੇ ਹਾਵ-ਭਾਵ ਅਤੇ ਮੈਨੂੰ ਚੁੱਪ ਦੇਖ ਕੇ ਉਹ ਮੇਰੇ ਕੋਲ਼ ਆ ਕੇ ਬੈਠ ਗਈ ਅਤੇ ਬੋਲੀ ਕਿ 'ਤੁਹਾਨੂੰ ਕਿਵੇਂ ਨਹੀਂ ਪਤਾ? ਸਾਰੀ ਕਲੋਨੀ ਦੀਆਂ ਔਰਤਾਂ ਤਾਂ ਮੈਨੂੰ ਛੁੱਟੜ ਆਖਦੀਆਂ ਹਨ। ਮੈਂ ਤਲਾਕਸ਼ੁਦਾ ਹਾਂ'। ਇੰਨਾ ਸੁਣਦੇ ਹੀ ਮੇਰੇ ਮਨ ਵਿੱਚ ਉਸ ਪ੍ਰਤੀ ਹਮਦਰਦੀ ਦੇ ਭਾਵ ਆ ਗਏ।

ਉਹ ਦੱਸਣ ਲੱਗੀ ਕਿ ਉਸਦਾ ਵਿਆਹ ਉੱਥੋਂ ਦੀਆਂ ਆਮ ਕੁੜੀਆਂ ਵਾਂਗ ਸਤਾਰਾਂ ਕੁ ਸਾਲ ਦੀ ਉਮਰ ਵਿੱਚ ਕਰ ਦਿੱਤਾ ਸੀ। ਮੇਰੇ ਮਨ ਵਿੱਚ ਪੜ੍ਹਨ ਦੀ ਬਹੁਤ ਇੱਛਾ ਸੀ, ਪਰ ਸਹੁਰੇ ਘਰ ਪੜ੍ਹਨਾ ਤਾਂ ਦੂਰ ਮੈਨੂੰ ਰੋਟੀ ਵੀ ਚੱਜ ਨਾਲ਼ ਨਸੀਬ ਨਾ ਹੁੰਦੀ। ਨਿੱਤ ਦੀ ਮਾਰਕੁੱਟ, ਸੱਸ ਦੇ ਤਾਹਨੇ ਤਾਂ ਜਿਵੇਂ ਆਮ ਹੀ ਸਨ। ਪਰ ਹੁਣ ਮੇਰਾ ਘਰਵਾਲਾ ਕੁੱਟਮਾਰ ਤੋਂ ਅੱਗੇ ਵੱਧ ਮੇਰੇ ਨਾਲ਼ ਜਾਨਵਰ ਵਾਲਾ ਵਿਹਾਰ ਕਰਨ ਲੱਗ ਪਿਆ ਸੀ। ਮਾਂ-ਬਾਪ ਨੂੰ ਦੱਸਿਆ ਤਾਂ ਉਨਾਂ ਸਾਫ਼-ਸਾਫ਼ ਕਹਿ ਦਿੱਤਾ ਕਿ ਹੁਣ ਇਹੀ ਮੇਰਾ ਘਰ ਅਤੇ ਇਹੀ ਕਿਸਮਤ ਹੈ। ਪਰ ਮੈਨੂੰ ਇਹ ਕਿਸਮਤ ਮਨਜ਼ੂਰ ਨਹੀਂ ਸੀ। ਕੁਝ ਮਹੀਨਿਆਂ ਦੀ ਤਿਆਰੀ ਪਿੱਛੋਂ ਇੱਕ ਦਿਨ ਮੈਂ ਉੱਥੋਂ ਭੱਜ ਕੇ ਪੰਜਾਬ ਇੱਥੇ ਆਪਣੇ ਮਾਮੇ ਕੋਲ਼ ਆ ਗਈ। ਮੇਰਾ ਮਾਮਾ ਇੱਥੇ ਹੀ ਪਹਿਰੇਦਾਰ ਹੈ। ਮਾਮੇ ਅਤੇ ਮਾਮੀ ਨੇ ਮੇਰੀ ਸਹਾਇਤਾ ਕੀਤੀ। ਮੇਰੇ ਪੇਕੇ ਸਹੁਰੇ ਮੈਨੂੰ ਲੱਭਦੇ ਇੱਥੇ ਵੀ ਆ ਪਹੁੰਚੇ ਸਨ ਪਰ ਮੈਂ ਨਾਲ਼ ਨਾ ਜਾਣ ਲਈ ਬਜ਼ਿਦ ਰਹੀ ਅਤੇ ਤਲਾਕ ਦੇ ਕਾਗਜ਼ ਮੈਂ ਭੇਜ ਦਿੱਤੇ ਸਨ। ਇਸ ਸਾਲ ਮੈਂ ਬਾਰਵੀਂ ਦੇ ਪੇਪਰ ਦੇਣੇ ਹਨ। ਮਾਮਾ ਮਾਮੀ ਦਾ ਆਪਣਾ ਪਰਿਵਾਰ ਹੈ ਅਤੇ ਮੈਂ ਉਨਾਂ ਉੱਤੇ ਬੋਝ ਨਹੀਂ ਬਣਨਾ ਚਾਹੁੰਦੀ ਸੀ।

ਇੰਨਾ ਕਹਿ ਉਹ ਫੇਰ ਹੱਸੂੰ-ਹੱਸੂੰ ਕਰਦੇ ਚਿਹਰੇ ਨਾਲ਼ ਬੜੀ ਫੁਰਤੀ ਨਾਲ਼ ਚਾਹ ਵਾਲਾ ਖ਼ਾਲੀ ਹੋਇਆ ਕੱਪ ਧੋਣ ਲਈ ਲੈ ਗਈ। ਅੱਜ ਤੱਕ ਮੈਨੂੰ ਪੜ੍ਹੀਆਂ ਲਿਖੀਆਂ, ਚੰਗੀ ਸੁਸਾਇਟੀ ਵਿੱਚ, ਸੋਹਣੇ ਕੱਪੜੇ ਪਾ ਕੇ ਚੰਗੀਆਂ ਨੌਕਰੀਆਂ ਕਰਦੀਆਂ ਔਰਤਾਂ ਹੀ ਸਵੈਅਭਿਮਾਨੀ ਅਤੇ ਆਤਮਨਿਰਭਰ ਲੱਗਦੀਆਂ ਸਨ। ਪਰ ਰੇਸ਼ਮਾ ਦੀ ਕਹਾਣੀ ਨੇ ਮੇਰੇ ਦਿਮਾਗ ਵਿਚਲੀ ਅੱਜ ਦੀ ਆਤਮਨਿਰਭਰ ਔਰਤ ਦੀ ਤਸਵੀਰ ਬਿਲਕੁਲ ਹੀ ਬਦਲ ਦਿੱਤੀ ਸੀ। ਰੇਸ਼ਮਾ ਦੇ ਪ੍ਰਤੀ ਮੇਰੇ ਮਨ ਵਿੱਚ ਇੱਜ਼ਤ ਬਹੁਤ ਵਧ ਗਈ।

## 'ਮਾਂਵਾਂ ਠੰਡੀਆਂ ਛਾਂਵਾਂ'




ਮਾਂ ਕਹਿ ਦੇਣਾ ਹੀ ਧੰਨ ਭਾਗ ਹੈ। ਮਾਂ ਦੀ ਸਿਫ਼ਤ ਕਰਨ ਲਈ ਦੁਨੀਆਂ ਦੇ ਕਿਸੇ ਵੀ ਫ਼ਿਲਾਸਫ਼ਰ ਕੋਲ਼ ਹਰਫ਼ ਨਹੀਂ ਹਨ। ਮਾਂ ਹਰੇਕ ਦੀ ਜ਼ਬਾਨ 'ਚੋਂ, ਨਿਕਲਿਆ ਪਹਿਲਾ ਅਲਫ਼ਾਜ਼ ਹੈ, ਬਾਕੀ ਮੁਹਾਰਨੀ ਬਾਅਦ ਦੀਆਂ ਗੱਲਾਂ। ਮਾਂ ਨੂੰ ਵਿਦਵਾਨ ਲੋਕ ਰੱਬ ਦਾ ਰੂਪ ਤਾਂ ਕਹਿੰਦੇ ਹਨ ਕਿ ਮਾਂ ਸਾਡੀਆਂ ਸਾਰੀਆਂ ਗ਼ਲਤੀਆਂ ਮੁਆਫ਼ ਕਰਨ ਦੀ ਤਾਕਤ ਰੱਖਦੀ। ਉਹ ਰੱਬ ਵਾਂਗ ਸਾਡਾ ਹਰ ਗੁਨਾਹ ਅੱਖੋਂ ਪਰੋਖਾ ਕਰਕੇ ਮੁਹੱਬਤ ਵਿੱਚ, ਕਾਣ ਨਹੀਂ ਆਉਣ ਦਿੰਦੀ।

ਮੈਂ ਇਹ ਦਾਅਵਾ ਨਹੀਂ ਕਰਦਾ ਕਿ ਮੈਂ ਸਦਾ ਸੱਚ ਬੋਲਦਾ ਹਾਂ। ਪਰ ਇਹ ਸੱਚ ਹੈ ਕਿ ਮੈਂ ਆਪਣੀ ਮਾਂ ਕੋਲ਼ ਕਦੇ-ਕਦੇ ਝੂਠ ਬੋਲਦਾਂ ਹਾਂ, ਮਾਂ ਨੂੰ ਖ਼ੁਸ਼ ਰੱਖਣ ਲਈ। ਇਸ ਵਾਰ ਮਾਤਾ ਭੈਣ ਤੇ ਭਈਏ ਨਾਲ਼ ਕੋਰੋਨਾ ਰਿਸਕ ਤੇ ਤੀਸਰਾ ਟੀਕਾ ਨਾ ਲੱਗਣ ਕਾਰਨ ਹਰ ਸਾਲ ਵਾਂਗ ਹਿੰਦੋਸਤਾਨ ਨਹੀਂ ਗਏ। ਵਰਨਾ ਜਦੋਂ 'ਦੇਸ਼ ਪੰਜਾਬ' ਜਾਣਾ ਹੁੰਦਾ ਤਾਂ ਮਾਤਾ ਦੀ ਕੋਸ਼ਿਸ਼ ਹੁੰਦੀ ਕਿ ਹਰ ਸਾਂਝ ਵਾਲੇ ਲਈ ਕੋਈ ਨਿੱਕੀ ਮੋਟੀ ਚੀਜ਼ ਜਿਸਨੂੰ ਗਰੇਜੀ 'ਚ ਗਿਫ਼ਟ ਕਹਿੰਦੇ ਲੈ ਕੇ ਜਾਵੇ। ਮਾਤਾ ਦੀ ਲਿਸਟ ਵੀ ਲੰਮੀ ਚੌੜੀ ਹੁੰਦੀ ਪਰ ਉਹ ਮੇਰਾ ਜ਼ਿਆਦਾ ਖ਼ਰਚ ਵੀ ਨਹੀਂ ਕਰਾਉਣਾ ਚਾਹੁੰਦੇ ਤੇ ਮੈਂ ਵੀ ਪੰਜਾਹ ਵਾਲੀ ਚੀਜ਼ ਲਿਆ ਕੇ ਵੀਹਾਂ ਦੀ ਦੱਸਦਾਂ, ਭਾਵ ਰੱਬ ਕੋਲ਼ ਝੂਠ ਬੋਲਣਾ। ਏਦਾਂ ਦੇ ਨਿੱਕੇ ਮੋਟੇ ਝੂਠ ਬੋਲ ਕੇ ਮੈਂ ਮਾਤਾ ਸ਼੍ਰੀ ਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ ਕਰਦਾ ਹਾਂ। ਕਦੇ-ਕਦੇ ਝੂਠ ਫੜਿਆ ਵੀ ਜਾਂਦਾ।

ਖ਼ੈਰ, ਚੰਗਾ ਲੱਗਦਾ ਮਾਤਾ ਨਾਲ਼ ਨਿੱਘੀ-ਨਿੱਘੀ ਧੁੱਪ ਵਿੱਚ ਸੈਰ ਕਰਨਾ। ਧੁੱਪੇ ਬਹਿ ਕੇ ਪੁਰਾਣੀਆਂ ਗੱਲਾਂ ਕਰਨੀਆਂ ਸੁਣਨੀਆਂ। ਮਾਤਾ ਸ਼੍ਰੀ ਦੀ ਉਮਰ ਲਗਭਗ 80 ਵਰੇ ਹੈ ਤੇ ਅੱਜ ਮੈਨੂੰ ਤੇ ਆਪਣੇ ਪੋਤੇ ਬਬਲੂ ਨੂੰ ਸੰਤਾਲੀ ਵੇਲੇ ਦੀ ਗੱਲ ਸੁਣਾ ਰਹੇ ਸਨ ਕਿ ਕਿਸ ਤਰਾਂ ਸੰਤਾਲੀ ਵੇਲੇ ਸਾਡਾ ਨਾਨਾ ਜੀ ਸ਼ਾਸਤਰਾਂ ਸਮੇਤ ਪਿੰਡ ਦੇ ਮੁਸਲਮਾਨ ਭਰਾਵਾਂ ਨੂੰ ਬਾਡਰ ਟਪਾਉਣ ਗਿਆ ਫੜਿਆ ਗਿਆ। ਛੇ ਮਹੀਨੇ ਗੁਜ਼ਰ ਗਏ। ਸਭ ਰਿਸ਼ਤੇਦਾਰਾਂ ਸਮਝਿਆ ਕਿ ਹੁਣ ਨਹੀਂ ਹੋਣਾ, ਫਿਰ ਕਿਸੇ ਜੇਲ 'ਚੋਂ, ਕੋਈ ਸਿੰਘ ਰਿਹਾਅ ਹੋ ਕੇ ਆਇਆ ਤੇ ਦਸਿਆ ਕਿ ਫਲਾਣੀ ਜੇਲ ਵਿੱਚ ਹੈ ਤੇ ਉਨਾਂ ਨੂੰ ਕਛਹਿਰੇ ਸਿਵਾ ਕੇ ਭੇਜੋ ਤੇ ਕੁਝ ਹੋਰ ਨਿੱਕ-ਸੁੱਕ ਵੀ ਤੇ ਨਾਨਾ ਸ੍ਰੀ ਭਲਾ ਕਰਦਾ-ਕਰਦਾ ਦੋ ਸਾਲ ਜੇਲ ਯਾਤਰਾ ਕਰਕੇ ਆਇਆ। ਬੀਬੀ ਨੇ ਦੱਸਿਆ ਕਿ ਮਹਾਂਪੁਰਸ਼ ਸੰਤ ਗਿਆਨੀ ਗੁਰਬਚਨ ਸਿੰਘ ਹੋਰਾਂ ਨਾਲ਼ ਸਾਡੇ ਨਾਨੇ ਦਾ ਬੜਾ ਪ੍ਰੇਮ ਸੀ। ਹਰ ਸਾਲ ਨੰਗਲੀ ਗੁਰਬਾਣੀ ਕਥਾ ਦਾ ਪ੍ਰੋਗਰਾਮ ਹੁੰਦਾ ਸੀ, ਆਖ਼ਰੀ ਵਾਰ ਜਦੋਂ ਮਹਾਂਪੁਰਖ ਕਥਾ ਕਰਕੇ ਅਗਲੇ ਪੜਾਅ ਨੰਗਲੀ ਤੋਂ ਮਹਿਤਾ ਗਏ ਤਾਂ ਉੱਥੇ ਚੋਲਾ ਤਿਆਗ ਦਿੱਤਾ ਜਿੱਥੇ ਅੱਜ ਕੱਲ 'ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਜੱਥਾ ਭਿੰਡਰਾਂ ਮਹਿਤਾ' ਸੁਸ਼ੋਭਿਤ ਹੈ। ਗੱਲਾਂ ਤਾਂ ਬਹੁਤ ਹਨ ਤੇ ਮਾਂ ਦੀ ਬੋਲੀ ਪੰਜਾਬੀ ਲਿਖਣ ਲਈ ਕੋਈ ਵਿਸ਼ਾ ਵੀ ਚਾਹੀਦਾ ਹੁੰਦਾ, ਸੋ 'ਮਾਂ' ਤੇ ਵਧੀਆ ਵਿਸ਼ਾ ਹੋ ਵੀ ਕੀ ਸਕਦਾ। ਹੋਰ ਵੀ ਚੰਗਾ ਲੱਗਦਾ ਜਦੋਂ ਮਾਂ ਆਪਣੀ ਨਿੱਤ ਦੀ ਅਰਦਾਸ ਵਿੱਚ 'ਬੰਦੀ ਸਿੰਘਾਂ ਦੀ ਰਿਹਾਈ' ਤੇ ਕੌਮੀ ਘਰ ਖ਼ਾਲਸਾ ਰਾਜ ਲਈ ਗੁਰੂ ਅੱਗੇ ਡੰਡੌਤ ਬੇਨਤੀ ਕਰਦੀ। ਮੇਰਾ ਯਕੀਨ ਹੈ ਕਿ ਮੇਰੀ ਮਾਂ ਦੀ ਅਰਦਾਸ ਸਤਿਗੁਰੂ ਦੋ ਜਹਾਨ ਦੇ ਵਾਲ਼ੀ ਜ਼ਰੂਰ ਸੁਣਨਗੇ ਤੇ ਖ਼ਾਲਸਾ ਰਾਜ ਦੇ ਝੰਡੇ ਅਵਸ਼ ਝੂਲਣਗੇ, ਸਰਬੱਤ ਦਾ ਭਲਾ।

**ਬਿੱਟੂ ਅਰਪਿੰਦਰ ਸਿੰਘ**




# ਪਾਠਕਾਂ ਦਾ ਨਜ਼ਰੀਆ

## ਵੋਟਾਂ ਵੀ ਬਣ ਗਈਆਂ ਫ਼ੈਸ਼ਨ

ਵੋਟਾਂ ਦੇ ਦੌਰਾਨ ਹਰੇਕ ਪਾਰਟੀ ਵੱਲੋਂ ਆਪਣੇ 'ਤੇ ਉਮੀਦਵਾਰਾਂ ਵੱਲੋਂ ਕੀਤੇ ਗਏ ਆਪਣੇ ਹਲਕੇ ਵਿਚ ਸਮਾਜ ਭਲਾਈ ਦੇ ਜਾਂ ਹੋਰ ਵਿਕਾਸ ਕਾਰਜਾਂ ਨੂੰ ਗਿਣਾਇਆ ਜਾਂਦਾ ਹੈ ਜੋ ਕਿ ਅਧੂਰੇ ਲਟਕਦੇ ਆਮ ਦੇਖੇ ਜਾ ਸਕਦੇ ਹਨ ਜਿਹੜੇ ਪੂਰੇ ਵੀ ਹਨ। ਉਹ ਵੀ ਉਦਘਾਟਨ ਦੇ ਤੁਰੰਤ ਬਾਅਦ ਹੀ ਬਣਾਉਣ ਵਾਲਿਆਂ ਦੀ ਮਾੜੀ ਕਾਰਗੁਜ਼ਾਰੀ ਤੇ ਫ਼ਿਦਾ ਹੋ ਕੇ ਜਿਵੇਂ ਲਗਦੈ ਕਿ ਉਦਘਾਟਨ ਕਰਨ ਵਾਲਿਆਂ ਨੂੰ ਵਿਰਾਗ ਕੇ ਢਹਿ ਢੇਰੀ ਹੋਣ ਲੱਗ ਜਾਂਦੇ ਹਨ। ਜਿਸ ਨੂੰ ਅੱਖੀਂ ਡਿੱਠਾ ਤੱਕ ਕਿ ਵੀ ਅਣਭੋਲ ਜਨਤਾ ਉਨਾਂ ਦੀਆਂ ਗੱਲਾਂ ਵਿਚ ਆ ਕੇ ਆਪਣੇ ਤੇ ਇਲਾਕੇ ਦੇ ਹੋਰ ਵਿਕਾਸਾਂ ਬਾਰੇ ਚਰਚਾ ਕਰਨ ਲੱਗ ਪੈਂਦੀ ਹੈ ਤੇ ਆਸ ਲਗਾ ਬੈਠਦੀ ਹੈ ਕਿ ਸ਼ਾਇਦ ਹੁਣ ਸਹੀ ਉਮੀਦਵਾਰ ਚੁਣਿਆ ਹੈ ਹੁਣ ਵਾਲੀ ਫਲਾਣੀ ਪਾਰਟੀ ਨੇ।

ਪਿਛਲੇ ਕੁਝ ਵਰਿਆਂ ਤੋਂ ਲੈ ਕੇ ਲਗਾਤਾਰ ਵੋਟਾਂ ਦਾ ਹੀ ਦੌਰ ਚੱਲ ਰਿਹਾ ਹੈ, ਜਿਵੇਂ ਕਦੇ ਬਲਾਕ ਸੰਮਤੀ, ਕਦੇ ਸਰਪੰਚੀ ਪੰਚੀ, ਕਦੇ ਜ਼ਿਲਾ ਪ੍ਰੀਸ਼ਦ, ਕਦੇ ਐਮ ਪੀ, ਕਦੇ ਯੂਨੀਅਨ ਦੀ ਤੇ ਕਦੇ ਜ਼ਿਮਨੀ ਚੋਣਾਂ। ਹੁਣ ਤਾਂ ਜਿਵੇਂ ਭਾਰਤ ਵਿਚ ਵੋਟਾਂ ਪਾਉਣਾ ਵੀ ਇੱਕ ਫ਼ੈਸ਼ਨ ਹੋ ਗਿਆ ਹੈ, ਕਾਰਨ ਹਰੇਕ ਮਾੜੇ ਕੰਮ ਦੀ ਖੁੱਲ ਹੋ ਜਾਂਦੀ ਹੈ ਚਾਹੇ ਲੱਗੀ ਹੋਈ ਪਾਬੰਦੀ ਵਾਲਾ ਨਸ਼ਾ ਹੀ ਕਿਉਂ ਨਾ ਹੋਵੇ ਜਾਂ ਫਿਰ ਕੋਈ ਗੁਨਾਹ ਨੂੰ ਬਖਸ਼ਾਉਣਾ ਹੋਵੇ।

ਨਿੱਕੇ ਨਿੱਕੇ ਬੱਚੇ ਵੀ ਕਿਸੇ ਗੁਰੂ ਪੀਰ ਜਾਂ ਅਧਿਆਪਕ ਦਾ ਨਾਮ ਨਾ ਜਾਣਦੇ ਹੋਣ ਪਰ ਆਪਣੇ ਹਲਕੇ ਦੇ ਲੀਡਰ ਬਾਰੇ ਜ਼ਰੂਰ ਜਾਣਦੇ ਹੋਣਗੇ ਕਿਉਂਕਿ ਉਨਾਂ ਦੀਆਂ ਸਕੂਲੀ ਜਾਂ ਘਰੇਲੂ ਖੇਡਾਂ ਵੀ 'ਲੀਡਰੀ ਲੀਡਰੀ' ਵਾਲੀਆਂ ਚੱਲ ਪਈਆਂ ਹਨ। ਕਦੇ ਭੋਲੂ ਐਮ ਪੀ ਬਣ ਜਾਂਦਾ ਤੇ ਕਦੇ ਭੋਲੀ ਐਮ ਐਲ਼ ਏ ਤੇ ਭਾਸ਼ਣ ਵਿਚ ਬੱਚਿਆਂ ਦੇ ਨੰਬਰ ਪੂਰੇ ਵਿਚੋਂ ਪੂਰੇ। ਹੁਣ ਤਾਂ ਅਸਲੀਅਤ ਵੋਟਾਂ ਵਿਚ ਵੀ ਚਾਹੇ ਵੋਟਾਂ ਤੋਂ ਬਾਅਦ ਵੀ ਉਮੀਦਵਾਰ ਵੀ ਜਦ ਚਾਹੇ ਜਿੱਤ ਜਾਵੇ ਤੇ ਚਾਹੇ ਜਿੱਤ ਕੇ ਫਿਰ ਆਪਣੀ ਹੀ ਪਾਰਟੀ ਨੂੰ ਮਾੜਾ ਕਹਿ ਕੇ ਅਸਤੀਫ਼ਾ ਦੇ ਜਾਵੇ। ਸਮਝ ਨਹੀਂ ਆਉਂਦੀ ਕਿ ਆਖ਼ਿਰ ਅਸਤੀਫ਼ਾ ਦੇਣ ਵਾਲੇ ਉਮੀਦਵਾਰ ਨੂੰ ਕਮੀ ਪਾਰਟੀ ਵਿਚ ਨਜ਼ਰ ਆਈ ਜਾਂ ਜਨਤਾ ਵਿਚ? ਕਿਉਂਕਿ ਸ਼ਾਇਦ ਉਸ ਨੇਤਾ ਨੂੰ ਇਲਾਕੇ ਵਿਚ ਵਿਕਾਸ ਕਾਰਜ ਕਰਨ ਵਾਲੇ ਵੱਧ ਦਿੱਖੇ ਤੇ ਗਰਾਂਟਾਂ ਛੋਟੀਆਂ, ਬਚੇ ਵੀ ਤਾਂ ਕੀ ਬਚੇ। ਇਸ ਨਾਲੋਂ ਤਾਂ ਚੰਗਾ ਅਸਤੀਫ਼ਾ। ਜਨਤਾ ਦਾ ਕੀ ਏ ਫੇਰ ਸਹੀ।

ਸ਼ਾਇਦ ਮੇਰੇ ਸਵਾਲ ਦਾ ਜੁਆਬ ਹੋਵੇਗਾ ਕਿ ਜਨਤਾ ਵਿਚ ਕਮੀ ਹੈ, ਕਿਉਂਕਿ ਇਨਾਂ ਲੀਡਰਾਂ ਨੇ ਤਾਂ ਫਿਰ ਇੱਕੋ ਥਾਲ਼ੀ ਦੇ ਚੱਟੇ ਵੱਟੇ ਹੋ ਜਾਣਾ ਹੁੰਦਾ ਹੈ। ਬੇਚਾਰੀ ਜਨਤਾ ਪਿਸ ਗਈ ਵੋਟਾਂ ਦੀ ਚੱਕੀ ਵਿਚ ਫਿਰ। ਪਾਰਟੀਆਂ ਵੀ ਹੁਣ ਏਨੀਆਂ ਹੋ ਗਈਆਂ ਹਨ ਕਿ ਇਨਾਂ ਦੇ ਨਾਮ ਵਾਲਾ ਕੈਦਾ ਵੀ ਸ਼ਾਇਦ ਉਹ ਦਿਨ ਦੂਰ ਨਹੀਂ ਜਦੋਂ ਹਰੇਕ ਬੁੱਕ ਸਟਾਲਾਂ ਤੇ ਬੱਸਾਂ ਰੇਲਾਂ ਵਿਚ ਆਮ ਮਿਲਿਆ ਤੇ ਵਿਕਿਆ ਕਰੇਗਾ। ਇੱਕ ਗੱਲ ਹੋਰ ਪੜੇ ਲਿਖੇ ਨੂੰ ਵੀ ਵੋਟ ਪਾਉਣ ਵੇਲੇ ਉਮੀਦਵਾਰਾਂ ਦੀ ਲਿਸਟ ਵਿਚੋਂ ਆਪਣੇ ਚੋਣਵੇਂ ਉਮੀਦਵਾਰ ਦੇ ਚੋਣ ਨਿਸ਼ਾਨ ਨੂੰ ਲੱਭਣ ਵਿਚ ਦਿੱਕਤ ਆਉਂਦੀ ਹੈ ਤਾਂ ਅਨਪੜ ਦਾ ਦੱਸੋ ਭਲਾ ਕੀ ਬਣਦਾ ਹੋਵੇਗਾ ਮੇਰੇ ਖ਼ਿਆਲ ਵਿਚ ਜਾਂ ਤਾਂ ਉਹ ਅੱਖਾਂ ਮੀਚ ਕੇ ਬਟਨ ਦਬਾ ਕੇ ਆਉਂਦਾ ਹੋਵੇਗਾ ਜਾਂ ਫਿਰ ਆਪਣੇ ਪਸੰਦੀਦਾ ਨਿਸ਼ਾਨ ਤੇ ਜਿਵੇਂ ਬੈਲਟ, ਕਾਪੀ, ਪੈੱਨ, ਪੈਨਸਿਲ, ਬੇਲਣਾ, ਗੱਡੀ, ਮੋਟਰ, ਸਾਈਕਲ, ਤੱਕੜੀ, ਪੰਜਾ, ਥੋੜਾ, ਚੰਨ, ਚਾਬੀ, ਗਲਾਸ, ਪਲਾਸ, ਕੈਂਚੀ ਆਦਿ ਕੋਈ ਵੀ ਇਹੋ ਜਿਹੀ ਵਸਤੂ ਨਹੀ ਹੋਣੀ ਜਿਸ ਤੇ ਕੋਈ ਚੋਣ ਨਾ ਲੜਿਆ ਹੋਵੇ ਭਲਾ ਉਹ ਜਾਨਵਰਾਂ ਦਾ ਨਾਮ ਹੋਵੇ ਚਾਹੇ ਕਿਸੇ ਪੰਛੀਆਂ ਦਾ ਵੀ ਕਿਉਂ ਹੀ ਨਾ ਹੋਵੇ ਹੋਰ ਤਾਂ ਹੋਰ ਅੱਜ ਕੱਲ ਤਾਂ ਕੁੱਝ ਛੋਟਾ ਮੋਟਾ ਸਟੰਟ ਕਰ ਕੇ ਵੀ ਚੋਣ ਨਿਸ਼ਾਨ ਮਿਲ ਜਾਂਦਾ ਹੈ ਜੇਕਰ ਕੋਈ ਨਿਸ਼ਾਨ ਰਹਿ ਗਿਆ ਤਾਂ ਮੁਆਫ ਕਰਨਾ।

ਇਨਾਂ ਲੀਡਰਾਂ ਦੀਆਂ ਉਪਲਬਧੀਆਂ ਵਾਲੀਆਂ ਗੱਲਾਂ ਤਾਂ ਲੱਸੀ ਵਾਂਗ ਹਨ, ਜੀ ਚਾਹੇ ਜਿੰਨਾ ਮਰਜ਼ੀ ਸਿਫ਼ਤਾਂ ਕਰ ਕਰ ਮਸਾਲੇ ਵਾਲਾ ਪਾਣੀ ਪਾ ਪਾ ਕੇ ਵਧਾ ਲਵੋ ਪਰ ਕਿਸੇ ਤੇ ਕੋਈ ਅਸਰ ਨਹੀਂ ਹੋਣਾ। ਅੰਤ ਵਿਚ ਦਾਸ ਤਾਂ ਮੇਰੀ ਪਿਆਰੀ ਜਨਤਾ ਨੂੰ ਸਿਰਫ਼ ਇਹੋ ਬੇਨਤੀ ਕਰੇਗਾ ਕਿ ਵੋਟ ਪਾਓ ਜ਼ਰੂਰ ਪਰ ਜੌਹਰੀ ਦੀ ਪਾਰਖੂ ਅੱਖ ਨਾਲ, ਬਾਕੀ ਤੁਸੀਂ ਆਪ ਸਿਆਣੇ, ਜ਼ਰੂਰ ਧਿਆਨ ਦੇਣਾ ਜੀ ਜਿਹੜੇ ਕਾਰਜਾਂ ਨੂੰ ਵਿਕਾਸਾਂ ਦੇ ਰਾਹ ਅਤੇ ਬੁਲੰਦੀਆਂ 'ਤੇ ਲੈ ਕੇ ਜਾਣ ਵਾਲੇ ਹੁੰਦੇ ਨੇ ਉਹ ਗੱਲਾਂ ਨਹੀਂ ਕਰਦੇ ਉਹ ਤਾਂ ਲੁਕਾਈ ਦੀ ਸੇਵਾ ਵਿਚ ਆਪਣਾ ਸਰਬੰਸ ਨਿਛਾਵਰ ਕਰ ਦਿੰਦੇ ਹਨ। ਲੱਖਾਂ ਹੀ ਲੋਕ ਇਹੋ ਜਿਹੇ ਦੁਨੀਆ 'ਤੇ ਹਨ ਜੋ ਧਰਮਾਂ ਤੋਂ ਉੱਪਰ ਉੱਠ ਕੇ ਜਨਤਾ ਦੀ ਸੇਵਾ ਹੀ ਨਹੀਂ ਕੁਦਰਤ ਦੁਆਰਾ ਬਣਾਈ ਹਰ ਵਸਤੂ ਦਾ ਆਦਰ ਤੇ ਸਤਿਕਾਰ ਬਗੈਰ ਕਿਸੇ ਉੱਚ ਅਹੁਦੇ ਤੇ ਸ਼ੋਹਰਤ ਦੇ ਲਾਲਚ ਤੋਂ ਕਰ ਰਹੇ ਹਨ। ਉਨਾਂ ਦੀ ਸੋਚ ਨੂੰ ਵਾਹਿਗੁਰੂ ਹਰਦਮ ਚੜਦੀ ਕਲਾ ਵਿਚ ਰੱਖੇ।

**ਹਰਮਿੰਦਰ ਸਿੰਘ ਭੱਟ**
**9914062205**

## ਰਾਜਨੀਤਕ ਪਾਰਟੀਆਂ ਦੇ ਚੋਣ ਏਜੰਡੇ ਤੋਂ ਗਾਇਬ ਖੇਡਾਂ ਦਾ ਮੁੱਦਾ

ਹੁਣ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦੀਆਂ ਸਰਗਰਮੀਆਂ ਜ਼ੋਰਾਂ 'ਤੇ ਹਨ। ਇਕ ਗੱਲ ਜੋ ਬਹੁਤ ਹੀ ਹੈਰਾਨੀਜਨਕ ਹੈ ਕਿ ਕਿਸੇ ਵੀ ਰਾਜਨੀਤਕ ਪਾਰਟੀ ਦਾ ਕੋਈ ਉਮੀਦਵਾਰ ਉਸ ਇਲਾਕੇ ਦੇ ਖੇਡਾਂ ਪੱਖੋਂ ਵਿਕਾਸ ਨੂੰ ਲੈ ਕੇ ਗੰਭੀਰ ਨਹੀਂ ਦਿਸ ਰਿਹਾ। ਖੇਡਾਂ ਪੱਖੋਂ ਭਾਰਤ ਮਹਾਨ ਦਾ ਜੋ ਮਿਆਰ ਹੈ, ਉਹ ਕਿਸੇ ਕੋਲੋਂ ਛੁਪਿਆ ਹੋਇਆ ਨਹੀਂ। ਪਰ ਇਸ ਦੇ ਮੁਕਾਬਲੇ ਚੀਨ, ਰੂਸ, ਅਮਰੀਕਾ, ਆਸਟ੍ਰੇਲੀਆ ਆਦਿ ਦੇਸ਼ ਜਿਨਾਂ ਦੀ ਖੇਡਾਂ ਦੇ ਖੇਤਰ ਵਿਚ ਸਰਦਾਰੀ ਹੈ। ਉਨਾਂ ਦੇਸ਼ਾਂ ਦੀਆਂ ਸਰਕਾਰਾਂ ਵਾਂਗ ਜੋ ਦੇਸ਼ ਵਿਚ ਖੇਡ ਕ੍ਰਾਂਤੀ ਲਿਆਉਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੀਆਂ ਹਨ। ਆਪਣੇ ਬਜਟ ਦਾ ਵੱਡਾ ਹਿੱਸਾ ਉਹ ਖੇਡਾਂ ਦੇ ਵਿਕਾਸ ਲਈ ਰਖਦੀਆਂ ਹਨ, ਪਰ ਸਾਡੇ ਸੰਭਾਵਿਤ ਰਾਜਨੀਤਕ ਲੀਡਰ ਏਸ ਪੱਖੋਂ ਸੁਚੇਤ ਨਹੀਂ ਹਨ। ਇੰਜ ਲਗਦਾ ਆ ਰਿਹਾ ਹੈ ਕਿ ਖੇਡਾਂ ਸਾਡੀ ਕੇਂਦਰ ਤੇ ਰਾਜ ਸਰਕਾਰ 'ਤੇ ਹਮੇਸ਼ਾ ਇਕ ਬੋਝ ਜਾਂ ਭਾਰ ਦੀ ਤਰਾਂ ਹਨ, ਜਿਨਾਂ ਦੇ ਵਿਕਾਸ ਲਈ ਨਾ ਤਾਂ ਚੋਣ ਪ੍ਰਚਾਰ ਵਿਚ ਹੀ ਕੋਈ ਮੁੱਦਾ ਉਠਾਉਣ ਲਈ ਰਾਜ਼ੀ ਹੈ, ਨਾ ਹੋਂਦ ਵਿਚ ਆਈ ਸਰਕਾਰ ਹੀ ਇਨਾਂ ਪ੍ਰਤੀ ਕੋਈ ਬਹੁਤੀ ਗੰਭੀਰ ਨਜ਼ਰ ਆਉਂਦੀ ਹੈ।

ਇਸ ਪੱਖੋਂ ਜਦੋਂ ਅਸੀਂ ਭਾਰਤੀ ਖੇਡ ਜਗਤ ਦਾ ਸੁਨਹਿਰੀ ਅੱਖਰਾਂ ਵਿਚ ਨਾਂਅ ਲਿਖਵਾਉਣ ਵਾਲੀਆਂ ਕੁਝ ਖੇਡ ਹਸਤੀਆਂ ਨਾਲ ਸੰਪਰਕ ਕੀਤਾ ਤਾਂ ਉਹ ਰਾਜਨੀਤਕ ਲੀਡਰਾਂ ਦੇ ਖੇਡਾਂ ਪ੍ਰਤੀ ਲਾਪ੍ਰਵਾਹੀ ਵਾਲੇ ਰਵੱਈਏ ਤੋਂ ਬਹੁਤ ਨਾਰਾਜ਼ ਨਜ਼ਰ ਆਏ। ਉਨਾਂ ਸੰਭਾਵਿਤ ਰਾਜਨੇਤਾਵਾਂ ਨੂੰ ਖੇਡਾਂ ਪ੍ਰਤੀ ਵੀ ਸੰਜੀਦਾ ਹੋਣ ਦਾ ਸੁਝਾਅ ਦਿੱਤਾ। ਹਕੀਕਤ ਇਹ ਹੈ ਕਿ ਪੰਜਾਬ ਵਿਚ ਹੀ ਨਹੀਂ ਸਗੋਂ ਅੱਜ ਲੋੜ ਹੈ ਕਿ ਵੱਖ-ਵੱਖ ਰਾਜਾਂ ਦਾ ਖਿਡਾਰੀ ਵਰਗ ਰਾਜ ਭਰ ਵਿਚ ਛੋਟੇ-ਛੋਟੇ ਯੂਨਿਟ ਬਣਾ ਕੇ ਇਕ ਸਾਂਝੇ ਮੰਚ ਹੇਠ ਜੁੜੇ, ਇਕੱਠਾ ਹੋਵੇ ਤਾਂ ਕਿ ਉਹ ਖੇਡਾਂ ਦੇ ਖੇਤਰ ਵਿਚ ਹੋ ਰਹੀਆਂ ਨਾਇਨਸਾਫੀਆਂ, ਬੇਪ੍ਰਵਾਹੀਆਂ ਦੇ ਖਿਲਾਫ਼ ਆਪਣੀ ਆਵਾਜ਼ ਬੁਲੰਦ ਕਰ ਸਕੇ।

ਆਓ, ਖੇਡ ਜਗਤ ਨਾਲ ਸਾਂਝ ਰੱਖਣ ਵਾਲੇ ਅਸੀਂ ਸਾਰੇ ਆਪੋ-ਆਪਣੇ ਇਲਾਕਿਆਂ ਵਿਚ ਇਕ ਅਜਿਹੀ ਖੇਡ ਮੁਹਿੰਮ ਚਲਾਈਏ ਕਿ ਵਿਧਾਨ ਸਭਾ ਚੋਣਾਂ 'ਚ ਖੇਡਾਂ ਵੀ ਇਕ ਚੋਣ ਮੁੱਦਾ ਬਣਨ। ਰਾਜਨੀਤਕ ਲੀਡਰਾਂ ਅਤੇ ਚੋਣ ਮੈਦਾਨ ਵਿਚ ਉਤਰੇ ਉਮੀਦਵਾਰ ਖਿਡਾਰੀ ਵਰਗ ਦੀ ਸ਼ਕਤੀ ਨੂੰ ਪਹਿਚਾਣਨ ਕਿ ਇਹ ਵੀ ਵਕਤ ਆਉਣ 'ਤੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਨਾ ਜਾਣਦੇ ਹਨ।

**ਪ੍ਰੋਫੈਸਰ ਪਰਮਜੀਤ ਸਿੰਘ**

## ਪੰਜਾਬ ਵਿਚ ਵਧ ਰਿਹਾ ਕੈਂਸਰ ਦਾ ਪ੍ਰਕੋਪ

ਪੰਜਾਬ ਵਿੱਚ, ਖਾਸ ਕਰਕੇ ਮਾਲਵਾ ਖੇਤਰ ਬਠਿੰਡਾ, ਮਾਨਸਾ, ਮੁਕਤਸਰ ਸਾਹਿਬ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਕੈਂਸਰ ਨੇ ਕਹਿਰ ਮਚਾਇਆ ਹੋਇਆ ਹੈ। ਉਦਯੋਗੀਕਰਨ ਦੇ ਨਾਂ ਹੇਠ ਇਸ ਇਲਾਕੇ ਵਿੱਚ ਪ੍ਰਦੂਸ਼ਣ ਕੰਟਰੋਲ ਮਹਿਕਮੇ ਦੇ ਹੁਕਮਾਂ ਨੂੰ ਛਿੱਕੇ ਟੰਗ ਕੇ ਕਾਰਪੋਰੇਟ ਘਰਾਣਿਆਂ ਦੇ ਉਦਯੋਗਾਂ ਨੇ ਜ਼ਮੀਨੀ ਪਾਣੀ ਨੂੰ ਦੂਸ਼ਿਤ ਕਰਨ ਦੇ ਨਾਲ ਨਾਲ ਵਾਤਾਵਰਣ ਨੂੰ ਜ਼ਹਿਰੀਲਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਬਿਜਲੀ ਘਰਾਂ ਵਿੱਚ ਵਰਤੇ ਜਾਂਦੇ ਕੋਇਲੇ ਦੇ ਧੂੰਏਂ ਅਤੇ ਰਾਖ ਨੇ ਮਾਲਵਾ ਖੇਤਰ ਨੂੰ ਦਮਘੁਟੀ ਦੀ ਦਲਦਲ ਵਿੱਚ ਧੱਕਿਆ ਹੋਇਆ ਹੈ। ਸੂਬੇ ਦੀਆਂ ਕਾਫੀ ਸ਼ਰਾਬ ਫੈਕਟਰੀਆਂ ਅਤੇ ਹੋਰ ਉਦਯੋਗਿਕ ਇਕਾਈਆਂ ਦੇ ਕਚਰੇ ਅਤੇ ਗੰਦੇ ਪਾਣੀ ਨੂੰ ਬੋਰ ਕਰਕੇ ਸਿੱਧਾ ਜ਼ਮੀਨ ਵਿੱਚ ਪਾਉਣ ਦੀਆਂ ਖ਼ਬਰਾਂ ਮੀਡੀਆ ਵਿੱਚ ਨਸ਼ਰ ਹੋ ਚੁੱਕੀਆਂ ਹਨ ਜਿਸਦਾ ਪੁਖਤਾ ਸਬੂਤ ਜ਼ਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਤੇ ਹੋਰ ਖਤਰਨਾਕ ਤੱਤਾਂ ਦਾ ਰਿਸਾਅ ਹੈ। ਇਹ ਜੱਗ ਜ਼ਾਹਿਰ ਹੈ ਜਿਸ ਕਾਰਨ ਇੱਥੋਂ ਦੇ ਲੋਕ ਗੰਦਾ ਪਾਣੀ ਪੀਣ ਕਰਕੇ ਕਾਲਾ ਪੀਲੀਆ ਤੇ ਕੈਂਸਰ ਦੀ ਪਕੜ ਹੇਠ ਹਨ।

ਸੂਬੇ ਦਾ ਮਾਲਵਾ ਖੇਤਰ ਜੋ ਕਪਾਹ ਪੱਟੀ ਨਾਮ ਨਾਲ ਮਸ਼ਹੂਰ ਸੀ, ਹੁਣ ਕੈਂਸਰ ਪੱਟੀ ਕਰਕੇ ਜਾਣਿਆ ਜਾਂਦਾ ਹੈ। ਸੂਬੇ ਅੰਦਰ ਕੈਂਸਰ ਦੇ ਇਲਾਜ ਦਾ ਢੁੱਕਵਾਂ ਪ੍ਰਬੰਧ ਨਾ ਹੋਣ ਕਰਕੇ ਇਨਾਂ ਇਲਾਕਿਆਂ ਦੇ ਲੋਕਾਂ ਨੂੰ ਦੂਜੇ ਸੂਬਿਆਂ ਵਿੱਚ ਇਲਾਜ ਲਈ ਜਾਣਾ ਪੈਂਦਾ ਹੈ। ਬਠਿੰਡਾ ਤੋਂ ਬੀਕਾਨੇਰ ਜਾਂਦੀ ਰੇਲਗੱਡੀ ਦਾ ਨਾਮ ਕੈਂਸਰ ਟਰੇਨ ਪੈ ਗਿਆ ਹੈ ਕਿਉਂਕਿ ਇਨਾਂ ਇਲਾਕਿਆਂ ਦੇ ਲੋਕ ਇਲਾਜ ਲਈ ਬੀਕਾਨੇਰ ਜਾਂਦੇ ਹਨ। ਉਸ ਰੇਲਗੱਡੀ ਵਿੱਚ ਜ਼ਿਆਦਾ ਗਿਣਤੀ ਕੈਂਸਰ ਦੇ ਮਰੀਜ਼ਾਂ ਦੀ ਹੁੰਦੀ ਹੈ। ਜਨਤਕ ਸਿਹਤ ਸਹੂਲਤਾਂ ਵਿੱਚ ਆਏ ਨਿਘਾਰ ਨੂੰ ਇਹ ਤੱਥ ਬਾਖੂਬੀ ਬਿਆਨਦੇ ਹਨ।

ਸਿਹਤ ਵਿਭਾਗ ਦੁਆਰਾ ਕੀਤੇ ਸਰਵੇਖਣ ਅਨੁਸਾਰ ਪੰਜਾਬ ਵਿੱਚ ਕੈਂਸਰ ਦੇ ਮਰੀਜ਼ਾਂ ਦਾ ਅਨੁਪਾਤ 90:100000 ਹੈ ਜਦਕਿ ਦੇਸ਼ ਪੱਧਰ 'ਤੇ ਇਹ ਅਨੁਪਾਤ 80:100000 ਹੈ। ਪੰਜਾਬ ਦੇ ਮਾਲਵਾ ਖੇਤਰ ਵਿੱਚ ਕੈਂਸਰ ਮਰੀਜ਼ਾਂ ਦਾ ਅਨੁਪਾਤ 107:100000 ਹੈ, ਦੁਆਬੇ ਵਿੱਚ 88:100000 ਅਤੇ ਮਾਝੇ ਵਿੱਚ 64:100000 ਹੈ। ਮਾਲਵਾ ਖੇਤਰ ਦੇ ਚਾਰ ਜ਼ਿਲਿਆਂ ਵਿੱਚ ਇਹ ਅਨੁਪਾਤ ਬਹੁਤ ਜ਼ਿਆਦਾ ਹੈ। ਮੁਕਤਸਰ ਸਾਹਿਬ ਵਿੱਚ 136:100000, ਮਾਨਸਾ 134:100000, ਬਠਿੰਡਾ 125:100000, ਫਿਰੋਜ਼ਪੁਰ 114:100000 ਹੈ ਜਦਕਿ ਤਰਨਤਾਰਨ ਵਿੱਚ ਇਹ ਅਨੁਪਾਤ 41:100000 ਹੈ। ਪਿਛਲੇ ਪੰਜ ਸਾਲ ਦੇ ਅੰਕੜਿਆਂ ਅਨੁਸਾਰ ਸੂਬੇ ਵਿੱਚ ਰੋਜ਼ਾਨਾ ਕੈਂਸਰ ਕਰਕੇ 18 ਲੋਕਾਂ ਦੀ ਮੌਤ ਹੋਈ ਹੈ। ਸਿਹਤ ਵਿਭਾਗ ਦੁਆਰਾ ਸੂਬੇ ਦੇ 2.65 ਲੱਖ ਲੋਕਾਂ ਦੀ ਜਾਂਚ ਕੀਤੀ ਗਈ ਸੀ ਜਿਨਾਂ ਵਿੱਚੋਂ 24000 ਲੋਕ ਕੈਂਸਰ ਪੀੜਿਤ ਸਨ ਅਤੇ 84453 ਲੋਕਾਂ ਨੂੰ ਕੈਂਸਰ ਦੇ ਸ਼ੱਕੀ ਮਰੀਜ਼ਾਂ ਵਜੋਂ ਰੱਖਿਆ ਗਿਆ। ਅਗਰ ਸਮਾਂ ਰਹਿੰਦੇ ਪੰਜਾਬ ਵਿਚ ਇਸਦਾ ਇਲਾਜ ਤੇ ਜਾਗਰੂਕਤਾ ਨਾ ਫੈਲਾਈ ਗਈ ਤਾਂ ਲੱਖਾਂ ਲੋਕ ਇਸਦੀ ਲਪੇਟ ਵਿੱਚ ਹਨ ਤੇ ਕਈ ਗੁਣਾਂ ਲੋਕ ਇਸਦੀ ਲਪੇਟ ਵਿੱਚ ਆ ਜਾਣਗੇ। ਵਿਸ਼ਵ ਸਿਹਤ ਸੰਗਠਨ ਅਨੁਸਾਰ ਸੰਨ 2018 ਵਿੱਚ 11.6 ਲੱਖ ਕੈਂਸਰ ਦੇ ਨਵੇਂ ਮਰੀਜ਼ਾਂ ਦੀ ਪਹਿਚਾਣ ਹੋਈ ਸੀ, ਜਿਸ ਵਿੱਚੋਂ 7.84 ਲੱਖ ਮਰੀਜ਼ਾਂ ਦੀ ਮੌਤ ਹੋਈ ਹੈ। ਰਿਪੋਰਟ ਵਿੱਚ ਅੱਗੇ ਕਿਹਾ ਗਿਆ ਹੈ ਕਿ 10 ਭਾਰਤੀਆਂ ਵਿੱਚੋਂ ਇੱਕ ਆਪਣੀ ਜ਼ਿੰਦਗੀ ਵਿੱਚ ਕੈਂਸਰ ਦਾ ਸ਼ਿਕਾਰ ਹੁੰਦਾ ਹੈ ਅਤੇ ਹਰ 15 ਵਿੱਚੋਂ 1 ਭਾਰਤੀ ਕੈਂਸਰ ਦਾ ਸਹੀ ਇਲਾਜ ਨਾ ਮਿਲਣ ਕਾਰਨ ਮੌਤ ਦੇ ਮੂੰਹ ਵਿੱਚ ਚਲਾ ਜਾਂਦਾ ਹੈ। ਭਾਰਤ ਵਿੱਚ ਕੈਂਸਰ ਦੇ ਪ੍ਰਕੋਪ ਦਾ ਮੁੱਖ ਕਾਰਨ ਤੰਬਾਕੂ ਸੇਵਨ ਮੰਨਿਆ ਗਿਆ ਹੈ। ਕੈਂਸਰ ਸਮੁੱਚੀ ਮਨੁੱਖਤਾ ਨੂੰ ਘੁਣ ਵਾਂਗ ਖਾ ਰਿਹਾ ਹੈ। ਬਦਲਵੇਂ ਜ਼ਿੰਦਗੀ ਜਿਊਣ ਦੇ ਢੰਗ ਨੇ ਕੈਂਸਰ ਅਤੇ ਹੋਰ ਬੀਮਾਰੀਆਂ ਵਿੱਚ ਅਥਾਹ ਵਾਧਾ ਕੀਤਾ ਹੈ। ਕੁਦਰਤ ਨਾਲ ਕੀਤੀ ਜਾ ਰਹੀ ਛੇੜਛਾੜ ਨੇ ਕੈਂਸਰ ਆਦਿ ਖਤਰਨਾਕ ਬੀਮਾਰੀਆਂ ਨੂੰ ਜਨਮ ਦਿੱਤਾ ਹੈ। ਖੇਤੀ ਖੇਤਰ ਵਿੱਚ ਅੰਨੇਵਾਹ ਰਸਾਇਣਕ ਖਾਦਾਂ ਦੀ ਵਰਤੋਂ, ਉਦਯੋਗਾਂ ਅਤੇ ਵਾਹਨਾਂ ਦੇ ਪ੍ਰਦੂਸ਼ਣ ਦੇ ਨਾਲ ਨਾਲ ਮੋਬਾਇਲ ਫੋਨ ਦੀਆਂ ਤਰੰਗਾਂ ਵੀ ਕੈਂਸਰ ਲਈ ਜ਼ਿੰਮੇਵਾਰ ਹਨ। ਸੁਰੱਖਿਆ ਸਾਜ਼ੋ ਸਾਮਾਨ ਅਤੇ ਵਿਗਿਆਨਕ ਪ੍ਰਯੋਗਾਂ ਦੇ ਈ-ਕਚਰੇ ਨੇ ਵੀ ਵਾਤਾਵਰਣ ਨੂੰ ਦੂਸ਼ਿਤ ਕੀਤਾ ਹੈ ਅਤੇ ਖਤਰਨਾਕ ਤੱਤਾਂ ਦੇ ਰਿਸਾਅ ਕਾਰਨ ਲੋਕ ਕੈਂਸਰ ਦੀ ਪਕੜ ਹੇਠਾਂ ਆ ਰਹੇ ਹਨ।

**ਡਾ. ਗੁਰਤੇਜ ਸਿੰਘ**

## ਚੋਣਾਂ ਵਿਚ ਨਸ਼ਿਆਂ ਦਾ ਮੁੱਦਾ ਗਾਇਬ

ਨਸ਼ੇ, ਪੰਜਾਬ ਅਤੇ ਵਿਸ਼ੇਸ਼ ਕਰਕੇ ਨੌਜਵਾਨ ਪੰਜਾਬ ਵਿਚ ਲੰਮੇ ਸਮੇਂ ਤੋਂ ਇਹ ਚਿੰਤਾਜਨਕ ਤਸਵੀਰ ਹੈ। ਇਸ ਮੁੱਦੇ ਨੇ ਦਸ ਸਾਲ ਚੱਲੀ ਅਤੇ ਪੱਚੀ ਸਾਲ ਤੱਕ ਜਾਰੀ ਰਹਿਣ ਦਾ ਦਾਅਵਾ ਕਰਦੀ ਸਰਕਾਰ ਨੂੰ ਹਾਰ ਦਾ ਮੂੰਹ ਦਿਖਾਇਆ। ਇਸ ਹਾਲਤ ਨੂੰ ਮੁੱਖ ਮੁੱਦਾ ਬਣਾ ਕੇ ਦੂਜੀ ਧਿਰ ਮੈਦਾਨ ਵਿਚ ਨਿੱਤਰੀ ਤੇ ਸੱਤਾ ਵਿਚ ਆਉਣ ਤੇ ਚਾਰ ਹਫਤਿਆਂ ਵਿਚ ਹੀ ਇਸ ਦਾ ਲੱਕ ਤੋੜਨ ਦੀ ਗੱਲ ਕੀਤੀ ਤੇ ਪੂਰੀ ਬਹੁਮਤ ਜਿੱਤੀ। ਇਸੇ ਦੌਰਾਨ ਤੀਜੀ ਧਿਰ ਦੇ ਦਾਅਵੇ ਵਾਲੀ ਪਾਰਟੀ ਨੇ ਵੀ ਨਸ਼ਿਆਂ ਦੇ ਸੌਦਾਗਰਾਂ ਨੂੰ ਜੇਲਾਂ ਅੰਦਰ ਸੁੱਟਣ ਦੀ ਗੱਲ ਕਹੀ ਅਤੇ ਵਿਰੋਧੀ ਧਿਰ ਬਣ ਕੇ ਉੱਭਰੀ। ਇਹ ਇੰਨਾ ਮਹੱਤਵਪੂਰਨ ਮੁੱਦਾ ਰਿਹਾ ਤੇ ਪੰਜ ਸਾਲ ਇਹ ਮੁੱਦਾ ਬਣਿਆ ਰਿਹਾ ਪਰ ਹੁਣ ਫਿਰ ਚੋਣਾਂ ਹਨ ਤਾਂ ਇਸ ਵਿਚ ਨਸ਼ਿਆਂ ਦਾ ਮੁੱਦਾ ਗਾਇਬ ਹੈ। ਤਿੰਨ ਪਾਰਟੀਆਂ ਪਿਛਲੀਆਂ ਅਤੇ ਦੋ ਨਵੀਆਂ ਧਿਰਾਂ ਵੀ ਮੈਦਾਨ ਵਿਚ ਹਨ ਪਰ ਕੋਈ ਵੀ ਇਸ ਮੁੱਦੇ ਬਾਰੇ ਦੋ ਹਰਫ਼ ਵੀ ਬੋਲਣ ਦਾ ਹੀਆ ਨਹੀਂ ਕਰ ਰਿਹਾ।

ਵੈਸੇ ਸਹੀ ਅਰਥਾਂ ਵਿਚ ਮੌਜੂਦਾ ਸਿਆਸੀ ਮਾਹੌਲ ਵਿਚ ਮੁੱਦਿਆਂ ਨੂੰ ਲੈ ਕੇ ਗੱਲ ਕੀਤੀ ਜਾਵੇ ਤਾਂ ਕਿਸੇ ਵੀ ਪਾਰਟੀ ਕੋਲ ਮੁੱਦੇ ਨਹੀਂ ਸਗੋਂ ਮੁੱਦਾ ਹੈ ਮੁਫ਼ਤ ਬਿਜਲੀ, ਹਜ਼ਾਰ ਦੋ ਹਜ਼ਾਰ ਰੁਪਏ ਪ੍ਰਤੀ ਪਰਿਵਾਰ ਜਾਂ ਔਰਤਾਂ ਲਈ ਉਨਾਂ ਦੇ ਖਾਤੇ ਵਿਚ ਰੁਪਏ ਪਰ ਜੋ ਲੋਕ ਝਾਕ ਰੱਖਦੇ ਹਨ ਕਿ ਸਿਹਤ, ਸਿੱਖਿਆ, ਨੌਜਵਾਨਾਂ ਦਾ ਪਰਵਾਸ, ਵਾਤਾਵਰਨ ਦੀ ਹਾਲਤ ਆਦਿ ਅਨੇਕਾਂ ਹੀ ਮੁੱਦੇ ਹਨ, ਸਭ ਗਾਇਬ ਹਨ।

ਜੋ ਨਸ਼ੇ ਅੱਜ ਪੰਜਾਬ ਵਿਚ ਮਿਲ ਰਹੇ ਹਨ ਤੇ ਵਰਤੇ ਜਾ ਰਹੇ ਹਨ, ਉਹ ਇੰਨੇ ਘਾਤਕ ਹਨ ਕਿ ਸਮੇਂ ਸਿਰ ਉਨਾਂ ਬਾਰੇ ਸੁਚੇਤ ਨਾ ਹੋਇਆ ਜਾਵੇ ਤਾਂ ਇਹ ਬੰਦੇ ਦੀ ਜਾਨ ਲੈਣ ਤੱਕ ਜਾਂਦੇ ਹਨ। ਅੰਦਾਜ਼ਾ ਲਗਾਉ ਕਿ ਉਨਾਂ ਨਸ਼ਿਆਂ ਦੀ ਵਰਤੋਂ ਲਈ ਪ੍ਰਤੀ ਦਿਨ ਡੇਢ ਤੋਂ ਦੋ ਹਜ਼ਾਰ ਰੁਪਏ ਖਰਚ ਹੁੰਦੇ ਹਨ, ਮਤਲਬ ਪੰਜਾਹ ਤੋਂ ਸੱਠ ਹਜ਼ਾਰ ਪ੍ਰਤੀ ਮਹੀਨਾ ਪ੍ਰਤੀ ਵਿਅਕਤੀ।

ਨਸ਼ਿਆਂ ਦੇ ਪੱਧਰ ਤੇ ਵੀ ਇਕ ਪੱਖ ਕਾਲਾ ਧਨ ਕਮਾਉਣ ਦਾ ਹੈ। ਬਹੁਤ ਜਿਆਦਾ ਧਨ ਇਕੱਠਾ ਹੋ ਜਾਂਦਾ ਹੈ। ਅੰਬਾਰ ਲੱਗ ਜਾਂਦੇ ਹਨ। ਫਿਰ ਕਾਲੇ ਧਨ ਨਾਲ ਕਾਲੇ ਕਾਰਨਾਮੇ ਹੁੰਦੇ ਹਨ ਜਿਨਾਂ ਵਿਚ ਇਕ ਚੋਣਾਂ ਦੌਰਾਨ ਵੋਟਾਂ ਖਰੀਦਣਾ ਹੈ ਜਾਂ ਤੋਹਫੇ ਦੇਣਾ ਹੈ।

ਤੁਸੀਂ ਹਾਲਾਤ ਦਾ ਅੰਦਾਜ਼ਾ ਲਾਉ, ਸ਼ਰਾਬ ਲੈਣ ਲਈ ਤੁਹਾਨੂੰ ਘਰੋਂ ਉੱਠ ਕੇ ਚਾਰ ਕਦਮ ਤੁਰਨਾ ਪਵੇਗਾ ਪਰ ਸਮੈਕ ਤੇ ਹੈਰੋਇਨ ਵਰਗੇ ਨਸ਼ੇ ਫੋਨ ਤੇ ਘਰੇ ਮੁਹੱਈਆ ਹੋ ਜਾਂਦੇ ਹਨ। ਤਰਾਸਦੀ ਇਹ ਹੈ ਕਿ ਮੁਲਕ ਅਤੇ ਪੰਜਾਬ ਦੀ ਆਪਣੀ ਸਿਹਤ ਠੀਕ ਰਹਿਣ ਲਈ ਨਸ਼ੇ ਸਹਾਈ ਹੋ ਰਹੇ ਹਨ; ਸਭ ਤੋਂ ਵੱਧ ਟੈਕਸ ਸ਼ਰਾਬ ਤੋਂ ਇਕੱਠਾ ਹੁੰਦਾ ਹੈ। ਨਸ਼ਿਆਂ ਦੀ ਵਰਗ ਵੰਡ ਵਿਚ ਸ਼ਰਾਬ ਹਲਕਾ ਨਸ਼ਾ ਹੈ ਤੇ ਸਮੈਕ ਹੈਰੋਇਨ ਮੋਟਾ। ਸਮੈਕ ਵਰਗੇ ਨਸ਼ੇ ਮਹਿੰਗੇ ਹੋਣ ਕਰਕੇ ਦਵਾਈ ਸਨਅਤ ਨੇ ਇਨਾਂ ਦੇ ਮੁਕਾਬਲੇ ਲਈ ਬਰਾਬਰ ਦਾ ਅਸਰ ਦਿਖਾਉਣ ਵਾਲੇ ਸਿੰਥੈਟਿਕ ਨਸ਼ੇ ਤਿਆਰ ਕੀਤੇ ਹਨ ਜੋ ਗੈਰ-ਕਾਨੂੰਨੀ ਹਨ ਪਰ ਸ਼ਰੇਆਮ ਮਿਲਦੇ ਹਨ। ਇਸ ਸਪਲਾਈ ਚੇਨ ਬਾਰੇ ਹਾਲਾਤ ਦਾ ਜਾਇਜ਼ਾ ਲਿਆ ਜਾਵੇ ਤਾਂ ਇਸ ਵਿਚ ਤਿੰਨ ਧਿਰਾਂ ਹਨ- ਪੁਲੀਸ, ਪ੍ਰਸ਼ਾਸਨ ਅਤੇ ਸਿਆਸਤ। ਇਨਾਂ ਤਿੰਨਾਂ ਦਾ ਗਠਜੋੜ ਭਾਵੇਂ ਚੁਪ-ਚੁਪੀਤਾ ਹੈ ਪਰ ਪੂਰੀ ਤਰਾਂ ਕਾਰਗਰ ਹੈ। ਪੁਲਿਸ ਵਾਲੇ ਕਹਿੰਦੇ ਹਨ, ਸਾਨੂੰ ਇਕ ਘੰਟਾ ਦੇ ਦੇਣ, ਕਿਸੇ ਦੀ ਦਖਲ ਅੰਦਾਜ਼ੀ ਨਾ ਹੋਵੇ ਤਾਂ ਅਸੀਂ ਸਪਲਾਈ ਤੋੜ ਦਿਆਂਗੇ। ਉਹ ਸਿੱਧੇ ਹੀ ਪ੍ਰਸ਼ਾਸਨ, ਮੁੱਖ ਤੌਰ 'ਤੇ ਨੇਤਾਵਾਂ ਵੱਲ ਇਸ਼ਾਰਾ ਕਰਦੇ ਹਨ ਜਿਨਾਂ ਤੋਂ ਅਸੀਂ ਮੰਗ ਕਰਦੇ ਹਾਂ ਕਿ ਉਹ ਚੋਣਾਂ ਵਿਚ ਮੁੱਦਾ ਬਣਾਉਣ।

ਸਿਆਸੀ ਨੇਤਾ ਨੂੰ ਇਹ ਮੁੱਦਾ ਵੋਟਾਂ ਨਹੀਂ ਦਿਵਾਉਂਦਾ ਜਾਂ ਹੋਰ ਗੱਲ ਹੈ? ਨਸ਼ਿਆਂ ਦੇ ਮੁੱਦੇ ਤੇ ਸਰਕਾਰਾਂ ਡਿੱਗੀਆਂ ਤੇ ਉਸਰੀਆਂ ਵੀ ਪਰ ਹਾਲਾਤ ਨਹੀਂ ਬਦਲੇ।

ਨਸ਼ੇ ਮੁੱਦਾ ਕਿਉਂ ਨਹੀਂ ਹਨ, ਦੇ ਸਵਾਲ ਤੋਂ ਸ਼ੁਰੂ ਕਰਕੇ ਇਹ ਮੁੱਦਾ ਬਣਾਉਣਾ ਵੀ ਪਵੇਗਾ ਤੇ ਇਸ ਨੂੰ ਹਰ ਹੀਲੇ ਹੱਲ ਵੀ ਕਰਨਾ ਪਵੇਗਾ। ਇਹ ਵੀ ਚੇਤੇ ਰੱਖੀਏ ਕਿ ਸਿਆਸਤਦਾਨ ਅਤੇ ਸਮਗਲਰ ਦਾ ਚੁੱਪ-ਚੁਪੀਤਾ ਗਠਜੋੜ ਹੈ ਪਰ ਲੋਕਾਂ ਨੂੰ ਸੁਚੇਤ ਤੇ ਜਥੇਬੰਦ ਹੋ ਕੇ ਆਪਣੇ ਮਸਲੇ ਹੱਲ ਕਰਵਾਉਣ ਲਈ ਸਰਗਰਮ ਹੋਣਾ ਪਵੇਗਾ।

**ਡਾ. ਸ਼ਿਆਮ ਸੁੰਦਰ ਦੀਪਤੀ**
**ਸੰਪਰਕ : 98158-08506**

# ਹਿੰਸਾ ਦੇ ਪੁਜਾਰੀ

## ਅਦਿੱਤਿਆਨਾਥ ਦਾ ਦਹਿਸ਼ਤੀ ਰਾਜ

*(ਰਾਜਨੀਤਕ ਮਾਮਲਿਆਂ ਦੇ ਉੱਘੇ ਪੱਤਰਕਾਰ ਧੀਰੇਂਦਰ ਕੇ. ਝਾਅ ਦੀ ਇਹ ਰਿਪੋਰਟ ਯੋਗੀ ਅਦਿੱਤਿਆਨਾਥ ਦੇ ਇਕ ਸਾਧਾਰਨ ਨੌਜਵਾਨ ਤੋਂ ਗੋਰਖ਼ਨਾਥ ਮੱਠ ਦਾ ਮਹੰਤ ਬਣਨ ਅਤੇ ਆਖ਼ਿਰਕਾਰ ਭਾਰਤ ਦੀ ਚੋਣ ਸਿਆਸਤ ਵਿਚ ਸਭ ਤੋਂ ਮਹੱਤਵਪੂਰਨ ਸਥਾਨ ਰੱਖਦੇ ਰਾਜ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣ ਕੇ ਹਿੰਦੂਤਵ ਦਾ ਇਕ ਪ੍ਰਮੁੱਖ ਚਿਹਰਾ ਬਣ ਕੇ ਉੱਭਰਨ ਦੇ ਰਾਜਨੀਤਕ ਸਫ਼ਰ ਉੱਪਰ ਝਾਤ ਪਵਾਉਂਦੀ ਹੈ। ਝਾਅ ਮਸ਼ਹੂਰ ਕਿਤਾਬ ਸ਼ੈਡੋ ਆਰਮੀਜ਼: ਫਰਿੰਜ ਆਰਗੇਨਾਈਜੇਸਨ ਐਂਡ ਫੁੱਟ ਸੋਲਜਰਜ਼ ਆਫ ਹਿੰਦੂਤਵ ਦੇ ਲੇਖਕ ਅਤੇ ਅਯੁੱਧਿਆ: ਦ ਡਾਰਕ ਨਾਈਟ ਦੇ ਸਹਿ-ਲੇਖਕ ਹਨ। ਉਨ੍ਹਾਂ ਦੀ ਤਾਜ਼ਾ ਕਿਤਾਬ ਅਸੈਟਿਕ ਗੇਮਜ਼: ਸਾਧੂ, ਅਖਾੜਾਜ਼ ਅਤੇ ਦੀ ਮੇਕਿੰਗ ਆਫ਼ ਹਿੰਦੂ ਵੋਟ ਹੈ ਜੋ ਅਪ੍ਰੈਲ 2019 ਵਿਚ ਛਪੀ ਸੀ। ਕਾਰਵਾਂ ਮੈਗਜ਼ੀਨ ਦੇ ਜਨਵਰੀ 2022 ਅੰਕ ਵਿਚ ਛਪੀ ਇਸ ਮਹੱਤਵਪੂਰਨ ਰਿਪੋਰਟ ਦਾ ਅਨੁਵਾਦ ਪੇਸ਼ ਹੈ। – ਸੰਪਾਦਕ)*

### ਅਨੁਵਾਦ : ਬੂਟਾ ਸਿੰਘ

ਜਦੋਂ ਨਰਿੰਦਰ ਮੋਦੀ ਨੇ 2014 ਦੀਆਂ ਆਮ ਚੋਣਾਂ ਲਈ ਆਪਣੀ ਮੁਹਿੰਮ ਸ਼ੁਰੂ ਕੀਤੀ ਤਾਂ ਅਦਿੱਤਿਆਨਾਥ ਅਤੇ ਉਸ ਦੀ ਮਿਲੀਸ਼ੀਆ ਨੇ ਪੂਰਬੀ ਉੱਤਰ ਪ੍ਰਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਆਪਣੀ ਡੂੰਘੀ ਸੰਗਠਨਾਤਮਕ ਮੌਜੂਦਗੀ ਨਾਲ ਇਸ ਵਿਚ ਕੇਂਦਰੀ ਭੂਮਿਕਾ ਨਿਭਾਈ। ਭਾਜਪਾ ਦੀ ਜਿੱਤ ਅਤੇ ਮੋਦੀ ਦੀ ਤਰੱਕੀ ਤੋਂ ਬਾਦ ਹਿੰਦੂ ਯੁਵਾ ਵਾਹਿਨੀ ਨੇ ਰਾਜ ਦੀਆਂ 2017 ਵਿਧਾਨ ਸਭਾ ਚੋਣਾਂ ਲਈ ਅਦਿੱਤਿਆਨਾਥ ਨੂੰ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਵਜੋਂ ਪੇਸ਼ ਕਰਨ ਲਈ ਭਾਜਪਾ ਨੂੰ ਮਜਬੂਰ ਕਰਨ ਖ਼ਾਤਰ ਮੁਹਿੰਮ ਵਿੱਢ ਦਿੱਤੀ। ਪਰ ਉਹ ਆਪਣਾ ਰਾਹ ਅਖ਼ਤਿਆਰ ਨਹੀਂ ਕਰ ਸਕਦਾ ਸੀ, ਅਤੇ ਭਾਜਪਾ ਇਸ ਅਹੁਦੇ ਲਈ ਕਿਸੇ ਵਿਅਕਤੀ ਨੂੰ ਚੁਣੇ ਬਿਨਾਂ ਹੀ ਚੋਣ ਮੈਦਾਨ 'ਚ ਕੁੱਦ ਪਈ। ਚੋਣਾਂ ਤੋਂ ਪਹਿਲਾਂ ਅਦਿੱਤਿਆਨਾਥ ਨੂੰ ਰਤਾ ਕੁ ਝਟਕਾ ਲੱਗਾ। ਵਾਹਿਨੀ ਦੇ ਆਗੂਆਂ ਦੀਆਂ ਵਧਦੀਆਂ ਰਾਜਨੀਤਿਕ ਇੱਛਾਵਾਂ ਨੇ ਮਿਲੀਸ਼ੀਆ ਵਿਚ ਫੁੱਟ ਪਾ ਦਿੱਤੀ ਜਦੋਂ ਸੁਨੀਲ ਸਿੰਘ ਸਮੇਤ ਇਸ ਦੇ ਕੁਝ ਮੈਂਬਰਾਂ ਨੂੰ ਭਾਜਪਾ ਵੱਲੋਂ ਚੋਣ ਉਮੀਦਵਾਰ ਨਹੀਂ ਬਣਾਇਆ ਗਿਆ। ਬਾਗ਼ੀਆਂ ਨੇ ਦਰਜਨ ਤੋਂ ਵੱਧ ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ ਪਰ ਉਹ ਹਾਰ ਗਏ।

ਹੁਣ ਅਦਿੱਤਿਆਨਾਥ ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ ਪਾਲਾਬੰਦੀ ਕਰਨ ਵਾਲਾ ਵਿਅਕਤੀ ਸੀ। ਅਗਲਾ ਮੁੱਖ ਮੰਤਰੀ ਕਿਸ ਨੂੰ ਬਿਠਾਉਣਾ ਹੈ, ਭਾਜਪਾ ਵੱਲੋਂ ਇਹ ਫ਼ੈਸਲਾ ਲੈਣ ਤੋਂ ਪਹਿਲਾ ਹਫ਼ਤਾ ਬੇਚੈਨੀ ਭਰਿਆ ਸੀ। ਜਿਸ ਦਿਨ 11 ਮਾਰਚ ਨੂੰ ਵੋਟਾਂ ਦੀ ਗਿਣਤੀ ਹੋਈ, ਲਖਨਊ ਵਿਚ ਅਫ਼ਵਾਹਾਂ ਅਤੇ ਵਿਵਾਦਾਂ ਦੀ ਭਰਮਾਰ ਸੀ ਕਿਉਂਕਿ ਪਾਰਟੀ ਦੇ ਅੰਦਰ ਜ਼ੋਰਦਾਰ ਕਸ਼ਮਕਸ਼ ਚੱਲ ਰਹੀ ਸੀ। ਮਨੋਜ ਸਿਨਹਾ ਨੂੰ ਇਸ ਅਹੁਦੇ ਲਈ ਸਭ ਤੋਂ ਅੱਗੇ ਮੰਨਿਆ ਜਾ ਰਿਹਾ ਸੀ। ਜਦੋਂ ਅਦਿੱਤਿਆਨਾਥ ਦੇ ਸਿਰ 'ਤੇ ਤਾਜ ਸਜਿਆ ਤਾਂ ਦੇਖਣ ਵਾਲੇ ਵੀ ਹੈਰਾਨ ਰਹਿ ਗਏ।

ਜਦੋਂ ਅਦਿੱਤਿਆਨਾਥ ਸਫ਼ਲਤਾ ਦੀ ਟੀਸੀ 'ਤੇ ਪਹੁੰਚਿਆ ਤਾਂ ਉਸ ਦਾ ਅਤੀਤ ਵੀ ਨਾਲ ਜੁੜਿਆ ਰਿਹਾ। ਅਲਾਹਾਬਾਦ ਹਾਈ ਕੋਰਟ ਨੇ ਪਰਵੇਜ਼ ਪਰਵਾਜ਼ ਵੱਲੋਂ ਦਾਇਰ ਪਟੀਸ਼ਨ 'ਤੇ ਕਾਰਵਾਈ ਕਰਦੇ ਹੋਏ 10 ਮਾਰਚ 2017 ਨੂੰ – ਵੋਟਾਂ ਦੀ ਗਿਣਤੀ ਤੋਂ ਇਕ ਦਿਨ ਪਹਿਲਾਂ – ਇਕ ਹੁਕਮ ਜਾਰੀ ਕਰਕੇ ਰਾਜ ਸਰਕਾਰ ਨੂੰ 2007 ਵੱਲੋਂ ਅਦਿੱਤਿਆਨਾਥ ਦੇ ਗੋਰਖ਼ਪੁਰ ਵਿਚ ਦਿੱਤੇ ਭੜਕਾਊ ਭਾਸ਼ਣ ਨਾਲ ਸੰਬੰਧਤ ਕੇਸ ਦੀ ਸਥਿਤੀ ਦੱਸਣ ਲਈ ਕਿਹਾ। ਮੁੱਖ ਮੰਤਰੀ ਬਣਦਿਆਂ ਹੀ ਉਸ ਨੂੰ ਆਪਣੇ ਮੇਜ ਉੱਪਰ ਰਾਜ ਦੀ ਪੁਲਿਸ ਵੱਲੋਂ ਇਸ ਕੇਸ ਦਾ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਦੀ ਬੇਨਤੀ ਮਿਲੀ।

ਪਰਵਾਜ਼ ਨੇ ਇਕ ਦਹਾਕੇ ਤੱਕ ਇਸ ਕੇਸ ਦੀ ਪੈਰਵਾਈ ਕੀਤੀ ਸੀ। "ਸ਼ੁਰੂ 'ਚ ਮੈਂ ਸੋਚਦਾ ਸੀ ਕਿ ਇਸ ਦਾ ਨਤੀਜਾ ਬੁਰਾ ਹੋਵੇਗਾ," ਪਰਵਾਜ਼ ਨੇ ਮੈਨੂੰ 2017 'ਚ ਦੱਸਿਆ। "ਮੇਰੇ ਕੋਲ ਜੋ ਵੀ ਜਾਇਦਾਦ ਸੀ, ਮੈਨੂੰ ਵੇਚਣੀ ਪਈ ਤਾਂ ਜੁ ਮੈਂ ਅਦਾਲਤੀ ਲੜਾਈ ਲੜ ਸਕਾਂ, ਜੋ ਅਨੰਤ ਜਾਪਦੀ ਸੀ। ਪਰ ਮੇਰੇ ਕੋਲ ਅਦਿੱਤਿਆਨਾਥ ਦੇ ਖ਼ਿਲਾਫ਼ ਠੋਸ ਸਬੂਤ ਸਨ, ਅਤੇ ਇਹ ਘੋਰ ਨਿਰਾਸ਼ਾ 'ਚ ਵੀ ਮੈਨੂੰ ਢਾਰਸ ਦਿੰਦੇ ਰਹੇ।"

ਪਰਵਾਜ਼ ਨੇ ਜੋ ਸਬੂਤ ਜੁਟਾਏ ਸਨ, ਉਨ੍ਹਾਂ ਦੇ ਆਧਾਰ 'ਤੇ ਪੁਲਿਸ ਨੇ ਸ਼ੁਰੂ 'ਚ ਐੱਫ. ਆਈ.ਆਰ. ਦਰਜ ਕਰਨ ਤੋਂ ਨਾਂਹ ਕਰ ਦਿੱਤੀ। ਉਹ ਅਦਾਲਤ 'ਚ ਚਲਾ ਗਿਆ। ਹਾਈ ਕੋਰਟ ਦੇ ਦਖ਼ਲ ਤੋਂ ਬਾਦ ਹੀ ਉਹ ਸਤੰਬਰ 2008 'ਚ ਗੋਰਖ਼ਪੁਰ ਦੇ ਛਾਉਣੀ ਥਾਣੇ 'ਚ ਐੱਫ. ਆਈ.ਆਰ. ਦਰਜ ਕਰਵਾ ਸਕਿਆ। ਬਾਦ 'ਚ, ਕ੍ਰਾਈਮ ਬ੍ਰਾਂਚ-ਸੀ.ਆਈ.ਡੀ. ਨੇ ਦੋਸ਼ਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੇ ਦੇਖਿਆ ਕਿ ਅਦਿੱਤਿਆਨਾਥ ਅਤੇ ਉਸ ਦੇ ਚਾਰ ਸਾਥੀਆਂ ਵਿਰੁੱਧ ਮੁਕੱਦਮਾ ਚਲਾਉਣ ਲਈ ਚੋਖਾ ਦਮ ਹੈ। ਕ੍ਰਾਈਮ ਬ੍ਰਾਂਚ-ਸੀ.ਆਈ.ਡੀ. ਵੱਲੋਂ ਸੁਝਾਏ ਗਏ ਦੋਸ਼ਾਂ ਵਿੱਚੋਂ ਇਕ ਭਾਰਤੀ ਦੰਡਾਵਲੀ ਦੀ ਧਾਰਾ 153 ਦੇ ਤਹਿਤ ਸੀ ਯਾਨੀ ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਉਕਸਾਉਣਾ, ਇਸ ਅਪਰਾਧ ਦਾ ਨੋਟਿਸ ਲੈਣ ਲਈ ਸਰਕਾਰੀ ਮਨਜ਼ੂਰੀ ਦੀ ਲੋੜ ਸੀ। ਇਸ ਲਈ 10 ਜੁਲਾਈ 2015 ਨੂੰ, ਰਾਜ ਪੁਲਿਸ ਦੀ ਅਪਰਾਧ ਸ਼ਾਖਾ ਨੇ ਉੱਤਰ ਪ੍ਰਦੇਸ਼ ਦੇ ਗ੍ਰਹਿ ਵਿਭਾਗ ਤੋਂ ਅਦਿੱਤਿਆਨਾਥ ਅਤੇ ਹੋਰਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਇਜਾਜ਼ਤ ਮੰਗੀ। ਇਹ ਬੇਨਤੀ ਲੱਗਭੱਗ ਦੋ ਸਾਲਾਂ ਤੱਕ ਪੈਂਡਿੰਗ ਰਹੀ ਕਿਉਂਕਿ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਆਪਣੇ ਪਿਤਾ ਮੁਲਾਇਮ ਸਿੰਘ ਯਾਦਵ ਦੀ ਅਦਿੱਤਿਆਨਾਥ ਪ੍ਰਤੀ ਖ਼ੁਸ਼ਾਮਦੀ ਨੀਤੀ ਨੂੰ 2017 ਦੀਆਂ ਚੋਣਾਂ 'ਚ ਸਮਾਜਵਾਦੀ ਪਾਰਟੀ ਦੀ ਹਾਰ ਹੋਣ ਤੱਕ ਜਾਰੀ ਰੱਖਿਆ।



ਹੁਣ ਜਦੋਂ ਉਹ ਮੁੱਖ ਮੰਤਰੀ ਸੀ ਤਾਂ ਅਦਿੱਤਿਆਨਾਥ ਲਈ ਆਪਣੇ ਕੰਮਾਂ ਦੀ ਵਿਆਪਕ ਜਨਤਕ ਜਾਂਚ ਤੋਂ ਬਚਣਾ ਬਹੁਤ ਮੁਸ਼ਕਲ ਸੀ। ਇਸ ਤੋਂ ਬਾਦ ਦੇ ਮਹੀਨਿਆਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਸਵੈ-ਸੁਰੱਖਿਆ ਅਜੇ ਵੀ ਉਸਦਾ ਮੁੱਖ ਰਾਹ ਦਰਸਾਊ ਉਦੇਸ਼ ਹੈ – ਉਹ ਮੁਕੱਦਮੇ ਤੋਂ ਬਿਨਾਂ ਹੀ ਆਪਣੇ ਕੇਸ ਦਾ ਨਿਪਟਾਰਾ ਕਰਨ 'ਚ ਕਾਮਯਾਬ ਹੋ ਗਿਆ।

11 ਮਈ 2017 ਨੂੰ, ਰਾਜ ਸਰਕਾਰ ਨੇ ਮੁੱਖ ਸਕੱਤਰ ਰਾਹੁਲ ਭਟਨਾਗਰ ਦੁਆਰਾ ਦਾਇਰ ਇਕ ਹਲਫ਼ਨਾਮੇ ਰਾਹੀਂ ਹਾਈ ਕੋਰਟ ਨੂੰ ਸੂਚਿਤ ਕੀਤਾ ਕਿ ਉਸ ਨੇ ਐੱਫ.ਆਈ.ਆਰ. ਵਿਚ ਨਾਮਜ਼ਦ ਅਦਿੱਤਿਆਨਾਥ ਅਤੇ ਹੋਰਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਹੈ। ਇਸ ਦੇ ਆਧਾਰ 'ਤੇ ਅਲਾਹਾਬਾਦ ਹਾਈ ਕੋਰਟ ਨੇ 22 ਫਰਵਰੀ 2018 ਨੂੰ ਪਰਵਾਜ਼ ਦੀ ਪਟੀਸ਼ਨ ਖ਼ਾਰਜ ਕਰ ਦਿੱਤੀ। ਆਪਣੇ ਸਹਿ-ਪਟੀਸ਼ਨਰ ਅਸਦ ਹਯਾਤ ਦੇ ਨਾਲ, ਉਸ ਨੇ ਹੁਣ ਸੁਪਰੀਮ ਕੋਰਟ ਦਾ ਦਰ ਖੜਕਾਇਆ ਹੈ।

4 ਜੂਨ 2018 ਨੂੰ, ਸੁਪਰੀਮ ਕੋਰਟ ਦੀ ਅਪੀਲ 'ਤੇ ਵਿਚਾਰ ਕਰਨ ਤੋਂ ਪਹਿਲਾਂ, ਗੋਰਖ਼ਪੁਰ ਦੇ ਰਾਜਘਾਟ ਪੁਲਿਸ ਥਾਣੇ ਨੇ ਪਰਵਾਜ਼ ਅਤੇ ਉਸਦੇ ਦੋਸਤ ਜੁੰਮਨ ਬਾਬਾ 'ਤੇ ਬਲਾਤਕਾਰ ਦਾ ਦੋਸ਼ ਲਗਾਉਂਦੇ ਹੋਏ ਐੱਫ.ਆਈ.ਆਰ. ਦਰਜ ਕੀਤੀ। ਕੇਸ ਦੀ ਵਿਆਪਕ ਰਿਪੋਰਟਿੰਗ ਕਰਨ ਵਾਲੇ ਮਨੋਜ ਕੁਮਾਰ ਦੇ ਅਨੁਸਾਰ, ਦੋਸ਼ਾਂ 'ਚ ਕੋਈ ਦਮ ਨਹੀਂ ਸੀ।

ਕੁਮਾਰ ਨੇ ਦਲੀਲ ਦਿੱਤੀ ਕਿ ਰਾਜਘਾਟ ਦੇ ਐੱਸ.ਐੱਚ.ਓ. ਆਸ਼ੂਤੋਸ਼ ਕੁਮਾਰ ਸਿੰਘ, ਜਿਸ ਨੇ ਕਥਿਤ ਘਟਨਾ ਦੀ ਤਫ਼ਤੀਸ਼ ਕੀਤੀ, ਨੂੰ ਖ਼ੁਦ ਨੂੰ ਇਹ ਮਾਮਲਾ ਖੋਖਲਾ ਜਾਪਿਆ ਸੀ। ਕੁਮਾਰ ਨੇ ਮੈਨੂੰ ਦੱਸਿਆ, "ਆਪਣੀ ਰਿਪੋਰਟ ਵਿਚ ਉਸ ਨੇ ਮੈਨੂੰ ਦੱਸਿਆ ਕਿ ਜਿਸ ਥਾਂ 'ਤੇ ਕਥਿਤ ਜੁਰਮ ਹੋਇਆ ਸੀ, ਉਹ ਭੀੜ-ਭੜੱਕੇ ਵਾਲੀ ਥਾਂ ਸੀ ਅਤੇ ਜੁਰਮ ਦੇ ਸਮੇਂ ਵੀ ਇਲਾਕਾ ਲੋਕਾਂ ਨਾਲ ਭਰਿਆ ਹੋਇਆ ਸੀ।" ਉਸ ਨੇ ਇਹ ਵੀ ਜ਼ਿਕਰ ਕੀਤਾ ਕਿ ਕਥਿਤ ਬਲਾਤਕਾਰ ਦੇ ਸਮੇਂ ਦੋਵਾਂ ਮੁਲਜ਼ਮਾਂ ਦੀ ਲੋਕੇਸ਼ਨ ਵਾਰਦਾਤ ਵਾਲੀ ਥਾਂ ਤੋਂ ਕਾਫ਼ੀ ਦੂਰ ਸੀ। ਇਸ ਲਈ, ਐੱਸ.ਓ. ਨੇ ਆਪਣੀ ਰਿਪੋਰਟ ਵਿਚ ਐੱਫ.ਆਈ.ਆਰ. ਨੂੰ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ।"

ਐੱਸ.ਓ. ਵੱਲੋਂ ਆਪਣੀ ਰਿਪੋਰਟ ਦੇਣ ਤੋਂ ਬਾਦ ਪਰਵਾਜ਼ ਨੇ ਇਕ ਫੇਸਬੁੱਕ ਪੋਸਟ ਵਿਚ ਪੁੱਛਿਆ ਕਿ ਜਦੋਂ ਉਹ "ਪੂਰਵਾਂਚਲ ਦੇ ਫਿਰਕਾਪ੍ਰਸਤਾਂ" ਵਿਰੁੱਧ ਕਾਨੂੰਨੀ ਲੜਾਈ ਵਿਚ ਰੁੱਝਿਆ ਹੋਇਆ ਸੀ ਫਿਰ ਕੌਣ ਉਸਨੂੰ ਇਸ ਕੇਸ ਵਿਚ ਝੂਠਾ ਫਸਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਬਾਦ ਵਿਚ ਉਸੇ ਮਹੀਨੇ ਗੋਰਖ਼ਪੁਰ ਦੇ ਸੀਨੀਅਰ ਪੁਲਿਸ ਸੁਪਰਡੈਂਟ ਸ਼ਲਭ ਮਾਥੁਰ ਨੇ ਐੱਸ.ਓ. ਦੀ ਰਿਪੋਰਟ ਖਾਰਜ ਕਰ ਦਿੱਤੀ, ਜਿਸ ਨੇ ਮਾਮਲੇ ਦੀ ਨਵੀਂ ਜਾਂਚ ਦੇ ਆਦੇਸ਼ ਦਿੱਤੇ। ਇਸ ਦੂਜੀ ਜਾਂਚ ਦੇ ਆਧਾਰ 'ਤੇ ਪਰਵਾਜ਼ ਨੂੰ 25 ਸਤੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਕੁਮਾਰ ਨੇ ਕਿਹਾ, "ਉਸ ਅਤੇ ਉਸ ਦੇ ਦੋਸਤ 'ਤੇ ਜ਼ਿਲ੍ਹਾ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ ਸੀ, ਜਿਸ ਨੇ ਉਨ੍ਹਾਂ ਨੂੰ ਜੁਲਾਈ 2020 ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ।"

ਦੋਵਾਂ ਮਾਮਲਿਆਂ ਵਿਚ ਅਪੀਲਾਂ ਵਿਚਾਰ-ਅਧੀਨ ਹਨ – ਅਦਿੱਤਿਆਨਾਥ ਦੇ ਖ਼ਿਲਾਫ਼ ਨਫ਼ਰਤ ਭਰੇ ਭਾਸ਼ਣ ਦੇ ਮਾਮਲੇ 'ਚ ਸੁਪਰੀਮ ਕੋਰਟ ਵਿਚ ਅਤੇ ਪਰਵਾਜ਼ ਦੇ ਖ਼ਿਲਾਫ਼ ਬਲਾਤਕਾਰ ਦੇ ਮਾਮਲੇ 'ਚ ਅਲਾਹਾਬਾਦ ਹਾਈ ਕੋਰਟ ਵਿਚ।

ਮੈਂ ਅਦਿੱਤਿਆਨਾਥ ਨੂੰ ਕਈ ਇੰਟਰਵਿਊ ਬੇਨਤੀਆਂ ਭੇਜੀਆਂ, ਪਰ ਕੋਈ ਜਵਾਬ ਨਹੀਂ ਮਿਲਿਆ।

ਅਦਿੱਤਿਆਨਾਥ ਨੇ ਮੁੱਖ ਮੰਤਰੀ ਦੇ ਤੌਰ 'ਤੇ ਉਸ ਨੂੰ ਦਰਪੇਸ਼ ਜ਼ਿਆਦਾਤਰ ਸਮੱਸਿਆਵਾਂ ਦੇ ਰਾਜਨੀਤਕ ਹੱਲ ਵਜੋਂ ਹਿੰਸਾ ਨੂੰ ਹਥਿਆਰ ਬਣਾਇਆ ਹੈ। ਅਹੁਦਾ ਸੰਭਾਲਣ ਦੇ ਮਹੀਨਿਆਂ ਬਾਦ, ਜਦੋਂ ਰਾਜ ਵਿਚ ਵਿਗੜ ਰਹੀ ਕਾਨੂੰਨ ਵਿਵਸਥਾ ਦੀ ਸਥਿਤੀ ਦੀ ਉਸ ਦੀ ਆਲੋਚਨਾ ਲਗਾਤਾਰ ਤਿੱਖੀ ਹੋ ਰਹੀ ਸੀ ਤਾਂ ਉਸ ਨੇ ਸਾਫ਼ ਕਿਹਾ ਕਿ ਉਸ ਦਾ ਪ੍ਰਸ਼ਾਸਨ ਸੰਵਿਧਾਨਕ ਬੰਦਸ਼ਾਂ 'ਚ ਬੱਝਿਆ ਨਹੀਂ ਰਹੇਗਾ। ਇਕ ਟੈਲੀਵਿਜਨ ਇੰਟਰਵਿਊ 'ਚ ਉਸ ਨੇ ਐਲਾਨ ਕੀਤਾ, "ਅਗਰ ਅਪਰਾਧ ਕਰੇਂਗੇ, ਤੋ ਠੋਕ ਦੀਏ ਜਾਏਂਗੇ।"

ਇਸ ਤੋਂ ਬਾਦ ਪੂਰੇ ਰਾਜ ਵਿਚ ਪੁਲਿਸ "ਮੁਕਾਬਲੇ" ਦੀ ਲੜੀ ਸ਼ੁਰੂ ਹੋਈ – ਜਿਨ੍ਹਾਂ ਵਿੱਚੋਂ 432 ਇਸ ਕਵਾਇਦ ਦੇ ਪਹਿਲੇ ਮਹੀਨੇ 'ਚ ਹੀ ਵਾਪਰੇ। ਇਕ ਸਾਲ ਬਾਦ ਅਗਸਤ 2018 'ਚ, ਇੰਡੀਆ ਟੂਡੇ ਟੀਵੀ ਦੇ ਇਕ ਸਟਿੰਗ ਅਪ੍ਰੇਸ਼ਨ ਨੇ ਇਨਾਂ ਵਿੱਚੋਂ ਕੁਝ ਮੁਕਾਬਲਿਆਂ ਦੀ ਘ੍ਰਿਣਤ ਹਕੀਕਤ ਵੱਲ ਇਸ਼ਾਰਾ ਕੀਤਾ। ਖ਼ੁਲਾਸੇ ਤੋਂ ਸਾਹਮਣੇ ਆਇਆ ਕਿ ਕੁਝ ਪੁਲਿਸ ਅਧਿਕਾਰੀ ਬੇਕਸੂਰ ਨਾਗਰਿਕਾਂ ਨੂੰ ਝੂਠੇ ਕੇਸਾਂ 'ਚ ਫਸਾ ਰਹੇ ਸਨ ਅਤੇ ਵੱਢੀਆਂ ਅਤੇ ਤਰੱਕੀਆਂ ਦੇ ਬਦਲੇ ਉਨ੍ਹਾਂ ਨੂੰ ਝੂਠੇ ਮੁਕਾਬਲਿਆਂ 'ਚ ਗੋਲੀਆਂ ਮਾਰ ਰਹੇ ਸਨ।

ਇਸ ਨਾਲ ਜ਼ਬਰਦਸਤ ਹਲਚਲ ਮਚ ਗਈ ਪਰ ਅਦਿੱਤਿਆਨਾਥ ਆਪਣੀ ਗੱਲ 'ਤੇ ਅੜਿਆ ਰਿਹਾ। ਰਾਜ ਪ੍ਰਸ਼ਾਸਨ ਨੂੰ ਤਿੰਨ ਸਬ-ਇੰਸਪੈਕਟਰਾਂ ਨੂੰ ਤੁਰੰਤ ਮੁਅੱਤਲ ਕਰਨ ਦੇ ਹੁਕਮ ਦੇਣੇ ਪਏ ਜੋ ਇਸ ਕੰਮ ਲਈ ਆਪਣੀਆਂ ਸੇਵਾਵਾਂ ਪੇਸ਼ ਕਰਦੇ ਗੁਪਤ ਕੈਮਰਿਆਂ 'ਚ ਫੜੇ ਗਏ ਸਨ। ਸਰਕਾਰ ਨੇ ਭੇਤ ਖੋਲ੍ਹਣ ਵਾਲਿਆਂ ਦੇ ਖ਼ਿਲਾਫ਼ ਵੀ ਜਾਂਚ ਦੇ ਹੁਕਮ ਦਿੱਤੇ ਹਨ। ਪਰ ਸੌਦਾ ਕਰਨ ਵਾਲੇ ਪੁਲਸੀਆਂ ਨੇ ਜੋ ਭੇਤ ਖੋਲ੍ਹੇ ਸਨ ਉਨ੍ਹਾਂ ਦੀ ਜਾਂ ਹੋਰ ਮੁਕਾਬਲਿਆਂ 'ਚ ਸੰਭਾਵਿਤ "ਜ਼ਿਆਦਤੀਆਂ" ਦੀ ਜਾਂਚ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ।

ਇਸ ਦੀ ਬਜਾਏ ਹੋਇਆ ਇਹ ਕਿ ਇਨ੍ਹਾਂ ਮੁਕਾਬਲਿਆਂ ਦਾ ਸਿਲਸਿਲਾ ਹੋਰ ਤੇਜ਼ ਹੋ ਗਿਆ – ਅਣਅਧਿਕਾਰਕ ਤੌਰ 'ਤੇ ਇਸ ਨੂੰ "ਅਪ੍ਰੇਸਨ ਲੰਗੜਾ" ਕਿਹਾ ਜਾਂਦਾ ਹੈ, ਕਿਉਂਕਿ ਮੁਕਾਬਲਿਆਂ 'ਚ ਜ਼ਿਆਦਾਤਰ ਜ਼ਖ਼ਮੀਆਂ ਨੂੰ ਉਨ੍ਹਾਂ ਦੀਆਂ ਲੱਤਾਂ ਵਿਚ ਗੋਲੀ ਮਾਰੀ ਗਈ ਸੀ। ਖ਼ੁਲਾਸੇ ਤੋਂ ਮਹੀਨਿਆਂ ਬਾਦ ਅਦਿੱਤਿਆਨਾਥ ਹਿੰਸਾ ਨੂੰ ਆਪਣੀ ਸਰਕਾਰ ਦੀ ਵੱਡੀ ਪ੍ਰਾਪਤੀ ਵਜੋਂ ਬੁਲੰਦ ਕਰਨ ਦੀ ਹੱਦ ਤੱਕ ਚਲਾ ਗਿਆ। 2019 'ਚ ਗਣਤੰਤਰ ਦਿਵਸ ਤੋਂ ਪਹਿਲਾਂ ਰਾਜ ਦੇ ਮੁੱਖ ਸਕੱਤਰ ਨੇ ਜ਼ਿਲ੍ਹਾ ਮੈਜਿਸਟਰੇਟਾਂ ਨੂੰ "ਅਬ ਤਕ 3000" ਦੇ ਨਾਅਰੇ ਦਾ ਪ੍ਰਚਾਰ ਕਰਨ ਲਈ ਕਿਹਾ – ਇਹ ਅਦਿੱਤਿਆਨਾਥ ਦੇ ਸੱਤਾ ਸੰਭਾਲਣ ਤੋਂ ਬਾਦ ਹੋਏ ਪੁਲਿਸ ਮੁਕਾਬਲਿਆਂ ਦੀ ਗਿਣਤੀ ਦਾ ਹਵਾਲਾ ਸੀ।

"ਅਪ੍ਰੇਸ਼ਨ ਲੰਗੜਾ" ਦੇ ਪੀੜਤਾਂ ਵਿੱਚੋਂ ਇਕ ਅਯੂਬ ਕੁਰੈਸੀ ਨੂੰ ਦੋ ਵਾਰ ਅਜਿਹੇ "ਮੁਕਾਬਲੇ" ਦਾ ਸਾਹਮਣਾ ਕਰਨਾ ਪਿਆ। ਪਹਿਲੀ ਵਾਰ ਉਸ ਦੀ ਸੱਜੀ ਲੱਤ 'ਚ ਅਤੇ ਦੂਜੀ ਵਾਰ ਖੱਬੀ ਲੱਤ 'ਚ ਗੋਲੀ ਮਾਰੀ ਗਈ ਸੀ। ਮੁਜ਼ੱਫ਼ਰਨਗਰ ਜ਼ਿਲ੍ਹੇ ਦੇ ਖਤੌਲੀ ਦੇ ਰਹਿਣ ਵਾਲੇ ਕੁਰੈਸ਼ੀ ਨੂੰ ਯਕੀਨ ਨਹੀਂ ਹੈ ਕਿ ਪੁਲਸ ਤੀਜੀ ਵਾਰ ਉਸ ਦਾ "ਐਨਕਾਊਂਟਰ" ਨਹੀਂ ਕਰੇਗੀ। "ਪਹਿਲਾਂ ਮੇਰੇ ਵਿਰੁੱਧ ਕੋਈ ਕੇਸ ਨਹੀਂ ਸੀ, ਅਤੇ ਮੈਂ ਚੁੱਪਚਾਪ ਆਪਣਾ ਡੇਅਰੀ ਦਾ ਕਾਰੋਬਾਰ ਕਰ ਰਿਹਾ ਸੀ," ਉਸ ਨੇ ਮੈਨੂੰ ਦੱਸਿਆ। "ਮੁਸੀਬਤ 2019 ਦੇ ਅੱਧ 'ਚ ਸ਼ੁਰੂ ਹੋਈ, ਜਦੋਂ ਮੇਰਾ ਕਿਰਾਏਦਾਰ ਇਕ ਕੱਟਾ ਲਿਆਇਆ ਅਤੇ ਉਸ ਨੂੰ ਮੇਰੇ ਡੇਅਰੀ ਫਾਰਮ ਵਿਚ ਰੱਖਿਆ। ਉਸ ਨੇ ਵਾਅਦਾ ਕੀਤਾ ਕਿ ਉਹ ਅਗਲੇ ਦਿਨ ਲੈ ਜਾਵੇਗਾ। ਮੈਂ ਉਸ ਨੂੰ ਇਜਾਜ਼ਤ ਦੇ ਦਿੱਤੀ। ਰਾਤ ਨੂੰ ਪੁਲਿਸ ਦੀ ਟੀਮ ਨੇ ਮੇਰੀ ਡੇਅਰੀ 'ਤੇ ਛਾਪਾ ਮਾਰਿਆ ਅਤੇ ਇਹ ਐਲਾਨ ਕਰਨ ਤੋਂ ਬਾਦ ਕਿ ਮੈਂ ਕੱਟਾ ਚੋਰੀ ਕੀਤਾ ਸੀ, ਉਨ੍ਹਾਂ ਨੇ ਇਸ ਨੂੰ ਕਬਜ਼ੇ 'ਚ ਲੈ ਲਿਆ ਅਤੇ ਮੈਨੂੰ ਗ੍ਰਿਫ਼ਤਾਰ ਕਰ ਲਿਆ। ਮੈਂ ਹਾੜੇ ਕੱਢੇ ਕਿ ਕੱਟਾ ਮੇਰੇ ਕਿਰਾਏਦਾਰ ਵੱਲੋਂ ਲਿਆਂਦਾ ਗਿਆ ਸੀ, ਪਰ ਉਨ੍ਹਾਂ ਨੇ ਮੇਰੀ ਗੱਲ ਨਹੀਂ ਸੁਣੀ। ਮੈਂ ਇਹ ਸਾਬਤ ਨਹੀਂ ਕਰ ਸਕਿਆ ਕਿਉਂਕਿ ਮੇਰਾ ਕਿਰਾਏਦਾਰ ਭੱਜ ਗਿਆ ਸੀ।"

ਉਸ ਦੇ ਖ਼ਿਲਾਫ਼ ਚੋਰੀ ਅਤੇ ਜਾਨਵਰਾਂ 'ਤੇ ਅੱਤਿਆਚਾਰ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਅਤੇ ਉਸ ਦੀ ਜ਼ਿੰਦਗੀ ਨੇ ਭਿਆਨਕ ਮੋੜਾ ਕੱਟ ਲਿਆ। ਪੁਲਿਸ ਨੇ ਉਸ ਦੇ ਡੇਅਰੀ ਫਾਰਮ 'ਤੇ ਨਿਯਮਤ ਤੌਰ 'ਤੇ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਉਸ ਨੂੰ ਐਸੇ ਮਾਮਲਿਆਂ ਬਾਰੇ ਪੁੱਛਗਿੱਛ ਲਈ ਥਾਣੇ ਲਿਜਾਣਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਬਾਰੇ ਉਸ ਨੂੰ ਕੋਈ ਜਾਣਕਾਰੀ ਹੀ ਨਹੀਂ ਸੀ। ਕੁਰੈਸ਼ੀ ਨੇ ਦੱਸਿਆ, "ਇਕ ਵਾਰ ਉਹ ਮੇਰੀਆਂ ਮੱਝਾਂ ਲੈ ਗਏ ਅਤੇ 1.5 ਲੱਖ ਰੁਪਏ ਲੈਣ ਤੋਂ ਬਾਦ ਹੀ ਵਾਪਸ ਕੀਤੀਆਂ। ਜਿਉਂ ਜਿਉਂ ਉਨ੍ਹਾਂ ਵਲੋਂ ਪਰੇਸ਼ਾਨੀ ਵਧਦੀ ਗਈ, ਮੈਂ ਜ਼ਿਆਦਾ ਵਕਤ ਆਸੇ-ਪਾਸੇ ਰਹਿਣਾ ਸ਼ੁਰੂ ਕਰ ਦਿੱਤਾ। ਇਸ ਨਾਲ ਮੇਰਾ ਡੇਅਰੀ ਕਾਰੋਬਾਰ ਪ੍ਰਭਾਵਿਤ ਹੋਇਆ। ਇਹ ਮੇਰੇ ਟੱਬਰ ਦਾ ਆਮਦਨ ਦਾ ਇੱਕੋ ਇਕ ਵਸੀਲਾ ਹੋਣ ਦੇ ਬਾਵਜੂਦ ਮੈਨੂੰ ਇਹ ਕੰਮ ਬੰਦ ਕਰਨਾ ਪਿਆ।"

2019 ਦੇ ਅੰਤ 'ਚ, ਜਦੋਂ ਉੱਤਰ ਪ੍ਰਦੇਸ਼ 'ਚ ਮੁਕਾਬਲਿਆਂ ਦੇ ਮਾਮਲਿਆਂ ਦੀ ਗਿਣਤੀ ਵਧੀ ਤਾਂ ਕੁਰੈਸੀ ਦੀ ਮਾਂ, ਜੋ ਇਹ ਨਹੀਂ ਸੀ ਜਾਣਦੀ ਕਿ ਆਪਣੇ ਪੁੱਤਰ ਨੂੰ ਕਿਵੇਂ ਬਚਾਉਣਾ ਹੈ, ਨੇ ਇਕ ਪੱਤਰ ਲਿਖ ਕੇ ਨਿਆਂ ਦੀ ਮੰਗ ਕੀਤੀ ਅਤੇ ਇਹ ਉਨ੍ਹਾਂ ਸਾਰਿਆਂ ਨੂੰ ਭੇਜੀ ਜਿੰਨਾ ਬਾਰੇ ਉਹ ਸੋਚ ਸਕਦੀ ਸੀ। ਇਸ ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਮੈਨ, ਮੋਦੀ, ਅਦਿੱਤਿਆਨਾਥ ਅਤੇ ਸੀਨੀਅਰ ਰਾਜ ਅਤੇ ਜ਼ਿਲ੍ਹਾ ਪੁਲਿਸ ਅਧਿਕਾਰੀ ਸ਼ਾਮਲ ਸਨ। ਚਿੱਠੀ ਵਿਚ ਲਿਖਿਆ ਹੈ, "ਪੁਲਿਸ ਦੀ ਪ੍ਰੇਸ਼ਾਨੀ ਕਾਰਨ ਅਯੂਬ ਦੀ ਰੋਜ਼ੀ-ਰੋਟੀ ਖੁੱਸ ਗਈ ਹੈ। ਪੂਰਾ ਪਰਿਵਾਰ ਅਤੇ ਅੱਯੂਬ ਦੇ ਬੱਚੇ ਭੁੱਖਮਰੀ ਦੀ ਕਗਾਰ 'ਤੇ ਹਨ, ਅਤੇ ਪੁਲਿਸ ਲਗਾਤਾਰ ਮੇਰੇ ਮੁਹੱਲੇ 'ਚ ਗੇੜੇ ਮਾਰਦੀ ਹੈ ਅਤੇ ਅਕਸਰ ਐਲਾਨ ਕਰਦੀ ਹੈ ਕਿ ਇਸ ਵਾਰ ਉਹ ਅਯੂਬ ਨੂੰ ਜੇਲ੍ਹ ਪਹੁੰਚਾਉਣ ਤੋਂ ਪਹਿਲਾਂ ਉਸ ਦਾ ਮੁਕਾਬਲਾ ਬਣਾਉਣਗੇ।"

ਇਸ ਦਾ ਕੋਈ ਫ਼ਾਇਦਾ ਨਹੀਂ ਹੋਇਆ। ਕੁਰੈਸੀ ਨੇ ਦੱਸਿਆ, "ਗ਼ਲਤੀਆਂ ਨੂੰ ਸੁਧਾਰਨ ਦੀ ਬਜਾਏ, ਪੁਲਿਸ ਨੇ ਮੈਨੂੰ 5 ਅਕਤੂਬਰ 2020 ਨੂੰ ਇਕ ਗਾਂ ਨੂੰ ਮਾਰਨ ਦੇ ਦੋਸ਼ 'ਚ ਚੁੱਕ ਲਿਆ, ਜੋ ਕਿ ਮੇਰਠ ਵਿਚ ਕਿਤੇ ਵਾਪਰਿਆ ਸੀ। ਉਹ ਮੈਨੂੰ ਇਕ ਸੁੰਨਸਾਨ ਜਗ੍ਹਾ 'ਤੇ ਲੈ ਗਏ, ਜਿੱਥੇ ਉਨ੍ਹਾਂ ਨੇ ਮੈਨੂੰ ਭੁੰਜੇ ਸੁੱਟ ਦਿੱਤਾ ਅਤੇ ਐਨ ਨੇੜਿਓਂ ਮੇਰੀ ਖੱਬੀ ਲੱਤ 'ਚ ਗੋਡੇ ਦੇ ਹੇਠਾਂ ਗੋਲੀ ਮਾਰ ਦਿੱਤੀ।"

ਲੱਗਭੱਗ ਇਕ ਮਹੀਨੇ ਬਾਦ ਉਸ ਨੂੰ ਜ਼ਮਾਨਤ ਮਿਲ ਗਈ, ਪਰ 1 ਮਾਰਚ 2021 ਨੂੰ, ਪਹਿਲਾ ਜ਼ਖ਼ਮ ਠੀਕ ਹੋਣ ਤੋਂ ਪਹਿਲਾਂ ਹੀ ਉਸ ਨੂੰ ਇਕ ਮੋਟਰਸਾਈਕਲ ਚੋਰੀ ਕਰਨ ਦੇ ਦੋਸ਼ 'ਚ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ। "ਇਕ ਵਾਰ ਫਿਰ, ਉਹ ਮੈਨੂੰ ਇਕ ਸੁੰਨਸਾਨ ਜਗ੍ਹਾ ਲੈ ਗਏ ਅਤੇ ਗੋਡੇ ਤੋਂ ਹੇਠਾਂ ਮੇਰੀ ਸੱਜੀ ਲੱਤ 'ਚ ਗੋਲੀ ਮਾਰ ਦਿੱਤੀ। ਹੁਣ ਮੈਂ ਕਿਤੇ ਨਹੀਂ ਜਾਂਦਾ ਅਤੇ ਹਰ ਸਮੇਂ ਘਰ 'ਚ ਰਹਿੰਦਾ ਹਾਂ। ਇਕ ਵਾਰ ਮੈਂ ਸੋਚਿਆ ਕਿ ਮੇਰੇ ਨਾਲ ਜੋ ਵੀ ਹੋਇਆ, ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਲਿਖਾਂ, ਪਰ ਮੇਰੇ ਪਰਿਵਾਰਕ ਮੈਂਬਰਾਂ ਨੇ ਇਹ ਕਹਿ ਕੇ ਮੈਨੂੰ ਵਰਜ ਦਿੱਤਾ ਕਿ ਯੋਗੀ ਜੀ ਦੇ ਮੁੱਖ ਮੰਤਰੀ ਹੁੰਦਿਆਂ ਸਾਨੂੰ ਇਨਸਾਫ਼ ਨਹੀਂ ਮਿਲੇਗਾ।"

(ਚਲਦਾ...)

## ਆਲੀਆ

ਸਲਮਾ ਤੇ ਰਹਿਮਾਨ ਦੋਹਾਂ ਨੇ ਉਸ ਨੂੰ ਬਹੁਤ ਸਮਝਾਇਆ ਪਰ ਉਹ ਟੱਸ ਤੋਂ ਮੱਸ ਨਾ ਹੋਇਆ ਤੇ ਕੁਝ ਦਿਨਾਂ ਬਾਅਦ ਆਪਣੇ ਦੋਸਤਾਂ ਦੇ ਨਾਲ਼ ਪਤਾ ਨਹੀਂ ਕਿੱਥੇ ਚਲਾ ਗਿਆ।
ਰਹਿਮਾਨ ਨੇ ਉਸ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਤੇ ਜਦੋਂ ਇੱਕ ਦਿਨ ਖ਼ਬਰ ਮਿਲੀ ਵੀ ਤਾਂ ਪਤਾ ਲੱਗਾ ਕਿ ਸ਼ਬੀਰ ਵੀ ਮੁਜਾਹਿਦ ਬਣ ਗਿਆ ਹੈ। ਰਹਿਮਾਨ ਦੇ ਅਰਮਾਨਾਂ 'ਤੇ ਪਾਣੀ ਫਿਰ ਗਿਆ ਸੀ। ਸਲਮਾ ਰਾਤ ਦਿਨ ਸ਼ਬੀਰ ਦੇ ਵਾਪਸ ਆਉਣ ਲਈ ਦੁਆਵਾਂ ਮੰਗਦੀ। ਰਹਿਮਾਨ ਕਿਸੇ ਤਰਾਂ ਉਸ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਕਰਦਾ। ਕਿਸੇ ਜ਼ਰੀਏ ਸ਼ਬੀਰ ਕੋਲ਼ ਸੰਦੇਸ਼ ਭੇਜਿਆ ਕਿ ਉਹ ਜਿੱਥੇ ਚਾਹੇ ਨਿਕਾਹ ਕਰਾ ਲਵੇ ਬਸ ਵਾਪਸ ਘਰ ਆ ਜਾਵੇ। ਸ਼ਬੀਰ ਆਪਣੇ ਮਰਹੂਮ ਭਰਾ ਪਰਵੇਜ਼ ਵਾਂਗ ਹੀ ਰਹਿਣਾ ਚਾਹੁੰਦਾ ਸੀ। ਨੇਤਾ ਵਾਂਗ ਐਸ਼ਪ੍ਰਸਤੀ ਪਾਉਣਾ ਚਾਹੁੰਦਾ ਸੀ। ਰਹਿਮਾਨ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਗਈਆਂ।
ਵਕਤ ਗੁਜ਼ਰਦਾ ਗਿਆ। ਲੋਕਾਂ ਨਾਲ਼ ਕਦੇ ਭਰੀ ਰਹਿਣ ਵਾਲੀ ਕਸ਼ਮੀਰ ਘਾਟੀ ਲਗਭਗ ਹੁਣ ਸੁੰਨੀ ਜਿਹੀ ਹੋ ਗਈ ਸੀ। ਕੋਈ ਕਦੇ ਕਦਾਈਂ ਜੰਮੂ ਤੋਂ ਟਰੱਕ ਲੈ ਕੇ ਆਪਣਾ ਸਾਮਾਨ ਲੈਣ ਆਉਂਦਾ ਸੀ। ਅਮੀਰ ਮੁਸਲਿਮ ਘਰਾਣਿਆਂ ਨੇ ਵੀ ਆਪਣੀਆਂ ਬਹੂ-ਬੇਟੀਆਂ ਮਹਿਫ਼ੂਜ਼ ਥਾਵਾਂ 'ਤੇ ਭੇਜ ਦਿੱਤੀਆਂ ਸਨ। ਸਿਰਫ਼ ਗ਼ਰੀਬ ਤੇ ਮੱਧਵਰਗੀ ਪਰਿਵਾਰ ਹੀ ਇਸ ਅਤਿਵਾਦ ਦੀ ਅੱਗ ਨੂੰ ਬਰਦਾਸ਼ਤ ਕਰ ਰਹੇ ਸਨ। ਇੱਕ ਰਾਤ ਕਈ ਮੁਜਾਹਿਦ ਰਹਿਮਾਨ ਦੇ ਘਰ ਵਿੱਚ ਠਹਿਰੇ। ਸਲਮਾ ਨੇ ਖਾਣਾ ਪਰੋਸਿਆ। ਉਨਾਂ ਵਿੱਚੋਂ ਇੱਕ ਨੂੰ ਤਨ ਦੀ ਭੁੱਖ ਸੀ। ਉਸ ਨੂੰ ਪਤਾ ਸੀ ਕਿ ਪਰਵੇਜ਼ ਦੀ ਬੇਵਾ ਇੱਥੇ ਹੀ ਰਹਿੰਦੀ ਹੈ। ਬੰਦੂਕ ਦੀ ਨੋਕ 'ਤੇ ਉਸ ਨੇ ਸ਼ਮੀਮ ਨੂੰ ਹਾਸਿਲ ਕਰ ਲਿਆ। ਸਭ ਦੇ ਸਾਹਮਣੇ ਉਸ ਨੇ ਸ਼ਮੀਮ ਦੇ ਤਨ ਨੂੰ ਨੰਗਾ ਕਰ ਦਿੱਤਾ। ਰਹਿਮਾਨ ਕੁਝ ਨਾ ਕਰ ਸਕਿਆ। ਸਲਮਾ ਛਾਤੀ ਪਿੱਟ-ਪਿੱਟ ਕੇ ਰੋਂਦੀ ਰਹੀ। ਪਰ ਉਹ ਮੁਜਾਹਿਦ ਟੱਸ ਤੋਂ ਮੱਸ ਨਾ ਹੋਇਆ। ਤਨ ਦੀ ਭੁੱਖ ਮਿਟਾ ਕੇ ਹੀ ਹਟਿਆ। ਸ਼ਮੀਮ ਅੱਧਮਰੀ ਜਿਹੀ ਕਿੰਨੀ ਦੇਰ ਤੱਕ ਉਵੇਂ ਦੀ ਉਵੇਂ ਹੀ ਪਈ ਰਹੀ।
ਰਹਿਮਾਨ ਖ਼ੁਦਕੁਸ਼ੀ ਕਰਨਾ ਚਾਹੁੰਦਾ ਸੀ। ਪਰ ਬੇਟੀ ਆਲੀਆ ਦਾ ਸਹਿਮਿਆ ਤੇ ਡਰਿਆ ਚਿਹਰਾ ਦੇਖ ਕੇ ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ? ਕਈ ਦਿਨਾਂ ਤੱਕ ਉਹ ਦੁਕਾਨ 'ਤੇ ਵੀ ਨਾ ਜਾ ਸਕਿਆ। ਸਭ ਪੁੱਛਦੇ ਤਾਂ ਉਹ ਕੀ ਕਹਿੰਦਾ ਕਿ ਉਸ ਦੀਆਂ ਅੱਖਾਂ ਸਾਹਮਣੇ ਉਸ ਦੀ ਬਹੂ ਦੀ ਆਬਰੂ ਦੀਆਂ ਇੱਕ ਮੁਜਾਹਿਦ ਨੇ ਧੱਜੀਆਂ ਉੱਡਾ ਦਿੱਤੀਆਂ ਸਨ ਤੇ ਉਹ ਕੁਝ ਨਾ ਕਰ ਸਕਿਆ। ਪਰ ਗ਼ਰੀਬ ਕਿੰਨੇ ਦਿਨ ਦੁਕਾਨ ਬੰਦ ਰੱਖਦਾ। ਮਜਬੂਰ ਹੋ ਕੇ ਉਸ ਨੂੰ ਦੁਕਾਨ 'ਤੇ ਜਾਣਾ ਹੀ ਪਿਆ। ਉਸ ਨੂੰ ਹੁਣ ਆਪਣੀ ਜ਼ਿੰਦਗੀ ਜ਼ਿੰਦਾ ਲਾਸ਼ ਜਿਹੀ ਲੱਗਦੀ, ਹਰ ਸਮੇਂ ਉਸ ਨੂੰ ਘਰ ਦੀ ਫ਼ਿਕਰ ਲੱਗੀ ਰਹਿੰਦੀ।
ਰਹਿਮਾਨ ਕਈ ਵਾਰ ਸੋਚਦਾ ਕਿ ਉਹ ਵੀ ਪਰਿਵਾਰ ਲੈ ਕੇ ਘਾਟੀ ਤੋਂ ਨਿਕਲ ਜਾਵੇ ਪਰ ਗ਼ਰੀਬੀ ਆੜੇ ਆ ਜਾਂਦੀ। ਕਦੇ ਸੋਚਦਾ ਕਿ ਸਭ ਨੂੰ ਜ਼ਹਿਰ ਦੇ ਦੇਵੇ ਤੇ ਖ਼ੁਦ ਵੀ ਖਾ ਲਵੇ ਪਰ ਹਿੰਮਤ ਨਾ ਪੈਂਦੀ।
ਹੁਣ ਉਸ ਨੂੰ ਆਲੀਆ ਦੀ ਫ਼ਿਕਰ ਰਹਿੰਦੀ। ਰਾਤ ਦਿਨ ਉਸ ਦੇ ਰਿਸ਼ਤੇ ਦੀ ਫ਼ਿਕਰ ਰਹਿੰਦੀ। ਉਸ ਦੀ ਭੈਣ ਇੱਕ ਦਿਨ ਆਲੀਆ ਦਾ ਹੱਥ ਮੰਗਣ ਆ ਗਈ। ਰਹਿਮਾਨ ਨੂੰ ਮੂੰਹ ਮੰਗੀ ਮੁਰਾਦ ਮਿਲ ਗਈ। ਉਸ ਨੇ ਫੌਰਨ ਹਾਂ ਕਰ ਦਿੱਤੀ ਤੇ ਛੇਤੀ ਹੀ ਉਸ ਦੇ ਨਿਕਾਹ ਦਾ ਦਿਨ ਕਢਾ ਲਿਆ।
ਘਰ ਵਿੱਚ ਤਿਆਰੀਆਂ ਹੋਣ ਲੱਗੀਆਂ। ਸ਼ਮੀਮ ਪੂਰੀ ਤਰਾਂ ਨਾਲ਼ ਸ਼ਾਦੀ ਦੀਆਂ ਤਿਆਰੀਆਂ ਵਿੱਚ ਜੁਟ ਗਈ। ਬੁਝੀ ਬੁਝੀ ਮਰੀਅਲ ਜਿਹੀ ਸ਼ਮੀਮ ਇੱਕ ਲਾਸ਼ ਵਾਂਗ ਸਿਰਫ਼ ਆਰਿਫ਼ ਲਈ ਜੀਅ ਰਹੀ ਸੀ। ਉਸ ਡਰਾਉਣੇ ਹਾਦਸੇ ਤੋਂ ਬਾਅਦ ਸਲਮਾ ਤੇ ਰਹਿਮਾਨ ਕਈ ਦਿਨਾਂ ਤੱਕ ਉਸ ਨਾਲ਼ ਅੱਖਾਂ ਨਾ ਮਿਲਾ ਸਕੇ। ਪਰ ਸ਼ਮੀਮ ਨੇ ਇੱਕ ਦਿਨ ਸਭ ਨੂੰ ਬਿਠਾ ਕੇ ਕਿਹਾ, 'ਤੁਸੀਂ ਸਾਰੇ ਮੇਰੇ ਨਾਲ਼ ਨਜ਼ਰਾਂ ਨਾ ਫੇਰੋ, ਉਂਝ ਵੀ ਮੇਰਾ ਜੀਵਨ ਹੁਣ ਬੇਕਾਰ ਐ। ਮੈਂ ਤਾਂ ਆਰਿਫ਼ ਲਈ ਜੀਅ ਰਹੀ ਆਂ। ਇਹ ਤਾਂ ਚੰਗਾ ਹੋਇਆ ਕਿ ਉਸ ਨੇ ਮੈਨੂੰ ਦਾਗ਼ਦਾਰ ਕੀਤਾ। ਮੈਂ ਤਾਂ ਖ਼ੁਦ ਬਾਹਰ ਆਈ ਸੀ ਕਿਉਂਕਿ ਆਲੀਆ ਮੇਰੇ ਨਾਲ਼ ਹੀ ਸੌਂ ਰਹੀ ਸੀ। ਮੈਂ ਨਹੀਂ ਚਾਹੁੰਦੀ ਸੀ ਕਿ ਉਸ ਦਰਿੰਦੇ ਦੀ ਨਜ਼ਰ ਇਸ 'ਤੇ ਪਵੇ। ਇਸ ਲਈ ਤੁਸੀਂ ਖ਼ੁਦ ਨੂੰ ਦੋਸ਼ੀ ਨਾ ਮੰਨੋ। ਮੈਂ ਤਾਂ ਖ਼ੁਦ ਹੀ ਬਾਹਰ ਆਈ ਸੀ।'
ਰਹਿਮਾਨ ਤੇ ਸਲਮਾ ਇਹ ਸੁਣ ਕੇ ਹੈਰਾਨ ਰਹਿ ਗਏ। ਉਸ ਦੇ ਬਾਅਦ ਸ਼ਮੀਮ ਨਾਲ਼ ਉਹ ਆਹਮੋ ਸਾਹਮਣੇ ਹੁੰਦੇ ਰਹਿੰਦੇ ਸੀ। ਉਨਾਂ ਦੀ ਨਜ਼ਰ ਵਿੱਚ ਉਹ ਅੱਜ ਵੀ ਪਾਕ ਸੀ। ਉਹ ਬੜੀ ਕੋਸ਼ਿਸ਼ ਕਰਦੇ ਕਿ ਕਿਸੇ ਤਰਾਂ ਸ਼ਮੀਮ ਦਾ ਦੁਖ ਵਟਾ ਸਕਣ। ਸ਼ਹਿਰ ਵਿੱਚ ਰੋਜ਼ ਹੀ ਬੰਬ ਧਮਾਕੇ ਹੁੰਦੇ। ਕਦੇ ਪੁਲਿਸ ਗੋਲੀਆਂ ਚਲਾਉਂਦੀ ਤਾਂ ਕਦੇ ਮੁਜਾਹਿਦ। ਕਦੇ ਕਦਾਈਂ ਸ਼ਹਿਰ ਵਿੱਚ ਮੁਜਾਹਿਦਾਂ ਦੇ ਜਲੂਸ ਨਿਕਲਦੇ ਜਿਨਾਂ ਵਿੱਚ ਬਹੁਤ ਲੋਕ ਹੁੰਦੇ। ਜਦੋਂਕਿ ਇੰਨੀ ਤਾਂ ਅਬਾਦੀ ਵੀ ਨਹੀਂ ਸੀ ਬਚੀ। ਪਰ ਗੁਆਂਢੀ ਇਲਾਕਿਆਂ ਦੇ ਲੋਕ ਆਉਂਦੇ ਤੇ ਦਹਿਸ਼ਤ ਫੈਲਾ ਕੇ ਚਲੇ ਜਾਂਦੇ।
ਇੱਧਰ ਹਫ਼ਤੇ ਭਰ ਤੋਂ ਸ਼ਮੀਮ ਨੂੰ ਤੇਜ਼ ਬੁਖ਼ਾਰ ਸੀ। ਰਹਿਮਾਨ ਨੇ ਕਈ ਡਾਕਟਰਾਂ ਨੂੰ ਦਿਖਾਇਆ ਪਰ ਹੁਣ ਤੱਕ ਕੋਈ ਖ਼ਾਸ ਆਰਾਮ ਨਹੀਂ ਸੀ ਮਿਲਿਆ। ਸਿਰਦਰਦ ਦੇ ਮਾਰੇ ਉਸ ਦਾ ਬੁਰਾ ਹਾਲ ਸੀ। ਤਦੇ ਗੁਆਂਢ ਦੀ ਸ਼ਾਹਿਦਾ ਬਾਨੋ ਨੇ ਕਿਹਾ ਕਿ ਪੰਜਰਤਨ ਤੇਲ ਨਾਲ਼ ਮਾਲਿਸ਼ ਕਰ ਦਿਓ। ਆਲੀਆ ਨੇ ਜਿਵੇਂ ਹੀ ਸੁਣਿਆ, ਉਹ ਨੱਠ ਕੇ ਦਵਾਈ ਦੀ ਦੁਕਾਨ 'ਤੇ ਪੁੱਜੀ। ਤੇਲ ਲੈ ਕੇ ਉਹ ਮੁੜ ਹੀ ਰਹੀ ਸੀ ਕਿ ਉਸ ਦੇ ਕੋਲ਼ ਇੱਕ ਜੀਪ ਰੁਕੀ ਤੇ ਕੁਝ ਮੁਜਾਹਿਦਾਂ ਨੇ ਉਸ ਨੂੰ ਜ਼ਬਰਦਸਤੀ ਚੁੱਕ ਕੇ ਜੀਪ ਵਿੱਚ ਧੱਕ ਦਿੱਤਾ। ਉਹ ਰੋਂਦੀ ਚੀਖਦੀ ਰਹੀ ਪਰ ਜੀਪ ਦੌੜਦੀ ਰਹੀ। ਕੁਝ ਪਲਾਂ ਬਾਅਦ ਰੁਕੀ ਤੇ ਆਲੀਆ ਨੂੰ ਜਿਹਾਦੀ ਘੜੀਸਦੇ ਹੋਏ ਮਕਾਨ ਦੇ ਅੰਦਰ ਲੈ ਗਏ ਤੇ ਚੀਖ਼ਦੇ ਹੋਏ ਖ਼ੁਸ਼ੀ ਵਿੱਚ ਬੋਲੇ, 'ਸ਼ਾਹ ਸਾਹਿਬ, ਦੇਖੋ ਤੁਹਾਡੇ ਲਈ ਕੀ ਗੁੰਦਵਾਂ ਮਾਲ ਲਿਆਏ ਹਾਂ। ਖ਼ੁਸ਼ੀਆਂ ਮਨਾਓ, ਮੌਜਾਂ ਕਰੋ। ਸ਼ਾਹ ਸਾਹਿਬ, ਤੇਲ ਇਸ ਦੇ ਹੱਥ ਵਿੱਚ ਹੈ ਕੰਮ ਆਵੇਗਾ।' ਉਹ ਠਹਾਕੇ ਮਾਰ ਕੇ ਹੱਸਣ ਲੱਗੇ ਤੇ 'ਅਸੀਂ ਵੀ ਕੁਝ ਲੈ ਆਉਂਨੇ ਆਂ।' ਕਹਿ ਕੇ ਬਾਹਰ ਨੂੰ ਚਲੇ ਗਏ।
ਆਲੀਆ ਦੀ ਨਜ਼ਰ ਜਿਵੇਂ ਹੀ ਸਾਹਮਣੇ ਸ਼ਾਹ ਸਾਹਿਬ 'ਤੇ ਪਈ ਉਹ ਠੱਗੀ ਜਿਹੀ ਰਹਿ ਗਈ।
ਸਾਹਮਣੇ ਉਸ ਦਾ ਭਾਈ ਸ਼ਬੀਰ ਸੀ। ਉਹ ਭੜਕਦਿਆਂ ਬੋਲੀ, 'ਆ ਐਸ਼ ਕਰ, ਗੌਰ ਨਾਲ਼ ਦੇਖ, ਮੈਂ ਤੇਰੀ ਭੈਣ ਆਂ। ਇੱਜ਼ਤ ਲੁੱਟਣੀ ਹੈ ਤਾਂ ਮੈਂ ਖ਼ੁਦ ਹੀ ਕੱਪੜੇ ਲਾਹ ਦਿੰਨੀ ਆਂ।'
ਸ਼ਬੀਰ ਨੇ ਹੱਥ ਫੜ ਕੇ ਉਸ ਦੀ ਗੱਲ 'ਤੇ ਥੱਪੜ ਮਾਰਿਆ, 'ਆਲੀਆ, ਪਿੱਛੇ ਦਰਵਾਜ਼ੇ ਤੋਂ ਦੌੜ ਜਾ।'
'ਕਿਉਂ ਮੈਨੂੰ ਦੇਖ ਕੇ ਖ਼ੂਨ ਕਿਉਂ ਠੰਢਾ ਪੈ ਗਿਆ? ਕਿਸੇ ਨਾ ਕਿਸੇ ਦੀ ਆਬਰੂ ਤਾਂ ਲੁੱਟ ਕੇ ਹੀ ਰਹੋਗੇ ਨਾ, ਇਹ ਤੁਹਾਡੇ ਹੀ ਤਾਂ ਭੇਜੇ ਲੋਕ ਨੇ।'
'ਆਲੀਆ ਖ਼ੁਦਾ ਲਈ ਖ਼ਾਮੋਸ਼ ਹੋ ਜਾ, ਮੈਂ ਤੈਨੂੰ ਲਿਆਉਣ ਲਈ ਇਨਾਂ ਨੂੰ ਥੋੜ੍ਹਾ ਕਿਹਾ ਸੀ। ਆਲੀਆ ਤੈਨੂੰ ਅੱਬੂ ਤੇ ਅੰਮੀ ਦਾ ਵਾਸਤਾ ਇੱਥੋਂ ਦੌੜ ਜਾ।'
ਉਸੇ ਪਲ ਆਲੀਆ ਨੂੰ ਸ਼ਮੀਮ ਦੀ ਤਬੀਅਤ ਯਾਦ ਆ ਗਈ। ਉਹ ਪਾਗਲਾਂ ਵਾਂਗ ਬੇਤਹਾਸ਼ਾ ਘਰ ਵੱਲ ਦੌੜਨ ਲੱਗੀ। ਰਸਤਾ ਉਸ ਨੂੰ ਚੰਗੀ ਤਰਾਂ ਯਾਦ ਨਹੀਂ ਸੀ। ਉਨਾਂ ਸੁੰਨਸਾਨ ਸੜਕਾਂ 'ਤੇ ਸੰਘਣਾ ਹਨੇਰਾ ਛਾਇਆ ਸੀ। ਪਾਗਲਾਂ ਵਾਂਗ ਉਹ ਦੌੜ ਰਹੀ ਸੀ ਤਦੇ ਉਸ ਨੂੰ ਪਿੱਛੇ ਕਿਸੇ ਗੱਡੀ ਦੀ ਰੌਸ਼ਨੀ ਦਿਖਾਈ ਦਿੱਤੀ। ਉਹ ਉੱਥੇ ਹੀ ਰੁਕ ਗਈ ਤੇ ਹੱਥ ਦੇ ਕੇ ਰੋਕਣ ਲੱਗੀ।
ਗੱਡੀ ਰੁਕੀ। ਉਸ ਵਿੱਚ ਸ਼ਬੀਰ ਸੀ। ਉਸ ਨੇ ਆਲੀਆ ਨੂੰ ਗੱਡੀ ਵਿੱਚ ਬਿਠਾਇਆ ਤੇ ਉਸ ਨੂੰ ਘਰ ਪਹੁੰਚਾਇਆ। ਘਰ ਦੇ ਬਾਹਰ ਰਹਿਮਾਨ ਤੇ ਸਲਮਾ ਪ੍ਰੇਸ਼ਾਨ ਖੜੇ ਸੀ। ਗੱਡੀ ਵਿੱਚੋਂ ਉਤਰਦੀ ਆਲੀਆ ਤੇ ਸ਼ਬੀਰ ਨੂੰ ਇਕੱਠਿਆਂ ਦੇਖ ਕੇ ਰਹਿਮਾਨ ਬੇਚੈਨ ਜਿਹਾ ਹੋ ਗਿਆ ਸੀ।
ਉਸ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਸ਼ਬੀਰ ਨੇ ਅੱਬੂ ਨੂੰ ਕਿਹਾ, 'ਰਾਤ ਨੂੰ ਇਸ ਨੂੰ ਇਕੱਲਿਆਂ ਕਿੱਥੇ ਭੇਜਿਆ ਸੀ, ਨਿਕਾਹ ਤੱਕ ਇਸ ਨੂੰ ਬਾਹਰ ਨਾ ਆਉਣ ਦੇਣਾ।'
ਰਹਿਮਾਨ ਸੁਣ ਕੇ ਹੈਰਾਨ ਸੀ, 'ਕੀ ਤੈਨੂੰ ਪਤਾ ਲੱਗ ਗਿਆ ਕਿ ਇਸ ਦਾ ਨਿਕਾਹ ਹੋਣ ਵਾਲਾ ਹੈ?'
'ਹਾਂ ਮੌਲਵੀ ਸਾਹਿਬ ਨੇ ਖ਼ਬਰ ਭੇਜੀ ਸੀ, ਇਸ ਲਈ ਮੈਂ ਅੱਜ ਇੱਥੇ ਆਇਆਂ।'
ਆਲੀਆ ਨੂੰ ਮਾਂ ਦੇ ਹਵਾਲੇ ਕਰ ਸ਼ਬੀਰ ਜਾਣ ਲੱਗੇ ਭੈਣ ਨੂੰ ਗਲ ਨਾਲ਼ ਲਾ ਕੇ ਕੰਨ ਵਿੱਚ ਫੁਸਫੁਸਾਉਣ ਲੱਗਾ, 'ਮੈਨੂੰ ਮੁਆਫ਼ ਕਰਨਾ।' ਸ਼ਬੀਰ ਜੀਪ ਵਿੱਚ ਬੈਠ ਕੇ ਚਲਾ ਗਿਆ। ਰਹਿਮਾਨ ਨੇ ਉਸ ਨੂੰ ਰੁਕਣ ਲਈ ਨਾ ਕਿਹਾ।
ਸਭ ਘਰ ਵਾਲਿਆਂ ਨੇ ਆਲੀਆ ਤੋਂ ਪੁੱਛਿਆ, 'ਤੂੰ ਕਿੱਥੇ ਚਲੀ ਗਈ ਸੀ? ਸ਼ਬੀਰ ਕਿੱਥੇ ਮਿਲਿਆ?'
ਆਲੀਆ ਦੋ ਕੁ ਮਿੰਟ ਰੁਕ ਕੇ ਬੋਲੀ, 'ਅੱਬੂ, ਦਵਾਈ ਵਾਲੀ ਦੁਕਾਨ ਤੋਂ ਨਿਕਲ ਕੇ ਮੈਂ ਘਰ ਨੂੰ ਆ ਰਹੀ ਸੀ ਕਿ ਭਾਈਜਾਨ ਇੱਕ ਗਲੀ ਕੋਲ਼ ਮਿਲ ਗਏ। ਤੁਹਾਡਾ ਸਭ ਦਾ ਹਾਲ ਪੁੱਛ ਰਹੇ ਸੀ। ਇਸ ਲਈ ਦੇਰ ਹੋ ਗਈ।'
ਦਰਅਸਲ ਆਲੀਆ ਹਕੀਕਤ ਬਿਆਨ ਕਰਕੇ ਘਰ ਵਾਲਿਆਂ ਨੂੰ ਨਵਾਂ ਸਦਮਾ ਨਹੀਂ ਦੇਣਾ ਚਾਹੁੰਦੀ ਸੀ।

## ਉਜਾੜੇ ਤੋਂ ਤਰੱਕੀ...

ਛਾਂ ਹੋਣ ਕਰਕੇ ਬੂਟੇ ਜਲਦੀ ਉੱਗ ਆਏ ਤੇ ਦਿਨਾਂ ਅੰਦਰ ਹੀ ਗਿੱਠ-ਗਿੱਠ ਉੱਚੇ ਨਿਕਲ ਗਏ। ਪਰ ਖੇਤ ਜਾਂਦਿਆਂ ਹੀ ਧੁੱਪ ਨਾਲ਼ ਮੁਰਝਾ ਗਏ ਤੇ ਲਮਕ ਕੇ ਦੂਹਰੇ ਹੋ ਗਏ।
ਕਾਰਨ ਇਹੋ ਕਿ ਔਕੜਾਂ ਨਾਲ਼ ਵਾਹ ਨਹੀਂ ਸੀ ਪਿਆ ਉਨਾਂ ਦਾ, ਧੁੱਪ ਨਹੀਂ ਹੰਢਾਈ, ਗਰਮ ਹਵਾ ਤਨ ਤੇ ਉਨਾਂ ਝੱਲੀ ਨਹੀਂ ਸੀ।
ਸੋ, ਕਦੀ ਬਿਨ ਬੁਲਾਈ ਮੁਸ਼ਕਿਲ ਆਣ ਬਣੇ, ਖ਼ੁਦ ਨੂੰ ਖ਼ਤਮ ਕਰਨ ਤੱਕ ਦੀ ਸੋਚ ਆਉਣ ਲੱਗ ਪਵੇ ਤਾਂ ਸਮਝ ਲਵੋ ਕਿ ਤੁਹਾਨੂੰ ਅਗਲੀ ਕਲਾਸ ਵਿੱਚ ਬਿਠਾਉਣ ਲਈ ਪੇਪਰ ਪੈ ਗਏ ਹਨ। ਉਦੋਂ ਤੁਸੀਂ ਉਸ ਵਿਦਿਆਰਥੀ ਵਰਗੇ ਹੁੰਦੇ ਹੋ ਜੋ ਸੋਚਦੈ ਕਿ ਇਸ ਤੋਂ ਚੰਗਾ ਪੜਾਈ ਹੀ ਛੱਡ ਦੇਈਏ।
ਬਿਹਤਰ ਹੈ ਕਿ ਉਦੋਂ ਸ਼ਿੱਦਤ ਵਰਤੋ ਅਤੇ ਹਾਲਾਤਾਂ ਨਾਲ਼ ਨਜਿੱਠੋ, ਉਦੋਂ ਬ੍ਰਹਿਮੰਡ ਦਾ ਇਹ ਨਿਯਮ ਜ਼ਰੂਰ ਯਾਦ ਰੱਖਿਓ ਕਿ ਉਸ ਨੇ ਆਪਣੀ ਬੁੱਕਲ ਅੰਦਰ ਤੁਹਾਡੇ ਲਈ ਕੁਝ ਚੰਗਾ ਹੀ ਲੁਕੋ ਕੇ ਰੱਖਿਆ ਹੈ, ਉਹ ਤੁਹਾਡੀ ਕਾਬਲੀਅਤ ਦੇਖਣੀ ਚਾਹੁੰਦਾ ਹੈ।
ਉਦੋਂ ਖ਼ੁਦ ਨੂੰ ਉਹ ਕੁਝ ਲੈਣ ਦੇ ਕਾਬਿਲ ਬਣਾਓ
ਜੇਕਰ ਉਹ ਕਾਦਿਰ ਖ਼ੁਸ਼ ਹੋਵੇ ਤਾਂ ਰੋਟੀ ਦੇ ਹੀਲੇ ਵਸੀਲੇ ਕਦੇ ਵੀ ਬੰਦ ਨਹੀਂ ਕਰਦਾ ਜਿਹੜੀ ਕਿ ਜੀਊਣ ਦੀ ਮੁੱਖ ਲੋੜ ਹੈ ਪਰ ਕਈ ਅਜਿਹੇ ਹਨ ਜਿਨਾਂ ਦੀਆਂ ਚਾਰੇ ਜੇਬਾਂ ਭਰੀਆਂ ਹਨ ਪਰ ਟੱਬਰ ਵਿੱਚ ਬੈਠ ਕੇ ਰੋਟੀ ਖਾਣ ਦਾ ਲੁਤਫ਼ ਨਹੀਂ ਉਠਾ ਸਕਦੇ।
ਖ਼ੁਸ਼ਕਿਸਮਤ ਹੁੰਦਾ ਹੈ ਉਹ ਇਨਸਾਨ ਜਿਸ ਨੂੰ ਘਰ ਦੀ ਪੱਕੀ ਨਸੀਬ ਹੁੰਦੀ ਹੈ। ਕਦੇ ਬਾਹਰੋਂ ਖਾਣ ਨੂੰ ਖ਼ੁਸ਼ਕਿਸਮਤੀ ਸਮਝਣ ਦੀ ਗ਼ਲਤੀ ਹੋ ਜਾਏ ਤਾਂ ਕਿਸੇ ਲੰਮੇ ਰੂਟ ਦੇ ਡਰਾਇਵਰ ਨੂੰ ਮਿਲਣਾ।
ਕਦੇ ਘਰ ਵਿੱਚ ਮਨਪਸੰਦ ਸਬਜ਼ੀ ਨਾ ਬਣੇ ਤਾਂ ਉਹ ਸਬਜ਼ੀ ਕਿਸੇ ਆਸ-ਪਾਸ ਫੁੱਟਪਾਥ 'ਤੇ ਬੈਠੇ ਮੰਗਤੇ ਨੂੰ ਦੇ ਕੇ ਦੇਖਣਾ, ਜਿੰਨੀਆਂ ਅਸੀਸਾਂ ਕੰਨ ਸੁਣਨਗੇ, ਉਸ ਰੱਬ ਸੋਹਣੇ ਦਾ ਸ਼ੁਕਰਾਨਾ ਕਰਿਓ ਕਿ ਜਿਸ ਸਬਜ਼ੀ ਨੂੰ ਕਿੰਨੇ ਸਾਰੇ ਤਰਸਦੇ ਹਨ ਉਹ ਮੇਰੇ ਘਰ ਬਣਦੀ ਹੈ।
ਆਓ ਮਹਿਸੂਸ ਕਰੀਏ ਕਿ ਆਪਾਂ ਕਿੰਨੇ ਖ਼ੁਸ਼ਕਿਸਮਤ ਹਾਂ, ਉਸਦੀਆਂ ਨੇਮਤਾਂ ਦੇ ਸ਼ੁਕਰਗੁਜ਼ਾਰ ਬਣੀਏ ਤੇ ਗੁਨਾਹਾਂ ਤੋਂ ਬਚੀਏ। ਸਦਾ ਸ਼ੁਕਰਾਨੇ ਵਿੱਚ ਰਹੀਏ।

## ਤਿੜਕ ਰਿਹਾ ਭਾਰਤੀ...

ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦਾ ਮੁੱਦਾ, ਵੱਖਰੀ ਉੱਚ-ਅਦਾਲਤ ਅਤੇ ਸੰਘੀ ਢਾਂਚਾ ਬਰਕਰਾਰ ਰੱਖਣਾ ਮੁੱਖ ਮੁੱਦੇ ਹਨ। ਜਿਸ ਤਰਾਂ ਕੇਜਰੀਵਾਲ ਅਤੇ ਉਸ ਦੀ ਪਾਰਟੀ ਨੇ ਜੰਮੂ ਕਸ਼ਮੀਰ ਵਿੱਚ ਧਾਰਾ 370 ਨੂੰ ਮਨਸੂਖ਼ ਕੀਤੇ ਜਾਣ ਦਾ ਸਮਰਥਨ ਕੀਤਾ, ਨਾਗਰਿਕਤਾ ਸੋਧ ਬਿੱਲ ਉੱਪਰ ਚੁੱਪੀ ਵੱਟੀ ਰੱਖੀ ਅਤੇ ਪੂਰਬੀ ਦਿੱਲੀ ਵਿੱਚ 2020 ਵਿੱਚ ਹੋਏ ਦੰਗਿਆਂ ਉੱਪਰ ਕੋਈ ਸ਼ਬਦ ਨਾ ਬੋਲਿਆ, ਇਹ ਉਨਾਂ ਦੀ ਮਨਸ਼ਾ ਉੱਪਰ ਗਹਿਰੇ ਸੁਆਲ ਖੜੇ ਕਰਦਾ ਹੈ। ਕੇਜਰੀਵਾਲ ਦੁਆਰਾ ਪੰਜਾਬ ਨੂੰ 'ਦਿੱਲੀ ਮਾਡਲ' ਪ੍ਰਸਤੁਤ ਕਰਨਾ ਅਸਲ ਵਿੱਚ ਪੰਜਾਬ ਦੀਆਂ ਸਮੱਸਿਆਵਾਂ ਨੂੰ ਮੁਖ਼ਾਤਬ ਹੋਣ ਤੋਂ ਮੂੰਹ ਪਰੇ ਕਰਨਾ ਹੈ। ਪੰਜਾਬ ਨੂੰ ਪ੍ਰਭਾਵਿਤ ਕਰ ਰਹੇ ਪ੍ਰਮੁੱਖ ਮੁੱਦਿਆਂ ਉੱਪਰ ਸਪੱਸ਼ਟਤਾ ਜ਼ਾਹਿਰ ਕੀਤੇ ਬਿਨਾਂ ਕੋਈ ਵੀ ਪਾਰਟੀ ਆਪਣੀ ਰਾਜਨੀਤਿਕ ਜ਼ਮੀਨ ਪੰਜਾਬ ਵਿੱਚ ਹਾਸਿਲ ਨਹੀਂ ਕਰ ਸਕਦੀ। ਪਰ ਸੱਤਾ ਦੇ ਲਾਲਚ-ਵੱਸ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਹੀ ਲੰਮੇ ਸਮੇਂ ਤੋਂ ਇਨਾਂ ਪ੍ਰਮੁੱਖ ਮੁੱਦਿਆਂ ਨੂੰ ਲੈ ਕੇ ਚੁੱਪ ਹਨ। ਮੌਜੂਦਾ ਸਮੇਂ ਵਿੱਚ ਪੰਜਾਬ ਦੀ ਰਾਜਨੀਤੀ ਸੁਰਖ਼ੀਆਂ ਵਿੱਚ ਹੈ। ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਨੇ ਖੇਤੀ ਖ਼ਿੱਤੇ ਦਾ ਵਿਕਾਸ ਕਰਨ ਨੂੰ ਚੋਣਾਂ ਦਾ ਮੁੱਖ ਮੁੱਦਾ ਬਣਾਇਆ ਹੈ। ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ਼ 1967-68 ਤੋਂ ਲੈ ਕੇ 2002-2003 ਤੱਕ ਪੰਜਾਬ ਭਾਰਤ ਦੇ ਮੋਹਰੀ ਸੂਬਿਆਂ ਵਿੱਚ ਆਉਂਦਾ ਸੀ, ਪਰ ਹੁਣ ਪੰਜਾਬ ਤੇਰਵੇਂ ਸਥਾਨ ਉੱਪਰ ਖਿਸਕ ਗਿਆ ਹੈ ਅਤੇ ਅਗਰ ਇਹੀ ਹਾਲਾਤ ਜਾਰੀ ਰਹੇ ਤਾਂ ਇਸ ਵਿੱਚ ਹੋਰ ਗਿਰਾਵਟ ਆਉਣੀ ਸੁਭਾਵਿਕ ਹੈ। ਜਿਨਾਂ ਨੀਤੀਆਂ ਅਤੇ ਪੱਖਾਂ ਨੇ ਹਰੀ ਕ੍ਰਾਂਤੀ ਸਮੇਂ ਪੰਜਾਬ ਦੇ ਕਿਸਾਨਾਂ ਨੂੰ ਮਜ਼ਬੂਤ ਬਣਾਇਆ, ਉਹ ਆਪਣੀ ਮਹੱਤਤਾ ਗੁਆ ਚੁੱਕੇ ਹਨ। ਮਜ਼ਬੂਤ ਰਾਜਨੀਤਿਕ ਚਾਹ, ਦੂਰਦਰਸ਼ਤਾ ਅਤੇ ਖੇਤੀ ਖ਼ਿੱਤੇ ਨਾਲ਼ ਸੰਬੰਧਤ ਤਾਰਕਿਕ ਨੀਤੀਆਂ ਦੀ ਥਾਂ ਰਾਜਨੀਤਿਕ ਖ਼ੈਰਾਤਾਂ ਨੇ ਲੈ ਲਈ ਹੈ। ਪੰਜਾਬ ਦੇ ਖੇਤੀ ਖ਼ਿੱਤੇ ਲਈ ਇਸ ਸਮੇਂ ਸਪਲਾਈ ਆਧਾਰਿਤ ਏਜੰਡੇ ਦੀ ਥਾਂ 'ਤੇ ਮੰਗ ਆਧਾਰਿਤ ਏਜੰਡੇ ਦੀ ਸਖ਼ਤ ਜ਼ਰੂਰਤ ਹੈ।
ਪੰਜਾਬ ਦੇ ਕੁਲੀਨ ਰਾਜਨੀਤਿਕ ਵਰਗ ਨੇ ਆਪਣੇ ਆਪ ਨੂੰ ਆਕਾ ਦੇ ਰੂਪ ਵਿੱਚ ਪੇਸ਼ ਕੀਤਾ ਹੈ ਜਿਨਾਂ ਨੇ ਆਮ ਲੋਕਾਂ ਨੂੰ ਬੇਸਮਝੀ ਵਾਲਾ ਵੋਟ ਬੈਂਕ ਹੀ ਸਮਝਿਆ ਹੈ ਜਿਨਾਂ ਨੂੰ ਕੁਝ ਕੁ ਰਾਜਨੀਤਿਕ ਖ਼ੈਰਾਤਾਂ ਦੇ ਕੇ ਹੀ ਭਰਮਾਇਆ ਜਾ ਸਕਦਾ ਹੈ। ਇਹ ਕੁਲੀਨ ਰਾਜਨੀਤਿਕ ਵਰਗ ਦੂਰਦਰਸ਼ਤਾ ਦੀ ਘਾਟ ਦਾ ਸ਼ਿਕਾਰ ਅਤੇ ਵਿਚਾਰਧਾਰਾ ਤੋਂ ਕੋਰਾ ਹੈ। ਕਿਸੇ ਵੀ ਸੂਬੇ ਦੀ ਸਰਕਾਰ ਦਾ ਪ੍ਰਮੁੱਖ ਰੋਲ ਇਹੀ ਹੁੰਦਾ ਹੈ ਕਿ ਉਸ ਨੇ ਆਪਣੀਆਂ ਨੀਤੀਆਂ ਅਤੇ ਲੋਕਾਂ ਦੀਆਂ ਲੋੜਾਂ ਵਿੱਚ ਇੱਕ ਸੰਤੁਲਨ ਸਥਾਪਿਤ ਕਰਨਾ ਹੁੰਦਾ ਹੈ ਜਿਸ ਵਿੱਚ ਸਭ ਵਰਗਾਂ ਦੀ ਭਲਾਈ ਨਿਹਿਤ ਹੁੰਦੀ ਹੈ। ਜਦੋਂ ਇਨਾਂ ਵਿੱਚ ਅਸੰਤੁਲਨ ਪੈਦਾ ਹੁੰਦਾ ਹੈ ਤਾਂ ਕਿਸੇ ਵੀ ਸਮਾਜ ਵਿੱਚ ਗਿਰਾਵਟ ਆਉਣੀ ਲਾਜ਼ਮੀ ਹੈ। ਲੋਕਾਂ ਦੀ ਸੇਵਾ ਦੀ ਬਜਾਏ ਰਾਜਨੀਤੀ ਪਰਿਵਾਰਕ ਧੰਦਾ ਬਣ ਚੁੱਕੀ ਹੈ। ਸਾਡੇ ਸਮਿਆਂ ਦੀ ਤ੍ਰਾਸਦੀ ਹੈ ਕਿ ਰਾਜਨੀਤਿਕ ਪਾਰਟੀਆਂ ਬੀਮਾਰ ਮਾਨਸਿਕਤਾ ਦਾ ਸ਼ਿਕਾਰ ਹੋ ਚੁੱਕੀਆਂ ਹਨ ਅਤੇ ਆਮ ਲੋਕਾਂ ਦਾ ਰਵੱਈਆ ਵੀ ਜ਼ਿਆਦਾਤਰ ਬੇਸਰੋਕਾਰੀ ਵਾਲਾ ਹੀ ਹੈ। ਰਾਜਨੀਤਿਕ ਪਾਰਟੀਆਂ ਅਤੇ ਨੇਤਾਵਾਂ ਤੋਂ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਸੂਬੇ ਅਤੇ ਲੋਕਾਂ ਦੇ ਮੁੱਦਿਆਂ ਨੂੰ ਪ੍ਰਮੁੱਖਤਾ ਦੇਣਗੇ ਅਤੇ ਉਨਾਂ ਉੱਪਰ ਜਨਤਕ ਰੂਪ ਵਿੱਚ ਵਿਚਾਰ ਕੀਤਾ ਜਾਵੇਗਾ, ਪਰ ਅਜਿਹਾ ਕੁਝ ਨਹੀਂ ਵਾਪਰਦਾ। ਰਾਜਨੀਤਿਕ ਨੇਤਾ ਅਤੇ ਪਾਰਟੀਆਂ ਝੂਠ ਦੀ ਰਾਜਨੀਤੀ ਵਿੱਚ ਹੀ ਮਸ਼ਗੂਲ ਰਹਿੰਦੀਆਂ ਹਨ ਅਤੇ ਰਾਜਨੀਤਿਕ ਖ਼ੈਰਾਤਾਂ ਦੇ ਰੂਪ ਵਿੱਚ ਵਾਅਦੇ ਕਰਕੇ ਲੋਕਾਂ ਨੂੰ ਧੋਖੇ ਵਿੱਚ ਹੀ ਰੱਖਦੀਆਂ ਹਨ ਜਿਨਾਂ ਦਾ ਰਾਜਨੀਤਿਕ ਦੂਰਅੰਦੇਸ਼ੀ ਨਾਲ਼ ਕੋਈ ਲੈਣਾ ਦੇਣਾ ਨਹੀਂ ਹੁੰਦਾ। ਜਦੋਂ ਹੀ ਚੋਣਾਂ ਦਾ ਐਲਾਨ ਹੁੰਦਾ ਹੈ ਤਾਂ ਲੋਕਾਂ ਵਿੱਚ ਵੱਖਰਾ ਹੀ ਜਨੂੰਨ ਦੇਖਣ ਨੂੰ ਮਿਲਦਾ ਹੈ। ਇਹ ਦੇਖਿਆ ਜਾ ਸਕਦਾ ਹੈ ਕਿ ਚੋਣਾਂ ਦਾ ਮੌਸਮ ਚੰਗੇ ਨੂੰ ਥਾਂ ਦੇਣ ਦੀ ਬਜਾਏ ਬੁਰੇ ਨੂੰ ਪ੍ਰਮੁੱਖਤਾ ਪ੍ਰਦਾਨ ਕਰਦਾ ਹੈ। ਰਾਜਨੀਤਿਕ ਉਮੀਦਵਾਰ ਦੂਰਗਾਮੀ ਨੀਤੀਆਂ ਪੇਸ਼ ਕਰਨ ਦੀ ਥਾਂ ਇੱਕ ਦੂਜੇ ਉੱਪਰ ਦੂਸ਼ਣਬਾਜ਼ੀ ਦੀ ਰਾਜਨੀਤੀ ਜ਼ਿਆਦਾ ਕਰਦੇ ਹਨ। ਸਮੇਂ ਦੇ ਨਾਲ਼-ਨਾਲ਼ ਲੋਕ ਉਤੇਜਨਾ ਦੇ ਇੰਨੇ ਆਦੀ ਹੋ ਗਏ ਹਨ ਕਿ ਉਹ ਸਰਕਾਰ ਅਤੇ ਰਾਜਨੀਤਕ ਲੀਡਰਸ਼ਿਪ ਨੂੰ ਕਪਟੀ ਮੰਨਦੇ ਹਨ। ਦਹਾਕਿਆਂ ਤੋਂ ਹੀ ਹਰ ਚੋਣਾਂ ਤੋਂ ਬਾਅਦ ਲੋਕਤੰਤਰ ਦੀ ਬਜਾਏ ਕੁਲੀਨਤੰਤਰ ਮਜ਼ਬੂਤ ਹੁੰਦਾ ਜਾ ਰਿਹਾ ਹੈ ਕਿਉਂਕਿ ਲੋਕ ਲਗਾਤਾਰ ਉਨਾਂ ਨੇਤਾਵਾਂ ਨੂੰ ਚੁਣ ਕੇ ਆਪਣੇ ਪ੍ਰਤੀਨਿਧੀ ਬਣਾ ਰਹੇ ਹਨ ਜਿਨਾਂ ਨਾਲ਼ ਉਨਾਂ ਦਾ ਕੋਈ ਸੰਵਾਦ ਨਹੀਂ ਹੈ ਅਤੇ ਜਿਨਾਂ ਉੱਪਰ ਚੋਣਾਂ ਤੋਂ ਬਾਅਦ ਉਨਾਂ ਦਾ ਕੋਈ ਦਾਅਵਾ ਨਹੀਂ ਹੁੰਦਾ। ਰਾਜਨੀਤਕਿ ਨੇਤਾ ਵੀ ਵੋਟ ਬੈਂਕ ਹਾਸਿਲ ਕਰਨ ਲਈ ਲਗਾਤਾਰ ਇੱਕ ਦੂਜੇ ਨਾਲ਼ ਪ੍ਰਤੀਯੋਗਤਾ ਕਰਦੇ ਹਨ। ਰਾਜਨੀਤੀ ਨੇ ਲਗਾਤਾਰ ਕਾਰਪੋਰੇਟ ਦਾ ਮੁਖੌਟਾ ਧਾਰਨ ਕੀਤਾ ਹੈ ਜਿਸ ਵਿੱਚ ਇਹ ਨੇਤਾ ਇੱਕ ਦੂਜੇ ਨਾਲ਼ ਡੀਲ/ਸੰਧੀਆਂ ਕਰਨ ਨੂੰ ਜ਼ਿਆਦਾ ਪਹਿਲ ਦਿੰਦੇ ਹਨ। ਉਨਾਂ ਅਤੇ ਲੋਕਾਂ ਵਿੱਚ ਇੱਕ ਬਹੁਤ ਵੱਡਾ ਪਾੜਾ ਹੁੰਦਾ ਹੈ ਜਿਸ ਨੂੰ ਪੂਰਨ ਦੀ ਉਹ ਕੋਈ ਕੋਸ਼ਿਸ਼ ਨਹੀਂ ਕਰਦੇ। ਇਸ ਤਰਾਂ ਦੀ ਰਾਜਨੀਤੀ ਵਿੱਚ ਬਦਲਾਅ ਲੈ ਕੇ ਆਉਣ ਲਈ ਲੋਕਾਂ ਨੂੰ ਲਗਾਤਾਰ ਸਰਗਰਮ ਹੋਣਾ ਪੈਣਾ ਹੈ ਤਾਂ ਕਿ ਰਾਜਨੀਤਕ ਜਮਾਤ ਉਨਾਂ ਨਾਲ਼ ਸਿੱਧਾ ਸੰਵਾਦ ਸਥਾਪਿਤ ਕਰੇ ਅਤੇ ਉਨਾਂ ਦੇ ਮੁੱਦਿਆਂ ਉੱਪਰ ਖੁੱਲ ਕੇ ਚਰਚਾ ਹੋਵੇ।

## ਪੰਜਾਬ ਵਿਧਾਨ ਸਭਾ

ਉਹ ਚੁੱਪ ਕਰਕੇ ਅਗਲੇ ਪੰਜ ਵਰੇ ਹਾਕਮ ਬਣਨ ਦੀ ਉਡੀਕ ਕਰਦਾ ਰਿਹਾ।
ਪੰਜਾਬ ਦੀ ਕਮਜ਼ੋਰ ਆਰਥਿਕ ਨੀਤੀ, ਟੈਕਸਾਂ ਦੀ ਉਗਰਾਹੀ ਵਿੱਚ ਘੁਟਾਲਾ ਪੰਜਾਬ ਦਾ ਸੀਨਾ ਚੀਰ ਰਿਹਾ ਹੈ, ਇਸ ਵਸਦੇ ਰਸਦੇ ਸੂਬੇ ਨੂੰ ਉਜਾੜ ਰਿਹਾ ਹੈ। ਸਿਹਤ, ਸਿੱਖਿਆ, ਵਾਤਾਵਰਣ, ਵਿਕਾਸ ਦਰ, ਰੁਜ਼ਗਾਰ ਦੇਣ ਵਿੱਚ ਮੋਹਰੀ ਪੰਜਾਬ ਅੱਜ ਫਾਡੀ ਹੋ ਗਿਆ ਹੈ ਅਤੇ ਇਹ ਸਭ ਸਿਆਸਤਦਾਨਾਂ ਦੀ ਬੇਰੁਖ਼ੀ ਦਾ ਸਿੱਟਾ ਹੈ, ਜਿਹੜੇ ਪੰਜਾਬ ਦੇ ਮੁੱਦੇ ਨਹੀਂ ਚੁੱਕਦੇ, ਜਿਹੜੇ ਪੰਜਾਬ ਦੀ ਆਰਥਿਕਤਾ ਸੁਧਾਰਨ ਲਈ ਯਤਨ ਨਹੀਂ ਕਰਦੇ।
ਜੇਕਰ ਕਿਸੇ ਸੂਬੇ ਜਾਂ ਦੇਸ਼ ਦੀ ਆਰਥਿਕਤਾ ਚੰਗੀ ਨਹੀਂ, ਵਿਕਾਸ ਨਹੀਂ ਹੋ ਰਿਹਾ ਤਾਂ ਸੂਬੇ ਜਾਂ ਦੇਸ਼ ਵਿੱਚ ਤਾਂ ਰੁਜ਼ਗਾਰ ਕਿੱਥੋਂ ਪੈਦਾ ਹੋਏਗਾ? ਇਸ ਗੱਲ ਦੀ ਚਿੰਤਾ ਸਿਆਸਤਦਾਨਾਂ ਨੂੰ ਨਹੀਂ ਹੈ, ਉਹਨਾਂ ਦੀ ਪਹਿਲ ਤਾਂ ਕੁਰਸੀ ਦੀ ਪ੍ਰਾਪਤੀ ਹੈ।

## ਕੈਨੇਡਾ ਦੇ ਡਰਾਈਵਰਾਂ ...

ਸੰਸਦ ਭਵਨ ਵਿੱਚ ਦਾਖਲ ਹੋ ਗਏ ਸਨ। ਟਰੰਪ ਨੇ ਕਿਹਾ ਕਿ ਟਰੱਕਰ ਸ਼ਾਂਤੀਪੂਰਵਕ ਪ੍ਰਦਰਸ਼ਨ ਕਰਕੇ ਖੱਬੇਪੱਖੀ ਜਸਟਿਨ ਟਰੂਡੋ ਦੀਆਂ ਸਖਤ ਨੀਤੀਆਂ ਦਾ ਵਿਰੋਧ ਕਰ ਰਹੇ ਹਨ। ਟਰੂਡੋ ਨੇ ਕੋਵਿਡ ਹੁਕਮਾਂ ਨਾਲ ਕੈਨੇਡਾ ਨੂੰ ਤਬਾਹ ਕਰ ਦਿੱਤਾ ਹੈ। ਓਟਵਾ ਪੁਲਿਸ ਦਾ ਦਾਅਵਾ ਹੈ ਕਿ ਕੁਝ ਪ੍ਰਦਰਸ਼ਨਕਾਰੀਆਂ ਨੇ ਖਿੜਕੀਆਂ ਤੋੜ ਦਿੱਤੀਆਂ, ਪੱਤਰਕਾਰਾਂ ਅਤੇ ਸਿਹਤ ਸੰਭਾਲ ਕਰਮਚਾਰੀਆਂ ਨੂੰ ਧਮਕਾਇਆ ਅਤੇ ਨਸਲੀ ਘੱਟਗਿਣਤੀਆਂ ਨਾਲ ਦੁਰਵਿਵਹਾਰ ਕੀਤਾ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹੁਣੇ ਜਿਹੇ ਕਿਹਾ ਕਿ ਕੋਵਿਡ-19 ਮਹਾਂਮਾਰੀ ਦੀ ਰੋਕਥਾਮ ਲਈ ਚੁੱਕੇ ਗਏ ਕਦਮਾਂ ਦੇ ਵਿਰੋਧ ਵਿਚ ਹੋ ਰਹੇ ਵਿਰੋਧ ਪ੍ਰਦਰਸ਼ਨਾਂ ’ਤੇ ਫ਼ੌਜ ਕਾਰਵਾਈ ਦਾ ‘ਫਿਲਹਾਲ’ ਕੋਈ ਵਿਚਾਰ ਨਹੀਂ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕੈਨੇਡਾ ਦੀ ਧਰਤੀ ’ਤੇ ਕਿਸੇ ਨੂੰ ਵੀ ਸੈਨਿਕਾਂ ਨੂੰ ਤਾਇਨਾਤ ਕਰਨ ਬਾਰੇ ‘ਬਹੁਤ ਸਾਵਧਾਨ’ ਰਹਿਣਾ ਹੋਵੇਗਾ। ਉਨਾਂ ਨੇ ਕਿਹਾ ਕਿ ਸੰਘੀ ਸਰਕਾਰ ਸਾਹਮਣੇ ਅਜਿਹੀ ਕੋਈ ਬੇਨਤੀ ਨਹੀਂ ਆਈ ਹੈ। ਇਸ ਦੇ ਨਾਲ ਹੀ ਉਨਾਂ ਨੇ ਕਿਹਾ ਕਿ ਓਟਾਵਾ ਜਾਂ ਓਂਟਾਰੀਓ ਸ਼ਹਿਰ ਤੋਂ ਸਹਾਇਤਾ ਦੀ ਇਸ ਕਿਸਮ ਦੀ ਕੋਈ ਵੀ ਬੇਨਤੀ ਮਿਲਣ ’ਤੇ ਉਸ ਸੰਬੰਧੀ ਵਿਚਾਰ ਕੀਤਾ ਜਾਵੇ ਗਾ। ਕੈਨੇਡਾ ਦੀ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਸਿੱਖ ਮੂਲ ਦੇ ਆਗੂ ਜਗਮੀਤ ਸਿੰਘ ਨੇ ਓਟਾਵਾ ਵਿਚ ਟਰੱਕ ਡਰਾਈਵਰਾਂ ਵੱਲੋਂ ਕੀਤੀ ਜਾ ਰਹੀ ਹੜਤਾਲ ਦੀ ਨਿੰਦਾ ਕੀਤੀ ਹੈ, ਜਦੋਂਕਿ ਪਿਛਲੇ ਸਾਲ ਭਾਰਤ ਵਿਚ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਦਾ ਉਨਾਂ ਨੇ ਜ਼ੋਰਦਾਰ ਸਮਰਥਨ ਕੀਤਾ ਸੀ। ਸੀ.ਬੀ.ਸੀ. ਨਿਊਜ਼ ਨੇ ਰਿਪੋਰਟ ਦਿੱਤੀ ਕਿ ਸਿੰਘ ਨੇ ਕੈਨੇਡਾ ਵਿਚ ਪਿਛਲੇ ਮਹੀਨੇ ਦੇ ਅਖ਼ੀਰ ਤੋਂ ਇਕ ਸੰਘੀ ਨਿਯਮ ਦਾ ਵਿਰੋਧ ਕਰ ਰਹੇ ਟਰੱਕ ਡਰਾਈਵਰਾਂ ਅਤੇ ਓਟਾਵਾ ਜਾਣ ਵਾਲੇ ਹੋਰਾਂ ਲੋਕਾਂ ਦੇ ਕਾਫ਼ਲਿਆਂ ਦੀ ਨਿੰਦਾ ਕੀਤੀ ਹੈ। ਇਸ ਨਿਯਮ ਵਿਚ ਕਿਹਾ ਗਿਆ ਸੀ ਕਿ ਅਮਰੀਕਾ-ਕੈਨੇਡਾ ਸਰਹੱਦ ਪਾਰ ਕਰਨ ਵਾਲੇ ਡਰਾਈਵਰਾਂ ਲਈ ਕੋਰੋਨਾ ਵੈਕਸੀਨ ਲਗਵਾਉਣਾ ਜ਼ਰੂਰੀ ਹੈ। ਸਿੰਘ ਨੇ ਕਿਹਾ ਕਿ ਵਿਰੋਧ ਪ੍ਰਦਰਸ਼ਨ ਦੇ ਪਿੱਛੇ ਕੁਝ ਲੋਕ ‘ਭੜਕਾਊ, ਵੰਡੀਆਂ ਪਾਉਣ ਵਾਲੀਆਂ ਅਤੇ ਨਫ਼ਰਤ ਭਰੀਆਂ ਟਿੱਪਣੀਆ’ ਰਾਹੀਂ ‘ਗਲਤ ਜਾਣਕਾਰੀ’ ਫੈਲਾ ਰਹੇ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਐਨ.ਡੀ.ਪੀ. ਨੇਤਾ ਨੇ ਕਿਹਾ ਕਿ ਉਹ ਅਜਿਹੀ ਮੁਹਿੰਮ ਦਾ ਸਮਰਥਨ ਨਹੀਂ ਕਰਦੇ ਹਨ ਜੋ ‘ਕੱਟੜਪੰਥੀ ਅਤੇ ਖ਼ਤਰਨਾਕ ਵਿਚਾਰਾਂ’ ਨੂੰ ਪਨਾਹ ਦਿੰਦੀ ਹੈ। ਵਿਰੋਧ ਪ੍ਰਦਰਸ਼ਨ ਦਾ ਆਯੋਜਨ ਕੈਨੇਡਾ ਯੂਨਿਟੀ ਵੱਲੋਂ ਕੀਤਾ ਜਾ ਰਿਹਾ ਹੈ, ਜੋ ਇਕ ਸਮੂਹ ਹੈ ਅਤੇ ਕੋਵਿਡ-19 ਨਾਲ ਸਬੰਧਤ ਉਪਾਵਾਂ ਦਾ ਵਿਰੋਧ ਕਰਦਾ ਹੈ। ਇਸ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਇਸ ਦਾ ਉਦੇਸ਼ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨਾਂ ਦੀ ਸਰਕਾਰ ਨੂੰ ਟਰੱਕ ਡਰਾਈਵਰਾਂ ਲਈ ਵੈਕਸੀਨ ਦੇ ਹੁਕਮਾਂ ਨੂੰ ਵਾਪਸ ਲੈਣ ਅਤੇ ਹੋਰ ਜਨਤਕ ਸਿਹਤ ਸੁਰੱਖਿਆਵਾਂ ਨੂੰ ਖ਼ਤਮ ਕਰਨ ਲਈ ਦਬਾਅ ਪਾਉਣਾ ਹੈ।ਆਪਣੇ ਮੌਜੂਦਾ ਰੁਖ ਦੇ ਉਲਟ, ਸਿੰਘ ਨੇ ਭਾਰਤ ਵਿਚ ਕਿਸਾਨਾਂ ਦੇ ਇਕ ਹਿੱਸੇ ਦੇ ਵਿਰੋਧ ਪ੍ਰਦਰਸ਼ਨਾਂ ਦਾ ਸਮਰਥਨ ਕੀਤਾ ਸੀ ਅਤੇ ਟਰੂਡੋ ਨੂੰ ਭਾਰਤ ਵਿਚ ਹਿੰਸਾ ਦੀ ਨਿੰਦਾ ਕਰਨ ਲਈ ਕਿਹਾ ਸੀ। ਸਿੰਘ ਨੇ ਪਿਛਲੇ ਸਾਲ ਜਨਵਰੀ ਵਿਚ ਕੀਤੇ ਇਕ ਟਵੀਟ ਵਿਚ ਲਿਖਿਆ ਸੀ, ‘ਮੈਂ ਭਾਰਤ ਵਿਚ ਕਿਸਾਨਾਂ ਖ਼ਿਲਾਫ਼ ਹੋ ਰਹੀ ਸਰਕਾਰੀ ਹਿੰਸਾ ਦੇ ਬਾਰੇ ਵਿਚ ਬਹੁਤ ਦੁਖ਼ੀ ਹਾਂ, ਜੋ ਕਿਸਾਨਾਂ ਨੂੰ ਨੁਕਸਾਨ ਪਹੁੰਚਾਉਣ ਲਈ ਕਹਿ ਰਹੇ ਹਨ, ਉਨਾਂ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦੇ ਅਧਿਕਾਰ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ। ਮੈਂ ਜਸਟਿਨ ਟਰੂਡੋ ਨੂੰ ਹਿੰਸਾ ਦੀ ਤੁਰੰਤ ਨਿੰਦਾ ਦੀ ਅਪੀਲ ਕਰ ਰਿਹਾ ਹਾਂ।’

‘ਦਿ ਸਟਾਰ’ ਵੈੱਬਸਾਈਟ ਦੇ ਮੁਤਾਬਕ, ਓਟਵਾ ਪੁਲਿਸ ਨੇ ਦੱਸਿਆ ਕਿ ਓਟਾਵਾ ਵਿੱਚ ਹੋ ਰਹੇ ਇਨਾਂ ਪ੍ਰਦਰਸ਼ਨਾਂ ਨੂੰ ਲੈ ਕੇ ਅਪਰਾਧਿਕ ਜਾਂਚ ਸ਼ੁਰੂ ਹੋ ਗਈ ਹੈ। ਅਸਲ ਵਿਚ ਟਰੱਕ ਆਪ੍ਰੇਟਰਜ਼ ਦੀਆਂ ਸਮੱਸਿਆਵਾਂ ਜਾਇਜ਼ ਹਨ। ਉਨਾਂ ਨੂੰ ਸਖ਼ਤ ਬਰਫ਼ਾਨੀ ਠੰਢ ਵਿਚ ਵੀ ਉਸ ਵੇਲੇ ਵੀ ਆਪਣੀਆਂ ਸੇਵਾਵਾਂ ਜਾਰੀ ਰੱਖਣੀਆਂ ਪੈਂਦੀਆਂ ਹਨ ਜਦੋਂ ਸੜਕਾਂ ਹਰ ਪਾਸੇ ਸੁੰਨੀਆਂ ਹੁੰਦੀਆਂ ਹਨ ਅਤੇ ਜ਼ਿਆਦਾਤਰ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਬੰਦ ਹੁੰਦੀਆਂ ਹਨ। ਇਹ ਟਰੱਕ ਡਰਾਈਵਰ ਦੇਸ਼ ਦੀ ਅਰਥ ਵਿਵਸਥਾ ਨੂੰ ਚੱਲਦਾ ਰੱਖਣ ਵਿਚ ਆਪਣਾ ਵਡੇਰਾ ਯੋਗਦਾਨ ਪਾਉਂਦੇ ਹਨ। ਉਹ ਬਾਰਡਰ ’ਤੇ ਵੈਕਸੀਨ ਸਰਟੀਫਿਕੇਟ ਵਿਖਾਉਣ ਦੇ ਨਵੇਂ ਕਾਨੂੰਨ ਦਾ ਵਿਰੋਧ ਇਸ ਲਈ ਨਹੀਂ ਕਰ ਰਹੇ ਕਿ ਉਹ ਇਹ ਟੀਕਾ ਲਗਵਾਉਣਾ ਨਹੀਂ ਚਾਹੁੰਦੇ। ਦਰਅਸਲ, ਉਨਾਂ ਨੂੰ ਇਹ ਟੀਕਾ ਲਗਵਾਉਣ ਦਾ ਸਮਾਂ ਹੀ ਨਹੀਂ ਮਿਲ ਪਾਉਂਦਾ। ਜ਼ਿਆਦਾਤਰ ਵਿਅਕਤੀਆਂ ਨੂੰ ਇਹ ਟੀਕਾ ਲਗਵਾਉਣ ਤੋਂ ਬਾਅਦ ਦੋ-ਤਿੰਨ ਦਿਨ ਆਰਾਮ ਕਰਨ ਦੀ ਲੋੜ ਪੈਂਦੀ ਹੈ ਪਰ ਟਰੱਕਰਜ਼ ਦੀਆਂ ਆਪਣੀਆਂ ਸਮੱਸਿਆਵਾਂ ਹਨ। ਉਹ ਇੰਨੇ ਦਿਨ ਦੀ ਉਡੀਕ ਕਿੱਥੇ ਕਰ ਸਕਦੇ ਹਨ। ਉਨਾਂ ਦੀਆਂ ਕਈ-ਕਈ ਮਹੀਨੇ ਪਹਿਲਾਂ ਤੋਂ ਬੁਕਿੰਗਜ਼ ਹੋਈਆਂ ਹੁੰਦੀਆਂ ਹਨ ਜਿਨਾਂ ਨੂੰ ਉਨਾਂ ਨੇ ਹਰ ਹਾਲਤ ਵਿਚ ਨੇਪਰੇ ਚਾੜਨਾ ਹੁੰਦਾ ਹੈ। ਉੱਪਰੋਂ ਟਰਾਂਸਪੋਰਟ ਦੇ ਖ਼ਰਚੇ ਬਹੁਤ ਜ਼ਿਆਦਾ ਵਧ ਗਏ ਹਨ। ਉਨਾਂ ਨੂੰ ਪੂਰੇ ਕਰਨ ਲਈ ਕਿਸੇ ਵੀ ਤਰਾਂ ਦਾ ਨਾਗਾ ਡਰਾਈਵਰਾਂ ਤੇ ਉਨਾਂ ਦੇ ਸਹਾਇਕਾਂ ਲਈ ਅਸੰਭਵ ਹੀ ਹੈ। ਜੇ ਕੋਵਿਡ ਨਿਯਮਾਂ ਦੀ ਗੱਲ ਕਰੀਏ ਤਾਂ ਇੰਗਲੈਂਡ ਵਿਚ ਸਾਰੀਆਂ ਪਾਬੰਦੀਆਂ ਤੇ ਸਖ਼ਤੀਆਂ ਲਗਭਗ ਖ਼ਤਮ ਕਰ ਦਿੱਤੀਆਂ ਗਈਆਂ ਹਨ। ‘ਵਰਕ ਫਰਾਮ ਹੋਮ’ ਦਾ ਨਿਯਮ ਖ਼ਤਮ ਕਰ ਦਿੱਤਾ ਗਿਆ ਹੈ। ਹੁਣ ਉੱਥੇ ਕਿਸੇ ਨੂੰ ਮਾਸਕ ਲਾਉਣ ਦੀ ਵੀ ਲੋੜ ਨਹੀਂ ਹੈ ਅਤੇ ਕਿਸੇ ਵੀ ਥਾਂ ’ਤੇ ਜਿੰਨੇ ਮਰਜ਼ੀ ਲੋਕਾਂ ਦਾ ਇਕੱਠ ਕੀਤਾ ਜਾ ਸਕਦਾ ਹੈ। ਇਸ ਸਭ ਦੌਰਾਨ ਕੈਨੇਡੀਅਨ ਸਰਕਾਰ ਵੱਲੋਂ ਕੋਵਿਡ ਬਾਬਤ ਸਖ਼ਤੀਆਂ ਲਾਗੂ ਕਰਨ ’ਤੇ ਲੋਕਾਂ ਵਿਚ ਡਾਢਾ ਰੋਸ ਪਾਇਆ ਜਾ ਰਿਹਾ ਹੈ।

ਟਵਿਟਰ ’ਤੇ ਕਈ ਤਰਾਂ ਦੇ ਹੈਸ਼ਟੈਗ ਟ੍ਰੈਂਡ ਹੋ ਰਹੇ ਹਨ ਜਿਨਾਂ ਵਿਚ ਹੈਸ਼ਟੈਗ ਜਸਟਿਨ ਟਰੂਡੋ, ਹੈਸ਼ਟੈਗ ਕਰਮਾ, ਹੈਸ਼ਟੈਗ ਖਾਲਿਸਤਾਨ ਆਦਿ ਸ਼ਾਮਲ ਹਨ।

ਰਮਨ ਨਾਮ ਦੇ ਟਵਿਟਰ ਯੂਜ਼ਰ ਵੱਲੋਂ ਇੱਕ ਤਸਵੀਰ ਸ਼ੇਅਰ ਕਰਦਿਆਂ ਲਿਖਿਆ ਗਿਆ ਹੈ, ‘ਹੁਣ ਕੈਨੇਡਾ ਵਿਚ ਟਰੱਕ ਵਾਲਿਆਂ ਕਰਕੇ ਆਪਣਾ ਸਿੰਘੂ ਬਾਰਡਰ ਬਣ ਗਿਆ ਹੈ। ਹੁਣ ਪ੍ਰਧਾਨ ਮੰਤਰੀ ਜਸਟਿਸ ਟਰੂਡੋ, ਤੁਸੀਂ ਇਸ ਨਾਲ ਨਜਿਠੋ।’

ਸੋਸ਼ਲ ਮੀਡੀਆ ’ਤੇ ਪੰਜਾਬੀ ਇਸ ਨੂੰ ਭਾਰਤ ਵਿਚ ਦਿੱਲੀ ਬਾਰਡਰ ’ਤੇ ਹੋਏ ਕਿਸਾਨ ਅੰਦੋਲਨ ਨਾਲ ਜੋੜ ਕੇ ਵੇਖ ਰਿਹਾ ਹੈ। ਕੰਜ਼ਰਵੇਟਿਵ ਪਾਰਟੀ ਦਾ ਕਹਿਣਾ ਹੈ ਕਿ ਟਰੱਕਰਜ਼ ਦੇ ਰੋਸ ਮੁਜ਼ਾਹਰਿਆਂ ਕਾਰਨ ਰੋਜ਼ਮੱਰਾ ਦੀਆਂ ਜ਼ਰੂਰੀ ਵਸਤਾਂ ਦੀ ਸਪਲਾਈ ਉੱਤੇ ਡਾਢਾ ਮਾੜਾ ਅਸਰ ਪੈ ਰਿਹਾ ਹੈ। ਸਪਲਾਈ ਘਟਣ ਨਾਲ ਮਹਿੰਗਾਈ ਹੋਰ ਵੀ ਜ਼ਿਆਦਾ ਵਧ ਜਾਵੇਗੀ।

ਇਸ ਵਿਰੋਧ ਨੇ ਕੈਨੇਡਾ ਦੀਆਂ ਸਰਹੱਦਾਂ ਤੋਂ ਬਾਹਰ ਵੀ ਲੋਕਾਂ ਦਾ ਧਿਆਨ ਵੀ ਆਪਣੇ ਵੱਲ ਖਿੱਚਿਆ ਹੈ। ਪ੍ਰਦਰਸ਼ਨਕਾਰੀ ਘੱਟੋ-ਘੱਟ ਹਫ਼ਤੇ ਦੇ ਅੰਤ ਤੱਕ ਪਾਰਲੀਮੈਂਟ ਹਿੱਲ ਦੇ ਨੇੜੇ ਓਟਾਵਾ ਦੇ ਡਾਊਨਟਾਊਨ ਵਿੱਚ ਰਹਿਣ ਦੀ ਯੋਜਨਾ ਬਣਾ ਰਹੇ ਹਨ। ਕੈਨੇਡਾ ਸਰਕਾਰ ਨੂੰ ਇਹ ਮਸਲਾ ਜਿੰਨੀ ਜਲਦੀ ਹੱਲ ਕਰਨਾ ਚਾਹੀਦਾ ਹੈ। ਇੰਗਲੈਂਡ ਸਰਕਾਰ ਤੋਂ ਸਹੀ ਸਬਕ ਲੈਣਾ ਚਾਹੀਦਾ ਹੈ ਕਿ ਕਰੋਨਾ ਨੂੰ ਲੈ ਕੇ ਪਾਬੰਦੀਆਂ ਜਾਇਜ਼ ਨਹੀਂ ਜਿਸ ਨਾਲ ਦੇਸ਼ ਦਾ ਸਿਸਟਮ ਤਬਾਹ ਹੋ ਜਾਵੇ।

## ਪੰਜਾਬ ਦੀ ਸੱਤਾ...

ਵਿੱਚ ਸ਼ਾਮਿਲ ਹੋ ਕੇ ਤੇ ਜਿੱਤ ਕੇ ਵੋਟਰਾਂ ਨੂੰ ਲੋਕਾਂ ਦੀ ਸੇਵਾ ਕਰਨ ਦਾ ਵਿਸ਼ਵਾਸ ਦਿਵਾ ਰਹੇ ਹਨ। ਇੱਕ-ਦੂਜੀ ’ਤੇ ਅੱਗੇ ਵਧ-ਵਧ ਕੇ ਚਿੱਕੜ ਸੁੱਟਣ ਵਾਲੀਆਂ ਸਿਆਸੀ ਪਾਰਟੀਆਂ ਵੀ ਰਾਤੋ-ਰਾਤ ਬੇਅਸੂਲੇ ਗੱਠਜੋੜ ਕਰ ਕੇ ਤੇ ਮਿਲ ਕੇ ਚੋਣਾਂ ਲੜ ਰਹੀਆਂ ਹਨ।

ਪਰ ਸਾਡੇ ਦੇਸ਼ ਅਤੇ ਸਮਾਜ ਵਿੱਚ ਅਜਿਹੇ ਲੋਕ ਵੀ ਮੌਜੂਦ ਹਨ ਜਿਨਾਂ ਨੇ ਸਮਾਜ ਸੇਵਾ ਨੂੰ ਸਾਹਮਣੇ ਰੱਖ ਕੇ ਕਿਸੇ ਪਾਰਟੀ ਤੋਂ ਚੋਣਾਂ ਲੜਨ ਲਈ ਕਦੇ ਕੋਈ ਟਿਕਟਾਂ ਨਹੀਂ ਮੰਗੀਆਂ ਅਤੇ ਨਾ ਸੱਤਾ ਦੇ ਸੁੱਖ ਮਾਣਨ ਲਈ ਕਦੇ ਕਿਸੇ ਅਹੁਦੇ ਜਾਂ ਕੁਰਸੀ ਦੀ ਲਾਲਸਾ ਹੀ ਮਨ ਵਿੱਚ ਪਾਲੀ ਹੈ ਪਰ ਦੂਰ-ਦੂਰ ਤੱਕ ਦੇਸ਼ ਦਾ ਸਮਾਜ ਇਨਾਂ ਨੂੰ ਜਾਣਦਾ ਹੈ ਤੇ ਦਿਲੋਂ ਇਨਾਂ ਦਾ ਸ਼ੁਭਚਿੰਤਕ ਤੇ ਪ੍ਰਸੰਸਕ ਵੀ ਹੈ। ਇਨਾਂ ਲੋਕਾਂ ਨੇ ਔਝੜੇ ਤੇ ਉਲਟ ਹਾਲਾਤ ਵਿੱਚ ਜਾਨ ਤੋੜ ਕੇ ਔਰਤਾਂ, ਬੱਚਿਆਂ, ਕਬਾਇਲੀ ਤੇ ਪਛੜੇ ਲੋਕਾਂ, ਮਜ਼ਦੂਰਾਂ, ਕਿਸਾਨਾਂ ਮਨੁੱਖੀ ਅਧਿਕਾਰਾਂ, ਵਾਤਾਵਰਨ ਤੇ ਕੁਦਰਤੀ ਸਰੋਤਾਂ ਦੀ ਸੁਰੱਖਿਆ ਲਈ ਕੰਮ ਦੇ ਬੇਮਿਸਾਲ ਕੀਰਤੀਮਾਨ ਸਥਾਪਤ ਕੀਤੇ ਹਨ। ਪੰਜਾਬ ਸਮੇਤ ਭਾਰਤ ਦੇ ਹੋਰ ਰਾਜਾਂ ਅੰਦਰ ਉਪਰੋਕਤ ਲੋੜਾਂ ਲਈ ਜੂਝਦੇ ਕਈ ਲੋਕਾਂ ਨੂੰ ਸਰਕਾਰਾਂ ਨੇ ਕਈ ਤਰਾਂ ਦੇ ਝੂਠੇ ਕੇਸ ਪਾ ਕੇ ਜੇਲਾਂ ਵਿੱਚ ਵੀ ਬੰਦ ਕੀਤਾ ਹੈ ਤੇ ਬੀਤੇ ਸਮਿਆਂ ਵਿੱਚ ਲੋਕਾਂ ਨੇ ਜੇਲਾਂ ਵਿੱਚੋਂ ਹੀ ਇਨਾਂ ’ਚੋਂ ਕਈਆਂ ਤੋਂ ਕਾਗ਼ਜ਼ੀ ਕਾਰਵਾਈਆਂ ਦੀ ਉਪਚਾਰਕਤਾ ਪੂਰੀ ਕਰਵਾ ਕੇ ਇਨਾਂ ਨੂੰ ਪ੍ਰਾਂਤਕ ਅਸੈਂਬਲੀਆਂ ਤੇ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਸਮੇਂ-ਸਮੇਂ ਖੜਾ ਕੀਤਾ ਤੇ ਭਾਰੀ ਬਹੁਮਤ ਨਾਲ਼ ਜਿਤਾਇਆ ਵੀ ਹੈ। ਪਰ ਅਨੇਕਾਂ ਹੋਰ ਸਮਾਜਿਕ ਕਾਰਕੁਨ ਅਜੇ ਵੀ ਜੇਲਾਂ ਵਿੱਚ ਬੰਦ ਹਨ। ਗੱਦੀਆਂ ’ਤੇ ਸਜ ਕੇ ਦੇਸ਼ ਸੇਵਾ ਕਰਨ ਵਾਲਿਆਂ ਦੀ ਬਜਾਏ ਅਜਿਹੇ ਸਮਾਜਿਕ ਕਾਰਕੁਨਾਂ ਨੂੰ ਹੀ ਸ਼ਾਇਦ ਸਾਡੇ ਅਮਰ ਸ਼ਹੀਦ ਤੇ ਦੇਸ਼ ਭਗਤ ਸਰਦਾਰ ਕਰਤਾਰ ਸਿੰਘ ਸਰਾਭਾ ਨੇ ਇਨਾਂ ਸਤਰਾਂ ਨਾਲ਼ ਸੁਚੇਤ ਤੇ ਮੁਖਾਤਬ ਕੀਤਾ ਸੀ :-

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,<br>
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।

ਅੱਜ ਵੀ ਦੇਸ਼ ਅਤੇ ਸਮਾਜ ਲਈ ਰਾਤ ਦਿਨੇ ਜੂਝ ਰਹੇ ਇਨਾਂ ਆਦਰਸ਼ਕ ਸਮਾਜਿਕ ਕਾਰਕੁਨਾਂ ਵਿੱਚ ਸ਼ਾਮਿਲ ਹਨ-ਗ਼ਦਰ ਲਹਿਰ ਨਾਲ਼ ਸਬੰਧਤ ਦੇਸ਼ ਭਗਤ, ਸਵਰਗਵਾਸੀ ਭਗਤ ਪੂਰਨ ਸਿੰਘ, ਸੰਤ ਬਲਬੀਰ ਸਿੰਘ ਸੀਚੇਵਾਲ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਪ੍ਰੋਫ਼ੈਸਰ ਜਗਮੋਹਣ ਸਿੰਘ, ਸਵਰਗਵਾਸੀ ਸ. ਗੁਰਸ਼ਰਨ ਸਿੰਘ, ਜੇਲ ਵਿੱਚ ਕਤਲ ਕੀਤੇ ਗਏ ਸਟੇਨ ਸਵਾਮੀ, ਜਿਨਾਂ ਨੇ ਝਾਰਖੰਡ ਵਿੱਚ ਕਬਾਇਲੀ ਲੋਕਾਂ ਲਈ ਕੰਮ ਕੀਤਾ ਤੇ ਨਰਿੰਦਰ ਦਬੋਲਕਰ, ਜੇਲ ’ਚ ਬੰਦ ਗੌਤਮ ਨਵਲੱਖਾ, ਸੋਮਾ ਸੇਨ, ਜੀ. ਐਨ. ਸਾਈਬਾਬਾ, ਪ੍ਰੋਫ਼ੈਸਰ ਵਰਵਰਾ ਰਾਓ, ਗਾਂਧੀਵਾਦੀ ਚਿੰਤਕ ਸਮਾਂਸ਼ੂ ਕੁਮਾਰ, ਮੇਧਾ ਪਾਟੇਕਰ, ਅਰੁੰਧਤੀ ਰਾਏ ਅਤੇ ਸੁਧਾ ਭਾਰਦਵਾਜ ਜਿਸ ਨੇ ਅਮਰੀਕਾ ਦੀ ਨਾਗਰਿਕਤਾ ਤਿਆਗ ਕੇ ਛੱਤੀਸਗੜ ਵਿੱਚ ਮਜ਼ਦੂਰਾਂ ਤੇ ਪਛੜੇ ਕਬਾਇਲੀ ਲੋਕਾਂ ਦੀ ਭਲਾਈ ਲਈ ਬੇਮਿਸਾਲ ਕੰਮ ਕੀਤਾ ਹੈ।

## ਪ੍ਰੋਫੈਸਰ ਭੁੱਲਰ ਦੀ...

ਤਾਂ ਜੋ ਕੇਜਰੀਵਾਲ ਨੂੰ ਮਹਿਸੂਸ ਹੋਵੇ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦਾ ਸਿਆਸੀ ਨੁਕਸਾਨ ਹੋ ਜਾਵੇਗਾ ਤੇ ਮੈਨੂੰ ‘ਆਪਣੇ ਹਿੱਸੇ ਦਾ ਕੰਮ’ ਕਰਨਾ ਪਵੇਗਾ। ਇਹ ਗੱਲ ਪੱਕੀ ਹੈ ਕਿ ਕੇਜਰੀਵਾਲ ਨੂੰ ਜੇ ਜਾਪਿਆ ਕਿ ਬਹੁਤਾ ਫ਼ਰਕ ਨਹੀਂ ਪੈਣਾ ਤਾਂ ਉਹ ਬਹਾਨੇਬਾਜ਼ੀ ਕਰਕੇ ਵੋਟਾਂ ਲੰਘਾਉਣ ਦੀ ਕੋਸ਼ਿਸ਼ ਕਰੇਗਾ। ਇਸਦੇ ਉਲਟ ਜੇ ਕੇਜਰੀਵਾਲ ਨੇ ਸਿਆਸੀ ਨੁਕਸਾਨ ਦੇ ਡਰੋਂ ਆਪਣੀ ਰਜ਼ਾਮੰਦੀ ਦੇ ਕੇ ਫ਼ਾਈਲ ਅੱਗੇ ਭੇਜ ਦਿੱਤੀ ਤਾਂ ਕੇਜਰੀਵਾਲ ਸੈਨਾ ਦਾ ਪੈਂਤੜਾ ਵੀ ਬਦਲ ਜਾਵੇਗਾ। ਫੇਰ ਇਹੋ ਕੇਜਰੀਵਾਲ ਸੈਨਾ ਕਹੇਗੀ ਕਿ ਪਹਿਲਾਂ ਜੋ ਹੋਇਆ, ਸੋ ਹੋਇਆ ਹੁਣ ਤਾਂ ਰਹਿਮ ਕਰੋ। ਸਿੱਖ ਜਗਤ ਨੂੰ ਭੁੱਲਰ ਸਾਹਿਬ ਤੇ ਜੇਲਾਂ ਵਿੱਚ ਨਜ਼ਰਬੰਦ ਸਿੰਘਾਂ ਲਈ ਐਨਾ ਕੁ ਮਾਹੌਲ ਬਣਾਉਣਾ ਚਾਹੀਦਾ ਹੈ ਕਿ ਜਦ ਫ਼ਾਈਲ ਐਲ. ਜੀ. ਕੋਲ਼ ਜਾਵੇ ਤਾਂ ਉਹ ਤੁਰੰਤ ਦਸਤਖ਼ਤ ਕਰਕੇ ਰਿਹਾਈ ਕਰਵਾਵੇ। ਮੋਦੀ ਸਰਕਾਰ ਤਾਂ ਪਹਿਲਾਂ ਹੀ ਨੋਟੀਫ਼ਿਕੇਸ਼ਨ ਕਰ ਚੁੱਕੀ ਹੈ। ਵੋਟਾਂ ਦੇ ਇਸ ਮਾਹੌਲ ਵਿੱਚ ਬੜੀਆਂ ਤਾਕਤਾਂ ਹੋਰ ਮਸਲਿਆਂ ਵਿੱਚ ਉਲਝਾ ਕੇ ਰੱਖਣਾ ਚਾਹੁੰਦੀਆਂ ਹਨ ਕਿ ਸਿੱਖ ਜੇਲਾਂ ਵਿੱਚ ਨਜ਼ਰਬੰਦ ਸਿੰਘਾਂ ਨੂੰ ਭੁੱਲ ਜਾਣ। ਪਰ ਜੇ ਇਸ ਮੌਕੇ ਇਹ ਮਸਲਾ ਹੱਲ ਨਾ ਹੋਇਆ ਤਾਂ ਫੇਰ ਸ਼ਾਇਦ ਹੀ ਕਦੇ ਸਬੱਬ ਬਣੇ। ਵੋਟਾਂ ਲੈਣ ਲਈ ਹੁਣ ਇਹ ਸਿਆਸੀ ਦਲ ਮੰਨ ਸਕਦੇ ਹਨ, ਮਗਰੋਂ ਕਿਸ ਨੇ ਕਾਬੂ ਆਉਣਾ ? ਹਕੂਮਤੀ ਸਿਸਟਮ ਵਿੱਚ ਬੜੀ ਤਾਕਤ ਹੈ, ਪਰ ਵੋਟਾਂ ਦੇ ਇਸ ਮਾਹੌਲ ਵਿੱਚ ਸਿੱਖਾਂ ਦਾ ਹੱਥ ਉੱਤੇ ਹੈ। ਸੋ ਪੂਰੇ ਜਾਹੋ-ਜਲਾਲ ਨਾਲ਼ ਇਸ ਮਸਲੇ ਨੂੰ ਉਭਾਰੋ।

## ਨੈਨਦੀਪ ਸਿੰਘ ਨੇ ਪ੍ਰਾਪਤ..

ਹੱਸਲਰ ਅਤੇ ਕਨੈਕਟਰ ਹੈ। ਦੀਪ ਲਈ ਕੋਈ ਵੀ ਵਿਚਾਰ ਬਹੁਤ ਵੱਡਾ ਨਹੀਂ ਹੈ। ਉਹ ਲੋਕਾਂ ਨੂੰ ਸੰਗਤ ਅਤੇ ਗੁਰੂ ਦੀ ਸੇਵਾ ਕਰਨ ਲਈ ਬੁਲਾਉਂਦੇ ਹਨ।

2022 ਇਰਵਿਨ ਲੀਡਰਸ਼ਿਪ ਅਵਾਰਡ ਪ੍ਰਾਪਤ ਕਰਨ ਨੈਨਦੀਪ ਸਿੰਘ : ਡੌਨ ਹਾਵਰਡ ਸੈਂਟਰਲ ਵੈਲੀ ਵਿੱਚ ਇੱਕ ਪੰਜਾਬੀ ਸਿੱਖ ਵਜੋਂ ਵੱਡੇ ਹੋਏ, ਨੈਨਦੀਪ ਸਿੰਘ ਕੋਲ ਉਹਨਾਂ ਮੁੱਦਿਆਂ ਬਾਰੇ ਆਪਣੇ ਸਾਥੀਆਂ ਅਤੇ ਵਿਸ਼ਾਲ ਸਿੱਖ ਭਾਈਚਾਰੇ ਨਾਲ਼ ਜੁੜਨ ਦੇ ਮੌਕੇ ਨਹੀਂ ਸਨ ਜੋ ਉਹਨਾਂ ਲਈ ਮਹੱਤਵਪੂਰਨ ਸਨ। ਇਸ ਲਈ, 2000 ਵਿੱਚ, ਉਹ ਪੰਜਾਬੀ ਸਿੱਖ ਆਬਾਦੀ ’ਤੇ ਕੇਂਦ੍ਰਿਤ ਇੱਕ ਨੌਜਵਾਨ ਲੀਡਰਸ਼ਿਪ ਵਿਕਾਸ ਸੰਸਥਾ, ਜਕਾਰਾ ਮੂਵਮੈਂਟ ਦਾ ਇੱਕ ਸੰਸਥਾਪਕ ਮੈਂਬਰ ਬਣ ਗਿਆ ਅਤੇ ਕੈਲੀਫ਼ੋਰਨੀਆ ਦੀ ਸੈਂਟਰਲ ਵੈਲੀ ਵਿੱਚ ਲੰਗਰ ਲਗਾਇਆ। ਆਪਣੇ ਪਹਿਲੇ 10 ਸਾਲਾਂ ਲਈ ਵਲੰਟੀਅਰਾਂ ਦੀ ਅਗਵਾਈ ਵਿੱਚ, ਸੰਸਥਾ ਸਿੱਖ ਨੌਜਵਾਨਾਂ ਨੂੰ ਉਹਨਾਂ ਦੀ ਵਿਰਾਸਤ ਬਾਰੇ ਜਾਗਰੂਕ ਕਰਦੀ ਹੈ, ਉਹਨਾਂ ਨੂੰ ਦਰਪੇਸ਼ ਚੁਣੌਤੀਆਂ ਜਿਵੇਂ ਕਿ ਲਿੰਗ ਸਮਾਨਤਾ ਅਤੇ ਜਾਤ ਦੀ ਖੋਜ ਕਰਦੀ ਹੈ, ਅਤੇ ਉਹਨਾਂ ਨੂੰ ਉਹਨਾਂ ਦੇ ਭਾਈਚਾਰਿਆਂ ਵਿੱਚ ਆਗੂ ਬਣਨ ਲਈ ਤਿਆਰ ਕਰਦੀ ਹੈ। ਹੁਣ 70 ਰਜਿਸਟਰਡ ਹਾਈ ਸਕੂਲ ਕਲੱਬਾਂ ਅਤੇ 15 ਕੈਲੀਫ਼ੋਰਨੀਆ ਕਾਉਂਟੀਆਂ ਵਿੱਚ ਫ਼ੈਲੇ 25 ਕਾਲਜ ਚੈਪਟਰਾਂ ਦੇ ਨਾਲ਼, ਜਕਾਰਾ ਮੂਵਮੈਂਟ ਕੋਲ਼ 41 ਦਾ ਤਨਖ਼ਾਹ ਵਾਲਾ ਸਟਾਫ਼ ਹੈ, ਜਿਸ ਵਿੱਚ ਸਿੰਘ ਵੀ ਸ਼ਾਮਲ ਹਨ ਜੋ 2009 ਤੋਂ ਕਾਰਜਕਾਰੀ ਨਿਰਦੇਸ਼ਕ ਵਜੋਂ ਸੇਵਾ ਨਿਭਾ ਰਹੇ ਹਨ। ਲਗਭਗ 400,000 ਤੋਂ 500,000 ਕੈਲੀਫ਼ੋਰਨੀਆ ਦੀ ਪ੍ਰਤੀਨਿਧਤਾ ਕਰਦੇ ਹੋਏ, ਜੈਕਾਰਾ ਮੂਵਮੈਂਟ ਨੇ ਕਈ ਟੀਚਿਆਂ ਨੂੰ ਪੂਰਾ ਕੀਤਾ ਹੈ, ਜਿਸ ਵਿੱਚ ਵੋਟਿੰਗ ਸਮੱਗਰੀ ਤੱਕ ਭਾਸ਼ਾ ਦੀ ਪਹੁੰਚ ਦਾ ਵਿਸਤਾਰ ਕਰਨਾ, ਘੱਟ ਸੇਵਾ ਵਾਲੇ ਭਾਈਚਾਰਿਆਂ ਵਿੱਚ ਉੱਚ ਟੀਕਾਕਰਨ ਦਰਾਂ ਵਿੱਚ ਯੋਗਦਾਨ ਪਾਉਣਾ, ਅਤੇ ਕਿਰਾਏਦਾਰਾਂ ਅਤੇ ਖੇਤੀਬਾੜੀ ਕਰਮਚਾਰੀਆਂ ਲਈ ਸੁਰੱਖਿਆ ਸੁਰੱਖਿਅਤ ਕਰਨਾ ਸ਼ਾਮਲ ਹੈ। ਜਕਾਰਾ ਮੂਵਮੈਂਟ ਨੇ ਹਜ਼ਾਰਾਂ ਨੌਜਵਾਨ ਭਾਗੀਦਾਰਾਂ ਵਿੱਚ ਵਿਸ਼ਵਾਸ, ਲੀਡਰਸ਼ਿਪ ਦੇ ਹੁਨਰ, ਅਤੇ ਨਾਗਰਿਕ ਰੁਝੇਵੇਂ ਪੈਦਾ ਕਰਨ ਵਿੱਚ ਵੀ ਮਦਦ ਕੀਤੀ ਹੈ, ਜਿਨਾਂ ਵਿੱਚੋਂ ਬਹੁਤਿਆਂ ਨੂੰ ਕੱਟੜਤਾ ਅਤੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ।

## ਕੋਰੋਨਾ ਵਾਇਰਸ ਨਾਲ...

ਦੋਵਾਂ ਫ਼ਿਲਮਾਂ ਦੇ ਹਕੀਕਤਨ ਨਿਰਮਾਤਾ ਭਾਈ ਸ਼ਮਿੰਦਰ ਸਿੰਘ ਹੀ ਸਨ। ਇਨਾਂ ਫ਼ਿਲਮਾਂ ਰਾਹੀਂ ਸ਼ਮਿੰਦਰ ਵੀ ਪਿੱਠਵਰਤੀ ਗਾਇੱਕ ਬਣੇ ਅਤੇ ਉਨਾਂ ਨੇ ਲਤਾ ਮੰਗੇਸ਼ਕਰ ਨਾਲ਼ ਮਿਲ ਕੇ ਦੋਗਾਣਾ ਗੀਤ ਗਾਏ।

1954 ਦੀ ਪੰਜਾਬੀ ਫ਼ਿਲਮ ‘ਵਣਜਾਰਾ’ ਵਿੱਚ ਲਤਾ ਮੰਗੇਸ਼ਕਰ ਦਾ ਸਭ ਤੋਂ ਵੱਧ ਹਰਮਨ-ਪਿਆਰਾ ਗੀਤ ਸੀ ‘ਸਾਡੇ ਪਿੰਡ ਵਿੱਚ ਪਾ ਕੇ ਹੱਟੀ, ਕਿ ਮੋਹ ਲਈ ਬੁਲਬੁਲ ਵਰਗੀ ਜੱਟੀ, ਵੇ ਹੱਟੀ ਵਾਲਿਆ ਅਸਾਂ ਕਾਹਨੂੰ ਦਿਲ ਤੇਰੇ ਨਾਲ਼ ਲਾ ਲਿਆ ਵੇ ਵਣਜਾਰਿਆ’, ਇਹ ਗੀਤ ਲਤਾ ਮੰਗੇਸ਼ਕਰ ਦੀ ਆਪਣੀ ਪਸੰਦ ਵੀ ਸੀ। ਇਸੇ ਹੀ ਫ਼ਿਲਮ ਦਾ ਲਤਾ ਦਾ ਗਾਇਆ ਇੱਕ ਹੋਰ ਗੀਤ ‘ਜਗ ਜਾਹ ਨੀ ਬੱਤੀਏ ਲਹੂ ਵਾਂਗੂ ਰੱਤੀਏ’ ਵੀ ਬੜਾ ਹਰਮਨ-ਪਿਆਰਾ ਗੀਤ ਸਿੱਧ ਹੋਇਆ ਸੀ। ਇੱਕ ਹੋਰ ਲਤਾ ਮੰਗੇਸ਼ਕਰ ਦਾ ਗਾਇਆ ਗੀਤ ‘ਪਿੱਪਲਾਂ ਦੀ ਠੰਢੀ ਛਾਂ ਵੇ ਨਾ ਛੱਡੀਂ ਮੇਰੀ ਬਾਂਹ ਵੇ’ ਸਰਦੂਲ ਸਿੰਘ ਕਵਾਤੜਾ ਦਾ ਆਪਣਾ ਮਨਪਸੰਦ ਗੀਤ ਸੀ। ਇਸੇ ਹੀ ਫ਼ਿਲਮ ਦਾ ਇੱਕ ਗੀਤ ਲਤਾ ਮੰਗੇਸ਼ਕਰ ਅਤੇ ਸ਼ਮਿੰਦਰ ਦਾ ਗਾਇਆ ਦੋਗਾਣਾ ‘ਚਰਖੇ ਦੀਆਂ ਘੂਕਾਂ ਨੇ, ਸੁਣ ਲੈ ਤੂੰ ਕੰਨ ਧਰ ਕੇ, ਮੇਰੇ ਦਿਲ ਦੀਆਂ ਹੂਕਾਂ ਨੇ’ ਪੰਜਾਬੀ ਫ਼ਿਲਮ ਸੰਗੀਤ ਦਾ ਨਿਹਾਇਤ ਹੀ ਖ਼ੂਬਸੂਰਤ ਗੀਤ ਮੰਨਿਆ ਜਾਂਦਾ ਹੈ। ਇਸੇ ਹੀ ਫ਼ਿਲਮ ਦਾ ਇੱਕ ਹੋਰ ਦੋਗਾਣਾ ਗੀਤ ਜਿਸ ਦੇ ਬੋਲ ਸਨ, ‘ਮਾਰਾਂ ਕੰਧਾਂ ਉਤੇ ਲੀਕਾਂ, ਵੇ ਮੈਂ ਲਾਈਆਂ ਨੇ ਉਡੀਕਾਂ’ ਵੀ ਬੜਾ ਹਰਮਨ-ਪਿਆਰਾ ਗੀਤ ਸਾਬਤ ਹੋਇਆ ਸੀ। ਪੰਜਾਬੀ ਫ਼ਿਲਮ ਇਤਿਹਾਸ ਵਿੱਚ ਲਤਾ ਦਾ ਸੁਨਹਿਰੀ ਯੁੱਗ 1948 ਤੋਂ 1954 ਤੱਕ ਦਾ ਹੀ ਰਿਹਾ।

## ਦੋਆਬੇ ਦੀ ਸਿਆਸਤ...

ਉਨਾਂ ਕਿਹਾ ਕਿ ਚੰਨੀ ਦੇ ਮੁੱਖ ਮੰਤਰੀ ਦੀ ਕੁਰਸੀ ’ਤੇ ਬੈਠਣ ਨਾਲ ਦਲਿਤ ਵਰਗ ਵਿਚ ਸਵੈਮਾਨ ਦੀ ਭਾਵਨਾ ਪੈਦਾ ਹੋਈ ਹੈ। ਉਨਾਂ ਕਿਹਾ ਕਿ ਚੰਗਾ ਹੋਵੇਗਾ ਕਿ ਜੇ ਸਿਆਸਤਦਾਨ ਕਿਸੇ ਭਾਈਚਾਰੇ ਨੂੰ ‘ਵੋਟਿੰਗ ਬੈਂਕ’ ਵਜੋਂ ਨਾ ਦੇਖ ਕੇ ਉਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

## ਸੌਦਾ ਸਾਧ 21 ਦਿਨ...

ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਨੇ ਉਸ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਸੁਨਾਰੀਆ ਜੇਲ ਭੇਜ ਦਿੱਤਾ ਸੀ। 27 ਅਗਸਤ ਨੂੰ ਇਸ ਮਾਮਲੇ ਵਿੱਚ ਰੋਹਤਕ ਦੀ ਸੁਨਾਰੀਆ ਜੇਲ ਵਿੱਚ ਹੀ ਸੀ. ਬੀ. ਆਈ. ਅਦਾਲਤ ਲਗਾਈ ਗਈ, ਜਿਸ ਵਿੱਚ ਸੌਦਾ ਸਾਧ ਨੂੰ 20 ਸਾਲ ਦੀ ਸਜ਼ਾ ਸੁਣਾਈ ਗਈ ਸੀ। ਉੱਥੇ ਹੀ ਪੱਤਰਕਾਰ ਰਾਮ ਚੰਦਰ ਛੱਤਰਪਤੀ ਹੱਤਿਆ ਕਾਂਡ ਤੇ ਰਣਜੀਤ ਸਿੰਘ ਹੱਤਿਆ ਕਾਂਡ ਵਿੱਚ ਵੀ ਰਾਮ ਰਹੀਮ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ। ਤਦ ਤੋਂ ਸੌਦਾ ਸਾਧ ਸੁਨਾਰੀਆ ਜੇਲ ਵਿੱਚ ਸਜ਼ਾ ਕੱਟ ਰਿਹਾ ਹੈ। ਬੀਮਾਰ ਹੋਣ 'ਤੇ ਡੇਰਾ ਮੁਖੀ ਨੂੰ ਕਈ ਵਾਰ ਜੇਲ ਤੋਂ ਬਾਹਰ ਪੀ. ਜੀ. ਆਈ. ਰੋਹਤਕ, ਗੁਰੂਗ੍ਰਾਮ ਤੇ ਏਮਜ਼ ਹਸਪਤਾਲ ਦਿੱਲੀ ਵਿੱਚ ਵੀ ਲਿਜਾਇਆ ਗਿਆ। ਡੇਰਾ ਮੁਖੀ ਇਸ ਤੋਂ ਪਹਿਲਾਂ ਵੀ ਕਈ ਵਾਰ ਪੈਰੋਲ ਅਤੇ ਫ਼ਰਲੋ ਲਈ ਅਪੀਲ ਕਰ ਚੁੱਕਾ ਸੀ। ਪਿਛਲੇ ਸਾਲ ਮਈ 2021 ਵਿੱਚ ਉਸ ਨੂੰ 48 ਘੰਟੇ ਦੀ ਪੈਰੋਲ ਮਿਲੀ ਸੀ, ਇਸ ਦੌਰਾਨ ਉਹ ਆਪਣੀ ਬੀਮਾਰ ਮਾਂ ਦਾ ਹਾਲ ਜਾਨਣ ਲਈ ਗੁਰੂਗ੍ਰਾਮ ਗਿਆ ਸੀ। ਜਦਕਿ ਏਮਜ਼ ਵਿੱਚ ਚੈਕਅੱਪ ਦੌਰਾਨ ਉਸ ਦੀ ਸੁਰੱਖਿਆ ਵਿੱਚ ਵੀ ਕੁਤਾਹੀ ਦਾ ਮਾਮਲਾ ਸਾਹਮਣੇ ਆਇਆ ਸੀ। ਵਾਪਸ ਮੁੜਦੇ ਸਮੇਂ ਸੁਰੱਖਿਆ ਇੰਚਾਰਜ ਮੋਹਮ ਡੀ. ਐਸ. ਪੀ. ਸ਼ਮਸ਼ੇਰ ਸਿੰਘ ਨੇ ਨਿਯਮਾਂ ਦੀ ਉਲੰਘਣਾ ਕਰ ਕੇ ਦੋ ਔਰਤਾਂ ਨਾਲ ਉਸ ਨੂੰ ਮਿਲਵਾ ਦਿੱਤਾ ਸੀ। ਇਸ ਦੇ ਬਾਅਦ ਡੀਐਸਪੀ. ਸ਼ਮਸ਼ੇਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ।

ਜੇਲ ਮੰਤਰੀ ਨੇ ਕੀਤੀ ਸੀ ਫ਼ਰਲੋ ਮਿਲਣ ਦੀ ਪੁਸ਼ਟੀ ਡੇਰਾ ਮੁਖੀ ਨੂੰ 21 ਦਿਨ ਦੀ ਫ਼ਰਲੋ ਦਿੱਤੀ ਗਈ ਹੈ। ਜੇਲ ਮੰਤਰੀ ਰਣਜੀਤ ਸਿੰਘ ਨੇ ਫ਼ਰਲੋ ਦਿੱਤੇ ਜਾਣ ਦੀ ਪੁਸ਼ਟੀ ਕਰ ਦਿੱਤੀ ਹੈ।

**ਸਜ਼ਾ ਦਾ ਹਿੱਸਾ ਹੁੰਦੀ ਹੈ ਫ਼ਰਲੋ**

ਜੇਲ ਨਿਯਮਾਂ ਅਨੁਸਾਰ ਸਜ਼ਾ ਕੱਟ ਰਹੇ ਕੈਦੀਆਂ ਨੂੰ ਜੇਲ ਤੋਂ ਪੈਰੋਲ ਤੇ ਫ਼ਰਲੋ ਦੇ ਰੂਪ ਵਿੱਚ ਅਸਥਾਈ ਰਿਹਾਈ ਮਿਲਿਆ ਕਰਦੀ ਹੈ। ਪੈਰੋਲ ਨੂੰ ਜੇਲ ਤੋਂ ਛੁੱਟੀ ਦੇ ਤੌਰ 'ਤੇ ਮੰਨਿਆ ਜਾਂਦਾ ਹੈ ਤੇ ਕੋਈ ਕੈਦੀ ਜਿਸ ਸਮੇਂ ਲਈ ਪੈਰੋਲ 'ਤੇ ਰਹਿੰਦਾ ਹੈ ਤਾਂ

ਉਸ ਕੈਦੀ ਦੀ ਸਜ਼ਾ ਉਨੇ ਦਿਨ ਅੱਗੇ ਵਧ ਜਾਂਦੀ ਹੈ। ਜਦਕਿ ਫ਼ਰਲੋ ਨੂੰ ਕੈਦੀ ਦੀ ਸਜ਼ਾ ਦਾ ਹਿੱਸਾ ਮੰਨਿਆ ਜਾਂਦਾ ਹੈ ਅਤੇ ਕੈਦੀ ਜੇਲ ਤੋਂ ਬਾਹਰ ਰਹਿ ਕੇ ਵੀ ਆਪਣੀ ਸਜ਼ਾ ਭੁਗਤ ਰਿਹਾ ਹੁੰਦਾ ਹੈ। ਇੱਕ ਕੈਦੀ ਨੂੰ 3 ਸਾਲ ਜੇਲ ਵਿੱਚ ਰਹਿਣ ਦੇ ਬਾਅਦ ਚੰਗੇ ਆਚਰਣ ਦੇ ਮੱਦੇਨਜ਼ਰ ਪਹਿਲੀ ਵਾਰ 3 ਹਫ਼ਤਿਆਂ ਲਈ ਫ਼ਰਲੋ ਮਿਲ ਸਕਦੀ ਹੈ ਤੇ ਉਸ ਦੇ ਬਾਅਦ ਅਗਲੇ ਸਾਲ ਉਹ ਦੋ ਹਫ਼ਤੇ ਲਈ ਜੇਲ ਤੋਂ ਫ਼ਰਲੋ ਪਾਉਣ ਲਈ ਯੋਗ ਮੰਨਿਆ ਜਾਂਦਾ ਹੈ। ਜਦ ਕੋਈ ਕੈਦੀ ਜੇਲ ਪ੍ਰਸ਼ਾਸਨ ਤੋਂ ਫ਼ਰਲੋ ਦੀ ਮੰਗ ਕਰਦਾ ਹੈ ਤਾਂ ਜੇਲ ਪ੍ਰਸ਼ਾਸਨ ਉਸ ਦੀ ਅਰਜ਼ੀ ਉਸ ਦੇ ਪੂਰੇ ਜੇਲ ਰਿਕਾਰਡ ਦੇ ਨਾਲ ਸਮਰੱਥ ਅਧਿਕਾਰੀ ਕੋਲ਼ ਭੇਜ ਦਿੰਦਾ ਹੈ ਅਤੇ ਸਮਰੱਥ ਅਧਿਕਾਰੀ ਨੂੰ ਫ਼ਰਲੋ ਦੀ ਅਰਜ਼ੀ ਨੂੰ ਮਨਜ਼ੂਰ ਜਾਂ ਨਾ ਮਨਜ਼ੂਰ ਕਰਨ ਦਾ ਅਧਿਕਾਰ ਹੁੰਦਾ ਹੈ। ਹੱਤਿਆ ਵਰਗੇ ਮਾਮਲਿਆਂ 'ਚ ਸਮਰੱਥ ਅਧਿਕਾਰੀ ਸੰਬੰਧਿਤ ਮੰਡਲ ਕਮਿਸ਼ਨ ਹੁੰਦਾ ਹੈ ਤੇ ਇਸ ਮਾਮਲੇ 'ਚ ਕਮਿਸ਼ਨਰ ਵੱਲੋਂ ਫ਼ਰਲੋ ਮਨਜ਼ੂਰ ਕਰਨ ਦੇ ਬਾਅਦ ਸੌਦਾ ਸਾਧ ਨੂੰ ਜੇਲ ਤੋਂ ਬਾਹਰ ਭੇਜ ਦਿੱਤਾ ਗਿਆ ਹੈ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਦਲੀਲ ਦਿੱਤੀ ਕਿ ਸਰਕਾਰੀ ਪ੍ਰਣਾਲੀ ਤੇ ਕਾਨੂੰਨੀ ਪ੍ਰਕਿਰਿਆ ਦੇਸ਼ ਦੇ ਸੰਵਿਧਾਨ ਦੇ ਹਿਸਾਬ ਨਾਲ ਚੱਲਦੀ ਹੈ, ਜਿਸ ਦੇ ਤਹਿਤ ਹਰੇਕ ਵਿਅਕਤੀ ਦੇ ਅਧਿਕਾਰ ਸੁਰੱਖਿਅਤ ਕੀਤੇ ਗਏ ਹਨ। ਕਿਸੇ ਵਿਅਕਤੀ ਨੂੰ ਫ਼ਰਲੋ ਦੇਣਾ ਇੱਕ ਤਰਾਂ ਨਾਲ ਕਾਨੂੰਨੀ ਤੇ ਪ੍ਰਸ਼ਾਸਨਿਕ ਪ੍ਰਕਿਰਿਆ ਹੈ ਅਤੇ ਫ਼ਰਲੋ 'ਤੇ ਜਾਣਾ ਆਮ ਕੈਦੀ ਦਾ ਅਧਿਕਾਰ ਹੈ।

ਰਾਜਨੀਤਕ ਤੌਰ 'ਤੇ ਇਸ ਦਾ ਮਤਲਬ ਇਹ ਲਿਆ ਜਾ ਰਿਹਾ ਹੈ ਕਿ 20 ਫ਼ਰਵਰੀ ਨੂੰ ਪੰਜਾਬ ਦੀਆਂ ਹੋ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਸਾਹਮਣੇ ਰੱਖ ਕੇ ਅਸਿੱਧੇ ਤੌਰ 'ਤੇ ਪੰਜਾਬ ਲੋਕ ਕਾਂਗਰਸ ਦੇ ਆਗੂ ਕੈਪਟਨ ਅਮਰਿੰਦਰ ਸਿੰਘ, ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਸੰਯੁਕਤ ਸ਼੍ਰੋਮਣੀ ਅਕਾਲੀ ਦਲ ਦੇ ਇੱਕ ਹਿੱਸੇ ਦੇ ਪ੍ਰਧਾਨ ਸ. ਸੁਖਦੇਵ ਸਿੰਘ ਢੀਂਡਸਾ ਦੇ ਗਰੁੱਪਾਂ ਨੂੰ ਸਿੱਧਾ ਫ਼ਾਇਦਾ ਪਹੁੰਚਾਉਣਾ ਹੈ।

### ਫ਼ਰਲੋ ਰਿਹਾਈ ਦੀ ਪੰਥਕ ਜਥੇਬੰਦੀਆਂ ਵੱਲੋਂ ਨਿੰਦਾ

ਡੇਰਾ ਸੌਦਾ ਮੁਖੀ ਨੂੰ ਹਰਿਆਣਾ ਸਰਕਾਰ ਵੱਲੋਂ 21 ਦਿਨ ਦੀ ਫ਼ਰਲੋ ਦੇਣ ਦੇ ਫ਼ੈਸਲੇ 'ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਕਰਦਿਆਂ ਉਸ ਦੀ ਰਿਹਾਈ ਰੱਦ ਕਰਨ ਦੀ ਮੰਗ ਕੀਤੀ ਹੈ। ਸਿੱਖ ਧਾਰਮਿਕ ਆਗੂਆਂ ਨੇ ਆਖਿਆ ਕਿ ਇਹ ਫ਼ੈਸਲਾ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੈ, ਜਿਸ 'ਤੇ ਤੁਰੰਤ ਰੋਕ ਲੱਗਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਡੇਰਾ ਮੁਖੀ ਜਿਥੇ ਜਬਰ-ਜਨਾਹ ਅਤੇ ਕਤਲ ਵਰਗੇ ਸੰਗੀਨ ਦੋਸ਼ਾਂ ਤਹਿਤ ਸਜ਼ਾ ਕੱਟ ਰਿਹਾ ਹੈ, ਉਥੇ ਹੀ ਬਰਗਾੜੀ ਵਿੱਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਨਾਲ ਵੀ ਉਸ ਦਾ ਸਿੱਧਾ ਸਬੰਧ ਜੁੜਦਾ ਹੈ। ਉਨਾਂ ਦੋਸ਼ ਲਾਇਆ ਕਿ ਹਰਿਆਣਾ ਅਤੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਰਲ਼ ਕੇ ਰਾਜਸੀ ਖੇਡ ਖੇਡੀ ਜਾ ਰਹੀ ਹੈ। ਉਨਾਂ ਕਿਹਾ ਕਿ ਚੋਣਾਂ ਮੌਕੇ ਭਾਜਪਾ ਰਾਜਸੀ ਲਾਹਾ ਲੈਣ ਦੇ ਮੰਤਵ ਨਾਲ ਪੰਜਾਬ ਦੇ ਮਾਹੌਲ ਨੂੰ ਖ਼ਰਾਬ ਕਰਨ ਤੋਂ ਵੀ ਗੁਰੇਜ਼ ਨਹੀਂ ਕਰ ਰਹੀ ਹੈ। ਉਨਾਂ ਮੰਗ ਕੀਤੀ ਕਿ ਕੇਂਦਰ ਅਤੇ ਹਰਿਆਣਾ ਸਰਕਾਰ ਇਸ ਫ਼ੈਸਲੇ 'ਤੇ ਮੁੜ ਵਿਚਾਰ ਕਰੇ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਸਿੱਖਾਂ ਤੋਂ ਇਸ ਗਲਤੀ ਦੀ ਮੁਆਫ਼ੀ ਵੀ ਮੰਗੇ। ਉਨਾਂ ਕਿਹਾ ਕਿ ਸਜ਼ਾਵਾਂ ਦੀ ਮਿਆਦ ਖ਼ਤਮ ਹੋਣ ਦੇ ਬਾਵਜੂਦ ਬੰਦੀ ਸਿੱਖ ਜੇਲਾਂ ਵਿੱਚ ਬੰਦ ਹਨ ਪਰ ਉਨਾਂ ਨੂੰ ਨਾ ਤਾਂ ਪੈਰੋਲ ਅਤੇ ਨਾ ਹੀ ਰਿਹਾਅ ਕੀਤਾ ਜਾ ਰਿਹਾ ਹੈ ਜਦਕਿ ਡੇਰਾ ਮੁਖੀ ਨੂੰ ਬਿਨਾਂ ਲੋੜ 'ਤੇ ਹੀ ਫ਼ਰਲੋ ਦਿੱਤੀ ਜਾ ਰਹੀ ਹੈ, ਜੋ ਸਿੱਖ ਭਾਈਚਾਰੇ ਨਾਲ ਵਿਤਕਰੇ ਵਾਲੇ ਵਤੀਰੇ ਦਾ ਪ੍ਰਮਾਣ ਹੈ। ਇਸ ਦੌਰਾਨ ਦਲ ਖ਼ਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਆਖਿਆ ਕਿ ਡੇਰਾ ਪ੍ਰੇਮੀਆਂ ਦੀਆਂ ਵੋਟਾਂ ਲੈਣ ਲਈ ਰਾਮ ਰਹੀਮ ਨੂੰ ਛੱਡਿਆ ਜਾ ਰਿਹਾ ਹੈ ਅਤੇ ਇਹ ਭਾਜਪਾ ਦੇ ਇਸ਼ਾਰੇ 'ਤੇ ਹੋਇਆ ਹੈ। ਉਨਾਂ ਕਿਹਾ ਕਿ ਮਾਲਵਾ ਖੇਤਰ ਵਿੱਚ ਡੇਰਾ ਪ੍ਰੇਮੀਆਂ ਦੀਆਂ ਵੋਟਾਂ 'ਤੇ ਸਾਰੀਆਂ ਹੀ ਪਾਰਟੀਆਂ ਦੀ ਨਿਗਾਹ ਹੈ ਅਤੇ ਭਾਜਪਾ ਵੱਲੋਂ ਡੇਰੇ ਦੀ ਵੋਟ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਇਹ ਚਾਲ ਖੇਡੀ ਗਈ ਹੈ। ਉਨਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਨੂੰ ਕਰਾਰੀ ਹਾਰ ਦੇ ਕੇ ਸਬਕ ਸਿਖਾਉਣ। ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਆਗੂ ਰਣਜੀਤ ਸਿੰਘ ਦਮਦਮੀ ਟਕਸਾਲ ਤੇ ਹੋਰ ਆਗੂਆਂ ਨੇ ਵੀ ਇਸ ਦਾ ਸਖ਼ਤ ਵਿਰੋਧ ਕਰਦਿਆਂ ਦੋਸ਼ ਲਾਇਆ ਕਿ ਭਾਜਪਾ ਨੇ ਵੋਟਾਂ ਲੈਣ ਲਈ ਅਜਿਹਾ ਕੀਤਾ ਹੈ। ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਗਠਿਤ ਭਾਈ ਹਵਾਰਾ ਕਮੇਟੀ ਅਤੇ ਸਿੱਖ ਜਥੇਬੰਦੀ ਦਲ ਖ਼ਾਲਸਾ ਨੇ ਪੰਜਾਬ ਤੇ ਉੱਤਰ ਪ੍ਰਦੇਸ਼ 'ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਡੇਰਾ ਸਿਰਸਾ ਦੀ ਵੋਟ ਨੂੰ ਹਥਿਆਉਣ ਲਈ ਹਰਿਆਣਾ ਸਰਕਾਰ ਦੇ ਇਸ਼ਾਰੇ 'ਤੇ ਡੇਰਾ ਸੌਦਾ ਮੁਖੀ ਨੂੰ 21 ਦਿਨਾਂ ਦੀ ਫ਼ਰਲੋ ਦਿੱਤੇ ਜਾਣ ਨੂੰ ਬੰਦੀ ਸਿੰਘਾਂ ਨਾਲ ਵਿਤਕਰਾ ਕਰਾਰ ਦਿੱਤਾ ਹੈ। ਡੇਰਾ ਮੁਖੀ ਕਾਰਨ ਸਿਆਸਤ ਵਿੱਚ ਹਲਚਲ ਮਾਲਵੇ ਵਿੱਚ ਆਪਣਾ ਵੱਡਾ ਪ੍ਰਭਾਵ ਰੱਖਣ ਵਾਲੇ ਡੇਰਾ ਮੁਖੀ ਦੇ ਸ਼ਰਧਾਲੂਆਂ ਦਾ ਬਹੁਤ ਵੱਡਾ ਪ੍ਰਭਾਵ ਹੈ, ਪੰਜਾਬ ਦੇ 117 ਵਿਧਾਨ ਸਭਾ ਹਲਕਿਆਂ ਵਿੱਚ ਮਾਲਵੇ 56 ਵਿਧਾਨ ਸਭਾ ਹਲਕਿਆਂ ਵਿੱਚ ਡੇਰਾ ਸਿਰਸਾ ਸ਼ਰਧਾਲੂਆਂ ਦੀ ਵੱਡੀ ਗਿਣਤੀ ਹੈ, ਜਿਸ ਨਾਲ ਪੰਜਾਬ ਸਿਆਸੀ ਮਾਹੌਲ ਪ੍ਰਭਾਵਿਤ ਹੋਵੇਗਾ। ਡੇਰਾ ਮੁਖੀ ਵੱਲੋਂ ਜਿਸ ਵੀ ਸਿਆਸੀ ਪਾਰਟੀ ਦੇ ਪੱਖ ਵਿੱਚ ਡੇਰਾ ਸ਼ਰਧਾਲੂਆਂ ਨੂੰ ਇਸ਼ਾਰਾ ਕੀਤਾ ਜਾਵੇਗਾ, ਉਸ ਸਿਆਸੀ ਪਾਰਟੀ ਦੀ ਲਾਟਰੀ ਲੱਗ ਸਕਦੀ ਹੈ। ਸਿਆਸੀ ਪੰਡਿਤਾਂ ਮੁਤਾਬਿਕ ਸ਼੍ਰੋਮਣੀ ਅਕਾਲੀ ਦਲ (ਬ) ਤੋਂ ਵੱਖ ਹੋ ਕੇ ਪੰਜਾਬ ਅੰਦਰ ਚੋਣ ਲੜਨ ਵਾਲੀ ਭਾਜਪਾ ਦੀ ਲਾਟਰੀ ਲੱਗਣ ਦੇ ਆਸਾਰ ਹਨ। ਫ਼ਰਲੋ ਨਾਲ ਪੰਜਾਬ ਦੀ ਸਿਆਸਤ ਵਿੱਚ ਨਵੀਂ ਸਿਆਸੀ ਚਰਚਾ ਛੇੜ ਦਿੱਤੀ ਹੈ। ਦੱਸਣਯੋਗ ਹੈ ਕਿ ਪੰਜਾਬ ਵਿੱਚ 300 ਦੇ ਕਰੀਬ ਡੇਰਿਆਂ ਦੇ 10 ਲੱਖ ਤੋਂ ਉੱਪਰ ਸ਼ਰਧਾਲੂ ਹਨ। ਸ਼ਰਧਾਲੂ ਪੰਜਾਬ ਦੇ ਵੱਖ-ਵੱਖ ਡੇਰਿਆਂ ਨਾਲ ਜੁੜੇ ਹੋਏ ਹਨ, ਜਿਨਾਂ ਵਿੱਚ ਰਾਧਾ ਸੁਆਮੀ ਬਿਆਸ, ਨਿਰੰਕਾਰੀ ਨਾਮਧਾਰੀ, ਦਿਵਿਆ ਜਿਓਤੀ ਨੂਰਮਹਿਲ, ਜਾਗ੍ਰਿਤੀ, ਡੇਰਾ ਸੱਚ ਖੰਡ ਬੱਲਾ, ਡੇਰਾ ਬੇਗੋਵਾਲ ਆਦਿ ਦੇ ਪ੍ਰਮੁੱਖ ਨਾਮ ਹਨ। ਇਨਾਂ ਸਮੂਹ ਡੇਰਿਆਂ ਵਿੱਚ ਡੇਰਾ ਸੱਚਾ ਸੌਦਾ ਡੇਰਾ ਸ਼ਰਧਾਲੂਆਂ ਦੀ ਗਿਣਤੀ ਸਭ ਤੋਂ ਵੱਡੀ ਹੈ। 20 ਫ਼ਰਵਰੀ ਦੀਆਂ ਨੇੜੇ ਆ ਰਹੀਆਂ ਚੋਣਾਂ ਦੇ ਨੇੜੇ ਡੇਰਾ ਮੁਖੀ ਨੂੰ ਫ਼ਰਲੋ ਮਿਲਣਾ ਪੰਜਾਬ ਦੇ ਰਾਜਨੀਤਿਕ ਭਵਿੱਖ ਲਈ ਨਵੀਂ ਚਰਚੇ ਛਿੜ ਚੁੱਕੀ ਹੈ।

## ਪੀ. ਐੱਮ. ਮੋਦੀ ਨੇ...

ਉਨਾਂ ਕਿਹਾ, "ਨਾਗਾਲੈਂਡ ਦੇ ਲੋਕਾਂ ਨੇ ਆਖਰੀ ਵਾਰ 1998 ਵਿੱਚ ਕਾਂਗਰਸ ਨੂੰ ਵੋਟ ਦਿੱਤੇ. ਲਗਭਗ 24 ਸਾਲ ਹੋ ਗਏ ਹਨ। ਉੜੀਸਾ ਨੇ ਤੁਹਾਨੂੰ 1995 ਵਿੱਚ ਵੋਟ ਦਿੱਤੀ ਸੀ, 27 ਸਾਲ ਹੀ ਹੋਏ ਹਨ ਕਿ ਤੁਹਾਨੂੰ ਉੱਥੇ ਦਾਖਲਾ ਨਹੀਂ ਮਿਲਿਆ।

ਤੁਸੀਂ 1994 ਵਿੱਚ ਪੂਰਨ ਬਹੁਮਤ ਨਾਲ ਗੋਆ ਜਿੱਤਿਆ, ਗੋਆ ਨੇ ਤੁਹਾਨੂੰ 28 ਸਾਲ ਸਵੀਕਾਰ ਨਹੀਂ ਕੀਤਾ। ਆਖ਼ਰੀ ਵਾਰ ਤ੍ਰਿਪੁਰਾ ਵਿੱਚ ਲੋਕਾਂ ਨੇ ਤੁਹਾਨੂੰ ਲਗਭਗ 34 ਸਾਲ ਪਹਿਲਾਂ 1988 ਵਿੱਚ ਵੋਟ ਦਿੱਤਾ ਸੀ। ਪੀਐਮ ਮੋਦੀ ਨੇ ਅੱਗੇ ਕਿਹਾ, "ਯੂਪੀ, ਗੁਜਰਾਤ, ਬਿਹਾਰ ਨੇ ਆਖਰੀ ਵਾਰ 37 ਸਾਲ ਪਹਿਲਾਂ 1985 ਵਿੱਚ ਕਾਂਗਰਸ ਨੂੰ ਵੋਟ ਦਿੱਤੀ ਸੀ। ਪੱਛਮੀ ਬੰਗਾਲ ਦੇ ਲੋਕਾਂ ਨੇ ਤੁਹਾਨੂੰ ਲਗਭਗ 50 ਸਾਲ ਪਹਿਲਾਂ 1972 ਵਿੱਚ ਆਖਰੀ ਵਾਰ ਪਸੰਦ ਕੀਤਾ ਸੀ। ਤੁਸੀਂ ਤੇਲੰਗਾਨਾ ਬਣਾਉਣ ਦਾ ਸਿਹਰਾ ਆਪਣੇ ਸਿਰ ਲੈਂਦੇ ਹੋ, ਪਰ ਉੱਥੇ ਵੀ ਲੋਕਾਂ ਨੇ ਤੁਹਾਨੂੰ ਸਵੀਕਾਰ ਨਹੀਂ ਕੀਤਾ।ਕਾਂਗਰਸ ਖਿਲਾਫ ਬੋਲਦਿਆਂ ਮੋਦੀ ਨੇ ਕਿਹਾ ਕਿ ਸਵਾਲ ਸਿਰਫ਼ ਚੋਣਾਂ ਦਾ ਨਹੀਂ, ਇਰਾਦਿਆਂ ਦਾ ਹੈ। ਦੇਸ਼ ਦੇ ਲੋਕ 50 ਸਾਲ ਸੱਤਾ 'ਚ ਰਹਿਣ ਦੇ ਬਾਵਜੂਦ ਉਨਾਂ ਨੂੰ ਵਾਰ-ਵਾਰ ਕਿਉਂ ਨਕਾਰ ਰਹੇ ਹਨ? ਜਿੱਥੇ ਵੀ ਲੋਕਾਂ ਨੇ ਸਹੀ ਰਸਤਾ ਲਿਆ ਹੈ, ਉਹ ਤੁਹਾਨੂੰ ਦੁਬਾਰਾ ਦਾਖਲ ਨਹੀਂ ਹੋਣ ਦੇਣਗੇ।"

ਆਪਣੇ ਭਾਸ਼ਣ ਦੌਰਾਨ ਮੋਦੀ ਨੇ ਕਿਹਾ ਕਿ ਇੱਕ ਨਵੀਂ ਵਿਸ਼ਵ ਵਿਵਸਥਾ ਹੈ ਅਤੇ ਅਜਿਹੀ ਸਥਿਤੀ ਵਿੱਚ ਭਾਰਤ ਨੂੰ ਆਪਣੇ ਆਪ ਨੂੰ ਘੱਟ ਨਹੀਂ ਸਮਝਣਾ ਚਾਹੀਦਾ ਕੋਵਿਡ ਤੋਂ ਬਾਅਦ ਦੀ ਦੁਨੀਆ ਵਿੱਚ ਵਿਸ਼ਵ ਪੱਧਰ 'ਤੇ ਲੀਡਰਸ਼ਿਪ ਦੀ ਭੂਮਿਕਾ ਨਿਭਾ ਸਕਦਾ ਹੈ। ਉਸਨੇ ਕਿਹਾ, "ਅਸੀਂ ਇੱਕ ਨਵੇਂ ਵਿਸ਼ਵ ਵਿਵਸਥਾ ਵਿੱਚ ਜੀ ਰਹੇ ਹਾਂ। ਮਹਾਂਮਾਰੀ ਤੋਂ ਬਾਅਦ ਇੱਕ ਨਵਾਂ ਮੋੜ ਆਇਆ ਹੈ। ਸਾਨੂੰ ਨੇਤਾਵਾਂ ਵਜੋਂ ਪਛਾਣਿਆ ਜਾ ਰਿਹਾ ਹੈ। ਭਾਰਤ ਨੂੰ ਗਲੋਬਲ ਲੀਡਰਸ਼ਿਪ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਲੀਡਰਸ਼ਿਪ ਦੀ ਭੂਮਿਕਾ ਨਿਭਾਉਣ ਵਿੱਚ ਆਪਣੇ ਆਪ ਨੂੰ ਘੱਟ ਨਹੀਂ ਸਮਝਣਾ ਚਾਹੀਦਾ।

ਉਸ ਨੇ ਕਿਹਾ, 'ਮੈਂ ਦਰਸ਼ਨੀ ਘੋੜਾ ਬਣ ਕੇ ਨਹੀਂ ਰਹਾਂਗਾ। ਮੈਂ ਰੇਸ ਵਿਚ ਦੌੜਨ ਵਾਲਾ ਅਰਬੀ ਘੋੜਾ ਹਾਂ।' ਉਸ ਦੇ ਇਸ ਅੰਦਾਜ਼ ਨਾਲ ਮੰਚ 'ਤੇ ਬੈਠੇ ਸਾਰੇ ਕਾਂਗਰਸੀ ਨੇਤਾ ਹੈਰਾਨ ਰਹਿ ਗਏ।

ਉੱਥੇ ਹੀ ਐਲਾਨ ਤੋਂ ਪਹਿਲਾਂ ਕਾਫੀ ਦੇਰ ਤੱਕ ਸਿੱਧੂ ਨੂੰ ਮਨਾਉਣ ਦੇ ਯਤਨ ਚਲਦੇ ਰਹੇ। ਰਾਹੁਲ ਕਰੀਬ ਢਾਈ ਵਜੇ ਲੁਧਿਆਣਾ ਪਹੁੰਚ ਗਏ। ਇਸ ਤੋਂ ਬਾਅਦ ਇਕ ਹੋਟਲ ਵਿਚ ਚੰਨੀ, ਸਿੱਧੂ, ਕੇਸੀ ਵੇਣੂਗੋਪਾਲ, ਹਰੀਸ਼ ਚੌਧਰੀ ਤੇ ਸੁਨੀਲ ਜਾਖੜ. ਨਾਲ ਇਕ ਬੈਠਕ ਹੋਈ। ਸੂਤਰਾਂ ਅਨੁਸਾਰ ਸਿੱਧੂ ਨੂੰ ਰਾਹੁਲ ਨੇ ਮਨਾਇਆ।

**ਚੰਨੀ ਕਾਂਗਰਸ ਲਈ ਦਲਿਤ ਵੋਟ ਬੈਂਕ**

ਕਾਂਗਰਸ ਨੇ 18 ਫੀਸਦੀ ਜੱਟ ਵੋਟ ਬੈਂਕ ਦੀ ਜਗਾ 32 ਫੀਸਦੀ ਐੱਸਸੀ ਵੋਟ ਬੈਂਕ ਨੂੰ ਤਵੱਜੋਂ ਦਿੱਤੀ ਹੈ। ਪਾਰਟੀ ਹਾਈਕਮਾਨ ਵਲੋਂ ਚਾਰ ਮਹੀਨੇ ਪਹਿਲਾਂ ਦਲਿਤ ਚਿਹਰੇ ਦੀ ਮੁੱਖ ਮੰਤਰੀ ਵਜੋਂ ਚੋਣ ਵਿਧਾਨ ਸਭਾ ਚੋਣਾਂ ਲਈ ਇਸ ਭਾਈਚਾਰੇ ਦੇ ਵੋਟ ਬੈਂਕ ਦਾ ਸਮਰਥਨ ਲੈਣ ਲਈ ਕੀਤੀ ਸੀ ਤੇ ਪਾਰਟੀ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ 18 ਫੀਸਦੀ ਜੱਟ ਵੋਟ ਬੈਂਕ ਨੂੰ ਲੈ ਕੇ ਬਿਲਕੁਲ ਚਿੰਤਤ ਨਹੀਂ ਦਿਖਾਈ ਦੇ ਰਹੀ ਹੈ। ਇਹੀ ਕਾਰਨ ਹੈ ਕਿ ਕਾਂਗਰਸ ਨੇ ਸਿੱਧੂ ਦੀ ਜਗਾ ਚੰਨੀ ਨੂੰ ਮੁੱਖ ਮੰਤਰੀ ਅਹੁਦੇ ਦਾ ਚਿਹਰਾ ਬਣਾ ਕੇ ਐੱਸਸੀ ਵਰਗ 'ਤੇ ਦਾਅ ਖੇਡਿਆ ਹੈ।ਕਾਂਗਰਸ ਜੇ ਸਿੱਧੂ 'ਤੇ ਦਾਅ ਖੇਡਦੀ ਤਾਂ ਵੀ ਕਾਂਗਰਸ ਨੂੰ 18 ਫੀਸਦੀ ਜੱਟ ਵੋਟ ਬੈਂਕ ਦਾ ਵੱਡਾ ਲਾਭ ਮਿਲਦਾ ਹੋਇਆ ਦਿਖਾਈ ਨਹੀਂ ਦੇ ਰਿਹਾ ਸੀ, ਕਿਉਂਕਿ ਜੱਟ ਵੋਟ ਬੈਂਕ ਬਾਦਲ ਦਲ, ਸੰਯੁਕਤ ਸਮਾਜ ਮੋਰਚਾ, ਆਪ ਪਾਰਟੀ ਵਿਚ ਵੰਡਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦਾ ਬਸਪਾ ਨਾਲ ਸਮਝੌਤਾ ਹੋਣ ਕਾਰਨ ਕਿਸੇ ਵੀ ਸੂਰਤ ਵਿਚ ਐੱਸਸੀ ਵੋਟ ਬੈਂਕ ਨਾ ਖਿਸਕੇ।

**ਬਾਗੀਆਂ ਦਾ ਚੈਲਿੰਜ**

ਪਾਰਟੀ ਸੂਤਰਾਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਚਿਹਰੇ ਸੰਬੰਧੀ ਸਪੱਸ਼ਟਤਾ ਆਉਣ ਨਾਲ ਪਾਰਟੀ ਨੂੰ ਜ਼ਰੂਰ ਲਾਭ ਮਿਲੇਗਾ, ਪਰ ਚੋਣਾਂ ਦੌਰਾਨ ਪਾਰਟੀ ਦੇ ਐਲਾਨੇ ਉਮੀਦਵਾਰਾਂ ਵਿਰੁੱਧ ਬਾਗੀਆਂ ਵਲੋਂ ਚੋਣਾਂ ਲੜਨਾ ਹੁਣ ਦੂਜੀ ਵੱਡੀ ਚੁਣੌਤੀ ਹੈ।

ਪੰਜਾਬ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਅਤੇ ਵਾਪਸ ਲੈਣ ਦੀ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਕਾਂਗਰਸ ਵੱਲੋਂ ਬਾਗੀਆਂ ਨਾਲ ਨਜਿੱਠਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ ਜਿਸ ਦੇ ਤਹਿਤ ਜਿੰਨਾਂ ਲੋਕਾਂ ਨੇ ਬਾਗੀ ਹੋ ਕੇ ਕਾਂਗਰਸੀ ਉਮੀਦਵਾਰਾਂ ਵਿਰੁੱਧ ਆਜ਼ਾਦ ਉਮੀਦਵਾਰ ਦੇ ਰੂਪ ਵਿਚ ਨਾਮਜ਼ਦ ਪੱਤਰ ਦਾਖ਼ਲ ਕੀਤਾ ਸੀ। ਉਨਾਂ 'ਤੇ ਪੇਪਰ ਵਾਪਸ ਨਾ ਲੈਣ ਦੇ ਦੋਸ਼ ਵਿਚ ਕਾਰਵਾਈ ਹੋ ਸਕਦੀ ਹੈ ਜਿਸ ਵਿਚ ਮੁੱਖ ਰੂਪ ਨਾਲ ਮੁੱਖ ਮੰਤਰੀ ਸਿੰਘ ਚੰਨੀ ਦੇ ਭਰਾ ਮਨੋਹਰ ਸਿੰਘ ਤੇ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਪੁੱਤਰ ਦਾ ਨਾਂ ਵੀ ਸ਼ਾਮਲ ਹੈ ਜੋ ਟਿਕਟ ਨਾ ਮਿਲਣ ਤੋਂ ਨਾਰਾਜ਼ ਹੋ ਕੇ ਬੱਸੀ ਪਠਾਣਾ ਤੋਂ ਕਾਂਗਰਸੀ ਉਮੀਦਵਾਰ ਗੁਰਪ੍ਰੀਤ ਜੀਪੀ ਤੇ ਸੁਲਤਾਨਪੁਰ ਲੋਧੀ ਤੋਂ ਨਵਤੇਜ ਚੀਮਾ ਵਿਰੁੱਧ ਚੋਣ ਲੜ ਰਹੇ ਹਨ। ਰਾਣਾ ਗੁਰਜੀਤ ਵੀ ਖੁੱਲ ਕੇ ਆਪਣੇ ਲੜਕੇ ਦੀ ਹਮਾਇਤ ਵਿਚ ਚੋਣ ਪ੍ਰਚਾਰ ਕਰ ਰਹੇ ਹਨ।

ਕਾਂਗਰਸ ਇਨਾਂ ਬਾਗੀ ਉਮੀਦਵਾਰਾਂ ਨੂੰ ਰਜ਼ਾਮੰਦ ਨਹੀਂ ਕਰ ਸਕੀ ਹੈ। ਸਿਰਫ਼ ਦੋ ਉਮੀਦਵਾਰਾਂ ਨੂੰ ਕਾਗਜ਼ ਵਾਪਸ ਲੈਣ ਲਈ ਮਨਾ ਸਕੀ ਹੈ। ਸੁਨਾਮ ਤੋਂ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਮੈਦਾਨ ਵਿਚ ਕੁੱਦੀ ਦਮਨ ਥਿੰਦ ਬਾਜਵਾ ਨੇ ਆਪਣੇ ਕਾਗਜ਼ ਵਾਪਸ ਲੈ ਲਏ ਹਨ ਤੇ ਇਸੇ ਤਰਾਂ ਲੁਧਿਆਣਾ ਵਿੱਚ ਆਜ਼ਾਦ ਉਮੀਦਵਾਰ ਵਜੋਂ ਮੈਦਾਨ ਵਿੱਚ ਨਿੱਤਰੇ ਕੇ ਕੇ ਬਾਵਾ ਨੇ ਵੀ ਕਾਗ਼ਜ਼ ਵਾਪਸ ਲਏ ਹਨ।

ਕਾਂਗਰਸੀ ਉਮੀਦਵਾਰ ਨਵਤੇਜ ਸਿੰਘ ਚੀਮਾ ਖ਼ਿਲਾਫ਼ ਰਾਣਾ ਪਰਿਵਾਰ ਖੜਾ ਹੈ। ਪਾਰਟੀ ਵੱਲੋਂ ਹਾਲੇ ਤੱਕ ਕਿਸੇ ਖ਼ਿਲਾਫ਼ ਵੀ ਅਨੁਸ਼ਾਸਨੀ ਕਾਰਵਾਈ ਨਹੀਂ ਕੀਤੀ ਗਈ ਹੈ। ਹਲਕਾ ਤਲਵੰਡੀ ਸਾਬੋ ਤੋਂ ਟਿਕਟ ਨਾ ਮਿਲਣ ਮਗਰੋਂ ਸਾਬਕਾ ਮੰਤਰੀ ਹਰਮਿੰਦਰ ਜੱਸੀ ਵੀ ਚੋਣ ਮੈਦਾਨ ਵਿਚ ਡਟ ਗਏ ਹਨ, ਜਿਨਾਂ ਨੂੰ ਐਤਕੀਂ ਡੇਰਾ ਸਿਰਸਾ ਦੇ ਪੈਰੋਕਾਰਾਂ ਵੱਲੋਂ ਡਟਵੀਂ ਹਮਾਇਤ ਮਿਲ ਰਹੀ ਹੈ। ਹਲਕਾ ਭਦੌੜ ਤੋਂ ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਦੀ ਟਿਕਟ ਕੱਟੇ ਜਾਣ ਮਗਰੋਂ ਉਨਾਂ ਨੇ ਆਪਣੀ ਪਤਨੀ ਨੂੰ ਮੁੱਖ ਮੰਤਰੀ ਚੰਨੀ ਖ਼ਿਲਾਫ਼ ਖੜਾਇਆ ਹੈ।

ਕਾਂਗਰਸ ਦੇ ਪੰਜਾਬ ਇੰਚਾਰਜ ਹਰੀਸ਼ ਚੌਧਰੀ ਨੇ ਕਿਹਾ ਹੈ ਕਿ ਜੋ ਵੀ ਬਾਗ਼ੀ ਉਮੀਦਵਾਰ ਜਾਂ ਕੋਈ ਹੋਰ ਆਗੂ ਪਾਰਟੀ ਉਮੀਦਵਾਰਾਂ ਦਾ ਵਿਰੋਧ ਕਰੇਗਾ, ਉਸ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ। ਭਾਵੇਂ ਉਹ ਸੀ.ਐੱਮ. ਚੰਨੀ ਦੇ ਭਰਾ ਮੰਤਰੀ ਅਤੇ ਰਾਣਾ ਦੇ ਪੁੱਤਰ ਜਾਂ ਕੋਈ ਹੋਰ ਵੱਡਾ ਕਾਂਗਰਸੀ ਨੇਤਾ ਹੀ ਕਿਉਂ ਨਾ ਹੋਵੇ।

**ਕਾਂਗਰਸ ਸਾਹਮਣੇ ਪੰਜ ਵੱਡੀਆਂ ਚੁਣੌਤੀਆਂ**

1. ਸਿੱਧੂ ਕੀ ਰਵੱਈਆ ਅਪਣਾਉਂਦੇ ਹਨ, ਜੇ ਉਹ ਨਾਰਾਜ਼ ਰਹੇ ਤੇ ਚੰਨੀ ਦਾ ਸਾਥ ਨਾ ਦਿੱਤਾ ਤਾਂ ਪਾਰਟੀ ਨੂੰ ਕਾਫ਼ੀ ਨੁਕਸਾਨ ਹੋ ਸਕਦਾ ਹੈ।
2. ਸਿੱਧੂ ਤੋਂ ਇਲਾਵਾ ਉਨਾਂ ਦੇ ਨਾਲ ਚੱਲਣ ਵਾਲੇ ਤੇ ਖੁੱਲ ਕੇ ਵਿਰੋਧ ਕਰਨ ਵਾਲੇ ਆਗੂਆਂ ਨੂੰ ਇਕ ਮੰਚ 'ਤੇ ਲਿਆਉਣਾ ਹੋਵੇਗਾ।
3. ਕਾਂਗਰਸ ਨੇ ਭਾਵੇਂ ਚੰਨੀ ਨੂੰ ਸੀਐੱਮ ਚਿਹਰਾ ਐਲਾਨ ਕੇ ਅਨੁਸੂਚਿਤ ਜਾਤੀ ਨੂੰ ਖ਼ੁਸ਼ ਕਰ ਲਿਆ ਹੈ ਪਰ ਜੱਟ ਸਿੱਖਾਂ ਦੀ ਨਾਰਾਜ਼ਗੀ ਵੀ ਦੂਰ ਕਰਨੀ ਹੋਵੇਗੀ।
4. ਬਾਗੀਆਂ ਨੇ ਪਹਿਲਾਂ ਹੀ ਕਾਂਗਰਸ ਲਈ ਮੁਸੀਬਤ ਵਧਾ ਦਿੱਤੀ ਹੈ। ਬਹੁਮਤ ਲਈ ਲੋੜੀਂਦੇ 59 ਵਿਧਾਇਕਾਂ ਦੀ ਜਿੱਤ ਲਈ ਇਕਜੁੱਟਤਾ ਦਿਖਾਉਣੀ ਪਵੇਗੀ।
5. ਚੋਣਾਂ ਵਿਚ 13 ਦਿਨ ਬਾਕੀ ਹਨ। ਇਸ ਦੌਰਾਨ ਕਾਂਗਰਸ ਨੂੰ ਪ੍ਰਚਾਰ ਵਿਚ ਤੇਜ਼ੀ ਲਿਆਉਣੀ ਚਾਹੀਦੀ ਹੈ।

### ਮਜੀਠੀਆ ਦਾ ਤੰਜ :- ਲੋਕ ਕਾਂਗਰਸ ਨੂੰ 20 ਸੀਟਾਂ ਨਹੀਂ ਦੇਣਗੇ

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਤੇ ਵਿਧਾਨ ਸਭਾ ਹਲਕਾ ਪੂਰਬੀ ਤੋਂ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਨੇ ਕਾਂਗਰਸ ਵੱਲੋਂ ਚਰਨਜੀਤ ਸਿੰਘ ਚੰਨੀ ਨੂੰ ਸੀਐੱਮ ਦਾ ਚਿਹਰਾ ਐਲਾਨ ਕੀਤੇ ਜਾਣ ਤੋਂ ਬਾਅਦ ਉਨਾਂ ਕਿਹਾ ਕਿ ਉਹ ਸੀਐੱਮ ਦਾ ਚਿਹਰਾ ਹੀ ਘੋਸ਼ਿਤ ਹੋਏ ਹਨ, ਚਿਹਰਾ ਹੀ ਰਹਿ ਜਾਣਗੇ। ਲੋਕਾਂ ਨੇ 20 ਸੀਟਾਂ ਵੀ ਕਾਂਗਰਸ ਨੂੰ ਨਹੀਂ ਦੇਣੀਆਂ। ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕਾਂਗਰਸ ਨੇ ਭ੍ਰਿਸ਼ਟਾਚਾਰ ਨੂੰ ਬੜਾਵਾ ਦੇ ਕੇ ਸਾਫ਼ ਕਰ ਦਿੱਤਾ ਹੈ ਕਿ ਕਾਂਗਰਸ ਨੇ ਘੁਟਾਲਿਆਂ ਦਾ ਸਮਰਥਨ ਕੀਤਾ ਹੈ। ਸ਼ਰਾਬ, ਰੇਤ, ਸਕਾਲਰਸ਼ਿਪ ਮਾਫ਼ੀਆ ਨੂੰ ਕਾਂਗਰਸ ਨੇ ਟਿਕਟਾਂ ਦਿੱਤੀਆਂ। ਰਾਹੁਲ ਗਾਂਧੀ ਦੁਆਰਾ ਗ਼ਰੀਬ ਘਰ ਦੇ ਮੁੰਡੇ ਨੂੰ ਸੀਐੱਮ ਚਿਹਰਾ ਬਣਾਏ ਜਾਣ ਦੀ ਗੱਲ 'ਤੇ ਉਨਾਂ ਕਿਹਾ ਕਿ ਕਿਸੇ ਗ਼ਰੀਬ ਘਰ ਦੇ ਬੱਚੇ ਤੋਂ ਦਸ ਕਰੋੜ ਦੀ ਰਿਕਵਰੀ ਨਹੀਂ ਹੁੰਦੀ। ਉਸ ਦੇ ਕੋਲ 12 ਲੱਖ ਦੀ ਘੜੀ, 56 ਕਰੋੜ ਦੀ ਜਾਇਦਾਦ ਨਹੀਂ ਹੁੰਦੀ।


ਫਰਵਰੀ 2022 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਬਾਰੇ
ਜਾਣੋ ਪਲ ਪਲ ਦੀ ਖਬਰ
jus PUNJABI HD
ਪੰਜਾਬ 'ਚ CM FACE ਦੀ RACE ਕਿਉਂ ਲੱਗੀ ?
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com